19-SEP-PAGE-1.qxd 9/18/2025 9:19 PM Page 1

ਸ਼ੁੱਕਰਵਾਰ, 19 ਸਤੰਬਰ, 2025
4 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 109

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 19 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

## ਆਨੰਦ ਮੈਰਿਜ ਐਕਟ ਤਹਿਤ 4 ਮਹੀਨਿਆਂ 'ਚ ਨਿਯਮ ਬਣਾਉਣ ਦੇ ਆਦੇਸ਼

**ਨਵੀਂ ਦਿੱਲੀ :** ਇੱਕ ਮਹੱਤਵਪੂਰਨ ਆਦੇਸ਼ ਵਿਚ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ, ਜਿਨ੍ਹਾਂ ਅਜੇ ਤੱਕ ਆਨੰਦ ਮੈਰਿਜ ਐਕਟ 1909 ਦੇ ਤਹਿਤ ਨਿਯਮ ਨਹੀਂ ਬਣਾਏ ਹਨ, ਨੂੰ ਚਾਰ ਮਹੀਨਿਆਂ ਦੇ ਅੰਦਰ ਅਜਿਹਾ ਕਰਨ ਦਾ ਨਿਰਦੇਸ਼ ਦਿੱਤਾ ਹੈ। ਇੱਕ ਜਨਹਿਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਬੈਂਚ ਨੇ ਹੁਕਮ ਦਿੱਤਾ ਕਿ ਜਦੋਂ ਤੱਕ ਅਜਿਹੇ ਨਿਯਮ ਨੋਟੀਫਾਈ ਨਹੀਂ ਹੁੰਦੇ, ਸਿੱਖ ਰਸਮ 'ਆਨੰਦ ਕਾਰਜ' ਅਧੀਨ ਕੀਤੇ ਗਏ ਸਾਰੇ ਵਿਆਹ ਬਿਨਾਂ ਕਿਸੇ ਭੇਦਭਾਵ ਦੇ ਮੌਜੂਦਾ ਕਾਨੂੰਨੀ ਢਾਂਚੇ ਅਧੀਨ ਰਜਿਸਟਰ ਕੀਤੇ ਜਾਣੇ ਚਾਹੀਦੇ ਹਨ। ਇਹ ਰਿੱਟ ਪਟੀਸ਼ਨ ਅਮਨਜੋਤ ਸਿੰਘ ਚੱਢਾ ਨੇ ਸੰਵਿਧਾਨ ਦੀ ਧਾਰਾ 32 ਦੇ ਤਹਿਤ ਦਾਇਰ ਕੀਤੀ ਸੀ, ਜਿਸ ਵਿੱਚ 2012 ਵਿੱਚ ਸੋਧੇ ਗਏ ਆਨੰਦ ਮੈਰਿਜ ਐਕਟ, 1909 ਦੀ ਧਾਰਾ 6 ਦੇ ਤਹਿਤ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨਿਯਮਾਂ ਨੂੰ ਸੂਚੀਬੱਧ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। 2012 ਦੀ ਸੋਧ ਵਿੱਚ ਧਾਰਾ 6 ਸ਼ਾਮਿਲ ਕੀਤੀ ਗਈ ਸੀ, ਜੋ ਰਾਜ ਸਰਕਾਰਾਂ ਨੂੰ ਆਨੰਦ ਕਾਰਜ ਵਿਆਹਾਂ ਦੀ ਰਜਿਸਟਰੇਸ਼ਨ ਲਈ ਨਿਯਮ ਬਣਾਉਣ ਦਾ ਆਦੇਸ਼ ਦਿੰਦੀ ਹੈ।

## ਵਿਸ਼ੇਸ਼ ਅਜਲਾਸ 26 ਤੋਂ

**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 26 ਸਤੰਬਰ ਤੋਂ ਸ਼ੁਰੂ ਹੋਵੇਗਾ, ਜੋ ਕਿ 29 ਸਤੰਬਰ ਤੱਕ ਚੱਲੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਵਿਸ਼ੇਸ਼ ਸੈਸ਼ਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ । ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਤੋਂ ਮਗਰੋਂ ਲੋਕਾਂ ਦੇ ਮੁੜ ਵਸੇਬੇ ਦੇ ਮਾਮਲੇ 'ਤੇ ਇਸ ਸੈਸ਼ਨ 'ਚ ਚਰਚਾ ਹੋਵੇਗੀ। ਸਟੇਟ ਡਿਜ਼ਾਸਟਰ ਰਿਸਪਾਂਸ ਫੰਡਾਂ ਦੇ ਮੁੱਦੇ 'ਤੇ ਸੋਧਾਂ ਹੋਣ ਦੀ ਸੰਭਾਵਨਾ ਹੈ। ਪੰਜਾਬ ਕੈਬਨਿਟ 'ਚ ਪਾਸ ਕੀਤੇ 'ਜਿਸ ਦਾ ਖੇਤ, ਉਸ ਦੀ ਰੇਤ' ਬਾਰੇ ਵਿਧਾਨ ਸਭਾ 'ਚ ਬਿੱਲ ਲਿਆਂਦਾ ਜਾਵੇਗਾ।

## ਵਾਲਕੌਟ ਨਵਾਂ ਵਿਸ਼ਵ ਜੈਵਲਿਨ ਚੈਂਪੀਅਨ, ਨੀਰਜ ਤੇ ਸਚਿਨ ਪਛੜੇ



**ਟੋਕੀਓ :** ਇੱਥੇ ਚੱਲ ਰਹੀ ਵਿਸ਼ਵ ਐਥਲੈਟਿਕ ਚੈਂਪੀਅਨਸ਼ਿਪ ਵਿੱਚ ਤ੍ਰਿਨੀਦਾਦ ਐਂਡ ਟੋਬੈਗੋ ਦੇ ਕੇਸ਼ਾਰਨ ਵਾਲਕੌਟ ਨੇ 88.16 ਮੀਟਰ ਜੈਵਲਿਨ ਸੁੱਟ ਕੇ ਸੋਨ ਤਮਗਾ ਜਿੱਤ ਲਿਆ। ਗਰੇਨਾਡਾ ਦੇ ਐਂਡਰਸਨ ਪੀਟਰਜ਼ ਨੇ 87.38 ਮੀਟਰ ਨਾਲ ਚਾਂਦੀ ਤੇ ਅਮਰੀਕਾ ਦੇ ਕਰਟਿਸ ਥਾਂਪਸਨ ਨੇ 86.67 ਮੀਟਰ ਨਾਲ ਕਾਂਸੀ ਦਾ ਤਮਗਾ ਜਿੱਤ ਲਿਆ। ਪਿਛਲਾ ਚੈਂਪੀਅਨ ਭਾਰਤ ਦਾ ਨੀਰਜ ਚੋਪੜਾ ਪੰਜ ਕੋਸ਼ਿਸ਼ਾਂ ਵਿੱਚ 84.03 ਮੀਟਰ ਸੁੱਟ ਕੇ ਅੱਠਵੇਂ ਨੰਬਰ 'ਤੇ ਰਹਿ ਕੇ ਫਾਈਨਲ ਵਿੱਚੋਂ ਬਾਹਰ ਹੋ ਗਿਆ ਸੀ। ਉਲੰਪਿਕ ਸੋਨ ਤਮਗਾ ਜੇਤੂ ਪਾਕਿਸਤਾਨ ਦਾ ਅਰਸ਼ਦ ਨਦੀਮ ਵੀ ਚਾਰ ਕੋਸ਼ਿਸ਼ਾਂ ਵਿੱਚ 82.75 ਮੀਟਰ ਸੁੱਟ ਕੇ ਦਸਵੇਂ ਨੰਬਰ 'ਤੇ ਰਿਹਾ। ਭਾਰਤ ਦੇ ਸਚਿਨ ਯਾਦਵ ਨੇ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਦਿਆਂ 86.27 ਮੀਟਰ ਜੈਵਲਿਨ ਸੁੱਟੀ, ਪਰ ਉਹ ਚੌਥੇ ਸਥਾਨ ਤੋਂ ਅੱਗੇ ਨਹੀਂ ਵਧ ਸਕਿਆ ਅਤੇ 40 ਸੈਂਟੀਮੀਟਰ ਦੇ ਫਰਕ ਨਾਲ ਕਾਂਸੀ ਦੇ ਤਮਗੇ ਤੋਂ ਖੁੰਝ ਗਿਆ।

## ਪਾਕਿਸਤਾਨ ਤੇ ਸਾਊਦੀ ਅਰਬ ਵਿਚਾਲੇ 'ਖਤਰਨਾਕ' ਸਮਝੌਤਾ



**ਰਿਆਧ :** ਸਾਊਦੀ ਅਰਬ ਦੇ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਬੁੱਧਵਾਰ ਇੱਕ ਰੱਖਿਆ ਸਮਝੌਤੇ 'ਤੇ ਦਸਤਖਤ ਕੀਤੇ, ਜਿਸ ਤਹਿਤ ਇੱਕ ਦੇਸ਼ 'ਤੇ ਹਮਲਾ ਦੂਜੇ 'ਤੇ ਵੀ ਹਮਲਾ ਸਮਝਿਆ ਜਾਵੇਗਾ। ਦੋਹਾਂ ਦੇਸ਼ਾਂ ਨੇ ਸਾਂਝੇ ਬਿਆਨ ਵਿੱਚ ਦੱਸਿਆ ਕਿ ਸਮਝੌਤੇ ਤਹਿਤ ਦੋਹਾਂ ਦੇਸ਼ਾਂ ਵਿਚਾਲੇ ਡਿਫੈਂਸ ਕਾਰਪੋਰੇਸ਼ਨ ਵੀ ਬਣਾਈ ਜਾਵੇਗੀ। ਦੋਨੋਂ ਦੇਸ਼ ਫੌਜੀ ਸਹਿਯੋਗ ਕਰਨਗੇ ਅਤੇ ਲੋੜ ਪੈਣ 'ਤੇ ਪਾਕਿਸਤਾਨ ਦੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਵੀ ਕੀਤੀ ਜਾਵੇਗੀ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਸਮਝੌਤੇ ਦੀ ਪਹਿਲਾਂ ਤੋਂ ਜਾਣਕਾਰੀ ਸੀ। ਸਰਕਾਰ ਇਸ ਨਾਲ ਜੁੜੇ ਭਾਰਤ ਦੀ ਸੁਰੱਖਿਆ, ਖੇਤਰੀ ਤੇ ਵਿਸ਼ਵ ਸਥਿਰਤਾ 'ਤੇ ਪ੍ਰਭਾਵਾਂ ਦਾ ਅਧਿਐਨ ਕਰੇਗੀ।

## ਪੰਜਾਬ ਨੂੰ ਲਾਂਬੂ ਲਾਉਣ ਦੀ ਤਾਕ 'ਚ ਬੈਠੀਆਂ ਕਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ

### ਪੰਜਾਬੀਆਂ ਨੂੰ ਤਹੱਮਲ ਤੇ ਦੂਰ-ਅੰਦੇਸ਼ੀ ਦੀ ਲੋੜ : ਬੰਤ ਬਰਾੜ

**ਸ਼ਾਹਕੋਟ/ਲੁਧਿਆਣਾ (ਗਿਆਨ ਸੈਦਪੁਰੀ/ਐੱਮ ਐੱਸ ਭਾਟੀਆ)**

'ਪਿਛਲੇ ਦਿਨੀਂ ਹੁਸ਼ਿਆਰਪੁਰ ਵਿਖੇ ਇੱਕ ਬੱਚੇ ਨਾਲ ਬਦਫੈਲੀ ਕਰਨ ਤੋਂ ਬਾਅਦ ਦਰਿੰਦਗੀ ਦੀਆਂ ਹੱਦਾਂ ਪਾਰ ਕਰਦਿਆਂ ਉਸ ਦੀ ਜਾਨ ਵੀ ਲੈ ਲਈ। ਇਹ ਅੱਤ ਨਿੰਦਣਯੋਗ ਕਾਰਾ ਸੀ। ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਪੰਜਾਬ ਵਿੱਚ ਇਹ ਮੁੱਦਾ ਕਾਫੀ ਗਰਮਾਇਆ ਹੋਇਆ ਹੈ। ਪੰਜਾਬ ਵਾਸੀਆਂ ਨੂੰ ਇਸ ਗਰਮਾਏ ਹੋਏ ਮਾਹੌਲ ਦੌਰਾਨ ਬਹੁਤ ਤਹੱਮਲ, ਸਮਝਦਾਰੀ ਤੇ ਦੂਰ-ਅੰਦੇਸ਼ੀ ਨਾਲ ਵਿਚਰਨਾ ਪਵੇਗਾ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਇਕ ਬਿਆਨ ਵਿੱਚ ਕੀਤਾ। ਉਹਨਾ ਕਿਹਾ ਕਿ ਉਕਤ ਕਾਰੇ ਉਪਰੰਤ ਲੋਕਾਂ ਦੀਆਂ ਭਾਵਨਾਵਾਂ ਦਾ ਉਤੇਜਤ ਹੋਣਾ ਸੁਭਾਵਿਕ ਹੈ, ਪਰ ਇਹਨਾਂ ਭਾਵਨਾਵਾਂ ਦਾ ਨਜਾਇਜ਼ ਫਾਇਦਾ ਲੈ ਕੇ ਪੰਜਾਬ ਨੂੰ ਬਲਦੀ ਦੇ ਬੁੱਥੇ ਪਾਉਣ ਵਾਲੀਆਂ ਸ਼ਕਤੀਆਂ ਤੋਂ ਸੁਚੇਤ ਰਹਿਣਾ ਵੀ ਬਹੁਤ ਜ਼ਰੂਰੀ ਹੈ। ਇਹ ਗੱਲ ਵੀ ਸਾਡੀ ਸਮਝ ਦਾ ਹਿੱਸਾ ਬਣੀ ਰਹਿਣੀ ਚਾਹੀਦੀ ਹੈ ਕਿ ਕਿਸੇ ਭਾਈਚਾਰੇ ਦੇ ਇੱਕ ਵਿਅਕਤੀ ਵੱਲੋਂ ਕੀਤੀ ਗਲਤੀ ਲਈ ਸਮੁੱਚੇ ਭਾਈਚਾਰੇ ਨੂੰ ਗੁਨਾਹਗਾਰ ਨਹੀਂ ਮੰਨਣਾ ਚਾਹੀਦਾ। ਸਾਨੂੰ ਇਹ ਗੱਲ ਦਾ ਵੀ ਭਲੀਭਾਂਤ ਗਿਆਨ ਹੈ ਕਿ ਪੰਜਾਬੀ ਲੋਕਾਂ ਦੇ ਬਾਹਰਲੇ ਸੂਬਿਆਂ ਵਿੱਚ ਵੱਡੇ ਪੱਧਰ 'ਤੇ ਵਸੇਬਾ ਤੇ ਕਾਰੋਬਾਰ ਹਨ। ਉਹਨਾਂ ਦੀ ਸੁਰੱਖਿਆ ਦਾ ਧਿਆਨ ਰੱਖਣਾ ਵੀ ਸਾਡੇ ਫਰਜ਼ਾਂ ਵਿੱਚ ਸ਼ਾਮਲ ਹੈ।



ਬਰਾੜ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਕੁਝ ਕੁ ਮਾੜੇ ਅਨਸਰਾਂ ਨੂੰ ਛੱਡ ਕੇ ਬਹੁਤੇ ਪ੍ਰਵਾਸੀ ਪੰਜਾਬ ਵਿੱਚ ਕਿਰਤ ਕਰਨ ਆਉਂਦੇ ਹਨ। ਇਹ ਕਿਰਤੀ ਲੋਕ ਪੰਜਾਬ ਦੇ ਅਰਥਚਾਰੇ ਨੂੰ ਠੁੰਮ੍ਹਣਾ ਵੀ ਦਿੰਦੇ ਹਨ। ਇਹ ਇਸੇ ਤਰ੍ਹਾਂ ਹੈ, ਜਿਵੇਂ ਪੰਜਾਬੀਆਂ ਨੇ ਦੂਸਰੇ ਦੇਸ਼ਾਂ ਤੇ ਸੂਬਿਆਂ ਵਿੱਚ ਆਪਣਾ ਯੋਗਦਾਨ ਪਾਇਆ ਹੈ।

ਉਹਨਾ ਕਿਹਾ ਕਿ ਅਸੀਂ ਉਸ ਬਾਬੇ ਨਾਨਕ ਦੇ ਪੈਰੋਕਾਰ ਹਾਂ, ਜਿਨ੍ਹਾ ਕਿਰਤ ਨੂੰ ਸਭ ਤੋਂ ਵੱਡਾ ਦਰਜਾ ਦਿੱਤਾ ਹੈ। ਸਾਂਝੀਵਾਲਤਾ ਵੀ ਸਾਡੇ ਮਾਣ ਕਰਨ ਯੋਗ ਵਿਰਸੇ ਦਾ ਹਿੱਸਾ ਹੈ। ਇਲਾਕਾਵਾਦ ਵੀ ਅਸੀਂ ਨਹੀਂ • ਬਾਕੀ ਸਫਾ 2 'ਤੇ

## ਸਰਕਾਰ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ

### 'ਮਿਸ਼ਨ ਚੜ੍ਹਦੀਕਲਾ' ਨੂੰ ਮਜ਼ਬੂਤ ਕਰਨ ਲਈ ਕੇਜਰੀਵਾਲ ਤੇ ਭਗਵੰਤ ਮਾਨ ਨੇ 'ਆਪ' ਸੰਗਠਨ ਨਾਲ ਕੀਤੀ ਵੀਡੀਓ ਕਾਨਫਰੰਸ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਬਾਅਦ ਲੋਕਾਂ ਨੂੰ ਮੁੜ ਤੋਂ ਵਸਾਉਣ ਲਈ ਚੱਲ ਰਹੇ ਸਰਕਾਰੀ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਵੀਰਵਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਇੱਕ ਅਹਿਮ ਵੀਡੀਓ ਕਾਨਫਰੰਸ ਮੀਟਿੰਗ ਕੀਤੀ।ਇਹ ਮੀਟਿੰਗ ਭਗਵੰਤ ਮਾਨ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਵਿਖੇ ਹੋਈ, ਜਿਸ ਵਿੱਚ ਪੰਜਾਬ ਦੇ ਸਮੁੱਚੇ 'ਆਪ' ਸੰਗਠਨ ਨੇ ਵੀ ਹਿੱਸਾ ਲਿਆ।ਮੀਟਿੰਗ ਦਾ ਮੁੱਖ ਏਜੰਡਾ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਸ਼ੁਰੂ ਕੀਤੇ ਗਏ 'ਮਿਸ਼ਨ ਚੜ੍ਹਦੀਕਲਾ' ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਨਾ ਸੀ।ਇਸ ਦੌਰਾਨ ਕੇਜਰੀਵਾਲ ਅਤੇ ਮੁੱਖ ਮੰਤਰੀ ਮਾਨ ਨੇ ਸਾਰੇ 'ਆਪ' ਵਰਕਰਾਂ ਅਤੇ ਆਗੂਆਂ ਨੂੰ ਇਸ ਔਖੀ ਘੜੀ ਵਿੱਚ ਪੰਜਾਬ ਦੇ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਨ ਅਤੇ ਖੁੱਲ੍ਹੇ ਦਿਲ ਨਾਲ ਵੱਧ ਤੋਂ ਵੱਧ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਸਾਰੇ ਪੰਜਾਬੀਆਂ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਲਈ ਪ੍ਰੇਰਿਆ, ਖਾਸ ਕਰਕੇ ਪ੍ਰਵਾਸੀ ਭਾਰਤੀਆਂ (ਐਨ ਆਰ ਆਈ) ਨੂੰ ਪੰਜਾਬ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਯੋਗਦਾਨ ਪਾਉਣ ਲਈ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ।ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਇਹ ਯਕੀਨੀ ਬਣਾਇਆ ਕਿ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਇਕੱਠਾ ਕੀਤਾ ਗਿਆ ਇੱਕ-ਇੱਕ ਪੈਸਾ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਖਰਚ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਭਗਵੰਤ ਮਾਨ ਨੇ ਸਾਰੇ ਆਗੂਆਂ ਨੂੰ ਕਿਹਾ ਕਿ ਇਸ ਮਿਸ਼ਨ ਦੀ ਸਫ਼ਲਤਾ ਲਈ ਪਾਰਟੀ ਦੇ ਹਰ ਮੈਂਬਰ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਇਹ ਮੀਟਿੰਗ ਪੰਜਾਬ ਸਰਕਾਰ ਦੀ ਹੜ੍ਹ ਪ੍ਰਭਾਵਿਤ ਖੇਤਰਾਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਤੁਰੰਤ ਕਾਰਵਾਈ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਪ੍ਰਵਾਸੀ ਮਜ਼ਦੂਰਾਂ ਖਿਲਾਫ ਭੜਕਾਊ ਪ੍ਰਚਾਰ ਦਾ ਤਿੱਖਾ ਵਿਰੋਧ

**ਚੰਡੀਗੜ੍ਹ :** ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝਾ ਮੋਰਚਾ ਪੰਜਾਬ ਨੇ ਹੁਸ਼ਿਆਰਪੁਰ ਵਿਖੇ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਇੱਕ ਬੱਚੇ ਨਾਲ ਕੀਤੀ ਦਰਿੰਦਗੀ ਪੂਰਨ ਕਾਰਵਾਈ ਦੀ ਨਿੰਦਾ ਕੀਤੀ ਹੈ ਅਤੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦਿਆਂ ਪੀੜਤ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਤਰਸੇਮ ਪੀਟਰ, ਦਰਸ਼ਨ ਨਾਹਰ, ਦੇਵੀ ਕੁਮਾਰੀ, ਰਾਮ ਸਿੰਘ ਨੂਰਪੁਰੀ, ਲਛਮਣ ਸਿੰਘ ਸੇਵੇਵਾਲਾ, ਗੋਬਿੰਦ ਸਿੰਘ ਛਾਜਲੀ, ਮੁਕੇਸ਼ ਮਲੌਦ ਤੇ ਕੁਲਵੰਤ ਸਿੰਘ ਨੇ ਜਾਰੀ ਕੀਤੇ ਬਿਆਨ ਰਾਹੀਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇੱਕਾ-ਦੁੱਕਾ ਪ੍ਰਵਾਸੀ ਮਜ਼ਦੂਰਾਂ ਦੀਆਂ ਆਪਰਾਧਿਕ ਗਤੀਵਿਧੀਆਂ ਕਾਰਨ ਸਮੁੱਚੇ ਪ੍ਰਵਾਸੀ ਮਜ਼ਦੂਰਾਂ ਖਿਲਾਫ ਕੁਝ ਲੋਕਾਂ ਵੱਲੋਂ ਚਲਾਈ ਜਾ ਰਹੀ ਭੜਕਾਊ ਤੇ ਨਫਰਤੀ ਮੁਹਿੰਮ ਤੋਂ ਬਚਣ ਅਤੇ ਇਸ ਨੂੰ ਧੜੱਲੇ ਨਾਲ ਰੱਦ ਕਰਨ।

ਮਜ਼ਦੂਰ ਆਗੂਆਂ ਨੇ ਕਿਹਾ ਕਿ ਮੌਜੂਦਾ ਸਮੇਂ ਹੜ੍ਹਾਂ ਕਾਰਨ ਪੰਜਾਬ ਦੇ ਮਜ਼ਦੂਰਾਂ ਕਿਸਾਨਾਂ ਤੇ ਹੋਰਨਾਂ ਕਿਰਤੀ ਲੋਕਾਂ ਦੇ ਹੋਏ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਨੂੰ ਰੋਕਣ ਅਤੇ ਪਿੱਛੋਂ ਪੀੜਤਾਂ ਦੀ ਬਾਂਹ ਫੜਨ 'ਚ ਨਕਾਮ ਰਹਿਣ ਕਾਰਨ ਜਦੋਂ ਸਮੂਹ ਪੰਜਾਬੀਆਂ ਚ ਬੀ ਜੇ ਪੀ ਤੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਇਲਾਵਾ ਸੂਬਾ ਸਰਕਾਰ ਖਿਲਾਫ ਆਏ ਦਿਨ ਰੋਹ ਤਿੱਖਾ ਹੁੰਦਾ ਜਾ ਰਿਹਾ ਸੀ ਤਾਂ ਐਨ ਇਸ ਮੌਕੇ ਪ੍ਰਵਾਸੀ ਮਜ਼ਦੂਰਾਂ ਖਿਲਾਫ ਵਿਉਂਤਬੱਧ ਤਰੀਕੇ ਨਾਲ ਚਲਾਈ ਜਾ ਰਹੀ ਭੜਕਾਊ ਤੇ ਭਟਕਾਊ ਮੁਹਿੰਮ ਦੋਹਾਂ ਹਕੂਮਤਾਂ ਨੂੰ ਪੂਰੀ ਤਰ੍ਹਾਂ ਰਾਸ ਬੈਠਦੀ ਹੈ। ਉਹਨਾਂ ਕਿਹਾ ਕਿ ਹੜ੍ਹਾਂ ਵਿੱਚ ਪੰਜਾਬ ਅਤੇ ਕੇਂਦਰ ਸਰਕਾਰ ਦੇ ਫੇਲ ਹੋਣ ਤੋਂ ਬਾਅਦ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੇ ਲੋਕਾਂ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਦੀ ਭਰਾਤਰੀ ਭਾਵ ਨਾਲ ਧਰਮਾਂ, ਜਾਤਾਂ ਆਦਿ ਵੰਡੀਆਂ ਤੋਂ ਉਪਰ ਉੱਠ ਕੇ ਕੀਤੀ ਗਈ ਮਦਦ ਦੀ ਬਦੌਲਤ ਹਰਿਆਣਾ, ਯੂ ਪੀ ਤੇ ਰਾਜਸਥਾਨ ਆਦਿ ਸੂਬਿਆਂ ਦੀ ਪੰਜਾਬ ਦੇ ਲੋਕਾਂ ਨਾਲ ਮਜ਼ਬੂਤ ਹੋਈ ਭਾਈਚਾਰਕ ਏਕਤਾ ਨੂੰ ਗਿਣ ਮਿੱਥ ਕੇ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ। ਮਜ਼ਦੂਰ ਆਗੂਆਂ ਨੇ ਕਿਹਾ ਕਿ ਬੀ ਜੇ ਪੀ ਤੇ ਕੇਂਦਰ ਸਰਕਾਰ ਵੱਲੋਂ ਕਿਰਤੀ ਲੋਕਾਂ ਖਿਲਾਫ ਵਿੱਢੇ ਆਰਥਿਕ ਧਾਵੇ ਖਾਸ ਕਰਕੇ ਜ਼ਮੀਨਾਂ ਹੜੱਪਣ ਦੇ ਹੱਲੇ ਖਿਲਾਫ ਪੰਜਾਬ ਦੀ ਕਿਸਾਨ ਲਹਿਰ ਵੱਲੋਂ ਨਿਭਾਏ ਜਾ ਰਹੇ ਅਹਿਮ ਰੋਲ ਖਾਸ ਕਰਕੇ ਦਿੱਲੀ ਦੇ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਪੰਜਾਬੀ ਕਿਸਾਨਾਂ ਵੱਲੋਂ ਨਿਭਾਏ ਅਗਵਾਨੂੰ ਰੋਲ ਕਰਕੇ ਪੰਜਾਬ ਦੇ ਲੋਕਾਂ ਅਤੇ ਉਹਨਾਂ ਦੀ ਹੋਰਨਾਂ ਸੂਬਿਆਂ ਦੇ ਕਿਰਤੀ ਲੋਕਾਂ • ਬਾਕੀ ਸਫਾ 2 'ਤੇ

## ਸਿਹਤ ਮੰਤਰੀ ਵੱਲੋਂ ਮੁੜ ਵਸੇਬੇ ਦੇ ਕੰਮ ਪੂਰੀ ਤਨਦੇਹੀ ਨਾਲ ਕਰਨ ਦੀ ਹਦਾਇਤ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਤਲੁਜ ਦਰਿਆ ਦੇ ਕੰਢੇ 'ਤੇ ਸਥਿਤ ਪਿੰਡਾਂ 'ਚ ਆਏ ਹੜ੍ਹ ਕਾਰਨ ਇਨ੍ਹਾਂ ਇਲਾਕਿਆਂ ਦੀਆਂ ਮੁਸ਼ਕਲਾਂ ਅਤੇ ਲੋਕਾਂ ਦੇ ਮੁੜ ਵਸੇਬੇ ਦੇ ਮੱਦੇਨਜ਼ਰ ਵੀਰਵਾਰ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਦੇ ਨਾਲ ਮੀਟਿੰਗ ਕੀਤੀ ਗਈ। ਇਸ • ਬਾਕੀ ਸਫਾ 2 'ਤੇ

## ਸਫਾਈ ਤੇ ਗਾਰ ਕੱਢਣ 'ਤੇ ਖਰਚੇ 10.21 ਕਰੋੜ : ਸੌਂਦ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਪਿਛਲੇ 4 ਦਿਨਾਂ ਵਿੱਚ ਪਿੰਡਾਂ ਦੀ ਸਫਾਈ ਅਤੇ ਗਾਰ ਕੱਢਣ 'ਤੇ 10.21 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਤਹਿਤ ਹੜ੍ਹਾਂ ਦੌਰਾਨ ਮਰੇ ਪਸ਼ੂਆਂ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਵੱਖ-ਵੱਖ ਪਿੰਡਾਂ ਵਿੱਚ 259 ਪਸ਼ੂਆਂ ਦੇ ਨਿਪਟਾਰੇ 'ਤੇ 17.54 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਉਹਨਾ ਕਿਹਾ ਕਿ ਮਲਬੇ ਦੀ ਸਫ਼ਾਈ ਅਤੇ ਪਸ਼ੂ ਲਾਸ਼ਾਂ ਦਾ ਨਿਪਟਾਰਾ 24 ਸਤੰਬਰ ਤੱਕ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ ਛੱਪੜਾਂ • ਬਾਕੀ ਸਫਾ 2 'ਤੇ

## ਮੁਹਾਲੀ ਰੈਲੀ ਲਈ ਕਮਰਕੱਸੇ



**ਹੁਸ਼ਿਆਰਪੁਰ :** ਸੀ ਪੀ ਆਈ ਦੀ ਕੌਮੀ ਕਾਂਗਰਸ, ਜੋ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਦੇ ਮੌਕੇ 21 ਸਤੰਬਰ ਨੂੰ ਸਬਜ਼ੀ ਮੰਡੀ ਮੁਹਾਲੀ ਵਿਖੇ ਵਿਸ਼ਾਲ ਰੈਲੀ ਹੋਵੇਗੀ।ਰੈਲੀ ਦੀਆਂ ਤਿਆਰੀਆਂ ਬਾਬਤ ਸੀ ਪੀ ਆਈ ਜ਼ਿਲ੍ਹਾ ਹੁਸ਼ਿਆਰਪੁਰ ਦੀ ਮੀਟਿੰਗ ਉਂਕਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਸੀ ਪੀ ਆਈ ਜ਼ਿਲਾ ਹੁਸ਼ਿਆਰਪੁਰ ਦੇ ਸਕੱਤਰ ਅਮਰਜੀਤ ਸਿੰਘ ਨੇ ਕਿਹਾ ਕਿ ਇਹ ਕਾਂਗਰਸ ਉਸ ਮੌਕੇ ਹੋ ਰਹੀ ਹੈ, ਜਦੋਂ ਭਾਜਪਾ ਦੀ ਸਰਕਾਰ ਲਗਾਤਾਰ ਫਾਸ਼ੀਵਾਦ ਵਾਲੇ ਪ੍ਰਬੰਧ ਵੱਲ ਵਧਦੀ ਜਾ ਰਹੀ ਹੈ। ਇਸ ਲਈ ਹਿੰਦ ਵਿੱਚ ਫੈਲ ਰਹੇ ਫਾਸ਼ੀਵਾਦ ਵਿਰੁੱਧ ਇਹ ਕਾਂਗਰਸ ਪ੍ਰੋਗਰਾਮ ਉਲੀਕੇਗੀ। ਆਦਿਵਾਸੀਆਂ ਨੂੰ ਉਜਾੜਨਾ ਅਤੇ ਜਲ, ਜੰਗਲ ਅਤੇ ਜ਼ਮੀਨ ਕਾਰਪੋਰੇਟ ਘਰਾਣਿਆਂ ਨੂੰ ਵੇਚਣਾ ਫਾਸ਼ੀਵਾਦੀ ਨੀਤੀ ਹੈ। ਆਗੂਆਂ ਕਿਹਾ ਕਿ ਮੁਹਾਲੀ ਰੈਲੀ ਵਿੱਚ ਹੁਸ਼ਿਆਰਪੁਰ ਤੋਂ ਵੱਡੀ ਗਿਣਤੀ ਵਿੱਚ ਪਾਰਟੀ ਮੈਂਬਰ ਤੇ ਹਮਦਰਦ ਪਹੁੰਚ ਰਹੇ ਹਨ। ਮੀਟਿੰਗ ਵਿੱਚ ਮੁੱਖ ਤੌਰ 'ਤੇ ਸਾਧੂ ਸਿੰਘ ਭੱਟੀ ਮਾਹਲਪੁਰ, ਦੇਵ ਕੁਮਾਰ, ਸੰਤੋਖ ਸਿੰਘ ਧੂਤ, ਮਲਕੀਅਤ ਸਿੰਘ ਟਾਂਡਾ, ਰਾਮ ਬਾਬੂ, ਪੂਰਨ ਸਿੰਘ, ਕ੍ਰਿਸ਼ਨਾ ਦੇਵੀ, ਬਲਵੰਤ ਸਿੰਘ ਆਦਿ ਸ਼ਾਮਲ ਸਨ। ਅਖੀਰ ਵਿੱਚ ਉਂਕਾਰ ਸਿੰਘ ਨੂੰ ਸੀ ਪੀ ਆਈ ਜ਼ਿਲ੍ਹਾ ਹੁਸ਼ਿਆਰਪੁਰ ਦਾ ਕਾਰਜਕਾਰੀ ਸਕੱਤਰ ਚੁਣਿਆ ਗਿਆ।

**ਖਡੂਰ ਸਾਹਿਬ :** ਭਾਰਤੀ ਕਮਿਊਨਿਸਟ ਪਾਰਟੀ ਬਲਾਕ ਖਡੂਰ ਸਾਹਿਬ ਦੀ ਮੀਟਿੰਗ ਦਰਸ਼ਨ ਸਿੰਘ ਬਿਹਾਰੀਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਨੂੰ ਸੰਬੋਧਨ ਕਰਦਿਆ ਭਾਰਤੀ ਕਮਿਊਨਿਸਟ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਮੁਹਾਲੀ ਰੈਲੀ 'ਚ ਬਲਾਕ ਖਡੂਰ ਸਾਹਿਬ 'ਚੋਂ ਸੈਕੜਿਆਂ ਦੀ ਗਿਣਤੀ ਵਿਚ ਸਾਥੀ ਸ਼ਾਮਲ ਹੋਣਗੇ। ਉਹਨਾ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਹੜ੍ਹਾਂ ਤੇ ਮੀਂਹ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ ਨੂੰ ਪ੍ਰਤੀ ਪਰਵਾਰ ਇਕ ਲੱਖ ਦੇਵੇ ਤੇ ਨਰੇਗਾ ਕਾਮਿਆਂ ਨੂੰ ਇਸ ਮੁਸੀਬਤ ਦੀ ਘੜੀ 'ਚ 200 ਦਿਨ ਕੰਮ ਤੇ ਕੀਤੇ ਕੰਮ ਦੇ ਪੈਸੇ ਤਰੰਤ ਦਿੱਤੇ ਜਾਣ। ਮੀਟਿੰਗ ਚ ਬਲਦੇਵ ਸਿੰਘ ਧੂੰਦਾ, ਜਸਵੰਤ ਸਿੰਘ ਖਡੂਰ ਸਾਹਿਬ, ਬਲਜੀਤ ਸਿੰਘ ਫਤਿਆਬਾਦ, ਗੁਰਚਰਨ ਸਿੰਘ ਕੰਡਾ, ਮੇਜਰ ਸਿੰਘ ਦਾਰਾਪੁਰ, ਘੁੱਕ ਸਿੰਘ ਵੇਈਂਪੂਈਂ ਆਦਿ ਹਾਜ਼ਰ ਸਨ।



## ਮੁੱਖ ਮੰਤਰੀ ਨੂੰ ਫੰਡ ਸੌਂਪਣ ਵੇਲੇ ਪ੍ਰਮੁੱਖ ਪੀ ਆਰ ਟੀ ਸੀ ਜਥੇਬੰਦੀਆਂ ਨੂੰ ਨਜ਼ਰ-ਅੰਦਾਜ਼ ਕਰਨ 'ਤੇ ਤਿੱਖਾ ਵਿਰੋਧ


**ਪਟਿਆਲਾ :** ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ ਵਰਕਰਾਂ ਦੀਆਂ ਪੰਜ ਜਥੇਬੰਦੀਆਂ ਸੰਬੰਧਤ ਏਟਕ, ਇੰਟਕ, ਐੱਸ ਸੀ ਬੀ ਸੀ, ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਗਠਿਤ ਕੀਤੀ ਹੋਈ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਰਾਜੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਵੀਰਵਾਰ ਇਕ ਬਿਆਨ 'ਚ ਕਿਹਾ ਕਿ ਐਕਸ਼ਨ ਕਮੇਟੀ, ਪੈਨਸ਼ਨਰਜ਼ ਐਸੋਸੀਏਸ਼ਨ, ਕੰਟਰੈਕਟ ਵਰਕਰਾਂ ਦੀ ਜਥੇਬੰਦੀ ਅਤੇ ਕੰਟਰੈਕਟ ਯੂਨੀਅਨ ਅਜ਼ਾਦ ਵੱਲੋਂ ਹੜ੍ਹ ਪੀੜਤਾਂ ਦੀ ਮਾਲੀ ਮਦਦ ਕਰਨ ਲਈ ਮੁੱਖ ਮੰਤਰੀ ਹੜ੍ਹ ਰਿਲੀਫ ਫੰਡ ਵਿੱਚ ਭੇਜਣ ਲਈ ਵਰਕਰਾਂ ਦੀ ਤਨਖਾਹ ਵਿਚੋਂ ਕਟੌਤੀ ਕਰਨ ਲਈ ਮਤੇ ਪਾ ਕੇ ਲਿਖਤੀ ਰੂਪ ਵਿੱਚ ਐੱਮ ਡੀ ਪੀ ਆਰ ਟੀ ਸੀ ਨੂੰ ਦਿੱਤੇ ਗਏ ਸਨ, ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਜਦੋਂ ਫੋਟੋਆਂ ਵੇਖੀਆਂ ਤਾਂ ਪਤਾ ਲੱਗਿਆ ਕਿ ਚੇਅਰਮੈਨ ਪੀ.ਆਰ.ਟੀ.ਸੀ. ਰਣਯੋਧ ਸਿੰਘ ਹਡਾਣਾ ਵੱਲੋਂ ਆਪਣੇ ਤੌਰ 'ਤੇ ਹੀ ਇੱਕ-ਦੋ ਜਥੇਬੰਦੀਆਂ ਦਾ ਇੱਕ-ਇੱਕ ਨੁਮਾਇੰਦਾ ਨਾਲ ਲੈ ਕੇ ਹੜ੍ਹ ਰਿਲੀਫ ਫੰਡ ਦਾ ਚੈੱਕ 17 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੌਂਪਿਆ ਗਿਆ ਹੈ, ਜਦ ਕਿ ਵਰਕਰਾਂ ਅਤੇ ਸੇਵਾ-ਮੁਕਤ ਕਰਮਚਾਰੀਆਂ ਨੇ ਇਹ ਪੈਸਾ ਕਿਸੇ ਦੀ ਅਪੀਲ ਤੇ ਨਹੀਂ, ਸਗੋਂ ਸਵੈ-ਇੱਛਾ ਨਾਲ ਦਿੱਤਾ ਸੀ, ਪਰ ਚੇਅਰਮੈਨ ਨੇ ਜਿਸ ਫੁਰਤੀ ਨਾਲ ਅਤੇ ਭਾਵਨਾ ਨਾਲ ਮੁੱਖ ਜਥੇਬੰਦੀਆਂ ਨੂੰ ਨਜ਼ਰਅੰਦਾਜ ਕਰਕੇ ਮੁੱਖ ਮੰਤਰੀ ਨੂੰ ਚੈੱਕ ਸੌਂਪਣ ਦੀ ਰਸਮ ਤੋਂ ਬਾਹਰ ਰੱਖਿਆ ਅਤੇ ਆਪਣੀ ਮਰਜ਼ੀ ਨਾਲ ਇੱਕ-ਦੋ ਨੁਮਾਇੰਦੇ ਨਾਲ ਲੈ ਕੇ ਅਜਿਹਾ • ਬਾਕੀ ਸਫਾ 2 'ਤੇ

## 'ਵੋਟ ਚੋਰਾਂ' ਨੂੰ ਬਚਾਅ ਰਿਹੈ ਮੁੱਖ ਚੋਣ ਕਮਿਸ਼ਨਰ : ਰਾਹੁਲ

**ਨਵੀਂ ਦਿੱਲੀ :** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਉਹ 'ਵੋਟ ਚੋਰੀ' ਲਈ ਵੋਟਰਾਂ ਦੇ ਨਾਂਅ ਥੋਕ ਵਿੱਚ ਮਿਟਾ ਕੇ 'ਕੇਂਦਰੀਕ੍ਰਿਤ ਤਰੀਕੇ ਨਾਲ ਕੀਤੇ ਅਪਰਾਧ' ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਪ੍ਰੈੱਸ ਕਾਨਫਰੰਸ ਦੌਰਾਨ ਰਾਹੁਲ ਨੇ ਕਰਨਾਟਕ ਸੀ ਆਈ ਡੀ ਵੱਲੋਂ ਕੀਤੀ ਜਾ ਰਹੀ ਜਾਂਚ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਜਾਂਚ ਦੇ ਨਤੀਜੇ ਵਜੋਂ ਪਹਿਲਾਂ ਹੀ ਇੱਕ ਐੱਫ ਆਈ ਆਰ ਦਰਜ ਹੋ ਚੁੱਕੀ ਹੈ। ਉਨ੍ਹਾ ਦਾਅਵਾ ਕੀਤਾ ਕਿ ਸੀ ਆਈ ਡੀ ਨੇ 18 ਮਹੀਨਿਆਂ ਵਿੱਚ 18 ਵਾਰ ਚੋਣ ਕਮਿਸ਼ਨ ਤੋਂ ਆਈ ਪੀ ਐਡਰੈੱਸ, ਡਿਵਾਈਸ ਪੋਰਟ ਅਤੇ ਓ ਟੀ ਪੀ ਟਰੇਲ ਜਿਹੇ ਅਹਿਮ ਤਕਨੀਕੀ ਵੇਰਵੇ ਮੰਗੇ, ਪਰ ਕਮਿਸ਼ਨ ਜਾਣਕਾਰੀ ਪ੍ਰਦਾਨ ਕਰਨ • ਬਾਕੀ ਸਫਾ 2 'ਤੇ

## ਕਾਮਰੇਡ ਹੁੰਝਣ ਦੇ ਸਪੁੱਤਰ ਨੇ 25 ਹਜ਼ਾਰ ਭੇਜੇ



**ਲੁਧਿਆਣਾ (ਐੱਮ ਐੱਸ ਭਾਟੀਆ)**-21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੇ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਲਈ ਸ਼ਹੀਦ ਕਾਮਰੇਡ ਗੁਰਮੇਲ ਸਿੰਘ ਹੁੰਝਣ ਦੇ ਬੇਟੇ ਯਾਦਵਿੰਦਰ ਸਿੰਘ ਨੇ ਡਾਕਟਰ ਅਰੁਣ ਮਿੱਤਰਾ ਰਾਹੀਂ ਪਾਰਟੀ ਫੰਡ ਲਈ 25, 000 ਰੁਪਏ ਦੀ ਰਾਸ਼ੀ ਲੁਧਿਆਣਾ ਜ਼ਿਲ੍ਹਾ ਪਾਰਟੀ ਨੂੰ ਭੇਜੀ ਹੈ। ਇੱਥੇ ਇਹ ਯਾਦ ਕਰਨਾ ਜ਼ਰੂਰੀ ਹੈ ਕਿ ਗੁਰਮੇਲ ਹੁੰਝਣ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਲੁਧਿਆਣਾ ਦੇ ਸਹਾਇਕ ਸਕੱਤਰ ਅਤੇ ਪੰਜਾਬ ਦੇ ਸੂਬਾ ਕੌਂਸਲ ਮੈਂਬਰ ਦੇ ਮੈਂਬਰ ਸਨ, ਜਿਨ੍ਹਾ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਦੇ ਹੋਏ 14 ਮਈ 1989 ਨੂੰ ਆਪਣੇ ਗੰਨਮੈਨ ਜੋਗਿੰਦਰ ਸਿੰਘ ਦੇ ਨਾਲ ਸ਼ਹਾਦਤ ਦਿੱਤੀ।

## ਕਾਮਰੇਡ ਨਿਰੰਜਣ ਸਿੰਘ ਚੁਨਾਗਰਾ ਤੇ ਬੀਬੀ ਹਰਪਾਲ ਕੌਰ ਵੱਲੋਂ ਇਕਵੰਜਾ ਹਜ਼ਾਰ ਦਾ ਸਹਿਯੋਗ




**ਸ਼ਾਹਕੋਟ (ਗਿਆਨ ਸੈਦਪੁਰੀ)**-ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਕਾਂਗਰਸ ਜੋ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਹੀ ਹੈ, ਵਾਸਤੇ ਮਾਲੀ ਸਹਿਯੋਗ ਦਿੱਤਾ ਜਾਣਾ ਜਾਰੀ ਹੈ। ਇਸ ਸਿਲਸਿਲੇ ਤਹਿਤ ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਸੰਗਰੂਰ ਤੇ ਮਾਲੇਰਕੋਟਲਾ ਦੇ ਜਨਰਲ ਸਕੱਤਰ ਨਿਰੰਜਣ ਸਿੰਘ ਚੁਨਾਗਰਾ ਤੇ ਉਨ੍ਹਾਂ ਦੀ ਪਤਨੀ ਬੀਬੀ ਹਰਪਾਲ ਕੌਰ ਨੇ ਆਪਣੇ ਪਰਵਾਰ ਵੱਲੋਂ 51000 (ਇਕਵੰਜਾ ਹਜ਼ਾਰ ਰੁਪਏ) ਦਾ ਸਹਿਯੋਗ ਦਿੱਤਾ ਹੈ। ਉਨ੍ਹਾਂ ਨੇ ਇਹ ਚੈੱਕ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਤੇ ਪ੍ਰਧਾਨ ਪ੍ਰੀਤਮ ਸਿੰਘ ਨਿਆਮਤਪੁਰ ਨੂੰ ਸੌਂਪਿਆ। ਇਹ ਵੀ ਦੱਸਣਯੋਗ ਹੈ ਕਿ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਵੀ ਆਪਣੇ ਪਰਵਾਰ ਵੱਲੋਂ ਪਾਰਟੀ ਕਾਂਗਰਸ ਲਈ ਇਕ ਲੱਖ ਰੁਪਏ ਦਾ ਸਹਿਯੋਗ ਦੇ ਚੁੱਕੇ ਹਨ।

## ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ (ਭਾਰਦਵਾਜ) ਵੱਲੋਂ 50 ਹਜ਼ਾਰ ਦਾ ਹੋਰ ਯੋਗਦਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ (ਭਾਰਦਵਾਜ) ਵੱਲੋਂ ਪਾਰਟੀ ਕਾਂਗਰਸ ਦੇ ਪ੍ਰਬੰਧਾਂ ਲਈ ਸਵਾ ਦੋ ਲੱਖ ਰੁਪਏ ਦਾ ਯੋਗਦਾਨ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਵੀਰਵਾਰ ਫੈਡਰੇਸ਼ਨ ਦੇ ਵਿੱਤ ਸਕੱਤਰ ਪੂਰਨ ਸਿੰਘ ਗੁੰਮਟੀ, ਸਰਕਲ ਪ੍ਰਧਾਨ ਅਰੁਣ ਕੁਮਾਰ, ਡਵੀਜ਼ਨ ਪ੍ਰਧਾਨ ਦੁਰਗਾ ਦੱਤ, ਸਬ-ਡਵੀਜ਼ਨ ਪ੍ਰਧਾਨ ਸਿਧਾਰਥ, ਸਬ-ਡਵੀਜ਼ਨ ਮੀਤ ਪ੍ਰਧਾਨ ਗੁਰਜੀਤ ਸਿੰਘ ਅਤੇ ਸਬ-ਡਵੀਜ਼ਨ ਵਿੱਤ ਸਕੱਤਰ ਮਨਜਿੰਦਰ ਪਾਲ ਨੇ ਬਠਿੰਡਾ ਵਿਖੇ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਹਰਦੇਵ ਸਿੰਘ ਅਰਸ਼ੀ ਨੂੰ ਮਿਲ ਕੇ ਪਾਰਟੀ ਕਾਂਗਰਸ ਲਈ ਤੀਜੀ ਕਿਸ਼ਤ ਵਜੋਂ 50,000 ਰੁਪਏ ਹੋਰ ਭੇਟ ਕੀਤੇ। ਸਾਥੀ ਅਰਸ਼ੀ ਨੇ ਫੈਡਰੇਸ਼ਨ ਦੀ ਜੁਝਾਰੂ ਲੀਡਰਸ਼ਿਪ ਦਾ ਢੇਰ ਸਾਰਾ ਧੰਨਵਾਦ ਕੀਤਾ। ਆਗੂ ਸਾਥੀਆਂ ਵੱਲੋਂ ਇਹ ਵੀ ਵਿਸ਼ਵਾਸ ਦਿਵਾਇਆ ਗਿਆ ਕਿ ਉਨ੍ਹਾਂ ਦੀ ਜਥੇਬੰਦੀ ਦੇ ਵਰਕਰ ਵਧ-ਚੜ੍ਹ ਕੇ ਰੈਲੀ ਵਿੱਚ ਸ਼ਾਮਲ ਹੋਣਗੇ।

## ਦਿਆਲ ਸਿੰਘ ਦੇ ਪਰਵਾਰ ਵੱਲੋਂ 11 ਹਜ਼ਾਰ ਦਾ ਯੋਗਦਾਨ



**ਬੱਧਨੀ ਕਲਾਂ (ਲਵਲੀ ਕੁਮਾਰ)**-ਮੋਗਾ ਦੇ ਮਰਹੂਮ ਕਮਿਊਨਿਸਟ ਆਗੂਆਂ ਦੇ ਪਰਵਾਰਾਂ ਵੱਲੋਂ ਪਾਰਟੀ ਦੇ ਮਹਾਂ-ਸੰਮੇਲਨ ਲਈ ਲਗਾਤਾਰ ਸਹਾਇਤਾ ਪਹੁੰਚਾਈ ਜਾ ਰਹੀ ਹੈ। ਇਸ ਕੜੀ ਵਜੋਂ ਪਿਛਲੇ ਦਿਨੀਂ ਦਿਆਲ ਸਿੰਘ ਪੁੱਤਰ ਕਾਮਰੇਡ ਕਿਸ਼ਨ ਸਿੰਘ ਮਧੇਕੇ ਦੇ ਪਰਵਾਰ ਵੱਲੋਂ ਵੀ 11 ਹਜਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ ਗਈ। ਦਿਆਲ ਸਿੰਘ ਇੱਕ ਸਦੀ ਦਾ ਜੀਵਨ ਬਤੀਤ ਕਰਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ, ਜਿਸ ਵਿੱਚੋਂ ਤਕਰੀਬਨ ਅੱਧੀ ਜ਼ਿੰਦਗੀ ਉਹਨਾ ਪਾਰਟੀ ਦਾ ਝੰਡਾ ਉੱਚਾ ਰੱਖਿਆ । ਦਿਆਲ ਸਿੰਘ ਦੇ ਫੌਜ ਵਿੱਚ ਭਰਤੀ ਹੋਣ ਪਿੱਛੋਂ ਹੋਈ ਪੁੱਛ-ਪੜਤਾਲ ਵਿੱਚ ਉਹਨਾ ਨੂੰ ਇਹ ਕਹਿ ਕੇ ਫੌਜ ਵਿੱਚੋਂ ਕੱਢ ਦਿੱਤਾ ਗਿਆ ਸੀ ਕਿ ਉਹਨਾ ਦਾ ਪਿਛੋਕੜ ਕਮਿਊਨਿਸਟ ਸਿਆਸਤਦਾਨ ਹੈ। ਉਹਨਾ ਦੇ ਬਾਪ ਕਿਸ਼ਨ ਸਿੰਘ ਵੀ ਪਾਰਟੀ ਮੈਂਬਰ ਰਹੇ। ਕਿਸ਼ਨ ਸਿੰਘ ਦਾ ਪੋਤਾ ਸਿਕੰਦਰ ਸਿੰਘ (ਸਪੁੱਤਰ ਦਿਆਲ ਸਿੰਘ) ਵੀ ਪਾਰਟੀ ਦੀ ਜ਼ਿਲ੍ਹਾ ਕੌਂਸਲ ਦਾ ਮੈਂਬਰ ਹੈ। ਅੱਜ ਜਦੋਂ ਪਾਰਟੀ ਆਪਣਾ 100 ਸਾਲਾ ਸਮਾਗਮ ਰਹੀ ਹੈ, ਲੋਕ ਹਿੱਤਾਂ ਦੀ ਲੜਾਈ ਲੜਨ ਦੀ ਨਵੀਂ ਨੀਤੀ ਬਣਾਉਣ ਵਾਲੀ ਟੀਮ ਦੀ ਚੋਣ ਕਰਨ ਲਈ ਪਾਰਟੀ ਦਾ 25ਵਾਂ ਮਹਾਂ-ਸੰਮੇਲਨ ਚੰਡੀਗੜ੍ਹ ਵਿੱਚ ਹੋ ਰਿਹਾ ਹੈ ਤਾਂ ਪਰਵਾਰ ਵੱਲੋਂ ਇਸ ਮਹਾਨ ਕਾਰਜ ਲਈ ਆਪਣਾ ਦਸਵੰਧ ਪਾਰਟੀ ਨੂੰ ਕੰਟਰੋਲ ਕਮਿਸ਼ਨ ਦੇ ਮੈਂਬਰ ਜਗਜੀਤ ਸਿੰਘ ਤੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਰਾਹੀਂ ਭੇਟ ਕੀਤਾ ਗਿਆ। ਭਾਰਤੀ ਕਮਿਊਨਿਸਟ ਪਾਰਟੀ ਪਰਵਾਰ ਦਾ ਧੰਨਵਾਦ ਕਰਦੀ ਹੈ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



**ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ** ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ 28 ਸਤੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਨਾਲ ਮੋਬਾਇਲ 98153-26720 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

## ਅੱਜ-ਨਾਮਾ

ਫਟੇ ਕਈ ਬੱਦਲ ਆ ਫੇਰ ਪਹਾੜ ਉੱਪਰ,
ਵਧਿਆ ਫਿਕਰ ਕੁਝ ਫੇਰ ਪੰਜਾਬ ਅੰਦਰ।
ਉਤਲਾ ਮਾਲਵਾ ਤੇ ਨਾਲ ਸਰਹੱਦ ਜੁੜਦਾ,
ਚਿੰਤਾ ਕੁਝ ਮਾਝੇ ਤੇ ਫੇਰ ਦੋਆਬ ਅੰਦਰ।
ਚਿੰਤਾ ਘੱਗਰ ਜਾਂ ਸੁਖਨਾ ਦੀ ਝੀਲ ਵਾਲੀ,
ਰਹੇ ਨਾ ਵਹਿਣ ਵੀ ਕਿਸੇ ਹਿਸਾਬ ਅੰਦਰ।
ਚੁਸਤੀਆਂ ਰਹਿੰਦੀ ਨਾ ਖੇਡਣੋਂ ਰਾਜਨੀਤੀ,
ਲੁਕਾਈ ਲੁਕਦੀ ਨਾ ਚਾਲ ਨਕਾਬ ਅੰਦਰ।
ਦੌਰਾ ਕਰਨ ਨੂੰ ਲੀਡਰ ਹਨ ਬੜੇ ਆਉਂਦੇ,
ਦੌੜਦੇ ਘੋੜੇ ਜਿਉਂ ਧੂੜ ਤੇ ਗਰਦ ਅੰਦਰ।
ਜਿਨ੍ਹਾਂ ਤੋਂ ਭਲਕ ਨੂੰ ਜਾਣਾ ਈ ਲੈਣ ਵੋਟਾਂ,
ਦਿੱਸਦਾ ਉਨ੍ਹਾਂ ਦਾ ਖਾਸ ਨਾ ਦਰਦ ਅੰਦਰ।

-ਤੀਸ ਮਾਰ ਖਾਂ

## ਮੈਨੂੰ ਮੋਦੀ ਸਰਕਾਰ ਸਣੇ ਸਭ ਨੇ ਵਰਤਿਆ : ਯਾਸੀਨ ਮਲਿਕ

**ਨਵੀਂ ਦਿੱਲੀ :** ਕਸ਼ਮੀਰੀ ਵੱਖਵਾਦੀ ਨੇਤਾ ਯਾਸੀਨ ਮਲਿਕ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਲਗਭਗ ਤਿੰਨ ਦਹਾਕਿਆਂ ਤੋਂ ਉਹ ਇਕੱਲਿਆਂ ਕੰਮ ਨਹੀਂ ਕਰ ਰਿਹਾ ਸੀ, ਸਗੋਂ ਉਹ ਭਾਰਤੀ ਪ੍ਰਧਾਨ ਮੰਤਰੀਆਂ, ਮੰਤਰੀਆਂ, ਖੁਫੀਆ ਮੁਖੀਆਂ ਅਤੇ ਇੱਥੋਂ ਤੱਕ ਕਿ ਕਾਰੋਬਾਰੀ ਦੀ ਸ਼ਮੂਲੀਅਤ ਵਾਲੇ ਬੈਕ ਚੈਨਲ ਦਾ ਹਿੱਸਾ ਸੀ। ਇੱਕ ਰਾਜ-ਪ੍ਰਵਾਨਤ ਸ਼ਮੂਲੀਅਤ, ਜਿਸ ਦਾ ਉਹ ਹੁਣ ਦਾਅਵਾ ਕਰਦਾ ਹੈ ਕਿ ਉਹ ਮਿਟਾਈ ਜਾ ਰਹੀ ਹੈ, ਕਿਉਂਕਿ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਉਸ ਦੀ ਉਮਰ ਕੈਦ ਨੂੰ ਮੌਤ ਦੀ ਸਜ਼ਾ ਤੱਕ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਦਾਲਤ ਸਾਹਮਣੇ ਪੇਸ਼ ਕੀਤੇ ਇੱਕ ਹਲਫਨਾਮੇ ਵਿੱਚ ਜੰਮੂ ਅਤੇ ਕਸ਼ਮੀਰ ਲਿਬਰੇਸ਼ਨ ਫਰੰਟ (ਜੇ ਕੇ ਐੱਲ ਐੱਫ) ਦੇ ਮੁਖੀ, ਜਿਸ ਨੂੰ 2022 ਵਿੱਚ ਵਿਦੇਸ਼ੀ ਫੰਡਿੰਗ ਪ੍ਰਾਪਤ ਕਰਨ ਅਤੇ ਅੱਤਵਾਦੀ ਸੰਗਠਨਾਂ ਨਾਲ ਸੰਬੰਧਾਂ ਲਈ ਦੋਸ਼ੀ ਠਹਿਰਾਇਆ ਗਿਆ ਸੀ, ਨੇ ਹੈਰਾਨੀਜਨਕ ਖੁਲਾਸਾ ਕੀਤਾ ਹੈ। ਮਲਿਕ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਨੂੰ ਕਸ਼ਮੀਰ ਵਿੱਚ 'ਸ਼ਾਂਤੀ ਦੇ ਰਾਹ' ਨੂੰ ਜ਼ਿੰਦਾ ਰੱਖਣ ਲਈ ਭਾਰਤੀ ਰਾਜ ਵੱਲੋਂ ਹੀ ਉਤਸ਼ਾਹਤ ਅਤੇ ਤਾਇਨਾਤ ਕੀਤਾ ਗਿਆ ਸੀ। ਮਲਿਕ ਆਪਣੀ ਕਿਸਮਤ ਨੂੰ ਕਿਸਮਤਵਾਦ ਨਾਲ ਜੋੜਦਾ ਹੈ। ਉਹ ਕਹਿੰਦਾ ਹੈ, 'ਮੈਂ ਸਮਝਦਾ ਹਾਂ ਕਿ ਤੱਕੜੀ ਦਾ ਸੰਤੁਲਨ ਮੇਰੇ ਹੱਕ ਵਿੱਚ ਨਹੀਂ ਹੈ... ਕੱਟੜ ਹੋਣ ਦੇ ਨਾਤੇ ਮੈਂ ਇਸ ਨੂੰ ਖੁਸ਼ੀ ਨਾਲ ਆਪਣੀ ਕਿਸਮਤ ਦੀ ਅੰਤਮ ਖੇਡ ਵਜੋਂ ਸਵੀਕਾਰ ਕਰਾਂਗਾ।'

ਉਸ ਦਾ ਹਲਫਨਾਮਾ ਮੌਜੂਦਾ ਮੁਕੱਦਮੇ ਨੂੰ ਧਾਰਾ 370 ਦੇ ਰੱਦ ਕਰਨ ਦੇ ਓਹਲੇ ਵਿੱਚ ਰੱਖਦਾ ਹੈ, ਜਿਸ ਬਾਰੇ ਉਹ ਕਹਿੰਦਾ ਹੈ ਕਿ ਟੁੱਟਣ ਦੀ ਨਿਸ਼ਾਨਦੇਹੀ ਕੀਤੀ ਗਈ ਸੀ : 'ਡਰ, ਡਰਾਉਣਾ ਤੇ ਹਜ਼ਾਰਾਂ ਸਆਸੀ ਨੇਤਾਵਾਂ, ਕਾਰਕੁਨਾਂ, ਅਧਿਆਪਕਾਂ, ਵਕੀਲਾਂ ਅਤੇ ਪੱਤਰਕਾਰਾਂ ਦੀਆਂ ਗ੍ਰਿਫਤਾਰੀਆਂ। ਪੁਰਾਣੇ ਕੇਸ ਦੁਬਾਰਾ ਖੋਲ੍ਹੇ ਗਏ, 31 ਸਾਲਾਂ ਬਾਅਦ ਦੋਸ਼ ਲਗਾਏ ਗਏ।'

ਉਸ ਨੇ ਦੱਸਿਆ ਕਿ ਕਿਵੇਂ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਉਸ ਨੂੰ ਮਹਿਰੌਲੀ ਸਬ-ਜੇਲ੍ਹ ਤੋਂ ਦਿੱਲੀ ਦੇ ਇੱਕ ਬੰਗਲੇ ਵਿੱਚ ਲਿਜਾਇਆ ਗਿਆ ਸੀ, ਜਿੱਥੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਦੇ ਸਿੱਧੇ ਨਿਰਦੇਸ਼ਾਂ 'ਤੇ ਗ੍ਰਹਿ ਮੰਤਰੀ ਰਾਜੇਸ਼ ਪਾਇਲਟ ਅਤੇ ਆਈ ਬੀ ਅਧਿਕਾਰੀਆਂ ਨੇ ਉਸ ਨੂੰ ਹਥਿਆਰ ਛੱਡਣ ਲਈ ਦਬਾਅ ਪਾਇਆ ਸੀ। 1994 ਤੱਕ ਉਸ ਨੂੰ ਰਿਹਾਅ ਕਰ ਦਿੱਤਾ ਗਿਆ, ਸ੍ਰੀਨਗਰ ਵਿੱਚ ਉਸ ਨੇ ਇੱਕਪਾਸੜ ਜੰਗਬੰਦੀ ਦਾ ਐਲਾਨ ਕੀਤਾ ਅਤੇ 'ਸ਼ਾਂਤਮਈ, ਲੋਕਤੰਤਰੀ ਸੰਘਰਸ਼' ਨੂੰ ਅੱਗੇ ਵਧਾਉਣ ਦੀ ਸਹੁੰ ਖਾਧੀ। ਯਾਸਿਨ ਨੇ ਕਿਹਾ ਕਿ ਰਾਜ ਨੇ ਵੀ ਇਸ ਦਾ ਜਵਾਬ ਦਿੱਤਾ। 32 ਪੈਂਡਿੰਗ ਟਾਡਾ ਮਾਮਲਿਆਂ ਵਿੱਚ ਉਸ ਨੂੰ ਜ਼ਮਾਨਤ ਦਿੱਤੀ ਗਈ ਅਤੇ ਕੋਈ ਮੁਕੱਦਮਾ ਨਹੀਂ ਚਲਾਇਆ ਗਿਆ। 'ਇਸ ਵਾਅਦੇ ਦੀ ਪਾਲਣਾ ਪੰਜ ਪ੍ਰਧਾਨ ਮੰਤਰੀਆਂ ਨੇ ਕੀਤੀ, ਜਿਨ੍ਹਾਂ ਵਿੱਚ ਮੌਜੂਦਾ ਪ੍ਰਧਾਨ ਮੰਤਰੀ ਦਾ ਪਹਿਲਾ ਕਾਰਜਕਾਲ ਵੀ ਸ਼ਾਮਲ ਸੀ, ਪਰ ਧਾਰਾ 370 ਨੂੰ ਰੱਦ ਕਰਨ ਤੋਂ ਬਾਅਦ, ਸਭ ਕੁਝ ਬਦਲ ਗਿਆ।'

ਮਲਿਕ ਨੇ ਅਟਲ ਬਿਹਾਰੀ ਵਾਜਪਾਈ ਦੇ ਭਰੋਸੇਮੰਦ ਸਹਾਇਕ ਤੇ ਕੌਮੀ ਸੁਰੱਖਿਆ ਸਲਾਹਕਾਰ ਆਰ ਕੇ ਮਿਸ਼ਰਾ ਨਾਲ ਆਪਣੇ ਸੰਪਰਕਾਂ ਦਾ ਹਵਾਲਾ ਦਿੱਤਾ, ਜਿਨ੍ਹਾ ਇੱਕ ਵਾਰ ਉਸ ਨੂੰ ਧੀਰੂਭਾਈ ਅੰਬਾਨੀ ਨਾਲ ਮਿਲਾਇਆ ਸੀ। ਉਸ ਨੇ ਬ੍ਰਜੇਸ਼ ਮਿਸ਼ਰਾ, ਆਈ ਬੀ ਡਾਇਰੈਕਟਰ ਸ਼ਿਆਮਲ ਦੱਤਾ ਅਤੇ ਬਾਅਦ ਵਿੱਚ ਮਨਮੋਹਨ ਸਿੰਘ, ਨਜ਼ਮਾ ਹੈਪਤੁੱਲਾ ਅਤੇ ਸੋਨੀਆ ਗਾਂਧੀ ਵਰਗੇ ਕਾਂਗਰਸੀ ਨੇਤਾਵਾਂ ਨਾਲ ਮੁਲਾਕਾਤਾਂ ਨੂੰ ਵੀ ਚੇਤੇ ਕੀਤਾ। ਯਾਸਿਨ ਨੇ ਮਨਮੋਹਨ ਸਿੰਘ ਵੱਲੋਂ ਵਾਜਪਾਈ ਦੀ ਰਮਜ਼ਾਨ ਜੰਗਬੰਦੀ ਦੀ ਜਨਤਕ ਹਮਾਇਤ ਵੱਲ ਇਸ਼ਾਰਾ ਕਰਦਿਆਂ ਦਾਅਵਾ ਕੀਤਾ, 'ਅਸੀਂ ਪੂਰੀ ਵਿਰੋਧੀ ਧਿਰ ਨੂੰ • ਬਾਕੀ ਸਫਾ 2 'ਤੇ

19-SEP-PAGE-1.qxd 9/18/2025 9:23 PM Page 2



# ਹੜ੍ਹ ਪੀੜਤਾਂ ਦੀ ਮਦਦ ਲਈ ਵਿਧਾਇਕ ਬਿਲਾਸਪੁਰ ਤੇ ਸਮੁੱਚੀ ਟੀਮ ਦੀ ਸ਼ਲਾਘਾ



**ਬੱਧਨੀ ਕਲਾਂ (ਲਵਲੀ ਮਾਛੀਕੇ)**-ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਤੇ ਇਲਾਕੇ ਦੇ ਨਾਮਵਰ ਸਿਆਸੀ ਤੇ ਸਮਾਜਿਕ ਆਗੂ ਜਗਦੀਪ ਸਿੰਘ ਗੋਰਾ ਨੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਆਪ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਜ਼ਿਲ੍ਹਾ ਪ੍ਰਧਾਨ ਬਰਿੰਦਰ ਸ਼ਰਮਾ ਮਧੇਕੇ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕੀਤੀ ਗਈ ਮੱਦਦ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਹਲਕਾ ਨਿਵਾਸੀਆਂ ਨੂੰ ਮਿਹਨਤੀ ਸ਼ਰੀਫ਼, ਸੇਵਾ ਤੇ ਸਮਰਪਿਤ ਭਾਵਨਾ ਨਾਲ ਕੰਮ ਕਰਨ ਵਾਲੇ ਵਿਧਾਇਕ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਹਲਕਾ ਨਿਹਾਲ ਸਿੰਘ ਵਾਲਾ ਪੰਜਾਬ ਦੀ ਸਿਆਸਤ ਵਿੱਚ ਅਹਿਮ ਸਥਾਨ ਰੱਖਦਾ ਹੈ ਤੇ ਇਸ ਹਲਕੇ 'ਚ ਦੋ ਵਾਰ ਵਿਧਾਇਕ ਬਣਨਾ ਬਹੁਤ ਹੀ ਵੱਡੀ ਗੱਲ ਹੈ, ਉੱਥੇ ਵਿਧਾਇਕ ਬਿਲਾਸਪੁਰ ਨੇ ਨੇਕ ਨੀਅਤ ਨਾਲ ਬਿਨਾਂ ਕਿਸੇ ਵਿਤਕਰੇਬਾਜ਼ੀ ਦੇ ਹਲਕੇ ਦਾ ਅਥਾਹ ਵਿਕਾਸ ਕਰਵਾਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਦੋਂ ਹੜ੍ਹਾਂ ਦੀ ਬਿਪਤਾ ਕਰ ਕੇ ਪੀੜਤ ਲੋਕਾਂ ਨੂੰ ਘਰੇਲੂ ਵਸਤਾਂ ਪਸ਼ੂਆਂ ਲਈ ਚਾਰੇ ਦੀ ਘਾਟ ਪੈਦਾ ਹੋਣ ਲੱਗੀ ਤਾਂ ਤੁਰੰਤ ਵਿਧਾਇਕ ਬਿਲਾਸਪੁਰ ਨੇ ਆਪਣੀ ਟੀਮ ਨਾਲ ਰੋਜ਼ਾਨਾ ਸੇਵਾ ਸ਼ੁਰੂ ਕਰ ਦਿੱਤੀ।ਉਨ੍ਹਾਂ ਕਿਹਾ ਕਿ ਲੋੜਵੰਦਾਂ ਦੀ ਮੱਦਦ ਲਈ ਹਮੇਸ਼ਾ ਹੀ ਪੰਜਾਬੀਆਂ ਨੇ ਆਪਣਾ ਹੱਥ ਵਧਾਇਆ ਹੈ।ਪ੍ਰਧਾਨ ਜਗਦੀਪ ਸਿੰਘ ਗਟਰਾ ਨੇ ਕਿਹਾ ਕਿ ਨਿਹਾਲ ਸਿੰਘ ਵਾਲਾ ਦੀ ਗ੍ਰਾਮ ਪੰਚਾਇਤ ਸ਼ਹਿਰ ਦੇ ਵਿਕਾਸ ਲਈ ਕੋਈ ਕਰ ਰਹੀ ਹੈ ਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦੀ ਅਗਵਾਈ ਹੇਠ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਉਪਰਾਲੇ ਜਾਰੀ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਾਰੇ ਵਾਰਡਾਂ ਦਾ ਵਿਕਾਸ ਇਕਸਾਰ ਚੱਲ ਰਿਹਾ ਹੈ।

# ਵਰਿੰਦਰਪਾਲ ਚੌਥੀ ਵਾਰ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਸੰਗਰੂਰ (ਪ੍ਰਵੀਨ ਸਿੰਘ)**-ਵਰਿੰਦਰਪਾਲ ਸਿੰਘ ਟੀਟੂ ਚੌਥੀ ਵਾਰ ਲੋਕਲ ਸੈਲਰ ਐਸੋਸੀਏਸ਼ਨ ਸੰਗਰੂਰ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਅਜਲਾਸ ਵਿੱਚ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਮਿਲੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਗੱਲ ਕਰਦਿਆਂ ਵਰਿੰਦਰਪਾਲ ਸਿੰਘ ਟੀਟੂ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਦਿਨੇਸ਼ ਗੋਇਲ ਬਬਲੂ, ਜੋਗਿੰਦਰ ਕੁਮਾਰ ਨਿੱਕਾ, ਪਰਮਜੀਤ ਸ਼ਰਮਾ, ਕਮਲ ਨਰੇਸ਼ ਮਿੱਤਲ, ਰਾਜੀਵ ਗਰਗ ਰੈਂਪੂ, ਕ੍ਰਿਸ਼ਨ ਬਾਂਸਲ ਬੱਬੂ, ਨਰਿੰਦਰ ਸਿੰਘ, ਭਿੰਦਰ ਸਿੰਘ, ਗੁਰਮੇਲ ਸਿੰਘ ਬਡਰੁੱਖਾਂ, ਸੌਰਵ ਗੋਇਲ, ਅੰਕੁਰ, ਅੰਮ੍ਰਿਤ, ਜਤਿੰਦਰ ਪੋਂਪਾ, ਅੰਕਿਤ, ਕਾਲਾ ਗੁਪਤਾ, ਗੋਰਾ, ਆਸ਼ੂ, ਗਗਨ ਘਾਬਦਾ, ਅਸ਼ਵਨੀ ਜੋਨੀ, ਗੋਗੀ, ਮਿੰਕੂ, ਜੋਨੀ ਅਨਮੋਲ, ਹਰਪ੍ਰੀਤ ਸਿੰਘ ਢੀਂਡਸਾ, ਭੋਲਾ ਸਿੰਘ, ਰਾਜੇਸ਼ ਪਾਲ, ਦੀਪਕ, ਰਾਜੂ, ਗੁਰਚੇਤ ਸਿੰਘ, ਤਰਸੇਮ ਜਿੰਦਲ ਮੌਜੂਦ ਸਨ।

# ਸਰਕਾਰੀ ਹਾਈ ਸਕੂਲ ਸੇਹ 'ਚ ਹਿੰਦੀ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਰਕਾਰੀ ਹਾਈ ਸਕੂਲ ਪਿੰਡ ਸੇਹ ਵਿੱਚ ਹਿੰਦੀ ਦਿਵਸ ਨੂੰ ਸਮਰਪਤ ਸਮਾਰੋਹ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਸੌਰਭ ਮੈਨਰੋ ਤੇ ਹਿੰਦੀ ਟੀਚਰ ਗੁਰਜੀਤ ਕੌਰ ਨੇ ਬੱਚਿਆਂ ਨੂੰ ਹਿੰਦੀ ਭਾਸ਼ਾ ਦੇ ਇਤਿਹਾਸ ਅਤੇ ਦੇਸ਼ ਤੇ ਦੁਨੀਆ ਵਿੱਚ ਹਿੰਦੀ ਭਾਸ਼ਾ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਇਸ ਮੌਕੇ ਹਿੰਦੀ ਭਾਸ਼ਾ ਨਾਲ ਸਬੰਧਤ ਕਵਿਤਾਵਾਂ, ਭਾਸ਼ਣ, ਸੁੰਦਰ ਲਿਖਾਈ ਤੇ ਚਾਰਟ ਮੁਕਾਬਲੇ ਕਰਵਾਏ ਗਏ।ਜੇਤੂ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਗਏ।ਇਸ ਸਮਾਰੋਹ ਵਿੱਚ ਪਿੰਡ ਦੇ ਸਰਪੰਚ ਜਗਰੂਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਬੱਚਿਆਂ ਤੇ ਸਟਾਫ ਨੂੰ ਹਿੰਦੀ ਦਿਵਸ ਦੀ ਵਧਾਈ ਦਿੱਤੀ।

# ਦੀਨਾ ਸਾਹਿਬ 'ਚ ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ ਲਾਇਆ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਪਿੰਡ ਦੀਨਾ ਸਾਹਿਬ ਵਿਖੇ ਅੱਖਾਂ ਦਾ ਮੁਫ਼ਤ ਚੈਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਦੂਰ ਦਰਾਡੇ ਤੋਂ ਆਏ ਮਰੀਜ਼ਾਂ ਦਾ ਮੁਫ਼ਤ ਚੈਕਅਪ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਇਹ ਕੈਂਪ ਬਲਾਕ ਪ੍ਰਧਾਨ ਜਸਵੀਰ ਸਿੰਘ ਜੱਸੀ ਦੀਨਾ ਸਾਹਿਬ ਜੀ ਦੇ ਸਹਿਯੋਗ ਨਾਲ ਲਾਇਆ ਗਿਆ।ਨਿਊ ਪੋਲਸ ਹੈਲਥ ਕੇਅਰ ਹਸਪਤਾਲ ਬਠਿੰਡਾ ਦੀ ਟੀਮ ਡਾਕਟਰ ਕਰਨ ਸਰਵਾਲ, ਡਾ. ਹਰਜੋਤ ਸਿੰਘ, ਡਾ. ਬਲਜੀਤ ਸਿੰਘ ਭੋਖੜਾ, ਫੀਲਡ ਮੈਨੇਜਰ ਸੋਨੂੰ ਕੋਮਲ, ਹਰਜਿੰਦਰ ਸਿੰਘ ਹਮੀਰਗੜ੍ਹ, ਜਸਵਿੰਦਰ ਸਿੰਘ, ਗੁਰਜੰਟ ਸਿੰਘ ਮੈਡੀਕਲ ਵਾਲੇ ਕੁਲਵੰਤ ਸਿੰਘ ਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਾਜਪਾਲ ਸਿੰਘ ਨੇ ਡਾਕਟਰ ਸਾਹਿਬਾਨ ਦੀ ਸਾਰੀ ਟੀਮ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।ਜਸਵੀਰ ਸਿੰਘ ਜੱਸੀ ਦੀਨਾ ਸਾਹਿਬ ਨੇ ਡਾਕਟਰ ਸਾਹਿਬਾਨ ਦੀ ਟੀਮ ਤੇ ਸਾਰੀ ਸੰਗਤ ਦਾ ਧੰਨਵਾਦ ਕੀਤਾ।

# ਲਾਰੈਂਸ ਸਕੂਲ 'ਚ ਵਰਲਡ ਸੁਸਾਈਡ ਪ੍ਰਵੈਂਸ਼ਨ ਵੀਕ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਨਵੈਂਟ ਸਕੂਲ ਵਿੱਚ ਵਰਲਡ ਸੁਸਾਈਡ ਪ੍ਰਵੈਂਸ਼ਨ ਵੀਕ ਮਨਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਜੀਨਮ ਗਰਗ ਤੇ ਮਨੋਜ ਕੁਮਾਰ ਨੇ ਵਿਦਿਆਰਥੀਆਂ ਨੂੰ ਭਾਸ਼ਣ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿੰਦਗੀ ਵਿੱਚ ਕਿਸੇ ਵੀ ਮੁਸੀਬਤ ਦਾ ਹੱਲ ਆਤਮ ਹੱਤਿਆ ਨਹੀਂ ਹੈ ਅਤੇ ਕਿਵੇਂ ਆਪਾਂ ਮੁਸੀਬਤਾਂ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਾਂ।ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਆਉਣ 'ਤੇ ਮਾਤਾ-ਪਿਤਾ ਜਾਂ ਆਪਣੇ ਦੋਸਤਾਂ ਨਾਲ ਸਾਂਝੀ ਕਰੋ ਤਾਂ ਜੋ ਤੁਹਾਨੂੰ ਮੁਸ਼ਕਲ ਵਿੱਚੋਂ ਨਿਕਲਣ ਲਈ ਮਦਦ ਕਰ ਸਕਣ।ਜੇ ਅਸੀਂ ਕਿਸੇ ਗੱਲ ਦਾ ਸਕਾਰਾਤਮਕ ਸੋਚ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ ਉਸਦਾ ਕੋਈ ਨਾ ਕੋਈ ਹੱਲ ਜ਼ਰੂਰ ਨਿਕਲ ਆਵੇਗਾ।ਇਹ ਵੀ ਸਮਝਾਇਆ ਕਿ ਜ਼ਿੰਦਗੀ ਵਿੱਚ ਅਨੇਕਾਂ ਸਮੱਸਿਆਵਾਂ ਕਿਉਂ ਨਾ ਹੋਣ, ਹਮੇਸ਼ਾ ਉਮੀਦ ਹੁੰਦੀ ਹੈ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੋਈ ਨਾ ਕੋਈ ਜ਼ਰੂਰ ਹੋਵੇਗਾ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮਾਨਸਿਕ ਸਿਹਤ ਸਰੀਰਕ ਸਿਹਤ ਵਾਂਗ ਹੀ ਮਹੱਤਵਪੂਰਨ ਹੈ।ਅੱਜ ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਮਾਨਸਿਕ ਸਿਹਤ ਨਾਲ ਜੂਝਦੇ ਹਨ, ਉਹ ਆਪਣੀਆਂ ਸਮੱਸਿਆਵਾਂ ਕਿਸੇ ਨਾਲ ਸਾਂਝੀਆਂ ਕਰਨ ਵਿੱਚ ਸ਼ਰਮ ਮਹਿਸੂਸ ਕਰਦੇ ਹਨ।ਅੱਜ ਦਾ ਸਮਾਂ ਇਹ ਹੈ ਕਿ ਅਸੀਂ ਇਸ ਚੁੱਪ ਨੂੰ ਤੋੜੀਏ ਤੇ ਇੱਕ ਸੁਰੱਖਿਅਤ ਸਮਾਜ ਦੀ ਸਿਰਜਣਾ ਕਰੀਏ, ਜਿੱਥੇ ਲੋਕ ਖੁੱਲ੍ਹ ਕੇ ਗੱਲ ਕਰ ਸਕਣ ਤੇ ਆਪਣੀਆਂ ਸਮੱਸਿਆਵਾਂ ਆਪਣੇ ਦੋਸਤਾਂ/ਮਿੱਤਰਾਂ ਨਾਲ ਸਾਂਝੀਆਂ ਕਰ ਸਕਣ।ਇਸ ਗਤੀਵਿਧੀ ਅਧੀਨ ਸਕੂਲ ਵਿੱਚ ਵਿਦਿਆਰਥੀਆਂ ਲਈ ਕਈ ਤਰ੍ਹਾਂ ਦੇ ਪ੍ਰੋਗਰਾਮ ਜਿਵੇਂ ਸੈਮੀਨਾਰ, ਰੈਲੀ, ਲੈਕਚਰ, ਪੋਸਟਰ ਮੁਕਾਬਲੇ, ਸਮੂਹਕ ਚਰਚਾਵਾਂ ਕਰਵਾਈਆਂ ਗਈਆਂ।ਇਸ ਕਿਸਮ ਦੀ ਜਾਗਰੂਕਤਾ ਗਤੀਵਿਧੀਆਂ ਨਾਲ ਸਕੂਲ ਵਿੱਚ ਇੱਕ ਸੁਰੱਖਿਅਤ ਸਮਝਦਾਰ, ਸਹਿਯੋਗੀ ਵਾਤਾਵਰਨ ਬਣਾਉਣ ਵਿੱਚ ਮਦਦ ਮਿਲਦੀ ਹੈ, ਜਿੱਥੇ ਹਰ ਵਿਦਿਆਰਥੀ ਆਪਣੇ ਮਨ ਦੀ ਗੱਲ ਆਸਾਨੀ ਨਾਲ ਸਾਂਝੀ ਕਰ ਸਕਦਾ ਹੈ।

# ਯਾਦਵਿੰਦਰਾ ਵਿਭਾਗ ਨੇ ਇੰਜੀਨੀਅਰਿੰਗ ਦਿਵਸ ਮਨਾਇਆ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਆਰਟੀਫਿਸ਼ੀਅਲ ਇੰਟੈਲੀਜੈਂਸ ਤੇ ਸਾਈਬਰ ਸਕਿਉਰਟੀ ਵਰਗੇ ਮਹੱਤਵਪੂਰਨ ਵਿਸ਼ੇ ਅਤੇ ਨਵੀਨਤਮ ਤਕਨੀਕਾਂ ਨੂੰ ਅਪਨਾਉਂਦੇ ਹੋਏ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵੱਲੋਂ 58ਵਾਂ ਇੰਜਨੀਅਰਿੰਗ ਦਿਵਸ ਮਨਾਇਆ ਗਿਆ।ਇਸ ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਡਾ. ਕਮਲਜੀਤ ਸਿੰਘ ਡਾਇਰੈਕਟਰ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਨੇ ਵਿਸ਼ੇਸ਼ ਸ਼ਿਰਕਤ ਕੀਤੀ।ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਪ੍ਰੋ. (ਡਾ.) ਨਵਦੀਪ ਗੋਇਲ ਨੇ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਤੇ ਸਾਰੀਆਂ ਭਾਗੀਦਾਰ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ।ਇਸ ਮੌਕੇ ਭਾਰਤ ਦੇ ਪਹਿਲੇ ਇੰਜੀਨੀਅਰ ਭਾਰਤ ਰਤਨ ਐਮ ਵਿਸ਼ਵੇਸ਼ਵਰਿਆ ਦੇ ਜੀਵਨ ਤੇ ਯੋਗਦਾਨ 'ਤੇ ਕੇਂਦਰਤ ਤਕਨੀਕੀ ਸੈਮੀਨਾਰ ਕਰਵਾਇਆ ਗਿਆ, ਕਵਿੱਜ਼ ਕੰਪੀਟੀਸ਼ਨ, ਇੰਟਰਵਿਊ, ਡਿਬੇਟ ਤੇ ਸਕਿੱਟ ਦਾ ਆਯੋਜਨ ਕਰਵਾਇਆ ਗਿਆ।ਪ੍ਰੋਗਰਾਮ ਸਿੰਘ ਜਿੰਦਲ ਤੇ ਡਾ. ਮਨਪ੍ਰੀਤ ਕੌਰ ਵੱਲੋਂ ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਸਨ। ਕੁਇਜ਼, ਡਿਬੇਟ, ਪੀਪੀਟੀ ਤੇ ਇੰਟਰਵਿਊ ਮੁਕਾਬਲਿਆਂ ਵਿੱਚ ਕੁਮਾਰ ਦੇ ਵਿਚ ਟੀਮ ਜਪਜੋਤ ਸਿੰਘ, ਚੇਤਨਾ ਸ਼ਰਮਾ, ਅਰਸ਼ਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਪ੍ਰਪੋਜ਼ਲ ਮੁਕਾਬਲਿਆਂ ਵਿੱਚ ਡਾ. ਰਜਿੰਦਰ ਕੁਮਾਰ, ਡਾ. ਕੰਡੀ ਗੋਇਲ, ਡਾ. ਸੁਮੀਤ ਕੌਰ, ਡਾ. ਦੀਪਕ ਭੰਡਾਰੀ, ਸ੍ਰੀਮਤੀ ਗੁਰਵਿੰਦਰ ਕੌਰ, ਸ੍ਰੀ ਤੇਜਿੰਦਰ ਸਿੰਘ, ਡਾ. ਪ੍ਰਦੀਪ ਕੁਮਾਰ, ਡਾ. ਰਾਜਨ ਗੋਇਲ ਵੱਲੋਂ ਜੱਜਮੈਂਟ ਦੀ ਭੂਮਿਕਾ ਨਿਭਾਈ ਗਈ।ਸਕਿੱਟ ਦਾ ਆਯੋਜਨ ਬੀਟੈੱਕ ਵਿਦਿਆਰਥਣ ਸੁਚਿਤਰੀ ਸ਼ਰਮਾ ਤੇ ਮਕਾਇਲ ਜਗਰ ਦੇ ਨਿਰਦੇਸ਼ਨ ਹੇਠ ਹੋਇਆ।ਚੇਤਨਾ ਸ਼ਰਮਾ ਤੇ ਸੁਭਨੀਤ ਸਿੰਘ ਨੇ ਇਸ ਪ੍ਰੋਗਰਾਮ ਦੇ ਸੰਚਾਲਨ ਵਜੋਂ ਕੰਮ ਕੀਤਾ।ਇਸ ਮੌਕੇ ਕੈਂਪਸ ਦੇ ਡਾਇਰੈਕਟਰ ਵੱਲੋਂ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਡਾ. ਪ੍ਰਦੀਪ ਜਿੰਦਲ ਤੇ ਇੰਜੀ. ਹਾਮ ਸਿੰਘ ਦੇ ਨਿਰਦੇਸ਼ਨ ਹੇਠ ਬਣਾਈ ਗਈ ਈ-ਲਾਇਬ੍ਰੇਰੀ ਦਾ ਉਦਘਾਟਨ ਕੀਤਾ।ਪ੍ਰੋਗਰਾਮ ਦੇ ਅਖੀਰ ਵਿੱਚ ਡਾ. ਮਨਪ੍ਰੀਤ ਕੌਰ ਨੇ ਪ੍ਰੋਗਰਾਮ ਸਫਲਤਾ ਸਹਿਤ ਨੇਪਰੇ ਚੜ੍ਹਨ 'ਤੇ ਧੰਨਵਾਦ ਕੀਤਾ।

# ਕੁੱਟਮਾਰ ਕਰਨ ਦੇ ਦੋਸ਼ 'ਚ ਦੋ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕਸਬਾ ਮੁੱਦਕੀ ਵਿਖੇ ਇੱਕ ਵਿਅਕਤੀ ਨੂੰ ਸੱਟਾਂ ਮਾਰ ਕੇ ਜ਼ਖਮੀ ਕਰਨ ਦੇ ਦੋਸ਼ ਵਿੱਚ ਥਾਣਾ ਘੱਲਖੁਰਦ ਪੁਲਸ ਨੇ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਹਾਂਬੀਰ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਵਾਰਡ ਨੰਬਰ 3 ਮੁੱਦਕੀ ਨੇ ਦੱਸਿਆ ਕਿ ਬੀਤੀ 11 ਸਤੰਬਰ 2025 ਨੂੰ ਕਰੀਬ 7.30 ਵਜੇ ਉਹ ਤੇ ਉਸ ਦਾ ਦੋਸਤ ਮਾਲਵਾ ਬੈਲਟ ਕੱਪੜੇ ਦੀ ਦੁਕਾਨ ਤੋਂ ਕੱਪੜੇ ਖਰੀਦ ਕੇ ਹਾਲੇ 10 ਕਦਮ ਅੱਗੇ ਆਏ ਸੀ ਤਾਂ ਗੁਰਵਿੰਦਰ ਸਿੰਘ ਉਰਫ ਗਿੰਦੀ ਪੁੱਤਰ ਨਰੇਸ਼ ਸਿੰਘ ਵਾਰਡ ਨੰਬਰ 8 ਮੁੱਦਕੀ ਤੇ ਅਮਨਦੀਪ ਸਿੰਘ ਉਰਫ ਕਾਲੀ ਪੁੱਤਰ ਹਰਬੰਸ ਸਿੰਘ ਵਾਸੀ ਨੇੜੇ ਬਾਬਾ ਬੋਹੜ ਸ਼ਾਹ ਮੁੱਦਕੀ ਤੇ ਇਨ੍ਹਾਂ ਦੇ ਸਾਥੀਆਂ ਨੇ ਲਲਕਾਰਾ ਮਾਰ ਕੇ ਕਿਹਾ ਕਿ ਇਸ ਨੂੰ ਮੇਰੇ ਨਾਲ ਲੜਾਈ ਕਰਨ ਦਾ ਮਜ਼ਾ ਚਖਾ ਦਿੰਦੇ ਹਾਂ। ਮਹਬੀਰ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀਆਨ ਨੇ ਉਸ ਦੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

# ਚੱਕ ਕੰਨੀਆਂ ਦੇ ਨੌਜਵਾਨ ਦੀ ਰਸ਼ੀਆ ਤੋਂ ਵੀਡੀਓ ਵਾਇਰਲ

**■ ਸਾਨੂੰ ਫੌਜੀ ਵਰਦੀਆਂ ਪਵਾ ਕੇ ਬਿਨਾਂ ਸਿਖਲਾਈ ਯੂਕਰੇਨ ਬਾਰਡਰ 'ਤੇ ਲੜਨ ਲਈ ਭੇਜਿਆ ਜਾ ਰਿਹੈ ■ ਨੌਜਵਾਨਾਂ ਨੇ ਭਾਰਤ ਸਰਕਾਰ ਨੂੰ ਇਥੋਂ ਕਢਵਾਉਣ ਦੀ ਕੀਤੀ ਅਪੀਲ**



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਚੱਕ ਕੰਨੀਆਂ ਦਾ ਬੇਰੁਜ਼ਗਾਰ ਨੌਜਵਾਨ ਬੂਟਾ ਸਿੰਘ ਪਰਵਾਰ ਨੂੰ ਗਰੀਬੀ ਤੇ ਤੰਗੀਆਂ ਤੁਰਸ਼ੀਆਂ 'ਚੋਂ ਕੱਢਣ ਤੇ ਆਪਣੇ ਸੁਨਹਿਰੀ ਭਵਿੱਖ ਲਈ ਵਿਦੇਸ਼ਾਂ ਦੀ ਚਕਾਚੌਂਧ ਵੱਲ ਖਿੱਚਿਆ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਇੱਕ ਸਾਲ ਪਹਿਲਾਂ ਰਸ਼ੀਆ ਗਿਆ ਸੀ, ਉਥੇ ਵੀ ਕਿਸੇ ਏਜੰਟ ਵੱਲੋਂ ਚੰਗੀ ਨੌਕਰੀ ਦਿਵਾਉਣ ਦੇ ਨਾਂਅ 'ਤੇ ਰਸ਼ੀਅਨ ਆਰਮੀ ਦੇ ਹਵਾਲੇ ਕਰ ਦਿੱਤਾ। ਜਿਨ੍ਹਾਂ ਵੱਲੋਂ 15 ਦੇ ਕਰੀਬ ਨੌਜਵਾਨਾਂ ਨੂੰ ਰੂਸ-ਯੂਕਰੇਨ ਜੰਗ ਦੇ ਚਲਦਿਆਂ ਬਿਨਾਂ ਕਿਸੇ ਸਿਖਲਾਈ ਤੋਂ ਵਰਦੀਆਂ ਪੁਆ ਕੇ ਬੰਦੂਕਾਂ ਹੱਥ ਫੜਾ ਕੇ ਮੌਤ ਦੇ ਮੂੰਹ ਵਿੱਚ ਰਸ਼ੀਆ ਬਾਰਡਰ ਵੱਲ ਧੱਕ ਦਿੱਤਾ। ਮਾਪਿਆਂ ਦੇ ਪੈਰਾਂ ਹੇਠੋਂ ਉਦੋਂ ਜ਼ਮੀਨ ਖਿਸਕ ਗਈ, ਜਦੋਂ ਉਨ੍ਹਾਂ ਦੇ ਪੁੱਤਰ ਵੱਲੋਂ ਇੱਕ ਵੀਡੀਓ ਪਾ ਕੇ ਭਾਰਤ ਸਰਕਾਰ ਨੂੰ ਰਸ਼ੀਆ 'ਚੋਂ ਕਢਵਾਉਣ ਦੀ ਦੁਹਾਈ ਪਾਏ ਗਈ।ਬੂਟਾ ਸਿੰਘ ਤੇ ਉਸ ਦੇ ਸਾਥੀ ਨੌਜਵਾਨਾਂ ਨੇ ਵੀਡੀਓ ਪਾ ਕੇ ਦੱਸਿਆ ਕਿ ਉਨ੍ਹਾਂ ਦੇ 15 ਸਾਥੀ ਸਨ, ਜਿਨ੍ਹਾਂ ਵਿੱਚੋਂ ਪੰਜ ਮੌਤ ਦਾ ਸ਼ਿਕਾਰ ਹੋ ਗਏ ਹਨ ਤੇ ਤਿੰਨ ਲਾਪਤਾ ਹਨ, ਸੱਤ ਜਣੇ ਅਸੀਂ ਬਾਕੀ ਹਾਂ ਜਿਨ੍ਹਾਂ ਨੂੰ ਵੀ ਜਲਦ ਜੰਗ ਵਿੱਚ ਭੇਜਣ ਦੀ ਤਿਆਰੀ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੂਟਾ ਸਿੰਘ ਦੀ ਭੈਣ ਕਰਮਜੀਤ ਕੌਰ ਨੇ ਦੱਸਿਆ ਕਿ ਅਸੀਂ ਦਲਿਤ ਪਰਵਾਰ ਨਾਲ ਸੰਬੰਧ ਰੱਖਦੇ ਹਾਂ। ਮਾਤਾ ਪਰਮਜੀਤ ਕੌਰ ਤੇ ਪਿਤਾ ਰਾਮ ਸਿੰਘ ਬਿਮਾਰ ਰਹਿੰਦੇ ਹਨ ਅਤੇ ਅਸੀਂ ਆਪਣਾ ਘਰ ਦਾ ਗੁਜ਼ਰ ਬਸਰ ਪਸ਼ੂਧਨ ਦਾ ਦੁੱਧ ਪਾ ਕੇ ਕਰਦੇ ਹਾਂ। ਕਰੀਬ ਇਕ ਸਾਲ ਪਹਿਲਾਂ ਮੇਰਾ ਭਰਾ ਬੂਟਾ ਸਿੰਘ ਇਥੋਂ ਕਿਸੇ ਦਿੱਲੀ ਦੇ ਏਜੰਟ ਰਾਹੀਂ ਰਸ਼ੀਆ ਦੇ ਸ਼ਹਿਰ ਮਾਸਕੋ ਗਿਆ ਸੀ।ਹੁਣ ਇੱਕ ਸਾਲ ਬਾਅਦ ਉਸ ਦੀ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਉਸ ਨੇ ਭਾਰਤ ਸਰਕਾਰ ਨੂੰ ਆਪਣੇ ਸਾਥੀਆਂ ਸਮੇਤ ਰਸ਼ੀਆ 'ਚੋਂ ਕਢਵਾਉਣ ਦੀ ਅਪੀਲ ਕੀਤੀ ਹੈ, ਜਦੋਂ ਇਹ ਵੀਡੀਓ ਸਾਡੇ ਤੱਕ ਪਹੁੰਚੀ ਤਾਂ ਘਰ ਵਿੱਚ ਸੋਗ ਪਸਰ ਗਿਆ। ਉਨ੍ਹਾਂ ਦੱਸਿਆ ਕਿ ਪਹਿਲਾਂ ਉਸ ਦਾ ਫੋਨ ਅਕਸਰ ਆਇਆ ਕਰਦਾ ਸੀ, ਪਰ ਹੁਣ 12 ਸਤੰਬਰ ਤੋਂ ਬਾਅਦ ਸਾਡੀ ਉਸ ਨਾ ਗੱਲ ਨਹੀਂ ਹੋ ਰਹੀ, ਜਿਸ 'ਤੇ ਸਾਡਾ ਪਰਵਾਰ ਬਹੁਤ ਦੁਖੀ ਹੈ। ਅਸੀਂ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਚਾਰਾਜੋਈ ਕਰਕੇ ਮੇਰੇ ਭਰਾ ਬੂਟਾ ਸਿੰਘ ਨੂੰ ਜਲਦ ਤੋਂ ਜਲਦ ਵਾਪਸ ਭਾਰਤ ਲਿਆਂਦਾ ਜਾਵੇ।

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 75ਵੇਂ ਜਨਮ ਦਿਨ ਮੌਕੇ ਖ਼ੂਨਦਾਨ ਕੈਂਪ

**ਮੋਗਾ (ਇਕਬਾਲ ਸਿੰਘ ਖਹਿਰਾ)**-ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 75ਵੇਂ ਜਨਮ ਦਿਨ ਮੌਕੇ ਭਾਰਤੀ ਜਨਤਾ ਪਾਰਟੀ ਨੇ ਜ਼ਿਲ੍ਹੇ ਦੇ ਸਾਰੇ ਮੰਡਲਾਂ ਵਿੱਚ ਵੱਡੇ ਪੱਧਰ 'ਤੇ ਖ਼ੂਨਦਾਨ ਕੈਂਪਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਰਕਰਾਂ ਨੇ ਉਤਸ਼ਾਹ ਪੂਰਵਕ ਭਾਗ ਲੈ ਕੇ ਕੁੱਲ 75-75 ਯੂਨਿਟ ਖ਼ੂਨ ਦਾਨ ਕੀਤਾ।ਇਹ ਕੈਂਪ ਨਾ ਸਿਰਫ ਪ੍ਰਧਾਨ ਮੰਤਰੀ ਮੋਦੀ ਦੇ ਜੀਵਨ ਨੂੰ ਸਮਰਪਤ ਸੀ, ਸਗੋਂ ਮਨੁੱਖਤਾ ਦੀ ਸੇਵਾ ਦਾ ਸ਼ਕਤੀਸ਼ਾਲੀ ਸੰਦੇਸ਼ ਵੀ ਦੇ ਰਿਹਾ ਸੀ।ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਤੇਜ਼ ਬੁਖਾਰ ਦੇ ਬਾਵਜੂਦ ਹਰ ਮੰਡਲ ਵਿੱਚ ਖੁਦ ਪਹੁੰਚ ਕੇ ਵਰਕਰਾਂ ਦਾ ਹੌਸਲਾ ਵਧਾਇਆ।ਡਾ. ਕਮਲ ਨੇ ਵਰਕਰਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜੀਵਨ ਦਾ ਸਭ ਤੋਂ ਵੱਡਾ ਉਦੇਸ਼ ਮਨੁੱਖਤਾ ਦੀ ਸੇਵਾ ਹੋਣਾ ਚਾਹੀਦਾ ਹੈ, ਚਾਹੇ ਵਿਅਕਤੀ ਰਾਜਨੀਤੀ ਵਿੱਚ ਹੋਵੇ ਜਾਂ ਕਿਸੇ ਹੋਰ ਖੇਤਰ ਵਿੱਚ ਕੰਮ ਕਰ ਰਿਹਾ ਹੋਵੇ।ਇਸ ਮੌਕੇ ਡਾ. ਹਰਜੋਤ ਕਮਲ ਨੇ ਖ਼ੂਨ ਦਾਨ ਕਰਨ ਵਾਲੇ ਵਿਅਕਤੀਆਂ ਨੂੰ ਸਨਮਾਨਤ ਕੀਤਾ ਤੇ ਉਨ੍ਹਾਂ ਦੇ ਸਮਰਪਣ ਦੀ ਸਰਾਹਨਾ ਕੀਤੀ।



# ਪੱਤਰਕਾਰ ਮਠਾੜੂ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



**ਫਗਵਾੜਾ (ਪੱਤਰ ਪ੍ਰੇਰਕ)**-ਪੱਤਰਕਾਰ ਇੰਦਰਜੀਤ ਸਿੰਘ ਮਠਾੜੂ ਦਾ ਅੰਤਿਮ ਸੰਸਕਾਰ ਅੱਜ ਭੁਆ ਧਮੜੀ ਸ਼ਮਸ਼ਾਨਘਾਟ ਹੁਸ਼ਿਆਰਪੁਰ ਰੋਡ ਵਿਖੇ ਕੀਤਾ ਗਿਆ। ਇਸ ਮੌਕੇ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੀ ਪੁੱਤਰੀ ਤੇ ਭਰਾ ਵੱਲੋਂ ਦਿੱਤੀ ਗਈ। ਇਸ ਮੌਕੇ ਸ਼ਹਿਰ ਦੇ ਕਈ ਪ੍ਰਮੁੱਖ ਵਿਅਕਤੀਆਂ ਨੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਪੱਤਰਕਾਰ ਭਾਈਚਾਰੇ ਵੱਲੋਂ ਮਠਾੜੂ ਦੀ ਮ੍ਰਿਤਕ ਦੇਹ 'ਤੇ ਦੁਸ਼ਾਲਾ ਭੇਟ ਕੀਤਾ ਗਿਆ। ਇਸ ਮੌਕੇ ਵਿਸ਼ਵਕਰਮਾ ਮੰਦਰ ਕਮੇਟੀ ਪ੍ਰਧਾਨ ਪ੍ਰਦੀਪ ਧੀਮਾਨ, ਸਾਬਕਾ ਪ੍ਰਧਾਨ ਬਲਵੰਤ ਰਾਏ ਧੀਮਾਨ, ਪੱਤਰਕਾਰਾਂ 'ਚ ਅਸ਼ੋਕ ਕੌੜਾ, ਜਸਵੰਤ ਗੰਡਮ, ਵਿਕਰਮ ਜਲੋਟਾ, ਜਸਬੀਰ ਸਿੰਘ ਚਾਨਾ, ਤਰਨਜੀਤ ਸਿੰਘ ਕਿੰਨੜਾ, ਹਰਜੋਤ ਸਿੰਘ ਚਾਨਾ, ਹਰੀਪਾਲ ਸਿੰਘ, ਜਤਿੰਦਰ ਸਿੰਘ ਕੁੰਦੀ, ਜਗਤਾਰ ਸਿੰਘ, ਸਰਬਜੀਤ ਸਿੰਘ ਚਾਨਾ, ਐਡਵੋਕੇਟ ਵਿਜੈ ਸ਼ਰਮਾ ਸਮੇਤ ਸ਼ਹਿਰੀ ਸ਼ਾਮਲ ਸਨ। ਪੱਤਰਕਾਰ ਇੰਦਰਜੀਤ ਸਿੰਘ ਮਠਾੜੂ ਨਮਿਤ ਅੰਤਿਮ ਅਰਦਾਸ 26 ਸਤੰਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸ਼ਹੀਦ ਗੰਜ ਸਕੀਮ ਨੰਬਰ 3 ਵਿਖੇ ਹੋਵੇਗੀ।

# ਖ਼ੂਨਦਾਨ ਕੈਂਪ 'ਚ ਸਾਂਝ ਕੇਂਦਰ ਦੇ ਮੁਲਾਜ਼ਮਾਂ ਨੇ ਵੀ ਪਾਇਆ ਯੋਗਦਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਖ਼ੂਨਦਾਨ ਕੈਂਪ ਵਿੱਚ ਜਿੱਥੇ ਬਹੁਤ ਸਾਰੇ ਨੌਜਵਾਨਾਂ ਨੇ ਖ਼ੂਨ ਦਾਨ ਕੀਤਾ, ਉੱਥੇ ਹੀ ਬਾਘਾ ਪੁਰਾਣਾ ਦੇ ਸਾਂਝ ਕੇਂਦਰ ਵਿੱਚ ਤਾਇਨਾਤ ਹੈੱਡ ਕਾਂਸਟੇਬਲ ਦਵਿੰਦਰ ਸਿੰਘ ਤੇ ਹੈੱਡ ਕਾਂਸਟੇਬਲ ਕੁਲਵਿੰਦਰ ਸਿੰਘ ਵੱਲੋਂ ਇਸ ਕਾਰਜ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਖ਼ੂਨ ਦਾਨ ਕੀਤਾ।ਉਨ੍ਹਾਂ ਆਖਿਆ ਕਿ ਖ਼ੂਨਦਾਨ ਇਕ ਮਹਾਂਦਾਨ ਹੈ, ਇਸ ਨਾਲ ਸਾਡੇ ਵੱਲੋਂ ਦਿੱਤਾ ਗਿਆ ਖ਼ੂਨ ਦਾਨ ਕਈ ਕੀਮਤੀ ਜ਼ਿੰਦਗੀਆਂ ਨੂੰ ਬਚਾਉਣ ਵਿੱਚ ਸਹਾਈ ਹੁੰਦਾ ਹੈ, ਇਸ ਲਈ ਸਾਨੂੰ ਲੱਗਣ ਵਾਲੇ ਖ਼ੂਨਦਾਨ ਕੈਂਪ ਸਮੇਤ ਜਦੋਂ ਵੀ ਕਿਸੇ ਲੋੜਵੰਦ ਵਿਅਕਤੀ ਜਾਂ ਔਰਤ ਨੂੰ ਬਲੱਡ ਦੀ ਜ਼ਰੂਰਤ ਹੁੰਦੀ ਹੈ ਤਾਂ ਸਾਨੂੰ ਬਿਜਿਕ ਹੋ ਕੇ ਖ਼ੂਨ ਦਾਨ ਕਰ ਦੇਣਾ ਚਾਹੀਦਾ ਹੈ ਤਾਂ ਕਿ ਸਾਡੇ ਵੱਲੋਂ ਦਿੱਤਾ ਗਿਆ ਖ਼ੂਨ ਕਿਸੇ ਦੀ ਕੀਮਤੀ ਜ਼ਿੰਦਗੀ ਨੂੰ ਬਚਾ ਸਕਦਾ ਹੈ।ਇਸ ਮੌਕੇ ਮੰਡਲ ਪ੍ਰਧਾਨ ਦੀਪਕ ਤਲਵਾੜ ਸਮੇਤ ਉਨ੍ਹਾਂ ਦੀ ਟੀਮ ਨੇ ਸਾਂਝ ਕੇਂਦਰ ਵਿਚ ਤਾਇਨਾਤ ਹੈੱਡ ਕਾਂਸਟੇਬਲ ਦਵਿੰਦਰ ਸਿੰਘ ਤੇ ਹੈੱਡ ਕਾਂਸਟੇਬਲ ਕੁਲਵਿੰਦਰ ਸਿੰਘ ਵੱਲੋਂ ਉਨ੍ਹਾਂ ਦੇ ਕੈਂਪ ਵਿੱਚ ਪੁੱਜ ਕੇ ਖ਼ੂਨ ਦਾਨ ਕਰਨ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

# ਰੋਟਰੀ ਕਲੱਬ ਵੱਲੋਂ ਪੱਪੀ ਤੇ ਗੋਇਲ ਦਾ ਨਵੇਂ ਮੈਂਬਰਾਂ ਵਜੋਂ ਸ਼ਾਨਦਾਰ ਸਨਮਾਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰੋਟਰੀ ਕਲੱਬ ਸੁਨਾਮ ਦੀ ਮੀਟਿੰਗ ਕਲੱਬ ਪ੍ਰਧਾਨ ਜਗਦੀਪ ਭਾਰਦਵਾਜ ਦੀ ਅਗਵਾਈ ਹੇਠ ਸਥਾਨਕ ਅਰਬਨ ਕ੍ਰੇਵ ਰੈਸਟੋਰੈਂਟ ਵਿੱਚ ਹੋਈ।ਮੀਟਿੰਗ ਦੀ ਸ਼ੁਰੂਆਤ ਕਲੱਬ ਜਰਨਲ ਸਕੱਤਰ ਵਿਜੈ ਮੋਹਨ ਨੇ ਸਾਰੇ ਮੈਂਬਰਾਂ ਦਾ ਸਵਾਗਤ ਕਰਕੇ ਕੀਤੀ।ਇਸ ਮੌਕੇ ਕਲੱਬ ਦੇ ਨਵੇਂ ਮੈਂਬਰ ਗੁਰਪ੍ਰੀਤ ਸਿੰਘ ਪੱਪੀ ਤੇ ਕੇਵਲ ਕ੍ਰਿਸ਼ਨ ਗੋਇਲ ਨੂੰ ਪਹਿਲੀ ਵਾਰ ਮੀਟਿੰਗ ਵਿੱਚ ਸ਼ਾਮਲ ਹੋਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਪ੍ਰਧਾਨ ਜਗਦੀਪ ਭਾਰਦਵਾਜ ਨੇ ਦੋਵਾਂ ਦੀ ਸਮਾਜਸੇਵਾ ਵਿੱਚ ਰੁਚੀ ਤੇ ਯੋਗਦਾਨ ਦੀ ਸਰਾਹਨਾ ਕਰਦਿਆਂ ਕਲੱਬ ਵਿੱਚ ਉਨ੍ਹਾਂ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ।ਉਨ੍ਹਾਂ ਜਸਵੰਤ ਕੰਬਾਈਨ ਦੇ ਐੱਮ. ਡੀ. ਸੁਖਵਿੰਦਰ ਸਿੰਘ ਨੂੰ ਵੀ ਰੋਟਰੀ ਪਰਵਾਰ ਵਿੱਚ ਸ਼ਾਮਲ ਹੋਣ 'ਤੇ ਮੁਬਾਰਕਬਾਦ ਦਿੱਤੀ।ਮੀਟਿੰਗ ਦੌਰਾਨ ਸਮਾਜਸੇਵੀ ਪ੍ਰੋਜੈਕਟਾਂ ਤੇ ਆਉਣ ਵਾਲੇ ਪ੍ਰੋਗਰਾਮਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਤੇ ਫੈਸਲਾ ਕੀਤਾ ਗਿਆ ਕਿ ਰੋਟਰੀ ਕਲੱਬ ਸੁਨਾਮ ਸਮਾਜ ਦੀਆਂ ਲੋੜਾਂ ਨੂੰ ਦੇਖਦਿਆਂ ਨਿਰੰਤਰ ਸੇਵਾ ਕਾਰਜ ਜਾਰੀ ਰੱਖੇਗਾ।ਪ੍ਰਧਾਨ ਨੇ ਜਾਣਕਾਰੀ ਦਿੱਤੀ ਕਿ ਕਲੱਬ ਦਾ ਮੀਟਿੰਗ ਹਾਲ ਰੀਨੋਵੇਸ਼ਨ ਤੋਂ ਬਾਅਦ ਤਿਆਰ ਹੋ ਗਿਆ ਹੈ ਤੇ ਅਗਲੀ ਮੀਟਿੰਗ ਦਸਹਿਰੇ ਤੋਂ ਬਾਅਦ ਕਲੱਬ ਦੇ ਹਾਲ ਵਿੱਚ ਹੋਵੇਗੀ।ਉਨ੍ਹਾਂ ਦੱਸਿਆ ਕਿ ਸਾਰੇ ਮੈਂਬਰਾਂ ਨੇ 15 ਸਤੰਬਰ ਤੱਕ ਆਪਣੇ ਸਾਲਾਨਾ ਡਿਊਜ਼ ਸਮੇਂ ਸਿਰ ਜਮ੍ਹਾਂ ਕਰ ਉਦਾਹਰਨ ਪੇਸ਼ ਕੀਤਾ ਹੈ।ਇਸ ਕਾਰਜ ਵਿੱਚ ਵਿਸ਼ੇਸ਼ ਯੋਗਦਾਨ ਦੇਣ ਲਈ ਕਲੱਬ ਦੇ ਖਜ਼ਾਨਚੀ ਚਰਨ ਦਾਸ ਗੋਇਲ ਨੂੰ ਦੀਵਾਲੀ ਉੱਤਸਵ ਪ੍ਰੋਗਰਾਮ ਵਿੱਚ ਸਨਮਾਨਤ ਕਰਨ ਦਾ ਫੈਸਲਾ ਕੀਤਾ ਗਿਆ।

# ਬਾਬਾ ਫਰੀਦ ਲਾਅ ਕਾਲਜ 'ਚ ਐੱਨ.ਸੀ.ਸੀ. ਕੈਡਿਟਸ ਦੀ ਇਨਰੋਲਮੈਂਟ




**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਸ੍ਰ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸ੍ਰ. ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਪੰਜਾਬ ਐੱਨ.ਸੀ.ਸੀ. ਬਟਾਲੀਅਨ ਫਿਰੋਜ਼ਪੁਰ ਅਧੀਨ ਚੱਲ ਰਹੀ ਕਾਲਜ ਐੱਨ.ਸੀ.ਸੀ. ਯੂਨਿਟ ਵਿੱਚ ਲੜਕਿਆਂ ਦੀ ਇੰਨਰੋਲਮੈਂਟ ਕੀਤੀ ਗਈ, ਜਿਸ ਦੌਰਾਨ ਸੂਬੇਦਾਰ ਜਗਜੀਤ ਸਿੰਘ ਨੇ ਸਰੀਰਕ ਮਾਪਦੰਡ ਤੇ ਮੈਡੀਕਲ ਤੌਰ 'ਤੇ ਫਿੱਟ ਪਾਏ ਗਏ ਵਿਦਿਆਰਥੀਆਂ ਦੀ ਬਤੌਰ ਕੈਡਿਟ ਇੰਨਰੋਲਮੈਂਟ ਕੀਤੀ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਐੱਨ.ਸੀ.ਸੀ. ਸੀ.ਟੀ.ਓ. ਸ੍ਰੀ ਮਨਿੰਦਰ ਸਿੰਘ ਨੇ ਦੱਸਿਆ ਕਿ ਇਸ ਇੰਨਰੋਲਮੈਂਟ ਦੌਰਾਨ ਵਿਦਿਆਰਥੀਆਂ ਵਿੱਚ ਕਾਫੀ ਉਤਸ਼ਾਹ ਪਾਇਆ ਗਿਆ, ਜਿਸ ਦੀ ਬਦੌਲਤ ਸੈਸ਼ਨ 2025-26 ਲਈ 30 ਲੜਕਿਆਂ ਦੀ ਸੀਨੀਅਰ ਡਵੀਜ਼ਨ ਵਿੰਗ ਵਿੱਚ ਇੰਨਰੋਲਮੈਂਟ ਕੀਤੀ ਗਈ ਹੈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਕੈਡਿਟਸ ਨੂੰ ਐੱਨ.ਸੀ.ਸੀ. ਵਿੱਚ ਭਰਤੀ ਹੋਣ ਲਈ ਵਧਾਈਆਂ ਦਿੱਤੀਆਂ।ਉਨ੍ਹਾਂ 13 ਪੰਜਾਬ ਬਟਾਲੀਅਨ ਦੇ ਕਰਨਲ ਸੀ. ਐੱਸ. ਸ਼ਰਮਾ ਤੇ ਸਮੁੱਚੇ ਐੱਨ.ਸੀ.ਸੀ. ਅਧਿਕਾਰੀਆਂ ਦਾ ਧੰਨਵਾਦ ਕੀਤਾ।ਉਨ੍ਹਾਂ ਮਾਨਯੋਗ ਪ੍ਰਧਾਨ ਸਾਹਿਬ ਸ. ਸਿਮਰਜੀਤ ਸਿੰਘ ਸੇਖੋਂ ਤੇ ਸਮੂਹ ਕਮੇਟੀ ਮੈਂਬਰ ਸਾਹਿਬਾਨ ਨੂੰ ਇਸ ਉਪਰਾਲੇ ਦੇ ਵਿੱਚ ਭਰਪੂਰ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

# ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਦਾ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨ ਕੀਤੇ ਗਏ ਐੱਮ ਐੱਸ ਸੀ ਆਈ ਟੀ ਭਾਗ ਪਹਿਲਾ ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰੋਫੈਸਰ ਗੁਰਪ੍ਰੀਤ ਕੌਰ ਤੇ ਪ੍ਰੋਫੈਸਰ ਰਾਜਵੀਰ ਕੌਰ ਨੇ ਦੱਸਿਆ ਕਿ ਅਮਨਦੀਪ ਕੌਰ ਨੇ 600 ਅੰਕਾਂ ਵਿੱਚੋਂ 449 ਲੈ ਕੇ ਪਹਿਲਾ ਸਥਾਨ, ਕਮਲਦੀਪ ਕੌਰ ਨੇ 445 ਅੰਕ ਲੈ ਕੇ ਦੂਸਰਾ ਤੇ ਰਮਨਦੀਪ ਕੌਰ ਨੇ 440 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਇਸ ਤਰ੍ਹਾਂ ਹੀ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਟਾਫ ਨੇ ਵੀ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

## ...ਸਫ਼ਾ 1 ਦੇ ਬਾਕੀ

### ਪੰਜਾਬ ਨੂੰ ਲਾਂਬੂ ਲਾਉਣ...

ਮੰਨਦੇ। ਕਮਿਊਨਿਸਟ ਆਗੂ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਸਾਜੇ ਪੰਜ ਪਿਆਰਿਆਂ ਦੇ ਹਵਾਲੇ ਨਾਲ ਪੰਜਾਬੀਆਂ ਦੀ ਵਿਸ਼ਾਲ ਦ੍ਰਿਸ਼ਟੀ ਦਾ ਵਰਣਨ ਕੀਤਾ। ਉਹਨਾ ਕਿਹਾ ਕਿ ਪੰਜ ਪਿਆਰਿਆਂ 'ਚੋਂ ਇੱਕ ਲਾਹੌਰ ਦਾ ਸੀ ਤਾਂ ਦੂਜਾ ਦਿੱਲੀ ਤੋਂ ਸੀ। ਇਸੇ ਤਰ੍ਹਾਂ ਇੱਕ ਦਾ ਜਨਮ ਸਥਾਨ ਜਗਨਨਾਥ ਪੁਰੀ (ਓਡੀਸ਼ਾ) ਸੀ ਤੇ ਦੂਜੇ ਨੇ ਜਨਮ ਦੁਆਰਕਾ (ਗੁਜਰਾਤ) ਵਿੱਚ ਲਿਆ। ਇਹਨਾਂ ਵਿੱਚ ਭਾਈ ਸਾਹਿਬ ਸਿੰਘ ਬਿਦਰ (ਕਰਨਾਟਕ) ਵਿੱਚ ਪੈਦਾ ਹੋਏ। ਉਹਨਾ ਦੁਹਰਾਇਆ ਕਿ ਦੋਸ਼ੀ ਨੂੰ ਸਖਤ ਸਜ਼ਾ ਦਿੱਤੀ ਜਾਵੇ।ਇਹ ਕੰਮ ਵੀ ਅਦਾਲਤ ਦਾ ਹੈ। ਪੰਜਾਬੀਆਂ ਨੇ ਭਾਈਚਾਰਕ ਸਾਂਝ ਬਣਾ ਕੇ ਰੱਖਣ ਦੇ ਆਪਣੇ ਵਿਰਸੇ ਨੂੰ ਕਾਇਮ ਰੱਖਣਾ ਹੈ। ਇਸ ਘੜੀ ਵਿੱਚ ਪੰਜਾਬ ਨੂੰ ਲਾਂਬੂ ਲਾਉਣ ਦੀ ਤਾਕ ਵਿੱਚ ਬੈਠੀਆਂ ਕਾਲੀਆਂ ਤਾਕਤਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਸਹਾਇਕ ਜ਼ਿਲ੍ਹਾ ਸਕੱਤਰ ਡਾਕਟਰ ਅਰੁਣ ਮਿੱਤਰਾ, ਚਮਕੌਰ ਸਿੰਘ, ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ, ਰਮੇਸ਼ ਰਤਨ, ਕੇਵਲ ਸਿੰਘ ਬਣਵੈਤ, ਨਰੇਸ਼ ਗੌੜ, ਵਿਜੇ ਕੁਮਾਰ ਅਤੇ ਡਾਕਟਰ ਰਜਿੰਦਰ ਪਾਲ ਔਲਖ ਨੇ ਦੂਜੇ ਪ੍ਰਾਂਤਾਂ ਤੋਂ ਆਏ ਹੋਏ ਮਜ਼ਦੂਰਾਂ/ਕਾਮਿਆਂ ਪ੍ਰਤੀ ਸਮਾਜ ਦੇ ਇੱਕ ਹਿੱਸੇ ਵੱਲੋਂ ਫੈਲਾਏ ਜਾ ਰਹੇ ਨਫ਼ਰਤੀ ਪ੍ਰਚਾਰ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਉਸ ਨੇ ਕਿਹਾ ਕਿ ਜਿਥੇ ਹੁਸ਼ਿਆਰਪੁਰ ਵਿੱਚ ਵਾਪਰੀ ਘਟਨਾ ਅਤਿ ਨਿੰਦਣਯੋਗ ਹੈ ਤੇ ਦੋਸ਼ੀ ਨੂੰ ਕਾਨੂੰਨ ਮੁਤਾਬਕ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ, ਉੱਥੇ ਇਸ ਘਟਨਾ ਨੂੰ ਸਾਹਮਣੇ ਰੱਖ ਕੇ ਸਾਰੇ ਕਾਮਿਆਂ ਨੂੰ ਦੋਸ਼ ਦੇਣਾ ਬਿਲਕੁਲ ਗਲਤ ਹੈ।ਅਪਰਾਧੀ ਦਾ ਕੋਈ ਦੀਨ, ਧਰਮ, ਜਾਤ ਜਾਂ ਇਲਾਕਾ ਨਹੀਂ ਹੁੰਦਾ।ਉਨ੍ਹਾ ਕਿਹਾ ਕਿ ਅੱਜ ਸਾਡਾ ਉਦਯੋਗ, ਸਾਡੀ ਖੇਤੀਬਾੜੀ ਅਤੇ ਅਨੇਕਾਂ ਹੋਰ ਕਾਰੋਬਾਰ ਇਹਨਾਂ ਦੂਜੇ ਪ੍ਰਾਂਤਾਂ ਤੋਂ ਆਏ ਕਾਮਿਆਂ ਦੇ ਸਿਰ 'ਤੇ ਚੱਲ ਰਹੇ ਹਨ।ਸੋ ਇਹਨਾਂ ਦੇ ਵਿਰੁੱਧ ਇਸ ਕਿਸਮ ਦਾ ਕੂੜ ਪ੍ਰਚਾਰ ਕਰਨਾ ਇੱਕ ਗਿਣੀ-ਮਿੱਥੀ ਸਾਜ਼ਿਸ਼ ਜਾਪਦੀ ਹੈ।ਅਸੀਂ ਪੁਲਸ ਨੂੰ ਅਪੀਲ ਕਰਦੇ ਹਾਂ ਕਿ ਲੁਧਿਆਣਾ ਦੇ ਵਿੱਚ ਸੰਵੇਦਨਸ਼ੀਲ ਇਲਾਕਿਆਂ ਦੀ ਨਿਸ਼ਾਨਦੇਹੀ ਕਰਕੇ ਪਹਿਲ ਦੇ ਅਧਾਰ 'ਤੇ ਉਥੇ ਪੁਲਸ ਵੱਲੋਂ ਅਗਾਊਂ ਪੁਖ਼ਤਾ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ, ਤਾਂ ਕਿ ਉਹਨਾਂ ਥਾਵਾਂ 'ਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ ਜਾਂ ਝਗੜੇ ਵਾਲੀ ਨੌਬਤ ਨਾ ਆਵੇ।

### ਸਫਾਈ ਤੇ ਗਾਰ ...

ਦੀ ਸਾਫ-ਸਫਾਈ 22 ਅਕਤੂਬਰ ਤੱਕ ਹੋਵੇਗੀ। ਉਹਨਾ ਦੱਸਿਆ ਕਿ ਹੜ੍ਹ ਪ੍ਰਭਾਵਤ ਜ਼ਿਲ੍ਹਿਆਂ ਵਿੱਚ ਸਾਂਝੀਆਂ ਜਾਇਦਾਦਾਂ ਦੀ ਮੁਰੰਮਤ 'ਤੇ ਹੁਣ ਤੱਕ ਪ੍ਰਾਪਤ ਰਿਪੋਰਟਾਂ ਅਨੁਸਾਰ 153.33 ਕਰੋੜ ਰੁਪਏ ਖਰਚ ਆਉਣ ਦਾ ਅੰਦਾਜ਼ਾ ਤਿਆਰ ਕੀਤਾ ਗਿਆ ਹੈ। ਸਾਂਝੀਆਂ ਜਾਇਦਾਦਾਂ ਦੀ ਜ਼ਰੂਰੀ ਮੁਰੰਮਤ 15 ਅਕਤੂਬਰ ਤੱਕ ਕਰ ਲਈ ਜਾਵੇਗੀ। ਇਸ ਤੋਂ ਇਲਾਵਾ ਜੰਗੀ ਪੱਧਰ 'ਤੇ ਚੱਲ ਰਹੇ ਕਾਰਜਾਂ ਤਹਿਤ ਬਿਮਾਰੀਆਂ ਦੇ ਫੈਲਾਅ ਦਾ ਮੁਕਾਬਲਾ ਕਰਨ ਲਈ 543 ਫੌਗਿੰਗ ਮਸ਼ੀਨਾਂ ਤਾਇਨਾਤ ਕੀਤੀਆਂ ਜਾ ਚੁੱਕੀਆਂ ਹਨ ਅਤੇ 750 ਹੋਰ ਮਸ਼ੀਨਾਂ ਦੀ ਤਾਇਨਾਤੀ ਜਲਦ ਕਰ ਦਿੱਤੀ ਜਾਵੇਗੀ। ਉਨ੍ਹਾ ਦੱਸਿਆ ਕਿ ਸਾਰੇ ਹੜ੍ਹ ਪ੍ਰਭਾਵਤ 2280 ਪਿੰਡਾਂ ਵਿੱਚ ਗ੍ਰਾਮ ਸਭਾਵਾਂ ਵੀ ਬੁਲਾਈਆਂ ਜਾ ਚੁੱਕੀਆਂ ਹਨ।

### ਮੈਨੂੰ ਮੋਦੀ ਸਰਕਾਰ...

ਬੋਰਡ 'ਤੇ ਲਿਆਂਦਾ।' ਮਲਿਕ ਕਹਿੰਦਾ ਹੈ ਕਿ ਮਨਮੋਹਨ ਸਿੰਘ ਨੇ ਬਾਅਦ ਵਿੱਚ ਉਸ ਨੂੰ 'ਕਸ਼ਮੀਰ ਵਿੱਚ ਅਹਿੰਸਕ ਅੰਦੋਲਨ ਦਾ ਪਿਤਾਮਾ' ਕਿਹਾ। ਮਲਿਕ ਨੇ ਹਲਫਨਾਮੇ ਵਿੱਚ ਆਪਣੇ ਅੰਤਰਰਾਸ਼ਟਰੀ ਰੁਝੇਵਿਆਂ ਦਾ ਵੀ ਵੇਰਵਾ ਦਿੱਤਾ ਹੈ, ਜਿਸ ਵਿੱਚ ਅਮਰੀਕੀ ਸਹਾਇਕ ਵਿਦੇਸ਼ ਮੰਤਰੀ ਕ੍ਰਿਸਟੀਨਾ ਰੋਕਾ ਅਤੇ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨਾਲ ਮੁਲਾਕਾਤਾਂ ਸ਼ਾਮਲ ਹਨ। ਉਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਇਹ ਸਭ ਸਾਫ਼-ਸਾਫ਼ ਭਾਰਤੀ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਕੀਤਾ ਗਿਆ।

ਸ਼ਾਇਦ ਸਭ ਤੋਂ ਵਿਵਾਦਪੂਰਨ ਉਸ ਦਾ ਦਾਅਵਾ ਹੈ ਕਿ ਲਸ਼ਕਰ-ਏ-ਤਈਬਾ ਦੇ ਮੁਖੀ ਹਾਫਿਜ਼ ਸਈਦ ਨਾਲ ਉਸ ਦੀ 2006 ਦੀ ਮੁਲਾਕਾਤ ਆਈ ਬੀ ਸਪੈਸ਼ਲ ਡਾਇਰੈਕਟਰ ਵੀ ਕੇ ਜੋਸ਼ੀ ਰਾਹੀਂ ਸੰਭਵ ਹੋਈ ਸੀ, ਜਿਸ ਨੇ ਉਸ ਨੂੰ ਅੱਤਵਾਦੀਆਂ ਨੂੰ ਸ਼ਾਂਤੀ ਵੱਲ ਮੋੜਨ ਲਈ ਆਪਣੇ ਪ੍ਰਭਾਵ ਦੀ ਵਰਤੋਂ ਕਰਨ ਲਈ ਕਿਹਾ ਸੀ। ਮਲਿਕ ਕਹਿੰਦਾ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਕੌਮੀ ਸੁਰੱਖਿਆ ਸਲਾਹਕਾਰ ਐੱਮ ਕੇ ਨਾਰਾਇਣ ਨਾਲ ਗੱਲਬਾਤ ਕੀਤੀ, ਜਿਸ ਨੇ 'ਉਸ ਦਾ ਧੰਨਵਾਦ ਕੀਤਾ।' ਉਹੀ ਮੁਲਾਕਾਤ ਹੁਣ ਉਸ ਨੂੰ ਅੱਤਵਾਦੀ ਦੱਸਣ ਦੇ ਦੋਸ਼ਾਂ ਦਾ ਹਿੱਸਾ ਹੈ। ਏਨਾ ਹੀ ਸਨਸਨੀਖੇਜ਼ ਉਸ ਦਾ ਇਹ ਦਾਅਵਾ ਹੈ ਕਿ ਐੱਨ ਆਈ ਏ ਨੇ ਉਸ ਨੂੰ ਇੱਕ ਪਾਕਿਸਤਾਨੀ ਹੈਂਡਲਰ ਨਾਲ ਜੋੜਨ ਲਈ ਜਿਹੜੇ ਜੀਮੇਲ ਖਾਤੇ ਦਾ ਹਵਾਲਾ ਦਿੱਤਾ ਗਿਆ ਹੈ, ਉਹ ਅਸਲ ਵਿੱਚ ਸੰਵੇਦਨਸ਼ੀਲ ਟਰੈਕ ਦੋ ਸੰਚਾਰ ਲਈ ਉਸ ਸਮੇਂ ਦੇ ਆਈ ਬੀ ਡਾਇਰੈਕਟਰ ਨਿਸ਼ਚਲ ਸੰਧੂ ਵੱਲੋਂ ਬਣਾਇਆ ਗਿਆ ਸੀ। ਮਲਿਕ ਨੇ ਕਿਹਾ, 'ਇਸ ਦੀ ਪੁਸ਼ਟੀ ਐੱਨ ਆਈ ਏ ਦੁਆਰਾ ਕੀਤੀ ਜਾ ਸਕਦੀ ਸੀ। ਉਸ ਨੇ ਕਿਹਾ ਕਿ ਉਸ ਨੇ ਨਿੱਜੀ ਤੌਰ 'ਤੇ ਟ੍ਰਾਇਲ ਜੱਜ ਨੂੰ ਇਸ ਦੀ ਪੁਸ਼ਟੀ ਕਰਨ ਲਈ ਕਿਹਾ ਹੈ। ਮਲਿਕ ਨੇ ਜ਼ੋਰ ਦੇ ਕੇ ਕਿਹਾ ਕਿ 25 ਸਾਲਾਂ ਤੱਕ ਜੰਗਬੰਦੀ ਦਾ ਸਨਮਾਨ ਕੀਤਾ ਗਿਆ : 'ਰਾਓ, ਵਾਜਪਾਈ, ਗੁਜਰਾਲ, ਮਨਮੋਹਨ ਸਿੰਘ ਅਤੇ ਇੱਥੋਂ ਤੱਕ ਕਿ ਮੋਦੀ ਦੇ ਪਹਿਲੇ ਕਾਰਜਕਾਲ ਵਿੱਚ ਵੀ।'

ਹੁਣ ਜਦੋਂ ਐੱਨ ਆਈ ਏ ਉਸ ਨੂੰ ਫਾਂਸੀ ਦੇਣ ਲਈ ਦਬਾਅ ਪਾ ਰਹੀ ਹੈ, ਮਲਿਕ ਨੇ ਕਿਹਾ ਕਿ ਉਹ ਵਿਰੋਧ ਨਹੀਂ ਕਰੇਗਾ : 'ਜੇਕਰ ਰਾਜ ਮੇਰੇ ਤੋਂ ਵੱਖ ਹੋਣ ਦੀ ਚੋਣ ਕਰਦਾ ਹੈ, ਜਿਵੇਂ ਕਿ ਇਹ ਪਹਿਲਾਂ ਜੁੜਿਆ ਹੋਇਆ ਸੀ, ਤਾਂ ਮੈਂ ਇਸ ਨੂੰ ਖੁਸ਼ੀ-ਖੁਸ਼ੀ ਨਾਲ ਸਵੀਕਾਰ ਕਰਾਂਗਾ।'

### 'ਵੋਟ ਚੋਰਾਂ' ਨੂੰ ਬਚਾਅ...

ਵਿੱਚ ਅਸਫਲ ਰਿਹਾ। ਰਾਹੁਲ ਨੇ ਦੋਸ਼ ਲਾਇਆ, 'ਉਹ ਇਹ ਜਾਣਕਾਰੀ ਕਿਉਂ ਨਹੀਂ ਦੇ ਰਹੇ ਹਨ? ਕਿਉਂਕਿ ਇਹ ਤੁਹਾਨੂੰ ਸਿੱਧੇ ਉਸ ਥਾਂ 'ਤੇ ਲੈ ਜਾਵੇਗਾ, ਜਿੱਥੋਂ ਕਾਰਵਾਈ ਚਲਾਈ ਜਾ ਰਹੀ ਹੈ।' ਕਾਂਗਰਸੀ ਆਗੂ ਨੇ ਕਿਹਾ ਕਿ ਕਥਿਤ ਵੋਟਰਾਂ ਨੂੰ ਮਿਟਾਉਣਾ ਅਸਲ ਵਿਚ ਦਲਿਤਾਂ, ਆਦਿਵਾਸੀਆਂ, ਘੱਟ ਗਿਣਤੀਆਂ ਅਤੇ ਓ ਬੀ ਸੀ ਨੂੰ 'ਯੋਜਨਾਬੱਧ ਤਰੀਕੇ ਨਾਲ ਨਿਸ਼ਾਨਾ ਬਣਾਉਣਾ' ਹੈ। ਉਨ੍ਹਾ ਦੋਸ਼ ਲਾਇਆ ਕਿ 'ਕੋਈ' ਤਾਂ ਹੈ, ਜੋ ਇੱਕ ਸੂਬੇ ਤੋਂ ਬਾਅਦ ਦੂਜੇ ਵਿੱਚ ਵਿਰੋਧੀ ਧਿਰਾਂ ਦੀਆਂ ਵੋਟਾਂ ਮਿਟਾਉਣ ਲਈ ਇਸ ਪੂਰੇ ਅਮਲ ਨੂੰ ਹਾਈਜੈਕ ਕਰ ਰਿਹਾ ਹੈ। ਉਨ੍ਹਾ ਕਿਹਾ, 'ਇਹ ਪ੍ਰੈੱਸ ਕਾਨਫਰੰਸ ਹਾਈਡਰੋਜਨ ਬੰਬ ਬਾਰੇ ਨਹੀਂ, ਬਲਕਿ ਇਹ ਦਰਸਾਉਣ ਲਈ ਸੱਦੀ ਹੈ ਕਿ ਚੋਣਾਂ ਵਿੱਚ ਕਿਵੇਂ ਧਾਂਦਲੀ ਕੀਤੀ ਜਾ ਰਹੀ ਹੈ।' ਕਰਨਾਟਕ ਦੇ ਆਲੰਦ ਵਿੱਚ 2023 ਦੀਆਂ ਵਿਧਾਨ ਸਭਾ ਚੋਣਾਂ ਦਾ ਹਵਾਲਾ ਦਿੰਦੇ ਹੋਏ ਰਾਹੁਲ ਨੇ ਦਾਅਵਾ ਕੀਤਾ ਕਿ ਵੋਟਾਂ ਕਟਾਉਣ/ ਮਿਟਾਉਣ ਲਈ 6,018 ਅਰਜ਼ੀਆਂ ਨਕਲ ਅਤੇ ਸਵੈਚਾਲਤ ਪ੍ਰਣਾਲੀਆਂ ਰਾਹੀਂ ਦਾਇਰ ਕੀਤੀਆਂ ਗਈਆਂ ਸਨ। ਉਨ੍ਹਾ ਕਿਹਾ ਕਿ ਇਹ ਮਾਮਲਾ ਸਿਰਫ ਇਸ ਲਈ ਸਾਹਮਣੇ ਆਇਆ, ਕਿਉਂਕਿ ਇੱਕ ਬੂਥ ਪੱਧਰੀ ਅਧਿਕਾਰੀ (ਬੀ ਐੱਲ ਓ) ਨੇ ਦੇਖਿਆ ਕਿ ਉਸ ਦੇ ਚਾਚੇ ਦਾ ਨਾਂਅ ਸੂਚੀ ਵਿੱਚੋਂ ਗਾਇਬ ਸੀ। ਉਸ ਨੇ ਚਾਚੇ ਦਾ ਨਾਂਅ ਹਟਾਉਣ ਦੇ ਬਿਨੈਕਾਰ ਵਜੋਂ ਸੂਚੀਬੱਧ ਇੱਕ ਗੁਆਂਢੀ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਉਸ ਨੂੰ ਵੋਟਰ ਵਜੋਂ ਨਾਂਅ ਮਿਟਾਉਣ ਬਾਰੇ ਕੋਈ ਜਾਣਕਾਰੀ ਨਹੀਂ ਸੀ। ਰਾਹੁਲ ਨੇ ਕਿਹਾ, 'ਨਾ ਤਾਂ ਉਸ ਵਿਅਕਤੀ ਨੂੰ ਪਤਾ ਸੀ, ਜਿਸ ਉੱਤੇ ਵੋਟ ਮਿਟਾਉਣ ਦਾ ਦੋਸ਼ ਹੈ ਤੇ ਨਾ ਹੀ ਉਸ ਵੋਟਰ ਨੂੰ ਜਿਸ ਦਾ ਨਾਂਅ ਹਟਾਇਆ ਗਿਆ ਸੀ। ਕਿਸੇ ਹੋਰ ਤਾਕਤ ਨੇ ਪੂਰੇ ਅਮਲ ਨੂੰ ਹਾਈਜੈਕ ਕਰ ਲਿਆ ਸੀ।' ਉਨ੍ਹਾ ਇਸ ਪੂਰੀ ਕਾਰਜ ਪ੍ਰਣਾਲੀ ਨੂੰ ਸਮਝਾਉਣ ਲਈ ਮਿਸਾਲਾਂ ਵੀ ਪੇਸ਼ ਕੀਤੀਆਂ। ਇੱਕ ਮਾਮਲੇ ਵਿੱਚ 63 ਸਾਲਾ ਗੋਦਾਬਾਈ ਦੇ ਨਾਂਅ 'ਤੇ ਫਰਜ਼ੀ ਲਾਗਇਨ ਬਣਾਇਆ ਗਿਆ ਤਾਂ ਕਿ 12 ਵੋਟਰਾਂ ਦੇ ਨਾਂਅ ਹਟਾਏ ਜਾ ਸਕਣ। ਹਾਲਾਂਕਿ ਇਸ ਕੋਸ਼ਿਸ਼ ਨੂੰ ਸਮੇਂ ਸਿਰ ਰੋਕ ਦਿੱਤਾ ਗਿਆ ਸੀ। ਰਾਹੁਲ ਨੇ ਕਿਹਾ, 'ਉਸ ਬਿਰਧ ਮਹਿਲਾ ਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਏਨਾ ਕੁਝ ਹੋ ਰਿਹਾ ਹੈ। ਕਰਨਾਟਕ ਤੋਂ ਬਾਹਰਲੇ ਮੋਬਾਈਲ ਨੰਬਰ ਵਰਤੇ ਗਏ ਸਨ, ਇਹ ਕਿਸ ਦੇ ਨੰਬਰ ਸਨ ਅਤੇ ਓ ਟੀ ਪੀ ਕੌਣ ਤਿਆਰ ਕਰ ਰਿਹਾ ਸੀ?'

ਇੱਕ ਹੋਰ ਮਿਸਾਲ ਸੂਰੀਆਕਾਂਤ ਨਾਂਅ ਦੇ ਇੱਕ ਵਿਅਕਤੀ ਦੀ ਸੀ, ਜਿਸ ਬਾਰੇ ਰਾਹੁਲ ਨੇ ਕਿਹਾ ਕਿ ਉਹ ਇਹ ਜਾਣ ਕੇ ਹੈਰਾਨ ਰਹਿ ਗਿਆ ਕਿ ਉਸ ਦੇ ਨਾਂਅ 'ਤੇ ਸਿਰਫ 14 ਮਿੰਟਾਂ ਵਿੱਚ 12 ਡਿਲੀਸ਼ਨ ਦਾਇਰ ਕੀਤੇ ਗਏ ਸਨ। ਰਾਹੁਲ ਨੇ ਉਸ ਨੂੰ ਬਬੀਤਾ ਦੇ ਨਾਲ ਸਟੇਜ 'ਤੇ ਬੁਲਾਇਆ, ਜਿਸ ਦਾ ਨਾਂਅ ਕਥਿਤ ਤੌਰ 'ਤੇ ਉਸ ਦੀ ਚੋਰੀ ਕੀਤੀ ਗਈ ਪਛਾਣ ਰਾਹੀਂ ਕੱਟ ਦਿੱਤਾ ਗਿਆ ਸੀ। ਸੂਰੀਆਕਾਂਤ ਨੇ ਕਿਹਾ, 'ਮੈਨੂੰ ਕਦੇ ਕੋਈ ਸੁਨੇਹਾ ਨਹੀਂ ਮਿਲਿਆ, ਮੈਂ ਕਦੇ ਕੋਈ ਡਿਲੀਸ਼ਨ ਦਾਇਰ ਨਹੀਂ ਕੀਤੀ। ਬਬੀਤਾ ਨੇ ਮੈਨੂੰ ਬਾਅਦ ਵਿੱਚ ਹੀ ਦੱਸਿਆ।' ਤੀਜਾ ਮਾਮਲਾ ਨਾਗਰਾਜ ਨਾਂਅ ਦੇ ਇੱਕ ਵਿਅਕਤੀ ਨਾਲ ਸੰਬੰਧਤ ਹੈ, ਜਿਸ ਦੇ ਨਾਂਅ 'ਤੇ ਸਵੇਰੇ 4 ਵਜੇ 36 ਸਕਿੰਟਾਂ ਦੇ ਅੰਦਰ ਦੋ ਡਿਲੀਸ਼ਨ ਅਰਜ਼ੀਆਂ ਦਾਇਰ ਕੀਤੀਆਂ ਗਈਆਂ ਸਨ। ਰਾਹੁਲ ਨੇ ਕਿਹਾ, 'ਇਹ ਮਨੁੱਖੀ ਤੌਰ 'ਤੇ ਅਸੰਭਵ ਹੈ।'

ਰਾਹੁਲ ਨੇ ਦਾਅਵਾ ਕੀਤਾ ਕਿ ਵੋਟਾਂ ਮਿਟਾਉਣ ਦੀਆਂ ਕਾਰਵਾਈਆਂ ਕਾਂਗਰਸ ਦੇ ਗੜ੍ਹਾਂ ਵਿੱਚ ਕੇਂਦਰਤ ਸਨ। ਉਨ੍ਹਾ ਕਿਹਾ, 'ਸਿਖਰਲੇ 10 ਬੂਥ, ਜਿੱਥੇ ਸਭ ਤੋਂ ਵੱਧ ਡਿਲੀਸ਼ਨ ਅਰਜ਼ੀਆਂ ਆਈਆਂ, ਕਾਂਗਰਸ ਦੇ ਗੜ੍ਹ ਸਨ ਅਤੇ ਅਸੀਂ 2018 ਵਿੱਚ ਉਨ੍ਹਾਂ ਵਿੱਚੋਂ ਅੱਠ ਜਿੱਤੇ ਸੀ। ਇਹ ਕੋਈ ਇਤਫ਼ਾਕ ਨਹੀਂ ਸੀ, ਇਹ ਇੱਕ ਯੋਜਨਾਬੱਧ ਕਾਰਵਾਈ ਸੀ।'

ਰਾਹੁਲ ਮੁਤਾਬਕ 'ਵੋਟਾਂ ਮਿਟਾਉਣਾ ਵਿਅਕਤੀਆਂ ਦਾ ਕੰਮ ਨਹੀਂ ਸੀ, ਬਲਕਿ ਵਿਸ਼ੇਸ਼ ਸਾਫਟਵੇਅਰ ਦਾ ਕੰਮ ਸੀ, ਜਿਸ ਨੇ ਵੋਟਰ ਸੂਚੀਆਂ ਤੋਂ ਕ੍ਰਮਵਾਰ ਨਾਂਅ ਲਏ ਅਤੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਨਕਲ ਕਰਨ ਲਈ ਵਰਤਿਆ।' ਉਨ੍ਹਾ ਕਿਹਾ, 'ਸਭ ਕੁਝ ਸਾਫ ਹੈ, ਅਜਿਹਾ ਸਬੂਤ ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਮੁੱਖ ਚੋਣ ਕਮਿਸ਼ਨਰ ਵੋਟ ਚੋਰਾਂ ਨੂੰ ਬਚਾ ਰਹੇ ਹਨ।'

ਚੋਣ ਕਮਿਸ਼ਨ ਨੇ ਕਿਹਾ ਹੈ, 'ਰਾਹੁਲ ਗਾਂਧੀ ਵੱਲੋਂ ਲਗਾਏ ਗਏ ਦੋਸ਼ ਗਲਤ ਤੇ ਬੇਬੁਨਿਆਦ ਹਨ। ਕਿਸੇ ਵੀ ਵੋਟ ਨੂੰ ਆਨਲਾਈਨ ਕਿਸੇ ਵੀ ਵਿਅਕਤੀ ਵੱਲੋਂ ਨਹੀਂ ਹਟਾਇਆ ਜਾ ਸਕਦਾ, ਜਿਵੇਂ ਕਿ ਰਾਹੁਲ ਨੇ ਗਲਤ ਧਾਰਨਾ ਬਣਾਈ ਹੈ। ਸੰਬੰਧਤ ਵਿਅਕਤੀ ਦਾ ਪੱਖ ਸੁਣੇ ਬਗੈਰ ਕੋਈ ਵੀ ਨਾਂਅ ਨਹੀਂ ਹਟਾਇਆ ਜਾ ਸਕਦਾ।'

### ਸਿਹਤ ਮੰਤਰੀ ਵੱਲੋਂ ...

ਤੋਂ ਬਾਅਦ ਉਨ੍ਹਾ ਵੱਲੋਂ ਹੜ੍ਹ ਪ੍ਰਭਾਵਤ ਪਿੰਡਾਂ ਗੱਟੀ ਰਾਜੋ ਕੇ, ਜੱਲੋ ਕੇ ਅਤੇ ਟੈਂਡੀ ਵਾਲਾ ਵਿਖੇ ਮੈਡੀਕਲ ਕੈਂਪਾਂ ਦਾ ਦੌਰਾ ਵੀ ਕੀਤਾ ਗਿਆ।ਇਸ ਦੌਰਾਨ ਉਨ੍ਹਾ ਨਾਲ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਅਤੇ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਯਾ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਐੱਸ ਐੱਸ ਪੀ ਭੁਪਿੰਦਰ ਸਿੰਘ ਸਿੱਧੂ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਸਨ। ਮੀਟਿੰਗ ਦੌਰਾਨ ਡਾ. ਬਲਬੀਰ ਸਿੰਘ ਨੇ ਹੜ੍ਹ ਤੋਂ ਬਾਅਦ ਦੇ ਸਮੇਂ ਦੌਰਾਨ ਵੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਲੋਕਾਂ ਦੇ ਮੁੜ ਵਸੇਬੇ ਅਤੇ ਬਿਮਾਰੀਆਂ ਤੋਂ ਬਚਾਅ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਹਦਾਇਤ ਕੀਤੀ। ਇਸ ਉਪਰੰਤ ਕੈਬਨਿਟ ਮੰਤਰੀ ਵੱਲੋਂ ਜ਼ਿਲ੍ਹੇ ਦੀਆਂ ਐੱਨ ਜੀ ਓਜ਼ ਨਾਲ ਵੀ ਮੀਟਿੰਗ ਕੀਤੀ ਗਈ। ਉਨ੍ਹਾ ਹੜ੍ਹਾਂ ਦੌਰਾਨ ਗੈਰ-ਸਰਕਾਰੀ ਸੰਸਥਾਵਾਂ, ਵਲੰਟੀਅਰਾਂ, ਸਿਹਤ ਸੰਬੰਧੀ ਸਨਅਤ ਦੇ ਪ੍ਰਤੀਨਿਧੀਆਂ ਅਤੇ ਹੋਰ ਸੰਸਥਾਵਾਂ ਦੇ ਪ੍ਰਤੀਨਿਧੀਆਂ, ਜੋ ਕਿ ਹੜ੍ਹ ਦੀ ਸਥਿਤੀ ਵਿਚ ਲੋਕਾਂ ਦੀ ਮਦਦ ਕਰ ਰਹੇ ਜਾਂ ਉਨ੍ਹਾਂ ਦੀ ਸਹੂਲਤ ਲਈ ਕੋਈ ਵੀ ਕੰਮ ਕਰ ਰਹੇ ਹਨ, ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਧੰਨਵਾਦ ਵੀ ਕੀਤਾ।

### ਮੁੱਖ ਮੰਤਰੀ ਨੂੰ ਫੰਡ ਸੌਂਪਣ...

ਕੀਤਾ ਹੈ, ਉਹ ਇੱਕ ਨਿੰਦਣਯੋਗ ਕਾਰਵਾਈ ਹੈ ਅਤੇ ਜਥੇਬੰਦੀਆਂ ਦੀ ਜਾਣ ਬੁੱਝ ਕੇ ਕੀਤੀ ਗਈ ਹੱਤਕ ਹੈ। ਪੰਜ ਹਜ਼ਾਰ ਤੋਂ ਵੱਧ ਸੇਵਾ-ਮੁਕਤ ਬਜ਼ੁਰਗ ਪੈਨਸ਼ਨਰਾਂ ਦੇ ਨੁਮਾਇੰਦਿਆ ਦੀ ਵੀ ਤੌਹੀਨ ਹੈ। ਜਥੇਬੰਦੀਆਂ ਦੇ ਕਨਵੀਨਰ ਨੂੰ 11.10 ਵਜੇ ਸੁਨੇਹਾ ਮਿਲਿਆ ਕਿ 12 ਵਜੇ ਨੁਮਾਇੰਦੇ ਲੈ ਕੇ ਪੰਜਾਬ ਭਵਨ ਪੁੱਜ ਜਾਓ, ਜਦ ਕਿ ਇਹ ਸੰਭਵ ਹੀ ਨਹੀਂ ਸੀ ਕਿ ਪਟਿਆਲਾ ਤੋਂ 11 ਵਜੇ ਤੋਂ ਬਾਅਦ ਸਭ ਨੂੰ ਸੁਨੇਹੇ ਲਾ ਕੇ 12 ਵਜੇ ਪਹੁੰਚਿਆ ਜਾ ਸਕਦਾ। ਜੇਕਰ ਕਪੂਰਥਲਾ ਤੋਂ ਇੱਕ ਜਥੇਬੰਦੀ ਦਾ ਨੁਮਾਇੰਦਾ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਇਆ ਸੀ ਤਾਂ ਸਪੱਸ਼ਟ ਹੈ ਕਿ ਉਸ ਨੂੰ ਇੱਕ ਦਿਨ ਪਹਿਲਾ ਇਤਿਲਾਹ ਦਿੱਤੀ ਗਈ ਹੋਵੇਗੀ। ਐਕਸ਼ਨ ਕਮੇਟੀ ਦੇ ਆਗੂਆਂ ਚੇਅਰਮੈਨ ਕੋਲ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਤੁਸੀਂ ਇੱਕ ਰਾਜ ਕਰਦੀ ਸਿਆਸੀ ਪਾਰਟੀ ਦੇ ਜ਼ਿੰਮੇਵਾਰ ਆਹੁਦੇਦਾਰ ਹੋ, ਤੁਹਾਨੂੰ ਇਸ ਤਰ੍ਹਾਂ ਦੀ ਫੁਰਤੀ ਵਿਖਾ ਕੇ ਜਥੇਬੰਦੀਆਂ ਨੂੰ ਹਨੇਰੇ ਵਿੱਚ ਰੱਖ ਕੇ ਨਿਰਾਦਰ ਨਹੀਂ ਸੀ ਕਰਨਾ ਚਾਹੀਦਾ। ਜੇਕਰ ਕਿਤੇ ਏਨੀ ਫੁਰਤੀ ਵਿਖਾ ਕੇ 400 ਨਵੀਆਂ ਬੱਸਾਂ ਪਾਉਣ ਦਾ ਇੰਤਜਾਮ ਕਰਦੇ, ਸਰਕਾਰ ਤੋਂ ਪੀ ਆਰ ਟੀ ਸੀ ਦਾ ਮੁਫ਼ਤ ਸਫਰ ਸਹੂਲਤਾਂ ਦਾ ਬਣਦਾ 700 ਕਰੋੜ ਰੁਪਿਆ ਲਿਆਉਂਦੇ, ਕੱਚੇ ਵਰਕਰਾਂ ਦੇ ਰੁਜਗਾਰ ਪੱਕੇ ਕਰਵਾ ਦਿੰਦੇ ਅਤੇ ਵਰਕਰਾਂ ਦੇ 150 ਕਰੋੜ ਰੁਪਏ ਦੇ ਪੈਂਡਿੰਗ ਪਏ ਬਕਾਏ ਦਿੱਤੇ ਜਾਣ ਦਾ ਪ੍ਰਬੰਧ ਕਰਦੇ ਤਾਂ ਵਾਹ-ਵਾਹ ਵੀ ਹੁੰਦੀ ਅਤੇ ਮਹਿਕਮਾ ਵੀ ਪੈਰਾਂ ਸਿਰ ਹੁੰਦਾ, ਪਰ ਇਹਨਾਂ ਕੰਮਾਂ ਵਿਚੋਂ ਤਾਂ ਚਾਰ ਸਾਲ ਵਿੱਚ ਇੱਕ ਵੀ ਨਹੀਂ ਹੋਇਆ। ਅੰਤ ਵਿੱਚ ਆਗੂਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਭਾਵੇਂ ਸਾਨੂੰ ਮੁੱਖ ਮੰਤਰੀ ਦੇ ਪ੍ਰੋਗਰਾਮ ਵਿਚੋਂ ਬਾਹਰ ਰੱਖ ਕੇ ਹੀ ਹੜ੍ਹ ਪੀੜਤਾਂ ਲਈ ਰਾਹਤ ਰਾਸ਼ੀ ਸੌਂਪੀ ਗਈ ਹੈ, ਪਰ ਸਾਨੂੰ ਇਸ ਮਾਨਵਤਾ ਦੇ ਭਲੇ ਲਈ ਤੁੱਛ ਜਿਹਾ ਯੋਗਦਾਨ ਵਰਕਰਾਂ ਦੇ ਸਹਿਯੋਗ ਨਾਲ ਪਾਉਣ 'ਤੇ ਮਾਣ ਹੈ।

### ਪ੍ਰਵਾਸੀ ਮਜ਼ਦੂਰਾਂ ਖਿਲਾਫ...

ਨਾਲ਼ ਉਸਰ ਰਹੀ ਸਾਂਝ ਬੀ ਜੇ ਪੀ ਅਤੇ ਉਸ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੂੰ ਲਗਾਤਾਰ ਰੜਕਦੀ ਆ ਰਹੀ ਅਤੇ ਉਹ ਇਸ ਨੂੰ ਸੱਟ ਮਾਰਨ ਦਾ ਬਹਾਨਾ ਭਾਲ ਰਹੀ ਹੈ।

ਉਹਨਾਂ ਪੰਜਾਬ ਦੇ ਸਮੂਹ ਕਿਰਤੀ ਕਮਾਊ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਹਕੂਮਤਾਂ ਦੇ ਹਿਤ ਪੂਰਦੀ ਇਸ ਭਟਕਾਊ ਤੇ ਭੜਕਾਊ ਮੁਹਿੰਮ ਅਤੇ ਇਸ ਨੂੰ ਚਲਾਉਣ ਵਾਲੀਆਂ ਫਿਰਕੂ ਤਾਕਤਾਂ ਦੇ ਮਨਸੂਬਿਆਂ ਨੂੰ ਪਛਾਨਣ ਤੇ ਪਛਾੜਨ ਲਈ ਪੂਰੇ ਜ਼ੋਰ ਨਾਲ ਅੱਗੇ ਆਉਣ। ਮਜ਼ਦੂਰ ਆਗੂਆਂ ਕਿਹਾ ਕਿ ਨੌਜਵਾਨਾਂ ਤੇ ਕਿਰਤੀ ਲੋਕਾਂ ਚ ਉਪਰਾਮਤਾ ਨੂੰ ਜਨਮ ਦੇ ਰਹੀ ਭਿਆਨਕ ਬੇਰੁਜ਼ਗਾਰੀ ਦੇ ਲਈ ਸਾਮਰਾਜੀ ਤਾਕਤਾਂ ਅਤੇ ਭਾਰਤੀ ਹਾਕਮ ਜਮਾਤਾਂ ਵੱਲੋਂ ਲਿਆਂਦੀ ਹਰੀ ਕ੍ਰਾਂਤੀ ਅਤੇ ਨਿੱਜੀਕਰਨ ਦੀਆਂ ਨੀਤੀਆਂ ਜ਼ਿੰਮੇਵਾਰ ਹਨ, ਪਰ ਫਿਰਕੂ ਸ਼ਕਤੀਆਂ ਵੱਲੋਂ ਇਹਨਾਂ ਲੋਕ ਦੋਖੀ ਤਾਕਤਾਂ ਖਿਲਾਫ਼ ਮੂੰਹ ਖੋਲ੍ਹਣ ਦੀ ਥਾਂ ਪ੍ਰਵਾਸੀ ਮਜ਼ਦੂਰਾਂ ਨੂੰ ਹੀ ਇਸ ਬੇਰੁਜ਼ਗਾਰੀ ਦੇ ਲਈ ਮੁੱਖ ਜ਼ਿੰਮੇਵਾਰ ਗ਼ਰਦਾਨ ਕੇ ਗਲਤ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਆਪਣਾਈਆਂ ਲੋਕ ਵਿਰੋਧੀ ਨੀਤੀਆਂ ਦੀ ਬਦੌਲਤ ਹੀ ਗਰੀਬੀ ਤੇ ਬੇਰੁਜ਼ਗਾਰੀ ਦੇ ਝੰਬੇ ਯੂ ਪੀ, ਬਿਹਾਰ ਤੇ ਹੋਰਨਾਂ ਸੂਬਿਆਂ ਦੇ ਕਿਰਤੀ ਲੋਕ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਪੰਜਾਬ ਵੱਲ ਉਸੇ ਤਰ੍ਹਾਂ ਵਹੀਰਾਂ ਘੱਤ ਕੇ ਆਉਂਦੇ ਹਨ ਜਿਵੇਂ ਪੰਜਾਬ ਦੇ ਨੌਜਵਾਨ ਮੁੰਡੇ ਕੁੜੀਆਂ ਵਿਦੇਸ਼ੀ ਧਰਤੀਆਂ ਤੇ ਜਾਣ ਲਈ ਮਜਬੂਰ ਹੁੰਦੇ ਆ। ਉਹਨਾਂ ਕਿਹਾ ਕਿ ਪੰਜਾਬ ਦੀ ਖੇਤੀ ਅਤੇ ਹੋਰਨਾਂ ਖਿੱਤਿਆਂ ਵਿੱਚ ਅਹਿਮ ਕਾਮਾ ਸ਼ਕਤੀ ਬਣੇ ਹੋਏ ਹਨ ਪ੍ਰਵਾਸੀ ਮਜ਼ਦੂਰ ਸਖਤ ਜਾਨ ਤੇ ਅਣਮਨੁੱਖੀ ਕਿਸਮ ਦੇ ਕੰਮ ਕਰਦੇ ਹਨ, ਜਿਨਾਂ ਨੂੰ ਪੰਜਾਬੀ ਕਿਰਤੀ ਵੀ ਕਰਨ ਤੋਂ ਕੰਨੀ ਕਤਰਾਉਂਦੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਮਜ਼ਦੂਰਾਂ ਕਿਸਾਨਾਂ ਤੇ ਕਿਰਤੀ ਕਮਾਊ ਲੋਕਾਂ ਨੂੰ ਅਸਲ ਖਤਰਾ ਜਗੀਰਦਾਰਾਂ, ਸੂਦਖੋਰਾਂ, ਵੱਡੇ ਸਰਮਾਏਦਾਰਾਂ, ਸਾਮਰਾਜੀ ਮੁਲਕਾਂ, ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ, ਲੋਕ ਵਿਰੋਧੀ ਹਕੂਮਤਾਂ, ਜਾਨਲੇਵਾ ਨਸ਼ਿਆਂ ਦੇ ਥੋਕ ਉਤਪਾਦਕਾਂ ਤੇ ਥੋਕ ਸਮਗਲਰਾਂ ਅਤੇ ਫਿਰਕੂ ਤਾਕਤਾਂ ਆਦਿ ਲੋਕ ਦੋਖੀ ਸ਼ਕਤੀਆਂ ਤੋਂ ਹੈ ਅਤੇ ਸਮੂਹ ਮਿਹਨਤਕਸ਼ ਲੋਕਾਂ ਨੂੰ ਇਹਨਾਂ ਖਿਲਾਫ਼ ਵਿਸ਼ਾਲ ਤੇ ਸਾਂਝੇ ਘੋਲਾਂ ਦੇ ਰਾਹ ਪੈਣਾ ਅਣਸਰਦੀ ਲੋੜ ਹੈ, ਪ੍ਰੰਤੂ ਕੁਝ ਲੋਕ ਵਿਰੋਧੀ ਤਾਕਤਾਂ ਵੱਲੋਂ ਸਭਨਾਂ ਸਮੱਸਿਆਵਾਂ ਦਾ ਕਾਰਨ ਪ੍ਰਵਾਸੀ ਮਜ਼ਦੂਰਾਂ ਨੂੰ ਦੱਸ ਕੇ ਲੋਕਾਂ ਦਾ ਧਿਆਨ ਅਸਲ ਦੁਸ਼ਮਣਾਂ ਤੋਂ ਤਿਲਕਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਸਭਨਾਂ ਸਮਾਜਾਂ ਅੰਦਰ ਹੀ ਕੁਝ ਨਾ ਕੁਝ ਅਪਰਾਧਿਕ ਬਿਰਤੀ ਵਾਲੇ ਮਾੜੇ ਅਨਸਰ ਮਿਲ ਜਾਂਦੇ ਹਨ, ਪਰ ਉਹਨਾਂ ਕੁਝ ਕੁ ਗਲਤ ਅਨਸਰਾਂ ਕਾਰਨ ਉਸ ਸਮੁੱਚੇ ਤਬਕੇ ਤੇ ਭਾਈਚਾਰੇ ਨੂੰ ਸਜ਼ਾਵਾਂ ਦੇਣ ਦਾ ਅਮਲ ਚਲਾਉਣਾ ਪ੍ਰਵਾਨ ਕਰਨ ਯੋਗ ਨਹੀਂ।ਉਹਨਾਂ ਪੰਜਾਬ ਦੇ ਇਨਸਾਫਪਸੰਦ ਤੇ ਜਮਹੂਰੀ ਲੋਕਾਂ ਨੂੰ ਸੱਦਾ ਦਿੱਤਾ ਕਿ ਇਹਨਾਂ ਭੜਕਾਊ ਚਾਲਾਂ ਤੋਂ ਸਮੂਹ ਲੋਕਾਂ ਨੂੰ ਸੁਚੇਤ ਕਰਨ, ਭੜਕਾਊ ਅਨਸਰਾਂ ਨੂੰ ਲੋਕਾਂ 'ਚੋਂ ਨਿਖੇੜਨ, ਭੜਕਾਹਟ 'ਚ ਆਏ ਆਮ ਲੋਕਾਂ ਨੂੰ ਸਮਝਾਉਣ, ਪ੍ਰਵਾਸੀ ਮਜ਼ਦੂਰਾਂ ਖਿਲਾਫ ਜਬਰ ਤੇ ਧੱਕੇਸ਼ਾਹੀ ਨੂੰ ਰੱਦ ਕਰਨ ਅਤੇ ਸਮੂਹ ਕਿਰਤੀ ਲੋਕਾਂ ਦੇ ਏਕੇ ਨੂੰ ਬੁਲੰਦ ਕਰਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੀ ਪੀ ਆਈ ਦੇ 25ਵੇਂ ਮਹਾਂਸੰਮੇਲਨ

## ਨੂੰ ਸਮਰਪਤ ਲੇਖ ਲੜੀ-3

# ਤੇਜਾ ਸਿੰਘ ਸੁਤੰਤਰ



21 ਸਾਲ ਦੀ ਉਮਰ ਵਿੱਚ ਜਿਸ ਨੇ ਆਪਣੇ ਫ਼ੌਜੀ ਕੌਸ਼ਲ ਦਾ ਸਬੂਤ ਦਿੱਤਾ ਅਤੇ ਮੁੱਠ ਕੁ ਆਦਮੀਆਂ ਦੀ ਸਹਾਇਤਾ ਨਾਲ਼ 500 ਜਵਾਨਾਂ ਦੁਆਰਾ ਸੁਰੱਖਿਅਤ ਇਕ ਕਿਲ੍ਹੇ ਉੱਤੇ ਬਿਨਾਂ ਕੋਈ ਨੁਕਸਾਨ ਕੀਤੇ ਕਬਜ਼ਾ ਕਰ ਲਿਆ। 21 ਸਾਲ ਦੀ ਹੀ ਉਮਰ ਵਿੱਚ ਉਹ ਇਕ ਉੱਚ ਸੰਸਥਾ ਦਾ ਸਭ ਤੋਂ ਨੌਜਵਾਨ ਮੈਂਬਰ ਚੁਣਿਆ ਗਿਆ। 21-22 ਸਾਲ ਦੀ ਉਮਰ ਵਿੱਚ ਜਿਸ ਨੇ ਸਰਹੱਦ ਦੇ ਰਾਖਿਆਂ ਨੂੰ ਚਕਮਾ ਦੇ ਤਿੰਨ-ਤਿੰਨ ਵਾਰ ਵਿਦੇਸ਼ ਦੀ ਯਾਤਰਾ ਕੀਤੀ, ਜਿਸ ਨੇ ਸੈਨਿਕ ਵਿਗਿਆਨ ਦੀ ਲੋੜ ਸਮਝ ਆਪਣੀ ਜਵਾਨੀ ਦੇ ਕੀਮਤੀ 6 ਸਾਲ ਸੈਨਿਕ ਕਾਲਜ ਦੀ ਉੱਚ ਸਿੱਖਿਆ ਵਿੱਚ ਗੁਜ਼ਾਰੇ, ਫਿਰ ਸਮੁੰਦਰਾਂ ਅਤੇ ਚਾਰ-ਚਾਰ ਮਹਾਂਦੀਪਾਂ ਨੂੰ ਕਿੰਨੀ ਹੀ ਵਾਰ ਆਰ-ਪਾਰ ਕਰਦਾ ਰਿਹਾ। ਜਿਸ ਦਾ ਜੀਵਨ ਆਪਣਾ ਜੀਵਨ ਨਹੀਂ, ਸਗੋਂ ਭਾਰਤ ਮਾਤਾ ਦੀ ਅਮਾਨਤ ਹੈ। ਇਹ ਹੈ ਉਹ ਸਰਦਾਰ ਤੇਜਾ ਸਿੰਘ, ਜਿਸ ਨੂੰ ਸਾਥੀ ਕਾਮਰੇਡ "ਸੁਤੰਤਰ" ਕਹਿ ਕੇ ਬੁਲਾਉਂਦੇ ਹਨ।

**ਤੇਜਾ ਸਿੰਘ ਸੁਤੰਤਰ** - ਜਿਸ ਨੂੰ ਪਹਿਲਾਂ ਮਾਤਾ-ਪਿਤਾ ਨੇ ਸਮੁੰਦ ਸਿੰਘ ਨਾਮ ਦਿੱਤਾ ਸੀ, ਦਾ ਜਨਮ 16 ਜੁਲਾਈ 1901 ਵਿੱਚ ਗੁਰਦਾਸਪੁਰ (ਪੰਜਾਬ) ਦੇ ਅਕਾਲਗੜ੍ਹ ਦੇ ਇਕ ਛੋਟੇ ਜਿਹੇ ਟੋਲੇ ਅਲੂਣਾ ਵਿੱਚ ਹੋਇਆ ਸੀ। ਅਲੂਣਾ ਵਿੱਚ ਕੁਲ ਚਾਲ੍ਹੀ ਘਰ ਵਸਦੇ ਹਨ, ਜਿਨ੍ਹਾਂ ਵਿੱਚ ਦਸ ਘਰਾਂ ਦੇ ਕੋਲ਼ ਹੀ ਆਪਣੀ ਜ਼ਮੀਨ ਹੈ। ਉਹ ਗ਼ਰੀਬ ਪਿੰਡ ਹੈ।

ਤੇਜਾ ਸਿੰਘ ਦੇ ਪਿਤਾ ਸਰਦਾਰ ਕਿਰਪਾਲ ਸਿੰਘ (ਹਾਲੇ ਜੀਵਤ) ਦਾ ਅਸਲੀ ਮਕਾਨ ਭੁੱਚਰ (ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਸੀ। ਜਵਾਨੀ ਵਿੱਚ ਰੋਜ਼ੀ-ਰੋਟੀ ਦੀ ਭਾਲ ਵਿੱਚ ਉਹ ਚੀਨ, ਬਰਮਾ ਅਤੇ ਮਲਾਇਆ ਵਿੱਚ ਘੁੰਮਦੇ ਰਹੇ। ਉਨ੍ਹਾਂ ਨੇ ਦੁਨੀਆ ਵੇਖੀ ਸੀ ਅਤੇ ਗ਼ਰੀਬੀ ਦੇ ਥਪੇੜੇ ਖਾਧੇ ਸਨ। ਪਿੱਛੋਂ ਉਹ ਅਲੂਣਾ ਵਿੱਚ ਆ ਕੇ ਵਸ ਗਏ, ਜਿੱਥੇ ਉਨ੍ਹਾਂ ਦੇ ਕੋਲ਼ ਬਾਰ੍ਹਾਂ ਏਕੜ (ਚੌਂਦਾਂ ਘੁਮਾਂ) ਜ਼ਮੀਨ ਹੋ ਗਈ। ਸਰਦਾਰ ਕਿਰਪਾਲ ਸਿੰਘ ਨੇ ਗੁਰਮੁਖੀ ਪੜ੍ਹੀ ਸੀ ਅਤੇ ਪਿੱਛੋਂ ਹਿੰਦੀ ਵੀ। ਉਹ ਪੰਜਾਬੀ ਦੇ ਕਵੀ ਹਨ। ਉਹ ਜ਼ਿਆਦਾ ਸੁਤੰਤਰ ਵਿਚਾਰਾਂ ਦੇ ਹਨ ਅਤੇ ਆਪਣੇ ਜੇਠੇ ਪੁੱਤਰ ਨੂੰ ਸੁਤੰਤਰਤਾ ਦਾ ਇਹ ਪਾਠ ਪਹਿਲਾਂ-ਪਹਿਲ ਉਨ੍ਹਾਂ ਨੇ ਹੀ ਪੜ੍ਹਾਇਆ। ਸੁਤੰਤਰ ਦੀ ਮਾਂ ਸਰਦਾਰਨੀ ਰਾਮ ਕੌਰ (ਜੀਵਤ) ਹੋਰ ਵੀ ਗ਼ਰੀਬ ਘਰ ਦੀ ਕੁੜੀ ਸੀ। ਉਸ ਦੇ ਪਿਤਾ ਦੇ ਕੋਲ਼ ਦੋ ਏਕੜ ਜ਼ਮੀਨ ਸੀ, ਉਹ ਵੀ ਕਰਜ਼ੇ ਵਿੱਚ ਵਿਕ ਗਈ। ਪਰ ਗ਼ਰੀਬੀ ਨੇ ਰਾਮ ਕੌਰ ਦੇ ਦਿਲ ਨੂੰ ਸਖ਼ਤ ਨਹੀਂ, ਸਗੋਂ ਬਹੁਤ ਨਰਮ ਕਰ ਦਿੱਤਾ ਸੀ। ਸਰਦਾਰ ਕਿਰਪਾਲ ਸਿੰਘ ਨੇ ਘਰ ਵਿੱਚ ਜਿਨ੍ਹਾਂ ਵਿਚਾਰਾਂ ਦਾ ਬੀਜ ਬੀਜਿਆ, ਉਸ ਦਾ ਅਸਰ ਕੇਵਲ ਉਨ੍ਹਾਂ ਦੇ ਸਭ ਤੋਂ ਵੱਡੇ ਮੁੰਡੇ ਸੁਤੰਤਰ ਉੱਤੇ ਹੀ ਨਹੀਂ, ਸਗੋਂ ਦੂਜੇ ਦੋ ਛੋਟੇ ਮੁੰਡਿਆਂ ਉੱਤੇ ਵੀ ਪਿਆ। ਬਜ਼ੁਰਗ ਸਰਦਾਰ ਵੀ ਅੱਜ ਜ਼ਿਲ੍ਹਾ ਕਿਸਾਨ ਸਭਾ ਦੇ ਪ੍ਰਧਾਨ ਹਨ। ਪੁੱਤਰ ਨੂੰ ਅੱਗੇ ਵਧਾ ਕੇ ਉਹ ਆਪ ਪਿੱਛੇ ਰਹਿਣਾ ਕਿਉਂ ਪਸੰਦ ਕਰਦੇ?

ਸੁਤੰਤਰ ਦੀ ਸਭ ਤੋਂ ਪੁਰਾਣੀ ਸਿਮਰਤੀ ਉਸ ਨੂੰ ਚਾਰ ਸਾਲ ਦੀ ਉਮਰ ਤੱਕ ਲੈ ਜਾਂਦੀ ਹੈ। ਉਸ ਸਮੇਂ ਉਹ ਪੋਥੀ ਨੂੰ ਬੋਸੀ ਕਹਿ ਦੇ ਕਿਸੇ ਚੀਜ਼ ਦੀ ਮੰਗ ਕਰ ਰਹੇ ਸਨ। ਉਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਸਨ, ਜਦੋਂ ਉਸ ਨੂੰ ਇਕ ਗੁਟਕਾ ਦਿੱਤਾ ਗਿਆ, ਤਾਂ ਰੋਣਾ ਛੱਡ ਉਸ ਨੂੰ ਲੈ ਕੇ ਸੌਂ ਗਏ। ਵੱਡਾ ਚਾਚਾ ਰਿਸਾਲੇ ਵਿੱਚ ਨੌਕਰ ਸੀ, ਛੁੱਟੀ ਲੈ ਕੇ ਘਰ ਆਇਆ ਸੀ, ਉਸੇ ਸਮੇਂ ਉਨ੍ਹਾਂ ਦਾ ਘੋੜਾ ਘਰ ਵਿੱਚ ਹੀ ਮਰ ਗਿਆ। ਸੁਤੰਤਰ ਨੂੰ ਉਹ ਦ੍ਰਿਸ਼ ਹਾਲੇ ਤੱਕ ਵੀ ਯਾਦ ਹੈ।

**ਲੜਕਪਨ**- ਸਰਦਾਰ ਕਿਰਪਾਲ ਸਿੰਘ (ਗਿੱਲ) ਜਾਣਦੇ ਸਨ ਕਿ ਸਿਰਫ਼ ਦਿਮਾਗ਼ ਹੀ ਕਾਫ਼ੀ ਨਹੀਂ ਹੈ, ਦਿਮਾਗ਼ ਦੇ ਨਾਲ਼ ਮਜ਼ਬੂਤ ਜੁੱਸਾ ਵੀ ਜ਼ਰੂਰੀ ਹੈ। ਉਹ ਅਨੁਸ਼ਾਸਨ ਪਸੰਦ ਕਰਦੇ ਸਨ, ਖ਼ਾਸ ਕਰਕੇ ਕੰਮ ਕਰਨ ਅਤੇ ਪੜ੍ਹਨ ਵਿੱਚ। ਬੱਚੇ ਦੇ ਖੇਡਣ ਵਿੱਚ ਉਹ ਕੋਈ ਵਿਘਨ ਨਹੀਂ ਪਾਉਂਦੇ ਸਨ ਅਤੇ ਜਦੋਂ ਸਮੁੰਦਰ ਸਿੰਘ (ਸੁਤੰਤਰ) ਅਖਾੜੇ ਵਿੱਚ ਲਿਟਣ ਦੇ ਯੋਗ ਹੋਇਆ, ਤਾਂ ਕੁਸ਼ਤੀ ਕਰਨ ਦੇ ਲਈ ਉਤਸ਼ਾਹਿਤ ਕਰਦੇ। ਬਚਪਨ ਵਿੱਚ ਦੋ-ਢਾਈ ਸਾਲ ਤੱਕ ਸੁਤੰਤਰ ਬਿਮਾਰ ਰਿਹਾ, ਪਰ ਇੰਞ ਲਗਦਾ ਸੀ ਕਿ ਇਹ ਰੋਗ ਜ਼ਿੰਦਗੀ ਭਰ ਦੇ ਲਈ ਸੀ ਅਤੇ ਫਿਰ ਉਹ ਬਹੁਤ ਹੀ ਘੱਟ ਬਿਮਾਰ ਪਿਆ। ਬਚਪਨ ਤੋਂ ਹੀ ਸੁਤੰਤਰ ਨੂੰ ਸੋਚਣ ਦੀ ਆਦਤ ਸੀ। ਘਰ ਦੇ ਪੰਜ ਸੌ ਗਜ਼ ਉੱਤੇ ਹਰਦੋਛੰਨੀ ਦਾ ਸਕੂਲ ਸੀ। ਘਰ ਤੋਂ ਨਿਕਲਿਆ ਸਕੂਲ ਦੇ ਲਈ, ਖੇਤ ਵਿੱਚ ਪੌਦੇ ਨੂੰ ਵੇਖਿਆ, ਜਾ ਕੇ ਉਸ ਦੇ ਕੋਲ਼ ਬੈਠ ਗਏ। ਤਿੰਨ-ਚਾਰ ਘੰਟੇ ਲੰਘ ਗਏ ਅਤੇ ਉਹ ਉੱਥੋਂ ਹਟ ਹੀ ਨਹੀਂ ਰਿਹਾ ਸੀ। ਉਹ ਸੋਚ ਰਿਹਾ ਸੀ, "ਪੌਦਾ ਕਿਉਂ ਹੋਇਆ? ਕਿਉਂ ਹੁੰਦਾ ਹੈ? ਕਿਵੇਂ ਹੁੰਦਾ ਹੈ?" ਬਾਲਕ ਸੁਤੰਤਰ ਆਪਣੀ ਉਲਝਣ ਵਿੱਚ ਫਸਿਆ ਉਸ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਘਰ ਵਾਲਿਆਂ ਨੇ ਸਮਝਿਆ ਕਿ ਕੋਈ ਭੂਤ ਚਿੰਬੜ ਗਿਆ ਹੈ। ਉਹ ਸਿਆਣੇ ਨੂੰ ਦਿਖਾਉਂਦੇ ਫਿਰਦੇ ਸਨ। ਬਚਪਨ ਤੋਂ ਹੀ ਸੁਤੰਤਰ ਦੀ ਯਾਦ ਸ਼ਕਤੀ ਬਹੁਤ ਤੇਜ਼ ਸੀ। ਲੰਮੇ ਸਮੇਂ ਵਿੱਚ ਉਨ੍ਹਾਂ ਨੇ ਜੋ ਅਨੇਕ ਲੰਮੀਆਂ ਯਾਤਰਾਵਾਂ ਕੀਤੀਆਂ, ਉਨ੍ਹਾਂ ਦੇ ਸੰਨ-ਨਾਮ ਹੀ ਨਹੀਂ, ਕਿੰਨਿਆਂ ਦੀ ਮਿਤੀ ਤੱਕ ਉਸ ਨੂੰ ਯਾਦ ਹੈ। ਬਚਪਨ ਵਿੱਚ ਕਹਾਣੀਆਂ ਸੁਣਦਾ, ਜਿਨ੍ਹਾਂ ਵਿੱਚ ਕਿੰਨੀਆਂ ਹੀ ਲੰਮੀਆਂ-ਲੰਮੀਆਂ ਹੁੰਦੀਆਂ ਸਨ ਅਤੇ ਸੁਤੰਤਰ ਨੂੰ ਸੁਣਨ ਨਾਲ਼ ਹੀ ਯਾਦ ਹੋ ਜਾਂਦੀਆਂ। ਹਾਲਾਂਕਿ ਸੁਤੰਤਰ ਦੀ ਵਿਲੱਖਣ ਇਕਾਂਤ ਨੂੰ ਪਿਆਰ ਕਰਨ ਦੀ ਰੁਚੀ ਤੋਂ ਘਰ ਵਾਲਿਆਂ ਨੂੰ ਭੂਤ ਲੱਗਣ ਦਾ ਡਰ ਹੁੰਦਾ, ਪਰ ਸੁਤੰਤਰ ਨੂੰ ਭੂਤ ਦਾ ਭੈਅ ਨਹੀਂ ਸੀ, ਉਹ ਕਬਰਿਸਤਾਨ ਵਿੱਚ ਬੈਠ ਕੇ ਦੂਜੇ ਬੱਚਿਆਂ ਨੂੰ ਡਰਾਉਂਦਾ।

**ਸਿੱਖਿਆ**- ਸੁਤੰਤਰ ਦੇ ਦਾਦਾ ਬਹੁਤ ਬਜ਼ੁਰਗ 104 ਸਾਲ ਦੇ ਹੋ ਕੇ ਮਰੇ, ਉਨ੍ਹਾਂ ਨੇ ਹੀ ਪੋਤੇ ਨੂੰ ਗੁਰਮੁਖੀ ਪੜ੍ਹਾਈ। ਛੇ ਸਾਲ ਦਾ ਹੋ ਜਾਣ ਉੱਤੇ ਘਰ ਤੋਂ ਪੰਜ ਸੌ ਗਜ਼ ਦੂਰ ਹਰਦੋਛੰਨੀ ਦੇ ਪ੍ਰਾਇਮਰੀ ਸਕੂਲ ਵਿੱਚ ਸੁਤੰਤਰ ਦਾ ਨਾਮ ਲਿਖਵਾ ਦਿੱਤਾ ਗਿਆ। ਉਹ ਪੰਜ ਸਾਲ ਇੱਥੇ ਹੀ ਉਰਦੂ ਪੜ੍ਹਦੇ ਰਿਹਾ। ਗਣਿਤ ਵਿੱਚ ਉਸ ਦਾ ਮਨ ਬਹੁਤ ਲੱਗਦਾ ਸੀ ਅਤੇ ਜ਼ੁਬਾਨੀ ਹਿਸਾਬ ਵਿੱਚ ਤਾਂ ਹੋਰ ਵੀ ਤੇਜ਼ ਸੀ। ਦਰਜੇ ਵਿੱਚ ਅੱਵਲ-ਦੋਇਮ ਰਿਹਾ ਕਰਦਾ ਸੀ। ਘਰ ਆ ਕੇ ਸੁਤੰਤਰ ਪਿਓ ਤੋਂ ਹਿੰਦੀ ਪੜ੍ਹਦਾ। ਪਿਓ ਦੇ ਵਿਚਾਰ ਕਿੰਨੇ ਉਦਾਰ ਸਨ, ਇਹ ਇਸ ਤੋਂ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਨੇ ਇਕ ਸੱਯਦ ਤੋਂ ਬੇਟੇ ਨੂੰ ਕੁਰਾਨ ਵੀ ਪੜ੍ਹਵਾਇਆ ਸੀ। ਨੌਂ ਸਾਲ ਦੀ ਉਮਰ ਵਿੱਚ ਸੁਤੰਤਰ ਗ੍ਰੰਥ ਸਾਹਿਬ ਦਾ ਚੰਗੀ ਤਰ੍ਹਾਂ ਪਾਠ ਕਰ ਲੈਂਦਾ ਸੀ, ਜਿਸ ਨੂੰ ਲੋਕ ਹੈਰਾਨੀ ਦੀ ਗੱਲ ਸਮਝਦੇ ਸਨ।

ਪੰਜ ਸਾਲ ਦੀ ਪੜ੍ਹਾਈ ਤੋਂ ਬਾਅਦ ਹਰਦੋਛੰਨੀ ਵਿੱਚ ਪੜ੍ਹਨ ਨੂੰ ਹੋਰ ਕੁਝ ਨਹੀਂ ਰਹਿ ਗਿਆ ਸੀ। ਹੁਣ ਸੁਤੰਤਰ ਨੇ ਅੰਗਰੇਜ਼ੀ ਪੜ੍ਹਨੀ ਸੀ। ਉਸ ਨੂੰ ਧਾਰੀਵਾਲ ਦੇ ਮਿਸ਼ਨ ਹਾਈ ਸਕੂਲ ਵਿੱਚ (1913) ਦਾਖ਼ਲ ਕਰਵਾ ਦਿੱਤਾ ਗਿਆ, ਜਿੱਥੇ ਸਾਲ ਭਰ ਬਾਅਦ ਛੇਵੇਂ ਦਰਜੇ ਵਿੱਚ ਪਹੁੰਚ ਗਿਆ। ਸੁਤੰਤਰ ਜਿਹੇ ਬੁੱਧੀਮਾਨ ਬਾਲਕ ਦੇ ਲਈ ਸਕੂਲ ਦੀਆਂ ਪਾਠ-ਪੁਸਤਕਾਂ ਬਹੁਤ ਘੱਟ ਹੁੰਦੀਆਂ। ਸੁਤੰਤਰ ਦਾ ਬਹੁਤ ਸਮਾਂ ਬਚ ਜਾਂਦਾ, ਉਸ ਨੂੰ ਉਹ ਕਦੀ ਖ਼ਾਲਸਾ ਤਵਾਰੀਖ (ਇਤਿਹਾਸ) ਪੜ੍ਹਨ ਵਿੱਚ ਲਗਾਉਂਦਾ, ਕਦੇ ਯੋਗ ਵਸ਼ਿਸ਼ਠ (ਹਿੰਦੀ) ਪੜ੍ਹਨ ਵਿੱਚ। ਉਸ ਨੂੰ ਭਾਸ਼ਣ ਦੇਣ ਦਾ ਵੀ ਸ਼ੌਕ ਸੀ ਅਤੇ ਹਰ ਹਫ਼ਤੇ ਸਕੂਲ ਵਿੱਚ ਜਾਂ ਬਾਹਰ ਲੈਕਚਰ ਦਿਆ ਕਰਦਾ। ਯੋਗ ਵਸ਼ਿਸ਼ਠ ਦੇ ਨਾਲ਼-ਨਾਲ਼ ਸਾਧੂਆਂ ਨੂੰ ਮਿਲਣ-ਗਿਲਣ ਦਾ ਵੀ ਸੁਤੰਤਰ ਨੂੰ ਸ਼ੌਕ ਸੀ, ਜਿਸ ਦੇ ਕਾਰਨ ਜਨਮਜਾਤ ਦਾਰਸ਼ਨਕ ਸੁਤੰਤਰ ਉੱਤੇ ਕਿੰਨੀ ਹੀ ਵਾਰ ਵੈਰਾਗ ਵੀ ਚੜ੍ਹਾਈ ਕਰ ਦਿੰਦਾ ਸੀ। ਹਾਲਾਂਕਿ ਇਸ ਸਮੇਂ ਧਰਮ ਉੱਤੇ ਯਕੀਨ ਸੀ, ਤਾਂ ਵੀ ਉਨ੍ਹਾਂ ਦਾ ਮਨ ਤਰਕ-ਪ੍ਰਧਾਨ ਸੀ। ਕਿੰਨੀ ਹੀ ਵਾਰ ਉਹ ਸਕੂਲ ਵਿੱਚ ਵੀ ਨਹੀਂ ਸੀ ਜਾਂਦਾ। 1915 ਵਿੱਚ ਉਸ ਨੇ ਸਿਰਫ਼ 35 ਦਿਨ ਹਾਜ਼ਰੀ ਦਿੱਤੀ ਸੀ। ਅਧਿਆਪਕ ਪਾਸ ਨਹੀਂ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਅਗਲੇ ਦਰਜੇ ਵਿੱਚ ਭੇਜਣਾ ਪਿਆ, ਕਿਉਂਕਿ ਸੁਤੰਤਰ ਸਾਲ ਭਰ ਦੀਆਂ ਪਾਠ-ਪੁਸਤਕਾਂ ਨੂੰ ਸਮਝਦਾ ਸੀ।

ਸੁਤੰਤਰ ਦਾ ਸੁਭਾਅ ਅਜਿਹਾ ਸੀ ਕਿ ਨਾਲ਼ ਦੇ ਵਿਦਿਆਰਥੀ ਵੀ ਉਸ ਨੂੰ ਮਹਾਤਮਾ ਸਮਝਦੇ ਸਨ। ਮਿਸ਼ਨ ਸਕੂਲ ਵਿੱਚ ਪੜ੍ਹਨ ਕਾਰਨ ਇੰਜੀਲ ਪੜ੍ਹਨਾ ਵੀ ਜ਼ਰੂਰੀ ਸੀ। ਇਕ ਦਿਨ ਈਸਾਈ ਮਾਸਟਰ ਨੇ ਇੰਜੀਲ ਨੂੰ ਮੇਜ਼ ਉੱਤੇ ਪਟਕਦਿਆਂ ਕਿਹਾ, "ਵੇਖੋ ਅਸੀਂ ਪੋਥੀ ਦੀ ਪੂਜਾ ਨਹੀਂ ਕਰਦੇ, ਪਰ ਸਿੱਖਾਂ ਦੇ ਗ੍ਰੰਥ ਨੂੰ ਹੀ ਦੇਵਤਾ ਬਣਾ ਲਿਆ ਹੈ।" ਤੇਜਾ ਸਿੰਘ ਦੇ ਸਾਥੀ ਹਰਚੰਦ ਨੇ ਕਿਹਾ, "ਸ਼ਰਧਾ ਦਾ ਵਿਸ਼ੇਸ਼ ਫਲ਼ ਹੁੰਦਾ ਹੈ।" ਮਾਸਟਰ ਨੇ ਡਾਂਟ ਦਿੱਤਾ। ਸੁਤੰਤਰ ਨੇ ਉਸ ਦਾ ਪੱਖ ਲੈਂਦਿਆਂ ਕਿਹਾ, "ਠੀਕ ਤਾਂ ਕਹਿੰਦਾ ਹੈ।" ਮਾਸਟਰ ਮਾਰਨ ਲਈ ਉੱਠਿਆ। ਤੇਜਾ ਸਿੰਘ ਨੇ ਉਸ ਨੂੰ ਖ਼ੂਬ ਝੰਬਿਆ ਅਤੇ ਸਕੂਲ ਛੱਡ ਦਿੱਤਾ। ਮਾਮਲਾ ਮਿਸ਼ਨਰੀਆਂ ਦੀ ਕੌਂਸਲ ਤੱਕ ਗਿਆ, ਇੰਜੀਲ ਮਾਸਟਰ ਨੂੰ ਮੁਆਫ਼ੀ ਮੰਗਣੀ ਪਈ। ਪਰ ਸੁਤੰਤਰ ਤਾਂ ਸਕੂਲ ਛੱਡ ਚੁੱਕਾ ਸੀ।

ਲੜਾਈ ਚੱਲ ਰਹੀ ਸੀ। ਸੁਤੰਤਰ ਅਖ਼ਬਾਰਾਂ ਨੂੰ ਪੜ੍ਹਦਾ ਸੀ, ਪਰ ਸ਼ਾਇਦ ਇਹ ਮੰਨਣ ਦੇ ਲਈ ਤਿਆਰ ਨਹੀਂ ਸੀ ਕਿ ਉਨ੍ਹਾਂ ਨੂੰ ਪੜ੍ਹਨ ਵਿੱਚ ਯੋਗ ਵਸ਼ਿਸ਼ਠ ਤੋਂ ਵਧੇਰੇ ਫ਼ਾਇਦਾ ਹੈ। ਸਿੱਖ-ਇਤਿਹਾਸ ਪੜ੍ਹ ਕੇ ਉਹ ਵਿਦੇਸ਼ੀ ਸ਼ਾਸਨ ਦਾ ਵਿਰੋਧੀ ਹੋ ਗਿਆ ਸੀ, ਇਸ ਲਈ ਪਿਛਲੀ ਵਿਸ਼ਵ ਜੰਗ ਦੀ ਹਰ ਇਕ ਜਰਮਨ ਸਫ਼ਲਤਾ ਉਸ ਦੇ ਲਈ ਖ਼ੁਸ਼ੀ ਦੀ ਚੀਜ਼ ਸੀ।

ਅਪ੍ਰੈਲ 1916 ਵਿੱਚ ਉਹ ਅੰਮ੍ਰਿਤਸਰ ਦੇ ਖ਼ਾਲਸਾ ਕਾਲਜੀਏਟ ਹਾਈ ਸਕੂਲ ਵਿੱਚ ਪੜ੍ਹ ਰਿਹਾ ਸੀ। ਅਗਲੇ ਸਾਲ 1919 (ਅਸਲ ਵਿੱਚ 1917:ਅਨੁ.) ਵਿੱਚ ਜੰਗ ਦਾ ਜੋ ਪ੍ਰਭਾਵ ਗ਼ਰੀਬ ਕਿਸਾਨਾਂ ਉੱਤੇ ਪਿਆ, ਉਸ ਨਾਲ਼ ਸਰਦਾਰ ਕਿਰਪਾਲ ਸਿੰਘ ਦੇ ਘਰ ਦੀ ਹਾਲਤ ਖ਼ਰਾਬ ਹੋ ਗਈ। ਚੀਜ਼ਾਂ ਮਹਿੰਗੀਆਂ ਹੋ ਗਈਆਂ ਸਨ, ਖਾਣ ਵਾਲੇ ਜ਼ਿਆਦਾ ਹੋ ਗਏ ਸਨ ਅਤੇ ਆਮਦਨੀ ਉਹੀ ਪੁਰਾਣੀ। ਪੁੱਤਰ ਦੇ ਲਈ ਸਕੂਲ ਵਿੱਚ ਖ਼ਰਚ ਭੇਜਣਾ ਵੀ ਉਨ੍ਹਾਂ ਦੇ ਲਈ ਮੁਸ਼ਕਲ ਸੀ। ਇਸ ਸਮੇਂ ਮਾਂ ਨੇ ਆਪਣੇ ਗਹਿਣਿਆਂ ਨੂੰ ਦੇ ਕੇ ਪੁੱਤਰ ਦੀ ਪੜ੍ਹਾਈ ਨੂੰ ਚਾਲੂ ਰੱਖਿਆ, ਕਦੀ-ਕਦੀ ਕੋਈ ਸਾਥੀ ਵੀ ਮਦਦ ਕਰ ਦਿੰਦਾ। 1919 ਵਿੱਚ ਉਸ ਨੇ ਨੌਵੀਂ ਕਲਾਸ ਪਾਸ ਕੀਤੀ। ਇਸ ਸਾਲ ਇਕੱਠਿਆਂ ਹੀ ਉਸ ਨੇ ਪੰਜਾਬ ਦੀਆਂ ਤਿੰਨਾਂ ਪੰਜਾਬੀ ਸਾਹਿਤਕ ਪ੍ਰੀਖਿਆਵਾਂ- ਬੁੱਧੀਮਾਨ, ਵਿਦਵਾਨ, ਗਿਆਨੀ ਪਾਸ ਕਰ ਲਈਆਂ। ਪ੍ਰੀਖਿਆ ਦੇ ਕੇ ਲਾਹੌਰੋਂ ਜਦੋਂ ਪਰਤ ਰਿਹਾ ਸੀ, ਉਸ ਵੇਲੇ ਪੰਜਾਬ ਵਿੱਚ ਜ਼ਾਲਮ ਮਾਰਸ਼ਲ ਲਾਅ ਚੱਲ ਰਿਹਾ ਸੀ, ਰੇਲਾਂ ਬੰਦ ਹੋ ਗਈਆਂ ਸਨ। ਸੁਤੰਤਰ ਨੂੰ ਪੈਦਲ ਚੱਲ ਕੇ ਗੁਰਦਾਸਪੁਰ ਸਟੇਸ਼ਨ ਤੋਂ ਨੌਂ ਮੀਲ ਦੂਰ ਅਲੂਣਾ ਪਹੁੰਚਣਾ ਪਿਆ।

ਪੰਜਾਬੀ ਸਾਹਿਤ ਵਿੱਚ ਸੁਤੰਤਰ ਦੀ ਬਚਪਨ ਤੋਂ ਹੀ ਬਹੁਤ ਰੁਚੀ ਸੀ। ਪਿਤਾ ਕਵੀ ਸਨ, ਇਸ ਲਈ ਸੁਤੰਤਰ ਨੇ ਬਚਪਨ ਵਿੱਚ ਹੀ ਤੁਕਬੰਦੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਅੰਮ੍ਰਿਤਸਰ ਵਿੱਚ ਆਉਣ 'ਤੇ ਕੋਈ ਮੇਲਾ ਜਾਂ ਗੁਰਪੁਰਬ ਖ਼ਾਲੀ ਨਹੀਂ ਜਾਂਦਾ ਸੀ ਜਿਸ ਵਿੱਚ ਸੁਤੰਤਰ ਆਪਣੀ ਕਵਿਤਾ ਨਾ ਸੁਣਾਉਂਦਾ ਹੋਵੇ। ਕਾਲਜ ਦੇ ਮੈਗਜ਼ੀਨ ਵਿੱਚ ਉਸ ਦੀਆਂ ਕਵਿਤਾਵਾਂ ਛਪਿਆ ਕਰਦੀਆਂ ਸਨ। ਇਨ੍ਹਾਂ ਕਵਿਤਾਵਾਂ ਦੇ ਕਾਰਨ ਸੁਤੰਤਰ ਨੂੰ ਲੋਕ ਦੂਰ-ਦੁਰੇਡੇ ਤੱਕ ਜਾਣਨ ਲੱਗੇ ਸਨ। ਵੇਦਾਂਤ-ਵੈਰਾਗ ਬਰਾਬਰ ਸੁਤੰਤਰ ਦਾ ਪਿੱਛਾ ਕਰਦਾ ਆ ਰਿਹਾ ਸੀ। 1918 ਦੀਆਂ ਗਰਮੀਆਂ ਵਿੱਚ ਉਹ ਰਿਸ਼ੀਕੇਸ਼ ਪਹੁੰਚ ਗਿਆ ਅਤੇ ਸਾਧੂਆਂ ਦੇ ਨਾਲ਼ ਝੌਂਪੜੀਆਂ ਵਿੱਚ ਰਹਿ ਕੇ ਇਹ ਸਿਧਾਂਤ ਕੌਮਦੀ ਪੜ੍ਹਨ ਲੱਗਾ। ਸ਼ਾਇਦ ਸਿੱਖ-ਇਤਿਹਾਸ ਅਤੇ ਪਿਤਾ ਦਾ ਵਿਵੇਕੀ ਜੀਵਨ ਇਸ ਦਾ ਵੱਡਾ ਕਾਰਨ ਬਣਿਆ ਕਿ ਸੁਤੰਤਰ ਨੇ ਵੈਰਾਗ-ਯੋਗ ਦਾ ਰਸਤਾ ਉਸੇ ਵੇਲ਼ੇ ਨਹੀਂ ਫੜ ਲਿਆ।

1920 ਵਿੱਚ ਸੁਤੰਤਰ ਮੈਟ੍ਰਿਕ (ਦਸਵੀਂ ਕਲਾਸ) ਵਿੱਚ ਪੜ੍ਹ ਰਿਹਾ ਸੀ, ਇਸ ਸਮੇਂ ਅੰਮ੍ਰਿਤਸਰ ਵਿੱਚ ਗਾਂਧੀ ਜੀ ਆਏ। ਸੁਤੰਤਰ ਜਿਹੇ ਬੁਲਾਰੇ ਨੂੰ ਬੋਲਣ ਦਾ ਮੌਕਾ ਨਾ ਮਿਲੇ, ਇਹ ਹੋ ਹੀ ਨਹੀਂ ਸੀ ਸਕਦਾ। 19 ਸਾਲ ਦੇ ਨੌਜਵਾਨ ਸੁਤੰਤਰ ਨੇ ਗਾਂਧੀ ਦੀ ਉਸ ਵੱਡੀ ਸਭਾ ਵਿੱਚ ਭਾਸ਼ਣ ਦਿੱਤਾ, ਕਵਿਤਾ ਵੀ ਪੜ੍ਹੀ, ਜਿਸ ਵਿੱਚ ਨਾ-ਮਿਲਵਰਤਨ (ਅਸਹਿਯੋਗ) ਉੱਤੇ ਜ਼ੋਰ ਦਿੱਤਾ ਗਿਆ ਸੀ। ਪਿਤਾ ਜੀ ਵੀ ਕਿਹਾ ਕਰਦੇ ਸਨ ਕਿ ਗੁਰੂ ਸਾਹਿਬ ਮਨੁੱਖ ਸਨ, ਇਸ ਲਈ ਉਨ੍ਹਾਂ ਦੇ ਵਰਗਾ ਅਸੀਂ ਵੀ ਬਣ ਸਕਦੇ ਹਾਂ। ਹਾਂ, ਬਣਨ ਦੇ ਲਈ ਤਿਆਗ ਅਤੇ ਤਪੱਸਿਆ ਦੀ ਲੋੜ ਹੈ। ਸੁਤੰਤਰ ਦੇ ਦਿਲ ਵਿੱਚ ਇਹ ਗੱਲ ਬੈਠ ਗਈ ਸੀ। ਉਸ ਨੇ ਸਕੂਲਾਂ ਵਿੱਚ ਹੜਤਾਲ ਕਰਾਉਣ ਵਿੱਚ ਵਧ-ਚੜ੍ਹ ਕੇ ਭਾਗ ਲਿਆ ਅਤੇ ਆਪਣੇ ਜੋਸ਼ੀਲੇ ਭਾਸ਼ਣਾਂ ਨਾਲ਼ ਕਿੰਨੇ ਹੀ ਵਿਦਿਆਰਥੀਆਂ ਨੂੰ ਸ਼ੈਤਾਨੀ ਸਕੂਲਾਂ ਵਿੱਚੋਂ ਨਿਕਲ ਆਉਣ ਵਿੱਚ ਸਹਾਇਤਾ ਕੀਤੀ। ਛੁੱਟੀਆਂ ਹੋ ਗਈਆਂ। ਸੁਤੰਤਰ ਜਾਣਦਾ ਸੀ ਕਿ ਛੁੱਟੀਆਂ ਦੇ ਬਾਅਦ ਮੈਨੂੰ ਸਕੂਲ ਵਿੱਚ ਜਗ੍ਹਾ ਨਹੀਂ ਮਿਲ ਸਕਦੀ, ਉਸ ਨੇ ਪਹਿਲਾਂ ਹੀ ਵਿਦਾ ਲੈ ਲਈ।

**ਰਾਜਨੀਤਿਕ ਖੇਤਰ ਵਿੱਚ**- ਸੁਤੰਤਰ ਦੀ ਬੁੱਧੀ ਜਿੰਨੀ ਤੇਜ਼ ਸੀ, ਉਸ ਨਾਲ਼ ਉਹ ਪੜ੍ਹਨ ਵਿੱਚ ਬਹੁਤ ਅੱਗੇ ਵਧ ਗਏ ਹੁੰਦੇ, ਪਰ ਉਨ੍ਹਾਂ ਦੇ ਰਾਹ ਵਿੱਚ ਬਹੁਤ ਸਮੱਸਿਆਵਾਂ ਸਨ- ਕਦੀ ਘਰ ਦੀ ਗ਼ਰੀਬੀ ਚਿੰਤਾ ਵਿੱਚ ਪਾ ਦਿੰਦੀ, ਕਦੀ ਵੇਦਾਂਤ-ਵੈਰਾਗ ਦਾ ਭੂਤ ਸਿਰ ਉੱਤੇ ਚੜ੍ਹ ਜਾਂਦਾ ਅਤੇ ਬਾਹਰੀ ਪੁਸਤਕਾਂ ਨੂੰ ਪੜ੍ਹਨ ਦਾ ਸ਼ੌਕ ਤਾਂ ਸੀ ਹੀ। ਹੁਣ (1920) ਇਹ 19 ਸਾਲ ਦਾ ਜਾਗਰੂਕ ਨੌਜਵਾਨ ਸੀ। ਉਹ ਅਖ਼ਬਾਰ ਦੀਆਂ ਖ਼ਬਰਾਂ ਨੂੰ ਪੜ੍ਹਦਾ ਅਤੇ ਬਚਪਨ ਵਿੱਚ ਚਾਰ-ਚਾਰ ਘੰਟੇ ਤੱਕ ਪੌਦੇ ਦੇ ਪਿੱਛੇ ਪਿਆ ਰਹਿਣ ਵਾਲਾ ਦਿਮਾਗ਼ ਇਨ੍ਹਾਂ ਖ਼ਬਰਾਂ ਦੇ ਪਿੱਛੇ ਕਾਰਜਸ਼ੀਲ ਸੱਚ ਨੂੰ ਜਾਣਨ ਦਾ ਯਤਨ ਕਰਦਾ। ਤੁਰਕੀ ਵਿੱਚ ਕੀ ਹੋ ਰਿਹਾ ਹੈ? ਬੋਲਸ਼ੇਵਿਕ ਕੀ ਹੈ? ਦੇਸ਼ ਵਿੱਚ ਮਾਰਸ਼ਲ ਲਾਅ ਹੈ। ਤੁਰਕੀ ਅਤੇ ਬੋਲਸ਼ੇਵਿਕ ਕਿਉਂ "ਲੜਦੇ" ਹਨ? ਇਹ ਵਿਚਾਰ ਕਰਦੇ-ਕਰਦੇ ਸੁਤੰਤਰ ਵੀ ਲੜਾਕੂ ਬਣਦਾ ਜਾ ਰਿਹਾ ਸੀ, ਉਹ ਸੋਚਦਾ ਸੀ, ਮੈਨੂੰ ਵੀ ਕੁਝ ਕਰਨਾ ਚਾਹੀਦਾ ਹੈ। ਉਸ ਸਮੇਂ ਪੰਜਾਬ ਦੇ ਅੱਤਿਆਚਾਰਾਂ ਦੇ ਲਈ ਜਾਂਚ ਕਮੇਟੀ ਕੰਮ ਕਰ ਰਹੀ ਸੀ। ਇਸ ਸਮੇਂ ਨਨਕਾਣਾ ਸਾਹਿਬ ਦੇ ਗੁਰਦੁਆਰੇ ਵਿੱਚ ਮਹੰਤ ਦੇ ਆਦਮੀਆਂ ਨੇ ਕਿੰਨੇ ਹੀ ਸਿੱਖਾਂ ਨੂੰ ਬੁਰੀ ਤਰ੍ਹਾਂ ਨਾਲ਼ ਮਾਰ ਕੇ ਸਾੜ ਦਿੱਤਾ। ਸੁਤੰਤਰ ਦਾ ਸਹਿਪਾਠੀ ਹਰਦੱਤ ਸਿੰਘ ਉਸ ਦੇ ਘਰ ਪਹੁੰਚਿਆ। ਉਸ ਨੇ ਨਨਕਾਣਾ ਸਾਹਿਬ ਦੀ ਗੱਲ ਸੁਣਾਈ ਅਤੇ ਕਿਹਾ ਸਕੂਲ ਤਾਂ ਤੂੰ ਛੁਡਵਾ ਦਿੱਤਾ, ਪਰ ਹੁਣ ਕੁਝ ਕਰਨਾ ਚਾਹੀਦਾ ਹੈ।

ਸੁਤੰਤਰ ਨੇ ਪੰਜਾਬ ਦਾ ਇਕ ਚੱਕਰ ਲਗਾਇਆ। ਸੰਨ 1921 ਆਇਆ। ਨਨਕਾਣੇ ਦੇ ਸਿੱਖ ਸ਼ਹੀਦਾਂ ਦਾ ਖ਼ੂਨ ਰੰਗ ਲਿਆਉਣ ਲੱਗਾ। ਸਾਰੇ ਪੰਜਾਬ ਵਿੱਚ ਅਕਾਲੀ ਅੰਦੋਲਨ ਸ਼ੁਰੂ ਹੋ ਗਿਆ ਅਤੇ ਧਰਮ ਅਤੇ ਦੇਸ਼ ਦੇ ਲਈ ਸਿੱਖਾਂ ਵਿੱਚ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦੇ ਵਾਸਤੇ ਚਾਰੇ ਪਾਸੇ ਜੋਸ਼ ਫੈਲਣ ਲੱਗਾ। ਗੁਰਦਾਸਪੁਰ ਵਿੱਚ ਇਕ ਸਭਾ ਹੋ ਰਹੀ ਸੀ। ਸੁਤੰਤਰ ਅੱਠ ਆਦਮੀਆਂ ਦਾ ਜੱਥਾ ਬਣਾ ਕੇ ਸਭਾ ਵਿੱਚ ਪਹੁੰਚਿਆ। ਸਵੈ ਸੇਵਕਾਂ ਦੇ ਲਈ ਅਪੀਲ ਕੀਤੀ ਗਈ। ਸੁਤੰਤਰ ਦੀ ਸਿਹਤ ਖ਼ਰਾਬ ਸੀ, ਤਾਂ ਵੀ ਉਸ ਨੇ ਭਾਸ਼ਣ ਦਿੱਤਾ। ਪਿਓ ਨੇ ਪੰਥ ਦੇ ਲਈ ਆਪਣਾ, ਸੁਤੰਤਰ ਅਤੇ ਕੁੜੀ ਦਾ ਨਾਮ ਪੇਸ਼ ਕੀਤਾ। ਦੀਵਾਨ (ਸਭਾ) ਨੇ ਕਿਹਾ - ਤਾਂ ਆਓ, ਹੁਣੇ ਤੋਂ ਹੀ ਕੰਮ ਦੇ ਮੈਦਾਨ ਵਿੱਚ ਚੱਲਿਆ ਜਾਏ। ਇਕ ਤਰ੍ਹਾਂ ਨਾਲ਼ ਉਸੇ ਦਿਨ (ਮਾਰਚ 1921 ਨੂੰ) ਸੁਤੰਤਰ ਨੇ ਘਰ ਦੀ ਮੋਹ-ਮਾਇਆ ਛੱਡ ਦਿੱਤੀ ਅਤੇ ਉਦੋਂ ਤੋਂ ਬਰਾਬਰ ਸਫ਼ਰ ਵਿੱਚ ਰਿਹਾ।

ਸੁਤੰਤਰ ਪਹਿਲਾਂ ਆਪਣੇ ਜ਼ਿਲ੍ਹੇ ਵਿੱਚ ਘੁੰਮਿਆ ਅਤੇ ਉੱਥੇ 3600 ਅਕਾਲੀ ਵਾਲੰਟੀਅਰ ਭਰਤੀ ਕੀਤੇ। ਉਹ ਜੱਥਾ ਬਣਾ ਕੇ ਜਲੰਧਰ ਅਤੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿੱਚ ਪ੍ਰਚਾਰ ਕਰਦਾ ਰਿਹਾ। ਵੀਹ ਭਾਸ਼ਣ ਕਰਤਾ ਤਿਆਰ ਕੀਤੇ ਅਤੇ ਉਨ੍ਹਾਂ ਦੀ ਜਮਾਤ ਵਿੱਚੋਂ ਕੋਈ ਪਿੰਡ ਛੁੱਟ ਨਹੀਂ ਸਕਿਆ। ਸਾਰੇ ਵਾਲੰਟੀਅਰ ਸੱਤਿਆਗ੍ਰਹਿ ਦੇ ਲਈ ਤਿਆਰ ਸਨ। ਸਭ ਦੇ ਕੋਲ਼ ਕਿਰਪਾਨ ਸੀ। ਇਹ ਸਵੈ ਸੇਵਕਾਂ ਨੂੰ ਗਤਕਾ ਅਤੇ ਦੂਜੀਆਂ ਗੱਲਾਂ ਸਿਖਾਉਂਦਾ। ਉਸ ਨੇ ਜਗ੍ਹਾ-ਜਗ੍ਹਾ ਕਾਂਗਰਸ ਅਤੇ ਖ਼ਾਲਸਾ (ਸਿੱਖ) ਕਮੇਟੀਆਂ ਕਾਇਮ ਕੀਤੀਆਂ। ਅਕਾਲੀ ਜੱਥੇ ਸੰਗਠਿਤ ਕੀਤੇ। ਉਸ ਦੇ ਭਾਸ਼ਣਾਂ ਵਿੱਚ ਨੌਂ-ਨੌਂ, ਦਸ-ਦਸ ਹਜ਼ਾਰ ਆਦਮੀ ਇਕੱਠੇ ਹੋ ਜਾਂਦੇ ਅਤੇ ਉਸ ਨੂੰ ਬੜੇ ਸ਼ੌਕ ਨਾਲ਼ ਸੁਣਦੇ। ਸੁਤੰਤਰ ਵਿੱਚ-ਵਿੱਚ ਯੋਗ-ਵਸ਼ਿਸ਼ਠ ਅਤੇ ਕੁਰਾਨ ਦੀ ਗੱਲ ਬੋਲਦਾ ਜਾਂਦਾ, ਉਸ ਦੇ ਵਿਰੁੱਧ ਤਿੰਨ ਵਾਰ ਵਾਰੰਟ ਨਿਕਲੇ, ਪਰ ਉਹ ਹੱਥ ਨਹੀਂ ਆਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ- ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਜਿਸ ਦੇ ਕੋਲ਼ ਕਰੋੜਾਂ ਦੀ ਸੰਪਤੀ ਵਾਲੇ ਗੁਰਦੁਆਰੇ ਹਨ, ਦੇ ਮੈਂਬਰਾਂ ਦੀ 1922 ਵਿੱਚ ਚੋਣ ਹੋਈ, ਗੁਰਦਾਸਪੁਰ ਨੇ ਸੁਤੰਤਰ ਨੂੰ ਚੁਣਿਆ। ਉਸ ਦੇ ਸਭ ਤੋਂ ਘੱਟ ਉਮਰ ਦੇ ਮੈਂਬਰ 21 ਸਾਲ ਦੇ ਸੁਤੰਤਰ ਹੀ ਸਨ। ਇਹ ਅਕਾਲੀਆਂ ਦੇ ਸਾਰੇ ਵੱਡੇ-ਵੱਡੇ ਸੰਗਠਨਾਂ (ਸ਼ੁੱਧੀ ਦਲ, ਮਿਲਟਰੀ, ਧਰਮ-ਪ੍ਰਚਾਰ) ਵਿੱਚ ਪ੍ਰਮੁੱਖ ਵਿਅਕਤੀ ਸਨ।

**ਗੁਰਦੁਆਰਾ ਤੇਜਾ ਦੀ ਜਿੱਤ**- ਗੱਲਾਂ ਅਤੇ ਭਾਸ਼ਣ ਕਰਨ ਦਾ ਸਮਾਂ ਖ਼ਤਮ ਹੋ ਰਿਹਾ ਸੀ, ਹੁਣ ਕੰਮ ਕਰਨ ਦਾ ਸਮਾਂ ਆਇਆ ਸੀ। ਗੁਰਦੁਆਰਾ ਤੇਜਾ ਦੇ ਕੋਲ਼ ਬਹੁਤ ਸਾਰੀ ਜਾਇਦਾਦ ਸੀ, ਜਿਸ ਨੂੰ ਇਕ ਮਹੰਤ ਮਨਮਰਜ਼ੀ ਨਾਲ਼ ਖ਼ਰਚ ਕਰਦਾ ਸੀ। ਸਿੱਖ ਪੰਥ ਨੇ ਚਾਹਿਆ ਕਿ ਗੁਰਦੁਆਰੇ ਦਾ ਸੁਧਾਰ ਕੀਤਾ ਜਾਵੇ। ਮਹੰਤ ਇੱਥੇ ਵੀ ਨਨਕਾਣਾ ਸਾਹਿਬ ਵਾਲੀ ਘਟਨਾ ਦੁਹਰਾਉਣਾ ਚਾਹੁੰਦਾ ਸੀ। ਹੁਣ ਗੁਰਦੁਆਰੇ ਉੱਤੇ ਕਬਜ਼ਾ ਕਰਨਾ ਸੀ। ਕੌਣ ਬਹਾਦਰ ਹੈ, ਜੋ ਅਕਾਲੀ ਯੋਧਿਆਂ ਦੀ ਅਗਵਾਈ ਕਰਕੇ ਗੁਰਦੁਆਰਾ ਤੇਜਾ ਉੱਤੇ ਅਧਿਕਾਰ ਜਮਾਵੇ- ਇਹ ਸੋਚਦੇ ਹੋਏ ਪੰਥ (ਸਿੱਖ ਜਨਤਾ) ਦੀ ਨਜ਼ਰ ਸਰਦਾਰ ਸਮੁੰਦਰ ਸਿੰਘ ਉੱਤੇ ਪਈ। ਪੰਥ ਨੇ ਉਸ ਨੂੰ ਜੱਥੇਦਾਰ (ਫ਼ੌਜ ਦਾ ਨਾਇਕ) ਬਣਾਇਆ ਅਤੇ ਉਸੇ ਵੇਲ਼ੇ ਸਮੁੰਦਰ ਸਿੰਘ ਨੂੰ ਤੇਜਾ ਸਿੰਘ ਨਾਮ ਪ੍ਰਦਾਨ ਕਰ ਦਿੱਤਾ ਗਿਆ। ਜਿਸ ਗੁਰਦੁਆਰੇ ਦਾ ਨਾਮ ਮੈਨੂੰ ਪਹਿਲਾਂ ਹੀ ਮਿਲ ਗਿਆ, ਉਸ ਨੂੰ ਜਿੱਤਣਾ ਹੀ ਹੋਵੇਗਾ, ਸੁਤੰਤਰ ਨੇ ਸੰਕਲਪ ਕਰ ਲਿਆ। ਸੁਤੰਤਰ ਨੇ ਹਾਲਾਂਕਿ ਸੈਨਿਕ ਕੌਸ਼ਲ ਉੱਤੇ ਪੁਸਤਕਾਂ ਹਾਲੇ ਨਹੀਂ ਪੜ੍ਹੀਆਂ ਸਨ, ਪਰ ਬਹਾਦਰੀ ਭਰ ਦੇਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਪੜ੍ਹੀਆਂ ਸਨ। ਰਾਜਪੂਤਾਂ ਦੀ ਬਹਾਦਰੀ ਦੇ ਕਿੱਸੇ-ਕਹਾਣੀਆਂ ਉਸ ਨੇ ਬਹੁਤ ਪੜ੍ਹੀਆਂ ਸਨ; ਨਾਗਰੀ ਪ੍ਰਚਾਰਨੀ ਅਤੇ ਦੂਜੀ ਥਾਂਵਾਂ ਤੋਂ ਛਪੀਆਂ ਸੂਰਵੀਰਾਂ ਦੀਆਂ ਕਥਾਵਾਂ ਨਾਲ਼ ਸੰਬੰਧਿਤ ਇਤਿਹਾਸਿਕ ਕਿਤਾਬਾਂ ਨੂੰ ਉਸ ਨੇ ਇਕ ਚੰਗੇ ਖਾਸੇ ਰੂਪ ਵਿੱਚ ਇਕੱਠਾ ਕਰ ਲਿਆ ਸੀ।



**ਰਾਹੁਲ ਸੰਕਰਤਾਇਣ**

(ਪਾਲੀ ਤੇ ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਤੇ ਸੀ ਪੀ ਆਈ ਦੇ ਕਾਰਕੁੰਨ)

ਸੁਤੰਤਰ, ਗੁਰਦੁਆਰਾ ਤੇਜਾ ਅਤੇ ਉਸ ਦੇ ਮਹੰਤ ਦੇ ਬਾਰੇ ਵਿੱਚ ਬਹੁਤ ਗਿਆਨ ਰੱਖਦਾ ਸੀ। ਉਸ ਦੇ ਮਨ ਨੇ ਕਿਹਾ- "ਸਤਿਨਾਮ ਨਾਲ਼ ਕੰਮ ਨਹੀਂ ਚੱਲਣਾ। ਤਾਂ ਹੀ ਤਾਂ ਗੁਰੂ ਨਾਨਕ ਦੀ ਪਰੰਪਰਾ ਵਿੱਚ ਗੋਬਿੰਦ ਸਿੰਘ ਨੂੰ ਅਵਤਾਰ ਲੈਣਾ ਪਿਆ। ਮਹੰਤ ਦੇ ਕੋਲ਼ ਪੰਜ ਸੌ ਲੜਾਕੇ ਹਨ। ਅਜਿਹੀ ਚਾਲ ਚੱਲਣੀ ਚਾਹੀਦੀ ਹੈ ਕਿ ਬਿਨਾਂ ਮਾਰਕੁੱਟ ਤੇ ਵੱਢ ਟੁੱਕ ਦੇ ਹੀ ਅਸੀਂ ਗੁਰਦੁਆਰੇ ਉੱਤੇ ਅਧਿਕਾਰ ਕਰ ਲਈਏ।" ਕੁਝ ਸੋਚਿਆ ਫਿਰ ਆਪਣੇ ਪਿਤਾ ਨੂੰ ਕਿਹਾ- "ਤੁਸੀਂ ਸਾਧੂ ਬਣ ਕੇ ਮਹੰਤ ਦੇ ਕੋਲ਼ ਚਲੇ ਜਾਓ ਅਤੇ ਸਾਨੂੰ ਗੁਰਦੁਆਰੇ ਦੇ ਅੰਦਰ ਦੀ ਇੱਕ-ਇੱਕ ਗੱਲ ਬਾਰੇ ਖ਼ਬਰ ਦਿੰਦੇ ਰਹੋ। ਅਸੀਂ ਦੋ ਜੱਟ ਭਗਤ ਦੇ ਰਹੇ ਹਾਂ। ਇਹ ਗੁਰਦੁਆਰੇ ਵਿੱਚ ਆਇਆ-ਜਾਇਆ ਕਰਨਗੇ, ਇਨ੍ਹਾਂ ਦੇ ਰਾਹੀਂ ਸੂਚਨਾ ਭੇਜਦੇ ਰਹਿਣਾ ਕਿ ਗੁਰਦੁਆਰੇ ਵਿੱਚ ਕਿੰਨੇ ਲੜਾਕੇ ਹਨ ਅਤੇ ਉਨ੍ਹਾਂ ਦੇ ਕੋਲ਼ ਕੀ-ਕੀ ਹਥਿਆਰ ਹਨ।" ਸੁਤੰਤਰ ਨੇ ਤਿੰਨ ਘੜੀਆਂ ਵਿੱਚ ਇਕ ਸਮਾਂ ਬਣਾ ਕੇ ਇਕ ਪਿਤਾ ਨੂੰ, ਇਕ ਭਗਤ ਨੂੰ ਦੇ ਦਿੱਤੀ ਅਤੇ ਤੀਜੀ ਆਪਣੇ ਕੋਲ਼ ਰੱਖ ਲਈ। ਜਾਨ ਦੀ ਬਾਜ਼ੀ ਲਗਾਉਣ ਵਾਲੇ ਅੱਸੀ (80) ਸਿੰਘਾਂ ਨੂੰ ਹਰ ਇਕ ਗੱਲ ਦੱਸ ਕੇ ਚੰਗੀ ਤਰ੍ਹਾਂ ਤਿਆਰ ਕੀਤਾ। ਅੱਠ ਅੱਸੂ (24 ਸਤੰਬਰ) 1922 ਨੂੰ ਪੰਜ ਵਜੇ ਸਵੇਰੇ ਗੁਰਦੁਆਰੇ ਉੱਤੇ ਹਮਲਾ ਕਰਨ ਦਾ ਸਮਾਂ ਨਿਸ਼ਚਿਤ ਕੀਤਾ ਗਿਆ। ਗੁਰਦੁਆਰਾ ਤੇਜਾ ਕਿਲ੍ਹੇ ਵਾਂਗ ਬਣਿਆ ਹੋਇਆ ਹੈ। ਮਹੰਤ ਨੂੰ ਪਤਾ ਸੀ ਕਿ ਅਕਾਲੀ ਹਮਲਾ ਕਰਨ ਵਾਲੇ ਹਨ, ਇਸ ਲਈ ਉਸ ਨੇ ਪੁਲਿਸ ਸੱਦ ਲਈ ਸੀ। ਪੁਲਿਸ ਵੀ ਫਾਟਕ ਦੇ ਸਾਹਮਣੇ ਬੈਠੀ ਸੀ। ਕੰਮ ਕਿੰਨਾ ਮੁਸ਼ਕਲ ਹੈ, ਇਸ ਨੂੰ ਸੁਤੰਤਰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਆਪਣੇ ਸਮੇਤ 25 ਸਿੰਘ ਚੁਣੇ ਅਤੇ ਉਨ੍ਹਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਕੰਧ ਟੱਪਣਾ, ਗਤਕਾ ਖੇਡਣਾ ਆਦਿ ਦੀ ਪੂਰੀ ਸਿੱਖਿਆ ਦਿੱਤੀ ਜਾ ਚੁੱਕੀ ਸੀ। ਉਸ ਰਾਤ ਉਨ੍ਹਾਂ ਨੇ 14 ਮੀਲ ਦੂਰ ਜਾ ਜੱਥਾ ਇਕੱਠਾ ਕੀਤਾ। ਗੁਰਦੁਆਰੇ ਦੇ ਅੰਦਰ ਦੀ ਸਾਰੀਆਂ ਗੱਲਾਂ ਸੁਤੰਤਰ ਦੇ ਕੋਲ਼ ਪੁੱਜਦੀਆਂ ਰਹੀਆਂ। ਜੱਥੇ ਨੇ ਗੁਰਦੁਆਰੇ ਵੱਲ ਕੂਚ ਕੀਤਾ। ਸਭ ਨੇ ਮਰ ਕੇ ਪਿੱਛੇ ਨਾ ਹਟਣ ਦੀ ਸਹੁੰ ਖਾਧੀ ਸੀ। ਇਸੇ ਸਮੇਂ ਸੂਹੀਏ ਨੇ ਆ ਕੇ ਦੱਸਿਆ ਕਿ ਉਡੀਕ-ਉਡੀਕ ਕੇ ਮਹੰਤ ਦੇ ਬਹੁਤ ਸਾਰੇ ਆਦਮੀ ਚਲੇ ਗਏ ਹਨ। ਸੁਤੰਤਰ ਨੇ 56 ਆਦਮੀਆਂ ਨੂੰ ਰੱਖ ਕੇ ਬਾਕੀਆਂ ਨੂੰ ਛੇ ਸੌ ਗਜ਼ ਪਿੱਛੇ ਰਹਿਣ ਦਾ ਹੁਕਮ ਦਿੱਤਾ ਅਤੇ ਇਹ ਵੀ ਕਿਹਾ, "ਸਫ਼ਲ ਹੋ ਜਾਣ ਉੱਤੇ ਅਸੀਂ 'ਸਤਿ ਸ੍ਰੀ ਅਕਾਲ' ਦਾ ਨਾਅਰਾ ਲਾਵਾਂਗੇ, ਉਸ ਸਮੇਂ ਤੁਸੀਂ ਲੋਕ ਚਲੇ ਆਉਣਾ, ਜੇ ਅਸੀਂ ਸਫ਼ਲ ਨਾ ਹੋਏ ਤਾਂ ਉੱਥੇ ਹੀ ਮਰ ਜਾਵਾਂਗੇ ਅਤੇ ਤੁਹਾਡਾ ਕੰਮ ਹੋਵੇਗਾ ਸਾਰੇ ਦੇਸ਼ ਵਿੱਚ ਜਾ ਕੇ ਅੰਦੋਲਨ ਕਰਨਾ।"

ਆਖ਼ਰ ਉਹ ਘੜੀ ਆ ਹੀ ਗਈ। ਘੜੀ ਦੀ ਸੂਈ ਨੇ ਸਵੇਰ ਦੇ ਪੰਜ ਵੱਜਣ ਦਾ ਇਸ਼ਾਰਾ ਕੀਤਾ। ਤੇਜਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਕੁਝ ਦੂਰ ਜਾ ਕੇ ਆਪਣੀਆਂ ਜੁੱਤੀਆਂ ਨੂੰ ਲਾਹ ਦਿੱਤਾ ਅਤੇ ਉਹ ਦੱਬੇ ਪੈਰੀਂ ਅੱਗੇ ਵਧਣ ਲੱਗੇ। ਫਾਟਕ ਦੇ ਕੋਲ਼ ਪੁਲਿਸ ਦੇ 3 ਸਿਪਾਹੀ ਸੌਂ ਰਹੇ ਸਨ ਅਤੇ ਚੌਥਾ ਊਂਘ ਰਿਹਾ ਸੀ। ਸਾਢੇ ਪੰਜ ਵਜੇ ਉਸ ਦੇ ਪਿਓ ਨੇ ਦਰਵਾਜ਼ਾ ਖੋਲ੍ਹ ਦਿੱਤਾ। ਦਰਵਾਜ਼ਾ ਬਹੁਤ ਭਾਰਾ ਸੀ, ਜੇ ਉਹ ਪ੍ਰਬੰਧ ਨਾ ਕੀਤਾ ਗਿਆ ਹੁੰਦਾ ਤਾਂ ਦਰਵਾਜ਼ੇ ਉੱਤੇ ਹੀ ਅਕਾਲੀ ਢੇਰ ਹੋ ਜਾਂਦੇ। ਦਰਵਾਜ਼ਾ ਧੱਕਣ 'ਤੇ ਆਵਾਜ਼ ਹੋਈ। ਸੁਤੰਤਰ ਦੇ ਸਾਥੀਆਂ ਨੇ ਝੂਠੇ ਗਤਕੇ ਦੀ ਆਵਾਜ਼ ਸ਼ੁਰੂ ਕੀਤੀ, ਫਿਰ ਲਾਠੀ ਚੱਲਣੀ ਸ਼ੁਰੂ ਹੋਈ। ਸੁੱਤੇ ਹੋਏ ਆਦਮੀ ਘਬਰਾ ਗਏ। ਸਰਦਾਰ ਕਿਰਪਾਲ ਸਿੰਘ ਨੂੰ ਅੰਦਰ ਦੀ ਸਾਰੀ ਗੱਲ ਪਤਾ ਸੀ। ਉਸ ਦੱਸ ਦਿੱਤਾ। ਲੜਾਈ ਸ਼ੁਰੂ ਹੋ ਗਈ। ਸੰਗੀਨਾਂ ਵਾਂਗ ਡਾਂਗਾਂ ਦੀ ਮਾਰ ਕੀਤੀ ਜਾਣ ਲੱਗੀ। ਜ਼ਖ਼ਮੀ ਚੀਕਣ-ਤੜਫਣ ਲੱਗੇ। ਸੁਤੰਤਰ ਨੇ ਲਲਕਾਰ ਕੇ ਕਿਹਾ, ਜਿਨ੍ਹਾਂ ਨੇ ਜਾਨ ਬਚਾਉਣੀ ਹੋਵੇ, ਉਹ ਦੋਵਾਂ ਹੱਥਾਂ ਦੇ ਪੰਜਿਆਂ ਨੂੰ ਬੰਨ ਕੇ ਇੱਥੇ ਆ ਕੇ ਬੈਠ ਜਾਣ। ਛੱਤੀ ਆਦਮੀ ਆ ਕੇ ਬੈਠ ਗਏ। ਮਹੰਤ ਵੀ ਕੁੱਟਿਆ। ਸਭ ਨੂੰ ਬਾਹਰ ਕੱਢ ਕੇ ਗੁਰਦੁਆਰੇ ਉੱਤੇ ਅਧਿਕਾਰ ਕਰ ਲਿਆ ਗਿਆ ਅਤੇ ਬਕਾਇਦਾ ਪਹਿਰਾ ਬਿਠਾ ਦਿੱਤਾ ਗਿਆ।

"ਸਤਿ ਸ੍ਰੀ ਅਕਾਲ" ਦੀ ਆਵਾਜ਼ ਸੁਣਦੇ ਹੀ ਬਾਕੀ ਅਕਾਲੀ ਵੀ ਗੁਰਦੁਆਰੇ ਵਿੱਚ ਪਹੁੰਚ ਗਏ। ਅੰਦਰ ਲੁਕੇ ਹੋਰ ਨੌਂ ਆਦਮੀਆਂ ਨੂੰ ਫੜ ਲਿਆ ਗਿਆ, ਇਸ ਤਰ੍ਹਾਂ 45 ਯੁੱਧ ਕੈਦੀ ਹੱਥ ਲੱਗੇ।

ਮਹੰਤ ਨੇ ਇਕ ਵਾਰ ਫਿਰ ਹਿੰਮਤ ਕੀਤੀ। ਦੂਜੇ ਦਿਨ 11 ਕੁ ਵਜੇ ਦਲ-ਬਲ ਦੇ ਨਾਲ਼ ਉਸ ਨੇ ਹਮਲਾ ਕੀਤਾ। ਸੁਤੰਤਰ ਨੇ ਆਪਣੇ ਸਾਥੀਆਂ ਨੂੰ ਕਹਿ ਰੱਖਿਆ ਸੀ ਕਿ ਪਿੰਡ ਵਾਲੇ ਗਾਲ੍ਹਾਂ ਵੀ ਦੇਣ ਤਾਂ ਵੀ ਜਵਾਬ ਨਹੀਂ ਦੇਣਾ, ਜੋ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰੇ, ਉਸ ਨੂੰ ਹੇਠਾਂ ਸੁੱਟ ਲੈਣਾ। ਮਹੰਤ ਦੇ ਆਦਮੀਆਂ ਨੇ ਕੰਧ ਟੱਪਣ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੇ। ਦਰਵਾਜ਼ੇ ਨੂੰ ਅੱਗ ਲਾਉਣੀ ਚਾਹੀ, ਉਸ ਵਿੱਚ ਵੀ ਉਨ੍ਹਾਂ ਨੂੰ ਸਫ਼ਲਤਾ ਨਹੀਂ ਮਿਲੀ। ਹੁਣ ਉਨ੍ਹਾਂ ਦੀ ਅਕਲ ਕੰਮ ਨਹੀਂ ਕਰ ਰਹੀ ਸੀ। ਸੁਤੰਤਰ ਨੇ 25 ਜਾਂਬਾਜ਼ ਅਕਾਲੀਆਂ ਨੂੰ 25 ਨੰਗੀਆਂ ਤਲਵਾਰਾਂ ਦੇ ਕੇ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਫਿਰ ਉਨ੍ਹਾਂ ਨੇ ਬਾਹਰੋਂ ਸਾਰੇ ਗੁਰਦੁਆਰੇ ਦੀ ਪਰਿਕਰਮਾ ਕੀਤੀ। ਮਹੰਤ ਅਤੇ ਉਸ ਦੇ ਪਿੱਠੂਆਂ ਦੀ ਹਿੰਮਤ ਨਹੀਂ ਹੋਈ।

ਉਸੇ ਦਿਨ 200 ਹਥਿਆਰਬੰਦ ਪੁਲਿਸ ਸਿਪਾਹੀ ਪਹੁੰਚੇ। ਉਨ੍ਹਾਂ ਨੇ ਗੋਲੀ ਚਲਾਉਣ ਦੀ ਧਮਕੀ ਦਿੱਤੀ। ਪਰ, ਸੁਤੰਤਰ ਅਤੇ ਉਸ ਦੇ ਸਾਥੀ ਜਾਨ ਦੀ ਬਾਜ਼ੀ ਲਾ ਕੇ ਬੈਠੇ ਸਨ। ਅਧਿਕਾਰੀਆਂ ਨੇ ਸੋਚਿਆ, ਹੁਣ ਤਾਂ ਕਬਜ਼ਾ ਇਨ੍ਹਾਂ ਦਾ ਹੋ ਹੀ ਗਿਆ ਹੈ, ਕਿਸ ਦਾ ਹੱਕ ਹੈ, ਇਸ ਦਾ ਫ਼ੈਸਲਾ ਦੀਵਾਨੀ ਅਦਾਲਤ ਦਾ ਕੰਮ ਹੈ। ਪੁਲਿਸ ਉਸੇ ਸ਼ਾਮ ਚਲੀ ਗਈ।

ਗੁਰਦੁਆਰਾ ਤੇਜਾ ਉੱਤੇ ਅਧਿਕਾਰ ਹੋ ਗਿਆ, ਅਕਾਲੀ ਯੋਧਿਆਂ ਨੇ ਪੂਰੀ ਨਿਡਰਤਾ ਦਾ ਪ੍ਰਦਰਸ਼ਨ ਕੀਤਾ। ਪਰ, ਹੁਣ ਤਾਂ ਜਾਇਦਾਦ ਨੂੰ ਸੰਭਾਲ ਕੇ ਬੈਠਣਾ ਸੀ, ਕਿੰਨੇ ਦਿਨਾਂ ਲਈ? ਇਸ ਦਾ ਕੁਝ ਪਤਾ ਨਹੀਂ। ਉਨ੍ਹਾਂ ਦੇ ਬਾਲ ਬੱਚੇ ਵੀ ਸਨ ਅਤੇ ਖੇਤੀਬਾੜੀ ਵੀ। ਅਨਿਸ਼ਚਿਤ ਸਮੇਂ ਦੇ ਲਈ ਉੱਥੇ ਬੈਠੇ ਰਹਿਣਾ ਸੰਭਵ ਨਹੀਂ ਸੀ। ਵਾਲੰਟੀਅਰ ਖਿਸਕਣਾ ਚਾਹੁੰਦੇ ਸਨ। ਸੁਤੰਤਰ ਨੂੰ ਹੁਣ ਇਸ ਸੈਨਾ ਦੀ ਕਮਜ਼ੋਰੀ ਪਤਾ ਲੱਗ ਗਈ। ਉਸ ਨੇ ਸੋਚਿਆ ਕਿ ਜਦੋਂ ਤੱਕ ਅਜਿਹੀ ਫ਼ੌਜ ਨਾ ਤਿਆਰ ਕੀਤੀ ਜਾਵੇ ਜਿਸ ਨੂੰ ਘਰ-ਬਾਰ ਦਾ ਕੋਈ ਬੰਧਨ ਨਾ ਹੋਵੇ, ਉਦੋਂ ਤੱਕ ਕੰਮ ਨਹੀਂ ਚੱਲ ਸਕਦਾ। ਉਸ ਸਮੇਂ ਉਸ ਨੇ 'ਸੁਤੰਤਰ ਜੱਥੇ' ਦੀ ਨੀਂਹ ਰੱਖੀ। "ਇਸ ਜੱਥੇ ਵਿੱਚ ਉਹ ਸਿੰਘ ਹੀ ਰਹਿ ਸਕਦੇ ਹਨ, ਜੋ ਘਰ-ਪਰਿਵਾਰ ਤੋਂ ਸੁਤੰਤਰ (ਆਜ਼ਾਦ) ਹਨ। ਸੁਤੰਤਰ ਜੱਥੇ ਦਾ ਨਿਯਮ ਹੈ ਸਾਰੇ ਸਖ਼ਤ ਅਨੁਸ਼ਾਸਨ ਨੂੰ ਮੰਨਣਗੇ, ਕਿਸੇ ਨੂੰ ਆਪਣੇ ਕੋਲ਼ ਜਾਇਦਾਦ ਰੱਖਣ ਦੀ ਆਗਿਆ ਨਹੀਂ ਹੋਵੇਗੀ। ਜਿਸ ਦੇ ਕੋਲ਼ ਜਾਇਦਾਦ ਹੋਵੇ, ਉਹ ਵੇਚ ਕੇ ਉਸ ਨੂੰ ਜੱਥੇ ਵਿੱਚ ਸ਼ਾਮਲ ਕਰ ਦੇਵੇਗਾ।" ਲੋਕਾਂ ਨੇ ਆਪਣੇ-ਆਪ ਨੂੰ ਸਮਰਪਣ ਕਰਨਾ ਸ਼ੁਰੂ ਕੀਤਾ ਅਤੇ ਉਸੇ ਦਿਨ 22-23 ਨੌਜਵਾਨ ਸੁਤੰਤਰ ਜੱਥੇ ਵਿੱਚ ਸ਼ਾਮਿਲ ਹੋ ਗਏ। ਉੱਪਰ ਵਾਲੇ ਨੇਤਾ ਜਿੱਤ ਨਾਲ਼ ਖ਼ੁਸ਼ ਸਨ, ਪਰ ਸੁਤੰਤਰ ਦੀਆਂ ਕੁਝ ਸੁਤੰਤਰ ਗੱਲਾਂ ਉਨ੍ਹਾਂ ਨੂੰ ਪਸੰਦ ਨਹੀਂ ਆਈਆਂ, ਖ਼ਾਸ ਕਰਕੇ ਸੁਤੰਤਰ ਜੱਥੇ ਬਾਰੇ ਗੱਲਾਂ ਉਨ੍ਹਾਂ ਨੂੰ ਖ਼ਤਰਨਾਕ ਲੱਗੀਆਂ।

**ਗੁਰਦੁਆਰਾ ਕੋਠੀਆਂ**- ਤੇਜਾ ਵਿੱਚ ਆਏ ਹਾਲੇ 8-10 ਦਿਨ ਹੀ ਹੋਏ ਸਨ ਕਿ ਪਤਾ ਲੱਗਾ, ਗੁਰਦੁਆਰਾ ਕੋਠੀਆਂ ਦਾ ਮਹੰਤ ਗੁਰਦੁਆਰੇ ਦੀਆਂ ਚੀਜ਼ਾਂ ਵੇਚ ਰਿਹਾ ਹੈ। ਜਵਾਨੀ ਅਤੇ ਜਿੱਤ ਦਾ ਜੋਸ਼ ਸੀ। ਉਸੇ ਸਮੇਂ 8 ਘੋੜਿਆਂ ਉੱਤੇ ਕਾਠੀਆਂ ਪਾ ਕੇ 8 ਸਵਾਰ ਕੋਠੀਆਂ ਵੱਲ ਚੱਲ ਪਏ। ਧਾਕ ਜੰਮ ਚੁੱਕੀ ਸੀ। ਮਹੰਤ ਦੀ ਮੁਕਾਬਲਾ ਕਰਨ ਦੀ ਹਿੰਮਤ ਨਾ ਹੋਈ, ਉਹ ਭੱਜ ਗਿਆ। ਗੁਰਦੁਆਰਾ ਕੋਠੀਆਂ ਵੀ ਪੰਥ ਦੇ ਅਧਿਕਾਰ ਅਧੀਨ ਆ ਗਿਆ। ਇਸ ਤੋਂ ਬਾਅਦ ਚਾਰ ਮਹੀਨੇ ਤੱਕ ਸਰਕਾਰ ਦੇ ਨਾਲ਼ ਸੰਘਰਸ਼ ਚਲਦਾ ਰਿਹਾ, ਜਿਸ ਵਿੱਚ ਦੂਰ-ਦੁਰੇਡੇ ਦੇ ਅਕਾਲੀ ਜੱਥੇ ਆਏ। ਸੁਤੰਤਰ ਨੂੰ ਹੋਰ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਇਸ ਨੌਜਵਾਨ ਜਰਨਲ ਦੀ ਦੂਰ-ਦੁਰੇਡੇ ਪ੍ਰਸਿੱਧੀ ਫੈਲ ਗਈ। ਸ਼੍ਰੋਮਣੀ ਕਮੇਟੀ ਨੇ ਇਕ ਤੰਬੂ--ਦੇ ਕੇ ਸੁਤੰਤਰ ਦਾ ਸਨਮਾਨ ਕੀਤਾ।

ਜਿਸ ਸਮੇਂ 'ਗੁਰੂ ਦਾ ਬਾਗ਼' ਦੇ ਲਈ ਸੱਤਿਆਗ੍ਰਹਿ ਚੱਲ ਰਿਹਾ ਸੀ, ਸੁਤੰਤਰ ਵੀ ਉੱਥੇ ਸੌ ਜਵਾਨਾਂ ਦੇ ਜੱਥੇ ਨਾਲ਼ ਪਹੁੰਚ ਗਿਆ। ਇਕ ਮਹੀਨੇ ਤੱਕ ਉਹ ਕੰਡਿਆਲੀ ਤਾਰ ਦੇ ਘੇਰੇ ਵਿੱਚ ਬੰਦ ਰਹੇ। ਖਾਣਾ ਰੋਕ ਦਿੱਤਾ ਗਿਆ ਸੀ, ਪਰ ਰਾਤ ਦੇ ਸਮੇਂ ਉਹ ਕਿਸੇ ਨਾ ਕਿਸੇ ਤਰ੍ਹਾਂ ਪਹੁੰਚ ਹੀ ਜਾਂਦਾ ਸੀ। ਜਦੋਂ ਅੰਮ੍ਰਿਤਸਰ ਦੇ ਪ੍ਰਸਿੱਧ ਸਰੋਵਰ ਦੀ ਕਾਰਸੇਵਾ ਦਾ ਕੰਮ ਸ਼ੁਰੂ ਹੋਇਆ ਤਾਂ ਉਸ ਵਿੱਚ ਸੁਤੰਤਰ ਨੇ 3000 ਦੇ ਜੱਥੇ ਨਾਲ਼ ਭਾਗ ਲਿਆ।

ਦਸੰਬਰ 1922 ਆ ਗਿਆ। ਸਿੱਖਾਂ ਵਿੱਚ ਜਿਵੇਂ ਅਕਾਲੀ ਲਹਿਰ ਚੱਲੀ ਸੀ ਅਤੇ ਲੋਕ ਜਿਸ ਤਰ੍ਹਾਂ ਕੁਰਬਾਨੀ ਲਈ ਤਿਆਰ ਸਨ, ਉਸ ਨੂੰ ਵੇਖ ਕੇ ਵਿਦੇਸ਼ ਦੇ ਕ੍ਰਾਂਤੀਕਾਰੀ ਸਿੱਖਾਂ ਨੂੰ ਬੇਸਬਰੀ ਹੋਣ ਲੱਗੀ, ਉਹ ਸੋਚ ਰਹੇ ਸਨ- ਕਿਸ ਤਰ੍ਹਾਂ ਸੰਪ੍ਰਦਾਇ ਦੇ ਇਕ ਸੀਮਿਤ ਦਾਇਰੇ ਦੇ ਅੰਦਰ ਖ਼ਰਚ ਹੁੰਦੀ ਸ਼ਕਤੀ ਸਾਰੇ ਦੇਸ਼ ਦੀ ਭਲਾਈ ਵਿੱਚ ਲਗਾਈ ਜਾਵੇ। ਬਾਬਾ ਗੁਰਮੁੱਖ ਸਿੰਘ ਪਿਛਲੇ ਯੁੱਧ ਦੇ ਸਮੇਂ ਫਾਂਸੀ ਦੇ ਤਖ਼ਤੇ ਤੋਂ ਬਚ ਗਏ ਸਨ, ਪਰ ਉਹ ਸਾਰੀ ਜ਼ਿੰਦਗੀ ਜੇਲ੍ਹ ਵਿੱਚ ਬੰਦ ਹੋਣ ਦੇ ਲਈ ਤਿਆਰ ਨਹੀਂ ਸਨ। ਉਹ ਅਤੇ ਉਨ੍ਹਾਂ ਦੇ ਕਿੰਨੇ ਹੀ ਸਾਥੀ ਜੇਲ੍ਹਾਂ ਵਿੱਚੋਂ ਭੱਜ ਨਿਕਲੇ। ਉਨ੍ਹਾਂ ਨੇ ਇਸ ਜੋਸ਼ ਨੂੰ ਵੇਖਿਆ। ਬਾਬਾ ਗੁਰਮੁੱਖ ਸਿੰਘ ਅਕਾਲੀਆਂ ਦੇ ਵੱਡੇ-ਵੱਡੇ ਨੇਤਾਵਾਂ ਨੂੰ ਮਿਲੇ। ਅਮਰੀਕਾ ਵਿੱਚ ਰਹਿਣ ਵਾਲੇ ਸਿੱਖ ਵੀ ਇਸ ਕੋਸ਼ਿਸ਼ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਕਈ ਸਾਥੀਆਂ ਨੂੰ ਕ੍ਰਾਂਤੀ ਦੀ ਵਿੱਦਿਆ ਗ੍ਰਹਿਣ ਕਰਨ ਦੇ ਲਈ ਰੂਸ ਭੇਜਿਆ। ਊਧਮ ਸਿੰਘ ਕਾਬੁਲ ਦੇ ਸਿੱਖਾਂ ਵਿੱਚ ਜਾਗ੍ਰਤੀ ਲਿਆਉਣ ਦੇ ਲਈ ਉੱਥੇ ਪਹੁੰਚਿਆ। ਉਨ੍ਹਾਂ ਵਿੱਚ ਜਾਗ੍ਰਤੀ ਆਈ ਅਤੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਪ੍ਰਚਾਰਕ ਜੱਥਾ ਭੇਜਣ ਦੀ ਅਰਦਾਸ ਕੀਤੀ। ਕਮੇਟੀ ਨੂੰ ਸੁਤੰਤਰ ਤੋਂ ਵੱਧ ਕੇ ਬਹਾਦਰ ਬੁਲਾਰਾ ਅਤੇ ਗਿਆਨੀ ਨੌਜਵਾਨ ਹੋਰ ਕੋਈ ਨਹੀਂ ਮਿਲ ਸਕਦਾ ਸੀ।

**ਕਾਬੁਲ ਵਿੱਚ ਪਹਿਲੀ ਵਾਰ**- ਹੁਣ ਤਿੰਨ ਰਾਗੀਆਂ ਦੇ ਨਾਲ਼ ਸੁਤੰਤਰ ਖੁੱਲ੍ਹੇ ਤੌਰ 'ਤੇ ਅਫ਼ਗਾਨਿਸਤਾਨ ਪਹੁੰਚ ਗਿਆ। ਸੁਤੰਤਰ ਸਾਰਾ ਦਿਨ ਸਿੱਖਾਂ ਵਿੱਚ ਭਾਸ਼ਣ ਦਿੰਦਾ, ਵਾਰਤਾਲਾਪ ਨਾਲ਼ ਧਰਮ ਵਿੱਚ ਸੁਧਾਰ ਕਰਨ ਦੀ ਲੋੜ ਦੱਸਦੇ। ਸੌਣ ਵੇਲ਼ੇ ਊਧਮ ਸਿੰਘ ਕੋਲ਼ ਆ ਕੇ ਬੈਠ ਜਾਂਦਾ। ਤਿੰਨ-ਚਾਰ ਦਿਨ ਬਾਅਦ ਊਧਮ ਸਿੰਘ ਨੇ ਹੌਲ਼ੀ-ਹੌਲ਼ੀ ਗੱਲ ਕਰਨੀ ਸ਼ੁਰੂ ਕੀਤੀ, "ਸਿਰਫ਼ ਗੁਰਦੁਆਰੇ ਦਾ ਹੀ ਸੁਧਾਰ ਕਰਨਾ ਹੈ, ਜਾਂ ਵੱਡੇ ਗੁਰਦੁਆਰੇ ਦਾ ਵੀ?" "ਵੱਡਾ ਗੁਰਦੁਆਰਾ ਕੀ?" "ਭਾਰਤ, ਇਹੀ ਸਾਡਾ ਹਿੰਦੁਸਤਾਨ ਹੈ।" ਸੁਤੰਤਰ ਉੱਤੇ ਹੌਲ਼ੀ-ਹੌਲ਼ੀ ਅਸਰ ਹੋਣ ਲੱਗਾ।

ਸੁਤੰਤਰ ਨੇ ਕਾਬੁਲ ਵਿੱਚ ਗੁਰਦੁਆਰਾ ਕਮੇਟੀਆਂ ਬਣਾਈਆਂ, ਹਿੰਦੀ, ਗੁਰਮੁਖੀ ਪੜ੍ਹਨ ਦੇ ਲਈ ਪਾਠਸ਼ਾਲਾਵਾਂ ਖੁੱਲ੍ਹਵਾਈਆਂ। ਸ਼ਾਹ ਅਮਾਨੁੱਲਾ ਨੂੰ ਮਿਲਿਆ ਅਤੇ ਉਸ ਦੇ ਪ੍ਰਧਾਨ ਸੈਨਾਪਤੀ ਨਾਦਿਰ ਖ਼ਾਂ (ਪਿੱਛੋਂ ਨਾਦਿਰਸ਼ਾਹ) ਨਾਲ਼ ਤਿੰਨ ਵਾਰ ਮੁਲਾਕਾਤ ਕਰਕੇ ਘੰਟਿਆਂ ਬੱਧੀ ਗੱਲਾਂ ਕੀਤੀਆਂ। ਸਿੱਖਾਂ ਦੇ ਸੁਧਾਰ ਵਿੱਚ ਸਭ ਦੀ ਹਮਦਰਦੀ ਸੀ ਅਤੇ ਅਮਾਨੁੱਲਾ ਦੀ ਸਰਕਾਰ ਨੇ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ।

ਊਧਮ ਸਿੰਘ ਦੀ ਗੱਲ ਸੁਣਦੇ-ਸੁਣਦੇ ਸੁਤੰਤਰ ਇਸ ਨਤੀਜੇ ਉੱਤੇ ਪਹੁੰਚਿਆ ਕਿ ਵੱਡੇ "ਗੁਰਦੁਆਰੇ" ਦਾ ਸੁਧਾਰ ਸਭ ਤੋਂ ਜ਼ਰੂਰੀ ਹੈ ਅਤੇ ਇਹ ਕੰਮ ਅਸਹਿਯੋਗ ਕਰਨ, ਕੱਪੜਾ ਫੂਕਣ ਅਤੇ ਸ਼ਰਾਬਬੰਦੀ ਨਾਲ਼ ਨਹੀਂ ਹੋ ਸਕਦਾ, ਨਾਲ਼ ਹੀ ਇੰਨੇ ਵੱਡੇ ਕੰਮ ਨੂੰ ਸਿਰਫ਼ ਸਿੱਖ ਹੀ ਨਹੀਂ ਕਰ ਸਕਦੇ, ਇਸ ਵਿੱਚ ਮੁਸਲਮਾਨ ਅਤੇ ਸਾਰੇ ਦੇਸ਼ਵਾਸੀਆਂ ਨੂੰ ਨਾਲ਼ ਲੈਣਾ ਹੋਵੇਗਾ।

1923 ਦੀ ਫ਼ਰਵਰੀ ਵਿੱਚ ਸੁਤੰਤਰ ਫਿਰ ਹਿੰਦੁਸਤਾਨ ਪਰਤ ਆਇਆ। ਇਹ ਆਨੰਦਪੁਰ ਗਿਆ ਹੋਇਆ ਸੀ। ਉੱਥੇ ਕਿਸੇ ਨੇ ਇਕ ਸਾਧੂ ਨੂੰ ਮਿਲਣ ਨੂੰ ਕਿਹਾ। ਇਹ ਸਾਧੂ ਹੋਰ ਕੋਈ ਨਹੀਂ ਬਾਬਾ ਗੁਰਮੁੱਖ ਸਿੰਘ ਸੀ। ਸਾਧੂ ਨਾਲ਼ ਗੱਲਬਾਤ ਹੋਈ। ਇਹ ਤੈਅ ਹੋਇਆ ਕਿ ਉਸ ਨੂੰ ਕਾਬੁਲ ਪਹੁੰਚਾਉਣਾ ਹੋਵੇਗਾ।

**ਦੂਜੀ ਵਾਰ ਕਾਬੁਲ ਵਿੱਚ**- ਸੁਤੰਤਰ ਬਾਬਾ ਗੁਰਮੁੱਖ ਸਿੰਘ ਨੂੰ ਲੈ ਕੇ ਪਸ਼ੌਰ ਪਹੁੰਚ ਗਿਆ। ਪਸ਼ੌਰ ਤੋਂ ਜਦੋਂ ਉਹ ਮੋਟਰ ਵਿੱਚ ਬੈਠੇ ਤਾਂ ਪੁਲਿਸ ਥਾਣੇਦਾਰ ਵੀ ਆ ਕੇ ਬੈਠ ਗਿਆ। ਲੰਡੀਕੋਤਲ ਪਹੁੰਚਣ ਉੱਤੇ ਥਾਣੇਦਾਰ ਨੇ ਸਵਾਲ-ਜਵਾਬ ਕਰਨਾ ਸ਼ੁਰੂ ਕਰ ਦਿੱਤਾ। ਇਹ ਸਰਦਾਰ ਕਰਮ ਸਿੰਘ ਅਤੇ ਤੇਜਾ ਸਿੰਘ ਦੇ ਬਾਰੇ ਵਿੱਚ ਪੁੱਛਦਾ ਸੀ। ਫਿਰ ਸਾਧੂ ਨੂੰ ਛੱਡ ਕੇ ਤੇਜਾ ਸਿੰਘ ਨੂੰ ਉਹ ਥਾਣੇ ਵਿੱਚ ਲੈ ਗਿਆ। ਦੇਰ ਹੋ ਰਹੀ ਸੀ ਅਤੇ ਉੱਧਰ ਭੁੱਖ ਵੀ ਚਮਕ ਉੱਠੀ ਸੀ। ਸੁਤੰਤਰ ਨੇ ਕਿਹਾ, "ਰੋਟੀ ਤਾਂ ਖਿਲਾਓ।" ਥਾਣੇਦਾਰ ਬੋਲਿਆ, "ਅਸੀਂ ਤੁਹਾਡੇ ਵਰਗੇ ਬੱਚਿਆਂ ਤੋਂ ਕੀ ਲੈਣਾ ਹੈ?" "ਤਾਂ ਮੈਂ ਖਾ ਕੇ ਚਲਾ ਆਉਂਦਾ ਹਾਂ।" ਕਹਿ ਕੇ ਸੁਤੰਤਰ ਹਾਤੇ ਵਿੱਚੋਂ ਬਾਹਰ ਆ ਗਿਆ।

ਲੱਭ ਲਭਾ ਕੇ ਉਹ ਗੁਰਦੁਆਰੇ ਪਹੁੰਚ ਗਿਆ। ਜਿਵੇਂ-ਤਿਵੇਂ ਅਫ਼ਗਾਨਿਸਤਾਨ ਦੀ ਸਰਹੱਦ ਨੇੜੇ ਵਾਲੀ ਬਸਤੀ ਦੇ (ਡੱਕਾ) ਵਿੱਚ ਪਹੁੰਚ ਗਿਆ। ਸਰਹੱਦ ਪਾਰ ਹੋਣਾ ਸਭ ਤੋਂ ਵੱਡੀ ਸਮੱਸਿਆ ਸੀ। ਉੱਥੋਂ ਦੇ ਗੁਰਦੁਆਰੇ ਦਾ ਭਾਈ (ਗ੍ਰੰਥੀ) ਸੁਤੰਤਰ ਦੀ ਬਹਾਦਰੀ ਤੋਂ ਪ੍ਰਭਾਵਿਤ ਤਾਂ ਸੀ, ਪਰ ਉਹ ਕੋਈ ਮਦਦ ਨਹੀਂ ਕਰ ਸਕਦਾ ਸੀ। ਰਾਤ ਰਹਿੰਦੇ ਹੀ ਸਰਾਂ ਦਾ ਦਰਵਾਜ਼ਾ ਖੁੱਲ੍ਹਵਾਇਆ। ਸਰਹੱਦ ਪਾਰ ਕਰਕੇ ਅਫ਼ਗਾਨਿਸਤਾਨ ਦੇ ਅੰਦਰ ਵੀਹ ਗਜ਼ ਹੀ ਜਾ ਸਕਿਆ ਸੀ ਕਿ ਅਫ਼ਗਾਨੀ ਸਿਪਾਹੀ ਨੇ ਗੋਲੀ ਮਾਰਨ ਦੀ ਧਮਕੀ ਦਿੱਤੀ। ਲਾਚਾਰ ਉੱਥੇ ਸਰਹੱਦ ਉੱਤੇ ਹੀ ਬੈਠ ਗਏ। ਇਸੇ ਸਮੇਂ ਅੰਗਰੇਜ਼ੀ ਗਾਰਦ ਆ ਗਿਆ। ਉਸ ਨੇ ਸੁਤੰਤਰ ਨੂੰ ਫੜ ਲਿਆ। ਹੌਲਦਾਰ ਨੇ ਉਰਦੂ ਵਿੱਚ ਸਵਾਲ ਸ਼ੁਰੂ ਕੀਤੇ। ਸੁਤੰਤਰ ਇਹ ਸੋਚ ਕੇ ਫ਼ਾਰਸੀ ਬੋਲਣ ਲੱਗਾ ਕਿ ਉਹ ਉਸ ਨੂੰ ਅਫ਼ਗਾਨੀ ਸਿੱਖ ਸਮਝੇ। ਹੌਲਦਾਰ ਨੇ ਹੱਥ ਛੱਡ ਦਿੱਤਾ ਅਤੇ ਫਿਰ ਇਹ ਕਹਿ ਕੇ ਭਜਾ ਦਿੱਤਾ, ਜਾ ਭੱਜ ਜਾ, ਨਹੀਂ ਤਾਂ ਅਸੀਂ ਵੀ ਮਾਰੇ ਜਾਵਾਂਗੇ।

ਅਫ਼ਗਾਨ ਸਿਪਾਹੀ ਫਿਰ ਹੁੱਜਤ ਕਰਨ ਲੱਗਾ। ਸੁਤੰਤਰ ਨੇ ਸੋਚਿਆ ਜੇ ਇੱਥੇ ਮਾਰ ਕੁੱਟ ਕੀਤੀ ਤਾਂ ਅਫ਼ਗਾਨਿਸਤਾਨ ਪਹੁੰਚਣ ਵਿੱਚ ਸੌਖ ਹੋਵੇਗੀ। ਇਹ ਸੋਚ ਉਹ ਸਿਪਾਹੀ ਨਾਲ਼ ਝਗੜਨ ਲੱਗਾ। ਸਿਪਾਹੀ ਉਸ ਨੂੰ ਥਾਣੇਦਾਰ ਦੇ ਕੋਲ਼ ਲੈ ਗਿਆ। ਥਾਣੇਦਾਰ ਕੁਝ ਲੈ ਦੇ ਛੱਡ ਦੇਣਾ ਚਾਹੁੰਦਾ ਸੀ। ਉਹ ਵੀਹ ਰੁਪਈਏ ਮੰਗ ਰਿਹਾ ਸੀ, ਪਰ ਸੁਤੰਤਰ ਦੇ ਕੋਲ਼ ਢੇਰੀ ਤੋਂ ਵੱਖ ਸਿਰਫ਼ ਪੰਜ ਰੁਪਏ ਸਨ। ਉਹ ਨਹੀਂ ਚਾਹੁੰਦਾ ਸੀ ਕਿ ਥਾਣੇਦਾਰ ਨੂੰ ਢੇਰੀ ਦਾ ਪਤਾ ਲੱਗੇ। ਉਹ ਪੰਜ ਰੁਪਏ ਦੇਣ ਦੇ ਲਈ ਤਿਆਰ ਸੀ। ਹਾਲੇ ਉਹ ਥਾਣੇਦਾਰ ਦੇ ਕੋਲ਼ ਹੀ ਬੈਠਾ ਹੋਇਆ ਸੀ ਕਿ ਕਾਬੁਲ ਤੋਂ ਪਸ਼ੌਰ ਜਾਣ ਵਾਲਾ ਇਕ ਆਦਮੀ ਆ ਪਹੁੰਚਿਆ। ਉਸ ਵਿੱਚ ਸੁਤੰਤਰ ਦਾ ਜਾਣੂ ਈਸ਼ਵਰ ਸਿੰਘ (ਕਾਬੁਲੀ) ਵੀ ਸੀ। ਈਸ਼ਵਰ ਸਿੰਘ ਨੇ ਜਨਰਲ ਨਾਦਿਰ ਖ਼ਾਂ ਦੇ ਦਸਤਖ਼ਤ ਵਾਲਾ ਇਕ ਖ਼ਤ ਦਿੱਤਾ ਜਿਸ ਵਿੱਚ ਡੱਕਾ ਦੇ ਕਮਾਂਡਰ ਨੂੰ ਲਿਖਿਆ ਗਿਆ ਸੀ ਕਿ ਤੇਜਾ ਸਿੰਘ ਅਤੇ ਉਸ ਦੇ ਪੰਜ ਸਾਥੀਆਂ ਨੂੰ ਸਾਡੇ ਦੇਸ਼ ਵਿੱਚ ਆਉਣ ਦਿਓ ਅਤੇ ਉਸ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰੋ।

ਤੇਜਾ ਸਿੰਘ ਨੇ ਥਾਣੇਦਾਰ ਨੂੰ ਕਿਹਾ ਕਿ ਤੂੰ ਕਰਨਲ ਨਾਲ਼ ਫ਼ੋਨ ਉੱਤੇ ਗੱਲ ਕਰ ਲੈ, ਸਾਡੇ ਲਈ ਚਿੱਠੀ ਆਈ ਹੋਈ ਹੈ। ਕਰਨਲ ਨੇ ਥਾਣੇਦਾਰ ਦੀ ਉਸ ਬੇਵਕੂਫ਼ੀ ਉੱਤੇ ਦਸ ਗਾਲ੍ਹਾਂ ਕੱਢੀਆਂ ਅਤੇ ਸੁਤੰਤਰ ਨੂੰ ਤੁਰੰਤ ਭੇਜਣ ਦਾ ਹੁਕਮ ਦਿੱਤਾ। ਸੁਤੰਤਰ ਨੂੰ ਦੋ ਸਿਪਾਹੀ ਮਿਲੇ। ਉਹ ਸਰਕਾਰੀ ਮੋਟਰ ਉੱਤੇ ਅੱਗੇ ਲਈ ਰਵਾਨਾ ਹੋ ਗਿਆ। ਉਸ ਸਮੇਂ ਹਾਲੇ ਰਾਹ ਏਨਾ ਚੰਗਾ ਨਹੀਂ ਸੀ। ਸੁਤੰਤਰ ਤਿੰਨ ਦਿਨਾਂ ਵਿੱਚ ਕਾਬੁਲ ਪਹੁੰਚਿਆ।

ਅਪ੍ਰੈਲ (1923) ਦਾ ਮਹੀਨਾ ਸੀ। ਸੁਤੰਤਰ ਨੇ ਹਾਲੇ ਇੱਥੇ ਹੀ ਰਹਿਣਾ ਸੀ। ਉਸ ਨੇ ਗੁਰਦੁਆਰਿਆਂ ਵਿੱਚੋਂ ਮਹੰਤਾਂ ਨੂੰ ਹਟਾਇਆ ਅਤੇ ਸਿੱਖਾਂ ਵਿੱਚ ਸੁਧਾਰ ਦਾ ਅੰਦੋਲਨ ਚਲਾਇਆ। ਪਰ ਹੁਣ ਉਹ ਵੱਡੇ ਗੁਰਦੁਆਰੇ ਦੇ ਸੁਧਾਰ ਲਈ ਕਮਰ ਕੱਸ ਚੁੱਕਾ ਸੀ। ਊਧਮ ਸਿੰਘ ਨੇ ਉਸ ਨੂੰ ਹੋਰ ਗੱਲਾਂ ਵੀ ਦੱਸੀਆਂ। ਸੁਤੰਤਰ ਨੂੰ ਪਤਾ ਲੱਗਣ ਲੱਗਾ ਕਿ ਦੇਸ਼ ਦੀ ਆਜ਼ਾਦੀ ਦੇ ਲਈ ਸੈਨਿਕ ਵਿਗਿਆਨ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ। ਉਸ ਸਮੇਂ ਅਫ਼ਗਾਨਿਸਤਾਨ ਵਿੱਚ ਤੁਰਕੀ ਦਾ ਰਾਜਦੂਤ ਜਨਰਲ ਉਮਰ ਫ਼ਖ਼ਰੁਦੀਨ ਪਾਸ਼ਾ ਸੀ। ਇਸ ਜਨਰਲ ਨੇ ਸੀਰੀਆ ਅਤੇ ਅਰਬ ਦੇ ਮੈਦਾਨ ਵਿੱਚ ਆਪਣੇ ਅਜਿਹੇ ਹੱਥ ਵਿਖਾਏ ਸਨ ਕਿ ਅੰਗਰੇਜ਼ ਉਸ ਨੂੰ "ਤੁਰਕੀ ਦਾ ਬਾਘ" ਕਹਿੰਦੇ ਸਨ। ਸੁਤੰਤਰ ਨੇ ਪਾਸ਼ਾ ਨਾਲ਼ ਗੱਲਬਾਤ ਕੀਤੀ। ਉਹ ਇਸ ਬਾਈਆਂ ਸਾਲਾਂ ਦੇ ਨੌਜਵਾਨ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਬੋਲਿਆ - ਅਸੀਂ ਤੁਰਕੀ ਵਿੱਚ ਤੁਹਾਡੀ ਫ਼ੌਜੀ ਸਿੱਖਿਆ ਦੇ ਲਈ ਪ੍ਰਬੰਧ ਕਰ ਦਿਆਂਗੇ। ਪਰ ਹਾਲੇ ਸੁਤੰਤਰ ਨੇ ਉੱਥੇ ਨਹੀਂ ਜਾਣਾ ਸੀ।

ਮਹੀਨੇ ਕੁ ਤੋਂ ਕੁਝ ਘੱਟ ਸਮਾਂ ਹੀ ਉਹ ਕਾਬੁਲ ਵਿੱਚ ਰਿਹਾ ਅਤੇ ਫਿਰ ਊਧਮ ਸਿੰਘ ਦੇ ਨਾਲ਼ ਸੁਤੰਤਰ ਭਾਰਤ ਮੁੜ ਆਇਆ। ਡੱਕਾ ਦੇ ਰਾਹ ਵੱਲੋਂ ਨਹੀਂ ਸੀ ਆ ਸਕਦੇ, ਇਸ ਲਈ, ਉਨ੍ਹਾਂ ਨੇ ਚੋਰ ਰਸਤੇ ਦੇ ਬਾਰੇ ਪੁੱਛ-ਗਿੱਛ ਕੀਤੀ। ਲਾਲਪੁਰ ਵਿੱਚ ਆ ਕੇ ਉਨ੍ਹਾਂ ਨੇ ਚਮੜੇ ਦੀ ਮਸ਼ਕ ਦੀ ਕਿਸ਼ਤੀ ਠੀਕ ਕੀਤੀ ਅਤੇ ਹਨੇਰਾ ਹੁੰਦਿਆਂ ਹੀ ਇਕ ਰਸਤਾ ਵਿਖਾਉਣ ਵਾਲੇ ਪਠਾਨ ਅਤੇ ਇਕ ਦੂਜੇ ਸਿੱਖ ਨੂੰ ਲੈ ਕਾਬੁਲ ਨਦੀ ਵਿੱਚ ਮਸ਼ਕ ਨੂੰ ਛੱਡ ਦਿੱਤਾ। ਮਸ਼ਕ ਹੇਠਾਂ ਨੂੰ ਵਹਿਣ ਲੱਗੀ। ਇਕ ਝਰਨੇ ਵਿੱਚ ਮਸ਼ਕ ਉਲਟ ਗਈ। ਖ਼ੈਰ, ਤੈਰਨਾ ਤਾਂ ਉਹ ਜਾਣਦੇ ਸਨ, ਮਸ਼ਕ ਫੜ ਕੇ ਫਿਰ ਚੜ੍ਹੇ। ਰਸਤੇ ਵਿੱਚ ਸਿਪਾਹੀ ਨੇ ਰੋਕਿਆ। ਸਰਦੀ ਸੀ, ਸਿਪਾਹੀ ਵੀ ਠਰਿਆ ਹੋਇਆ ਸੀ। ਸੁਤੰਤਰ ਨੇ ਕਿਹਾ, "ਅਸੀਂ ਪਸ਼ੌਰ ਜਾ ਰਹੇ ਹਾਂ, ਤਲਾਸ਼ੀ ਲੈਣੀ ਹੋਵੇ ਤਾਂ ਲੈ ਲਓ।" ਸਿਪਾਹੀ ਨੇ ਛੱਡ ਦਿੱਤਾ। ਪਸ਼ੌਰ ਤੋਂ ਅੱਠ ਮੀਲ ਦੂਰ ਉਹ ਮਸ਼ਕ ਵਿੱਚੋਂ ਉਤਰ ਗਏ ਅਤੇ ਪੰਜਾਬ ਚਲੇ ਆਏ।

ਮਈ ਦਾ ਅੱਧ ਬੀਤ ਚੁੱਕਿਆ ਸੀ। ਸੁਤੰਤਰ ਅਤੇ ਉਸ ਦੇ ਸਾਥੀ ਕਿੰਨੇ ਹੀ ਲੋਕਾਂ ਨੂੰ ਮਿਲੇ, ਉਨ੍ਹਾਂ ਨਾਲ਼ ਗੱਲਬਾਤ ਕੀਤੀ। ਅੰਤ ਇਹ ਤੈਅ ਹੋਇਆ ਕਿ ਸੈਨਿਕ ਸਿੱਖਿਆ ਦੇ ਲਈ ਕੁਝ ਵਿਦਿਆਰਥੀ ਬਾਹਰ ਭੇਜੇ ਜਾਣ। ਇਨ੍ਹਾਂ ਵਿਦਿਆਰਥੀਆਂ ਵਿੱਚ ਸੁਤੰਤਰ ਦਾ ਨਾਮ ਸਭ ਤੋਂ ਪਹਿਲਾਂ ਆਇਆ।

**ਵਿਦੇਸ਼ ਦੀ ਲੰਬੀ ਯਾਤਰਾ**- ਸੁਤੰਤਰ ਜਾਣਦਾ ਸੀ, ਹੁਣ ਪਤਾ ਨਹੀਂ ਕਿੰਨੇ ਸਾਲਾਂ ਦੇ ਲਈ ਘਰ ਦਾ ਮੂੰਹ ਨਹੀਂ ਵੇਖ ਸਕੇਗਾ। ਉਹ ਮਾਂ-ਪਿਓ ਨੂੰ ਮਿਲਣ ਘਰ ਗਿਆ। 5 ਜੁਲਾਈ (1923) ਨੂੰ ਅਲੂਣਾ ਤੋਂ ਤੁਰ ਪਿਆ। ਊਧਮ ਸਿੰਘ ਵੀ ਉਸ ਦੇ ਨਾਲ਼ ਸੀ। ਪਸ਼ੌਰ ਤੋਂ ਕਿਸੇ ਸਵਾਰੀ ਉੱਤੇ ਬਹਿ ਕੇ ਉਹ ਸ਼ੱਕਦਰ ਗਏ। ਉੱਥੇ ਕਮਾਦ ਦੇ ਖੇਤਾਂ ਵਿੱਚ ਲੁਕੇ ਰਹੇ। ਗੰਦਾਬ ਨਾਮ ਦਾ ਇਕ ਛੋਟਾ ਨਾਲਾ ਹੀ ਸਰਹੱਦ ਹੈ ਅਫ਼ਗਾਨਿਸਤਾਨ ਅਤੇ ਅੰਗਰੇਜ਼ੀ ਰਾਜ ਦੀ ਸੀਮਾ ਨਹੀਂ, ਸਗੋਂ ਸੁਤੰਤਰ ਕਬੀਲਿਆਂ ਅਤੇ ਅੰਗਰੇਜ਼ੀ ਰਾਜ ਦੀ ਸੀਮਾ ਹੈ। ਰਾਤ ਨੂੰ ਨਾਲਾ ਪਾਰ ਕਰਕੇ ਇਕ ਘਾਟੀ ਉੱਤੇ ਪਹੁੰਚ ਗਿਆ। ਉਸ ਦਿਨ 8 ਜੁਲਾਈ ਸੀ। ਕਬੀਲੇ ਵਾਲਿਆਂ ਨੇ ਤੇਜਾ ਸਿੰਘ ਨੂੰ ਫੜ ਲਿਆ। ਸੁਤੰਤਰ ਦੇ ਨਾਲ਼ ਇਕ ਪਠਾਨ ਰੱਖਿਅਕ ਵੀ ਸੀ। ਪਠਾਨ ਨੇ ਕਬੀਲੇ ਵਾਲਿਆਂ ਨੂੰ ਬਹੁਤ ਸਮਝਾਇਆ ਪਰ ਉਹ ਛੱਡਣ ਦੇ ਲਈ ਰਾਜ਼ੀ ਨਾ ਹੋਏ। ਇਸ ਉੱਤੇ ਕਬੀਲੇ-ਕਬੀਲੇ ਵਿੱਚ ਲੜਾਈ ਹੋਣ ਦੀ ਧਮਕੀ ਦੇ ਕੇ ਉਹ ਉੱਥੋਂ ਚੱਲ ਪਿਆ। ਕੁਝ ਸਮੇਂ ਬਾਅਦ ਕਬੀਲੇ ਵਾਲਿਆਂ ਨੂੰ ਅਕਲ ਆਈ ਅਤੇ ਉਨ੍ਹਾਂ ਨੇ ਸੁਤੰਤਰ ਨੂੰ ਛੱਡ ਦਿੱਤਾ। ਸੁਤੰਤਰ ਹੋਰੀਂ ਅੱਗੇ ਚੱਲ ਪਏ। ਸਿਰਫ਼ ਰਾਤ ਨੂੰ ਹੀ ਚੱਲ ਸਕਦੇ ਸਨ। ਇਕ ਜਗ੍ਹਾ ਡਿੱਗ ਕੇ ਮੌਤ ਦੇ ਮੂੰਹ ਜਾਣ ਤੋਂ ਵਾਲ-ਵਾਲ ਬਚੇ। ਅਫ਼ਗਾਨ ਸਰਹੱਦ ਪਾਰ ਕਰਕੇ ਨਾਲ਼ ਪੁਰ ਪਹੁੰਚ ਗਿਆ। ਉਸ ਦਿਨ ਪਸ਼ੌਰ ਛੱਡੇ ਤਿੰਨ ਦਿਨ ਹੋ ਚੁੱਕੇ ਸਨ।

ਇੱਕ ਦੋ ਦਿਨ ਆਰਾਮ ਕਰਕੇ ਕਾਬੁਲ ਚਲੇ ਗਏ। ਉੱਥੇ ਅਮਰੀਕਾ ਤੋਂ ਆਏ ਦੋ ਸਿੱਖ ਉਸ ਨੂੰ ਮਿਲੇ, ਜੋ ਰੂਸ ਤੋਂ ਹੁੰਦੇ ਆਏ ਸਨ। 20 ਅਗਸਤ 1923 ਨੂੰ ਸਭ ਨੇ ਸਾਰੀ ਪਰਿਸਥਿਤੀ ਉੱਤੇ ਵਿਚਾਰ ਕੀਤਾ। ਹਿੰਦੁਸਤਾਨ ਵਿੱਚ ਮਜ਼ਦੂਰ-ਕਿਸਾਨ ਅੰਦੋਲਨ ਸ਼ੁਰੂ ਕੀਤਾ ਜਾਵੇ ਅਤੇ ਉਸ ਦੇ ਲਈ 'ਕਿਰਤੀ-ਕਿਸਾਨ' ਪੱਤਰ ਕੱਢਿਆ ਜਾਵੇ। ਸੁਤੰਤਰ ਦੇ ਲਈ ਤੈਅ ਹੋਇਆ ਕਿ ਉਹ ਫ਼ੌਜੀ ਸਿੱਖਿਆ ਦੇ ਲਈ ਤੁਰਕੀ ਜਾਵੇ। ਇਸ ਵੇਲ਼ੇ ਸੁਤੰਤਰ ਨੂੰ ਮਾਰਕਸ ਅਤੇ ਲੈਨਿਨ ਦੀਆਂ ਕਿੰਨੀਆਂ ਹੀ ਗੱਲਾਂ ਸੁਣਨ ਨੂੰ ਮਿਲੀਆਂ, ਕਈ ਕਿਤਾਬਾਂ ਦਾ ਨਾਮ ਵੀ ਸੁਣਿਆ। ਤੁਰਕੀ ਰਾਜਦੂਤ ਨੇ ਸੁਤੰਤਰ ਨੂੰ ਤੁਰਕੀ ਜਾ ਕੇ ਫ਼ੌਜੀ ਸਿੱਖਿਆ ਪ੍ਰਾਪਤ ਕਰਨ ਦੇ ਲਈ ਕਈ ਚਿੱਠੀਆਂ ਦਿੱਤੀਆਂ।

ਸੁਤੰਤਰ ਨੇ ਕਿਰਾਏ ਦਾ ਟੱਟੂ ਕੀਤਾ ਅਤੇ ਚਾਰੇ ਕਾਰ, ਬਾਮਿਆਨ ਹੁੰਦੇ ਹੋਏ ਹਿੰਦੂ ਕੁਸ਼ ਪਾਰ ਕਰਕੇ ਖ਼ੁੱਰਮ, ਐਬਕ, ਕਾਸ਼ਕੁਰਗਨ ਹੁੰਦੇ ਹੋਏ 20 ਦਿਨਾਂ ਵਿੱਚ ਮਜ਼ਾਰੇ ਸ਼ਰੀਫ਼ ਪਹੁੰਚਿਆ। ਉਸ ਦੀ ਪੋਸ਼ਾਕ ਅਫ਼ਗਾਨੀ ਸੀ ਅਤੇ ਉਹ ਖ਼ੁਦ ਨੂੰ ਇੰਜੀਨੀਅਰ ਦੱਸਦਾ ਸੀ। ਨਾਲ਼ ਟੱਟੂ ਵਾਲੇ ਨੂੰ ਛੱਡ ਕੇ ਹੋਰ ਕੋਈ ਨਾਲ਼ ਨਹੀਂ ਸੀ। ਮਜ਼ਾਰੇ ਸ਼ਰੀਫ਼ ਤੋਂ ਰੂਸੀ ਇਲਾਕੇ ਵੱਲ ਜਾਣਾ ਚੰਗਾ ਨਹੀਂ ਸੀ, ਕਿਉਂਕਿ ਅਮੀਰ ਅਤੇ ਬੋਲਸ਼ੇਵਿਕਾਂ ਦੀ ਲੜਾਈ ਹਾਲੇ ਉੱਥੇ ਬੰਦ ਨਹੀਂ ਹੋਈ ਸੀ। ਸੁਤੰਤਰ ਆਮੂ ਦੇ ਕਿਨਾਰੇ ਤੱਕ ਗਏ ਅਤੇ ਗੋਲੀਆਂ ਦੀ ਆਵਾਜ਼ ਸੁਣੀ, ਫਿਰ ਸ਼ਰੀਫ਼ ਪਰਤ ਆਇਆ। ਹੁਣ ਉਸ ਕੋਲ਼ ਲੰਮਾ ਰਸਤਾ ਫੜਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਸੀ। ਮਜ਼ਾਰੇ ਸ਼ਰੀਫ਼ ਤੋਂ ਉਸ ਨੇ ਹਿਰਾਤ ਦਾ ਰਸਤਾ ਫੜਿਆ ਅਤੇ ਬਲਖ, ਅੰਦਕੂਈ, ਆਖਚਾ, ਮੇਮਨਾ, ਮੁਰਗਾਬ ਅਤੇ ਕਿਲ੍ਹਾ-ਨੌ ਹੁੰਦੇ ਹੋਏ 25 ਦਿਨਾਂ ਵਿੱਚ ਉੱਥੇ ਪਹੁੰਚ ਗਿਆ। ਰਸਤਾ ਖ਼ਤਰਿਆਂ ਨਾਲ਼ ਭਰਿਆ ਹੋਇਆ ਸੀ। ਇਕ ਜਗ੍ਹਾ ਡਾਕੂਆਂ ਨੇ ਫੜ ਲਿਆ। ਬਾਈ ਸਾਲ ਦੇ ਸੁਤੰਤਰ ਦੇ ਮੂੰਹ ਉੱਤੇ ਥੋੜ੍ਹੀ ਥੋੜ੍ਹੀ ਦਾੜ੍ਹੀ ਆ ਗਈ ਸੀ, ਨਾਲ਼ ਫ਼ਾਰਸੀ ਵਿੱਚ ਬੋਲ ਰਿਹਾ ਸੀ। ਡਾਕੂਆਂ ਨੇ ਸਮਝਿਆ- ਕੋਈ ਨੌਜਵਾਨ ਮੁੱਲਾ ਹੈ। "ਸੰਦੂਕਚੀ ਵਿੱਚ ਕੀ ਹੈ?" ਪੁੱਛਣ ਉੱਤੇ ਸੁਤੰਤਰ ਨੇ ਕਿਹਾ "ਕੁਰਾਨ ਪਾਕ।" ਡਾਕੂਆਂ ਨੇ ਮੁੱਲਾ ਤੋਂ ਮੁਆਫ਼ੀ ਮੰਗੀ ਅਤੇ ਛੱਡ ਦਿੱਤਾ। ਇਕ ਡਾਕੂ ਸੁਤੰਤਰ ਦੇ ਨਾਲ਼-ਨਾਲ਼ ਚੱਲਿਆ ਅਤੇ ਤਾਵੀਜ਼ ਦੇਣ ਦੇ ਲਈ ਬਹੁਤ ਮਿੰਨਤ ਕਰ ਰਿਹਾ ਸੀ। ਸੁਤੰਤਰ ਨੇ ਕਿਹਾ, "ਹਾਲੇ ਪਾਕ ਨਹੀਂ ਹਾਂ, ਵੁਜ਼ੂ ਕਰਕੇ ਦਿਆਂਗਾ। ਨਾਲ਼ ਚਲਿਆ ਆ।" ਹਿਰਾਤ ਜਦੋਂ ਥੋੜ੍ਹੀ ਦੂਰ ਰਹਿ ਗਿਆ ਤਾਂ ਡਾਕੂ ਨੂੰ ਮੁੜਦੇ ਵੇਲ਼ੇ ਤਾਵੀਜ਼ ਦੇਣ ਦੀ ਗੱਲ ਕਹਿ ਕੇ ਛੁੱਟੀ ਲੈਣੀ ਚਾਹੀ। ਡਾਕੂ ਨੇ ਕਿਹਾ, "ਚੰਗਾ ਤਾਂ ਫਿਰ ਮੁੱਲਾ ਸਾਹਿਬ ਸਾਡੇ ਲਈ ਦੁਆ ਹੀ ਕਰ ਦਿਓ।"

(● ਬਾਕੀ ਸਫ਼ਾ 9 'ਤੇ)

ਨਵਾਂ ਜ਼ਮਾਨਾ
ਸ਼ੁੱਕਰਵਾਰ 19 ਸਤੰਬਰ 2025

# ਘੁਸਪੈਠ ਦਾ ਹਊਆ

*ਬਿਹਾਰ ਵਿੱਚ ਇਨ੍ਹੀਂ ਦਿਨੀਂ ਉਠ ਰਹੇ 'ਵੋਟ ਚੋਰ, ਗੱਦੀ ਛੋੜ' ਦੇ ਨਾਅਰੇ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਬਿਹਾਰ ਦੌਰੇ ਦੌਰਾਨ ਕਿਹਾ ਕਿ ਸੀਮਾਂਚਲ ਤੇ ਪੂਰਬੀ ਭਾਰਤ ਵਿੱਚ ਘੁਸਪੈਠੀਆਂ ਕਰਕੇ ਉੱਥੇ ਆਬਾਦੀ ਦੇ ਅਨੁਪਾਤ (ਡੈਮੋਗ੍ਰਾਫੀ) 'ਚ ਤਬਦੀਲੀ ਕਾਰਨ ਬਹੁਤ ਵੱਡਾ ਖਤਰਾ ਪੈਦਾ ਹੋ ਗਿਆ ਹੈ ਅਤੇ ਕਾਂਗਰਸ ਤੇ ਰਾਸ਼ਟਰੀ ਜਨਤਾ ਦਲ (ਰਾਜਦ) ਘੁਸਪੈਠੀਆਂ ਨੂੰ ਵੋਟਰ ਲਿਸਟਾਂ ਵਿੱਚੋਂ ਕੱਢਣ ਦਾ ਵਿਰੋਧ ਕਰ ਰਹੇ ਹਨ। ਅਜੀਬ ਗੱਲ ਹੈ ਕਿ 11 ਸਾਲ ਤੋਂ ਕੇਂਦਰ ਅਤੇ ਬਿਹਾਰ, ਆਸਾਮ ਵਿੱਚ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਮੋਦੀ ਘੁਸਪੈਠ ਲਈ ਆਪੋਜ਼ੀਸ਼ਨ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਜੇ 'ਭਾਰਤ ਵਿੱਚ ਕਾਨੂੰਨ ਨਹੀਂ ਚੱਲ ਰਿਹਾ', ਜਿਵੇਂ ਪ੍ਰਧਾਨ ਮੰਤਰੀ ਦਾਅਵਾ ਕਰ ਰਹੇ ਹਨ ਤਾਂ ਇਹ ਕਿਸ ਦੀ ਨਾਕਾਮੀ ਹੈ? ਬਿਹਾਰ ਵਿੱਚ ਭਾਜਪਾ-ਜਨਤਾ ਦਲ (ਯੂ) ਗੱਠਜੋੜ ਦੀ ਤੇ ਆਸਾਮ ਵਿੱਚ ਭਾਜਪਾ ਦੀ ਸਰਕਾਰ ਹੈ। ਜੇ ਇਨ੍ਹਾਂ ਰਾਜਾਂ ਵਿੱਚ ਭੈਣਾਂ ਤੇ ਧੀਆਂ ਦੀ ਸੁਰੱਖਿਆ ਖਤਰੇ ਵਿੱਚ ਹੈ ਤਾਂ ਜ਼ਿੰਮੇਵਾਰੀ ਕਿਸ ਦੀ ਹੈ ਅਤੇ ਆਬਾਦੀ ਸੰਤੁਲਨ ਬਦਲਣ ਦੇ ਦਾਅਵੇ ਦਾ ਆਧਾਰ ਕੀ ਹੈ, ਜਦਕਿ 2011 ਦੇ ਬਾਅਦ ਜਨਗਣਨਾ ਹੀ ਨਹੀਂ ਹੋਈ! ਕੀ ਇਹ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ? ਘੁਸਪੈਠ ਰੋਕਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ, ਖਾਸਕਰ ਗ੍ਰਹਿ ਮੰਤਰਾਲੇ ਅਤੇ ਸਰਹੱਦੀ ਸੁਰੱਖਿਆ ਬਲਾਂ ਦੀ ਹੈ। ਇਹ ਬਲ ਗ੍ਰਹਿ ਮੰਤਰਾਲੇ ਦੇ ਅਧੀਨ ਹਨ। ਜੇ ਘੁਸਪੈਠ ਹੋ ਰਹੀ ਹੈ ਤਾਂ ਕੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜਵਾਬਦੇਹੀ ਨਹੀਂ ਬਣਦੀ? ਕੀ ਮੋਦੀ ਉਨ੍ਹਾ ਤੋਂ ਅਸਤੀਫਾ ਮੰਗਣਗੇ?*

*ਬਿਹਾਰ ਅਸੈਂਬਲੀ ਚੋਣਾਂ ਅਕਤੂਬਰ-ਨਵੰਬਰ ਵਿੱਚ ਹੋਣੀਆਂ ਹਨ ਅਤੇ ਆਸਾਮ ਤੇ ਪੱਛਮੀ ਬੰਗਾਲ ਦੀਆਂ ਅਸੈਂਬਲੀ ਚੋਣਾਂ ਅਗਲੇ ਸਾਲ ਮਾਰਚ-ਅਪ੍ਰੈਲ ਵਿੱਚ ਹੋਣੀਆਂ ਹਨ। ਬਿਹਾਰ ਤੇ ਆਸਾਮ ਵਿੱਚ ਭਾਜਪਾ ਬੇਰੁਜ਼ਗਾਰੀ ਤੇ ਗਰੀਬੀ ਵਰਗੇ ਮੁੱਦਿਆਂ ਦਾ ਜਵਾਬ ਨਹੀਂ ਦੇ ਪਾ ਰਹੀ ਤੇ ਧਿਆਨ ਭਟਕਾਉਣ ਲਈ ਆਪੋਜ਼ੀਸ਼ਨ ਨੂੰ ਨਿਸ਼ਾਨਾ ਬਣਾ ਕੇ ਘੁਸਪੈਠ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕ ਰਹੀ ਹੈ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਸੱਤਾ ਵਿੱਚ ਹੈ, ਜਿਥੇ ਭਾਜਪਾ ਬੰਗਲਾਦੇਸ਼ੀ ਘੁਸਪੈਠੀਆਂ ਦਾ ਹਊਆ ਖੜ੍ਹਾ ਕਰਕੇ ਹਿੰਦੂਆਂ ਨੂੰ ਡਰਾ ਕੇ ਧਰੁਵੀਕਰਨ ਕਰਨ ਲੱਗੀ ਹੋਈ ਹੈ। ਦਿਲਚਸਪ ਗੱਲ ਇਹ ਵੀ ਹੈ ਕਿ ਭਾਜਪਾ ਬੰਗਲਾਦੇਸ਼ ਵਿੱਚੋਂ ਇਧਰ ਕੰਮਕਾਰ ਲਈ ਆਉਂਦੇ ਮੁਸਲਮਾਨਾਂ ਨੂੰ ਘੁਸਪੈਠੀਏ ਦੱਸਦੀ ਹੈ, ਉਧਰੋਂ ਆਉਣ ਵਾਲੇ ਹਿੰਦੂਆਂ ਨੂੰ ਨਹੀਂ।*

*ਡੈਮੋਗ੍ਰਾਫੀ ਬਦਲਾਅ ਦਾ ਮਤਲਬ ਅਕਸਰ ਸਥਾਨਕ ਪੱਧਰ 'ਤੇ ਆਬਾਦੀ ਦੇ ਬਦਲਾਅ ਤੋਂ ਲਿਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਕਿਸੇ ਮੁਹੱਲੇ 'ਚ ਮੁਸਲਮ ਆਬਾਦੀ ਦਾ ਵਧਣਾ ਤੇ ਹਿੰਦੂ ਆਬਾਦੀ ਦਾ ਘਟਣਾ, ਪਰ ਅਜਿਹਾ ਘੁਸਪੈਠ ਤੋਂ ਵੱਧ ਪ੍ਰਵਾਸ ਅਤੇ ਸਮਾਜੀ-ਆਰਥਕ ਕਾਰਨਾਂ ਕਰਕੇ ਹੁੰਦਾ ਹੈ। ਲੋਕ ਬਿਹਤਰ ਮੌਕਿਆਂ ਦੀ ਭਾਲ ਵਿੱਚ ਸ਼ਹਿਰਾਂ ਵੱਲ ਪਲਾਇਨ ਕਰਦੇ ਹਨ। ਹਿੰਦੂ ਦਰਮਿਆਨੇ ਤਬਕੇ ਦੇ ਲੋਕ ਬੇਂਗਲੁਰੂ ਤੇ ਪੁਣੇ ਵਰਗੇ ਸ਼ਹਿਰਾਂ ਵਿੱਚ ਜਾ ਰਹੇ ਹਨ ਤੇ ਉਨ੍ਹਾਂ ਦੇ ਪਿੰਡਾਂ ਵਿੱਚ ਘਰ ਖਾਲੀ ਹੋ ਰਹੇ ਹਨ। ਮੁਸਲਮ ਗਰੀਬ ਆਬਾਦੀ ਅਕਸਰ ਨਿੱਕੇ-ਮੋਟੇ ਕੰਮਾਂ ਲਈ ਸਥਾਨਕ ਪੱਧਰ 'ਤੇ ਪ੍ਰਵਾਸ ਕਰਦੀ ਹੈ, ਪਰ ਭਾਜਪਾ ਇਸ ਨੂੰ ਮੁਸਲਮ ਆਬਾਦੀ 'ਚ ਵਾਧੇ ਦੇ ਰੂਪ ਵਿੱਚ ਪੇਸ਼ ਕਰਦੀ ਹੈ, ਜੋ ਹਿੰਦੂਆਂ ਵਿੱਚ ਡਰ ਫੈਲਾਉਣ ਦੀ ਰਣਨੀਤੀ ਹੈ। ਉਹ ਮੁਸਲਮਾਨਾਂ ਬਾਰੇ ਡਰ ਫੈਲਾਉਣ ਲਈ 'ਚਾਰ ਬੀਵੀਆਂ ਚਾਲੀ ਬੱਚੇ' ਦਾ ਪ੍ਰਚਾਰ ਵੀ ਕਰਦੀ ਹੈ, ਜਦਕਿ ਕੌਮੀ ਪਰਵਾਰ ਸਿਹਤ ਸਰਵੇਖਣ ਮੁਤਾਬਕ ਸਿਰਫ 1.4 ਫੀਸਦੀ ਮੁਸਲਮ ਮਹਿਲਾਵਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਤੀਆਂ ਦੀਆਂ ਹੋਰ ਪਤਨੀਆਂ ਵੀ ਹਨ।*

*ਮੋਦੀ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਹਨ, ਜਿਹੜੇ ਪਹਿਲਾਂ ਵੀ ਧਰੁਵੀਕਰਨ ਕਰਾਉਣ ਵਾਲੇ ਬਿਆਨ ਦੇ ਚੁੱਕੇ ਹਨ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਰਾਜਸਥਾਨ ਦੇ ਬਾਂਸਵਾੜਾ ਦੀ ਰੈਲੀ ਵਿੱਚ ਉਨ੍ਹਾ ਕਿਹਾ ਸੀ ਕਿ ਕਾਂਗਰਸ ਜ਼ਿਆਦਾ ਬੱਚਿਆਂ ਵਾਲਿਆਂ ਨੂੰ ਤੁਹਾਡੀ ਸੰਪਤੀ ਵੰਡ ਦੇਵੇਗੀ, ਮੰਗਲਸੂਤਰ ਖੋਹ ਲਵੇਗੀ। ਇਹ ਸਿੱਧਾ-ਸਿੱਧਾ ਮੁਸਲਮਾਨਾਂ 'ਤੇ ਨਿਸ਼ਾਨਾ ਸੀ। ਹਕੀਕਤ ਇਹ ਹੈ ਕਿ ਆਪੋਜ਼ੀਸ਼ਨ ਪਾਰਟੀਆਂ ਨੇ ਕਦੇ ਵੀ ਘੁਸਪੈਠੀਆਂ ਨੂੰ ਵਸਾਉਣ ਦੀ ਵਕਾਲਤ ਨਹੀਂ ਕੀਤੀ, ਸਗੋਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦਾ ਵਿਰੋਧ ਕੀਤਾ ਹੈ, ਜੋ ਕਿ ਉਨ੍ਹਾਂ ਦਾ ਸੰਵਿਧਾਨਕ ਫਰਜ਼ ਹੈ। ਮੁਸਲਮ ਭਾਈਚਾਰਾ ਭਾਰਤ ਦੀ ਮਿੱਟੀ ਵਿੱਚ ਰਚਿਆ-ਵਸਿਆ ਹੈ, ਉਸ ਨੂੰ ਲਗਾਤਾਰ ਸ਼ੱਕ ਦੇ ਘੇਰੇ ਵਿੱਚ ਰੱਖਣਾ ਤੇ ਫਿਰਕੂ ਨਫਰਤ ਫੈਲਾਉਣਾ ਦੇਸ਼ ਭਗਤੀ ਨਹੀਂ, ਸਗੋਂ ਵੰਡਪਾਊ ਸਿਆਸਤ ਹੈ। ਅਫਸੋਸ! ਇਸ ਮੁਹਿੰਮ ਦੀ ਅਗਵਾਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ, ਜਿਹੜੇ ਸੰਵਿਧਾਨ ਨੂੰ ਮੱਥੇ ਨਾਲ ਲਾਉਂਦੇ ਹਨ, ਪਰ ਬਿਆਨ ਭਾਈਚਾਰੇ ਦੀ ਭਾਵਨਾ ਨੂੰ ਸੱਟ ਮਾਰਨ ਵਾਲੇ ਦਿੰਦੇ ਹਨ। ਸੰਵਿਧਾਨ ਬਰਾਬਰੀ, ਆਜ਼ਾਦੀ ਤੇ ਭਰਾਤਰੀਭਾਵ ਦੀ ਬੁਨਿਆਦ 'ਤੇ ਖੜ੍ਹਾ ਹੈ, ਪਰ ਪ੍ਰਧਾਨ ਮੰਤਰੀ ਦੀ ਜ਼ੁਬਾਨ ਦੱਸਦੀ ਹੈ ਕਿ ਉਨ੍ਹਾ ਦੇ ਦਿਮਾਗ ਵਿੱਚ ਕੁਝ ਹੋਰ ਚਲਦਾ ਹੈ!*

# ਵਿਦਿਆਰਥੀਆਂ 'ਚ ਸਾਹਿਤਕ ਰੁਚੀਆਂ ਪ੍ਰਫੁੱਲਤ ਕਰਨ 'ਚ ਭਾਸ਼ਾ ਵਿਭਾਗ ਦਾ ਰੋਲ

ਜੇਕਰ ਅੱਜ ਤੋਂ ਲਗਭੱਗ ਚਾਲ਼ੀ ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਉਦੋਂ ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਨੌਜਵਾਨਾਂ, ਮੁਟਿਆਰਾਂ, ਸਰਕਾਰੀ ਤੇ ਗ਼ੈਰ-ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ, ਖੇਤਾਂ ਵਿੱਚ ਕੰਮ ਧੰਦਾ ਕਰਨ ਵਾਲੇ ਕਿਸਾਨਾਂ ਦੇ ਝੋਲਿਆਂ ਵਿੱਚ ਕੋਈ ਨਾ ਕੋਈ ਨਾਵਲ, ਕਹਾਣੀਆਂ ਜਾਂ ਕਵਿਤਾਵਾਂ ਦੀ ਪੁਸਤਕ ਜ਼ਰੂਰ ਹੁੰਦੀ ਸੀ। ਆਪਣੇ ਹੱਥਾਂ ਜਾਂ ਝੋਲਿਆਂ ਵਿੱਚ ਪੁਸਤਕਾਂ ਰੱਖਣ ਵਾਲ਼ੇ ਇਨ੍ਹਾਂ ਸਾਹਿਤਕ ਰੁਚੀਆਂ ਵਾਲ਼ੇ ਲੋਕਾਂ ਨੂੰ ਜਨ-ਸਾਧਾਰਨ ਵੱਲੋਂ ਬੜੇ ਸਤਿਕਾਰ ਨਾਲ ਦੇਖਿਆ ਅਤੇ ਮਿਲਿਆ ਜਾਂਦਾ ਸੀ। ਸ਼ਾਇਦ ਇਸੇ ਲਈ ਕਿਹਾ ਜਾਂਦਾ ਸੀ- 'ਪੁਸਤਕ ਹੱਥ ਵਿੱਚ ਹੋਵੇ ਤਾਂ ਸ਼ਿੰਗਾਰ ਹੁੰਦੀ ਹੈ। ਸਿਰ 'ਤੇ ਚੜ੍ਹ ਜਾਵੇ ਤਾਂ ਹੰਕਾਰ ਹੁੰਦੀ ਹੈ, ਪਰ ਜੇ ਦਿਲ ਵਿੱਚ ਵਸ ਜਾਵੇ ਤਾਂ ਪਿਆਰ ਹੁੰਦੀ ਹੈ।' ਇਹ ਇੱਕ ਮਨੋਵਿਗਿਆਨਕ ਤੱਥ ਹੈ ਕਿ ਕੋਈ ਵੀ ਆਰਟ/ਕਲਾ ਜੰਮਣ ਸਮੇਂ ਬੱਚਾ ਆਪਣੇ ਨਾਲ ਹੀ ਲੈ ਕੇ ਜੰਮਦਾ ਹੈ। ਜਿੱਥੋਂ ਤੱਕ ਸਾਹਿਤ ਪੜ੍ਹਨ ਅਤੇ ਲਿਖਣ ਦਾ ਸੰਬੰਧ ਹੈ, ਇਸ ਨੂੰ ਅਭਿਆਸ ਨਾਲ, ਮਿਹਨਤ ਨਾਲ, ਪ੍ਰੇਰਨਾ ਨਾਲ਼ ਅਤੇ ਨਿੱਜੀ ਦਿਲਚਸਪੀ ਨਾਲ਼ ਵੀ ਪੈਦਾ ਕੀਤਾ ਜਾ ਸਕਦਾ ਹੈ। ਇਸ ਨੂੰ ਵਧਾਇਆ ਜਾ ਸਕਦਾ ਹੈ। ਚੰਗਾ ਸਾਹਿਤ ਸਿਰਜਕ ਬਣਿਆ ਜਾ ਸਕਦਾ ਹੈ। ਮਨੋਵਿਗਿਆਨੀਆਂ ਅਤੇ ਸਮਾਜ ਸ਼ਾਸਤਰੀਆਂ ਦੀ ਇਹ ਧਾਰਨਾ ਹੈ ਕਿ ਜਿਹੜੀ ਸੁਆਣੀ ਬੱਚੇ ਦੇ ਗਰਭ ਕਾਲ ਦੌਰਾਨ ਉਸਾਰੂ ਸਾਹਿਤ ਪੜ੍ਹਨ ਵਿੱਚ ਡੂੰਘੀ ਦਿਲਚਸਪੀ ਰੱਖਦੀ ਹੈ। ਉਸਾਰੂ ਅਤੇ ਸਾਕਾਰਾਤਮਕ ਵਿਚਾਰਾਂ ਨੂੰ ਸੁਣਦੀ ਹੈ। ਕੋਮਲ ਕਲਾਵਾਂ ਵਿੱਚ ਰੁਚੀ ਰੱਖਦੀ ਹੈ। ਲਾਜ਼ਮੀ ਤੌਰ 'ਤੇ ਉਹਦੇ ਗਰਭ ਵਿੱਚੋਂ ਜਨਮ ਲੈਣ ਵਾਲ਼ਾ ਬੱਚਾ ਕੋਮਲ ਅਤੇ ਸਾਹਿਤਕ ਰੁਚੀਆਂ 'ਚ ਵਧੇਰੇ ਦਿਲਚਸਪੀ ਲੈਣ ਵਾਲਾ ਹੋਵੇਗਾ।

ਇਸੇ ਤਰ੍ਹਾਂ ਛੋਟੇ ਬੱਚਿਆਂ ਨਾਲ਼ ਘਰਾਂ ਵਿੱਚ ਵਿਚਰਦੇ ਸਮੇਂ ਜੇਕਰ ਮੰਮੀ-ਡੈਡੀ, ਦਾਦਾ-ਦਾਦੀ ਅਤੇ ਪਰਿਵਾਰ ਦੇ ਹੋਰ ਮੈਂਬਰ ਸਾਹਿਤਕ ਕਿਤਾਬਾਂ, ਮੈਗਜ਼ੀਨ, ਰਿਸਾਲੇ, ਅਖ਼ਬਾਰਾਂ ਆਦਿ ਪੜ੍ਹਦੇ ਹਨ ਤਾਂ ਛੋਟੇ ਬੱਚੇ ਸਹਿਜ ਸੁਭਾਅ ਹੀ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੰਦੇ ਹਨ।

ਭਾਸ਼ਾ ਵਿਭਾਗ ਵੱਲੋਂ ਵੀ ਸਕੂਲੀ ਵਿਦਿਆਰਥੀਆਂ ਨੂੰ ਸਾਹਿਤ ਸਿਰਜਣਾ ਵੱਲ ਪ੍ਰੇਰਿਤ ਕਰਨ ਲਈ ਚੰਗੇ ਉਪਰਾਲੇ ਕੀਤੇ ਜਾ ਰਹੇ ਹਨ। ਜ਼ਿਲ੍ਹਾ ਪੱਧਰ 'ਤੇ ਕਵਿਤਾ ਗਾਇਣ ਮੁਕਾਬਲੇ, ਕਵਿਤਾ, ਕਹਾਣੀ, ਲੇਖ ਸਿਰਜਣ ਮੁਕਾਬਲੇ ਕਰਵਾਏ ਜਾਂਦੇ ਹਨ। ਪਿਛਲੇ ਦਿਨੀਂ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਗਰੂਰ ਡਾ. ਰਣਜੋਧ ਸਿੰਘ ਦੀ ਰਹਿਨੁਮਾਈ ਹੇਠ ਸਕੂਲੀ ਵਿਦਿਆਰਥੀਆਂ ਦੇ ਇਹ ਮੁਕਾਬਲੇ ਕਰਵਾਏ ਗਏ। ਕਵਿਤਾ ਗਾਇਨ ਮੁਕਾਬਲੇ ਲਈ ਤੀਹ ਵਿਦਿਆਰਥੀਆਂ ਦੀ ਭਾਗੀਦਾਰੀ ਹੋਣੀ ਸੀ, ਪਰੰਤੂ ਉਨ੍ਹਾਂ ਵਿੱਚੋਂ ਕੇਵਲ ਤੇਈ ਵਿਦਿਆਰਥੀਆਂ ਨੇ ਭਾਗ ਲਿਆ। ਇਸੇ ਤਰ੍ਹਾਂ ਕਵਿਤਾ, ਕਹਾਣੀ, ਲੇਖ ਸਿਰਜਣ ਮੁਕਾਬਲੇ ਵਿੱਚ ਸੱਠ ਵਿਦਿਆਰਥੀਆਂ ਦੀ ਭਾਗੀਦਾਰੀ ਹੋਣੀ ਸੀ, ਜਿਨ੍ਹਾਂ ਵਿੱਚੋਂ ਪੰਜਾਹ ਵਿਦਿਆਰਥੀਆਂ ਨੇ ਹੀ ਹਿੱਸਾ ਲਿਆ, ਪਰੰਤੂ ਜੇਕਰ ਸੰਗਰੂਰ ਜ਼ਿਲ੍ਹੇ ਵਿੱਚ ਸਰਕਾਰੀ, ਮਾਨਤਾ ਪ੍ਰਾਪਤ, ਪ੍ਰਾਈਵੇਟ ਅਤੇ ਮਾਡਲ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ ਨੂੰ ਵੇਖਿਆ ਜਾਵੇ ਤਾਂ ਉਪਰੋਕਤ ਸਾਹਿਤਕ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਵਿਦਿਆਰਥੀਆਂ ਦੀ ਭਾਗੀਦਾਰੀ ਵਧਾਉਣ ਲਈ ਦਫ਼ਤਰ ਭਾਸ਼ਾ ਵਿਭਾਗ ਸੰਗਰੂਰ ਦੇ ਅਧਿਕਾਰੀਆਂ, ਵੱਖ-ਵੱਖ ਸਕੂਲਾਂ ਦੇ ਮੁਖੀ ਸਾਹਿਬਾਨਾਂ, ਸਕੂਲਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਾਂਝੇ ਉਪਰਾਲੇ ਕਰਨ ਦੀ ਲੋੜ ਹੈ।

**ਡਾ. ਇਕਬਾਲ ਸਿੰਘ ਸਕਰੌਦੀ**
**# ਸੰਪਰਕ : 84275-85020**

# ਇਪਟਾ ਦੇ ਰੰਗਮੰਚੀ ਤੇ ਸਮਾਜਿਕ ਸਰੋਕਾਰ

**ਸੰਜੀਵਨ ਸਿੰਘ**

ਕਲਾ ਦੀ ਕਿਸੇ ਇਕ ਵਿਧਾ (ਚਾਹੇ ਸਾਹਿਤ ਹੋਵੇ, ਰੰਗਮੰਚ ਹੋਵੇ, ਚਾਹੇ ਗੀਤ/ਸੰਗੀਤ, ਨ੍ਰਿਤ, ਚਿੱਤਰਕਾਰੀ ਤੇ ਚਾਹੇ ਬੁੱਤਤਰਾਸ਼ੀ ਹੋਵੇ) ਦੀ ਬਿਹਤਰੀ ਲਈ ਇਕ ਤੋਂ ਵੱਧ ਸੰਸਥਾਵਾਂ ਸੁਣਨ/ਪੜ੍ਹਨ ਨੂੰ ਮਿਲ ਜਾਂਦੀਆਂ ਹਨ, ਪਰ ਕਲਾ ਦੀ ਇਕ ਤੋਂ ਵੱਧ ਵਿਧਾਵਾਂ ਦੀ ਤਰੱਕੀ, ਬੇਹਤਰੀ ਅਤੇ ਸਮਾਜਿਕ ਸਰੋਕਾਰਾਂ ਲਈ ਚਿੰਤਤ ਤੇ ਪ੍ਰਤੀਬੱਧ ਸੰਸਥਾਵਾਂ ਪੋਟਿਆਂ 'ਤੇ ਗਿਣਨ ਜੋਗੀਆਂ ਹੀ ਹਨ, ਜਿਹੜੀਆਂ ਲੋਕ-ਹਿਤੈਸ਼ੀ, ਸਾਫ-ਸੁਥਰੇ ਅਤੇ ਨਿਰੋਏ ਸੱਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਵੀ ਹੋਣ, ਰੰਗਮੰਚ, ਗੀਤ/ ਸੰਗੀਤ/ ਨ੍ਰਿਤ ਦੀ ਗੱਲ ਵੀ ਕਰਦੀਆਂ ਹੋਣ ਅਤੇ ਸਮਾਜਿਕ ਮਸਲੇ/ਸਰੋਕਾਰ ਵੀ ਛੋਹੰਦੀਆ ਹੋਣ।

ਅਜਿਹੀ ਇਕ ਸੰਸਥਾ ਹੈ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਜੋ 82 ਸਾਲ ਪਹਿਲਾਂ ਹੋਂਦ 'ਚ ਆਈ, ਜਿਸ ਦਾ ਨਾਂਅ ਸੁਝਾਇਆ ਸੀ ਮਹਾਨ ਵਿਗਿਆਨੀ ਹੋਮੀ ਜਹਾਂਗੀਰ ਭਾਬਾ ਨੇ, ਲੋਗੋ ਤਿਆਰ ਕੀਤਾ ਸੀ ਮਸ਼ਹੂਰ ਚਿੱਤਰਕਾਰ ਚਿੱਤ ਪ੍ਰਸ਼ਾਦ ਨੇ।ਮਾਰਵਾੜੀ ਸਕੂਲ ਮੁੰਬਈ ਵਿਖੇ 25 ਮਈ 1943 ਨੂੰ ਹੋਏ ਇਪਟਾ ਦੇ ਪਲੇਠੇ ਮਹਾਂ-ਸੰਮੇਲਨ ਦੀ ਪ੍ਰਧਾਨਗੀ ਐੱਚ. ਐੱਮ. ਜੋਸ਼ੀ ਨੇ ਕੀਤੀ। ਪਹਿਲੇ ਪ੍ਰਧਾਨ ਵੀ ਐੱਚ ਐੱਮ ਜੋਸ਼ੀ ਥਾਪੇ ਗਏ।ਇਪਟਾ ਦੇ ਪਹਿਲੇ ਮੀਤ ਪ੍ਰਧਾਨ ਅਨਿਲ ਡੀ. ਸਿਲਵਾ ਸਨ।ਇਪਟਾ ਨੇ ਆਪਣੀ ਸਥਾਪਨਾ ਮੌਕੇ ਹੀ ਐਲਾਨ ਕਰ ਦਿਤਾ ਸੀ ਕਿ 'ਕਲਾ ਕਲਾ ਨਹੀਂ, ਬਲਕਿ ਲੋਕਾਂ ਲਈ ਹੈ'।ਇਪਟਾ ਕੇਵਲ ਇਕ ਸੰਸਥਾ/ਸੰਗਠਨ ਹੀ ਨਹੀਂ, ਸਗੋਂ ਆਧੁਨਿਕ ਭਾਰਤ ਦੇ ਪਹਿਲੇ ਸੱਭਿਆਚਾਰਕ ਅੰਦੋਲਨ ਦਾ ਅਗ਼ਾਜ਼ ਸੀ, ਜੋ ਅੱਜ ਵੀ ਕਈ ਸ਼ਕਲਾਂ, ਰੂਪਾਂ ਅਤੇ ਸਰੂਪਾਂ ਵਿਚ ਦੇਸ਼ ਭਰ ਵਿਚ ਵੇਖਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ।

ਕਲਾ ਦੀ ਦੁਨੀਆ ਦੇ ਸਿਰਮੌਰ ਹਸਤਾਖਰ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਨਰਗਿਸ ਦੱਤ, ਏ.ਕੇ. ਹੰਗਲ, ਉਤਪਲ ਦੱਤ, ਦੁਰਗਾ ਖੋਟੇ, ਕੈਫ਼ੀ ਆਜ਼ਮੀ, ਸੰਜੀਵ ਕੁਮਾਰ, ਹੇਮੰਤ ਕੁਮਾਰ, ਮੰਨਾ ਡੇ, ਸਾਹਿਰ ਲੁਧਿਆਣਵੀ, ਦੇਵਾ ਆਨੰਦ, ਮੁਲਕ ਰਾਜ ਆਨੰਦ, ਭੀਸ਼ਮ ਸਾਹਨੀ, ਭੁਪੇਨ ਹਜ਼ਾਰੀਕਾ, ਹਬੀਬ ਤਨਵੀਰ, ਪੰਡਤ ਰਵੀ ਸ਼ੰਕਰ, ਕ੍ਰਿਸ਼ਨ ਚੰਦਰ, ਪੀ ਸੀ ਜੋਸ਼ੀ, ਮਜ਼ਰੂਹ ਸੁਲਤਾਨਪੁਰੀ, ਸਾਗਰ ਸਰਹੱਦੀ, ਨਰਿੰਦਰ ਸ਼ਰਮਾ, ਖਵਾਜਾ ਅਹਿਮਦ ਅਬਾਸ, ਅਲੀ ਸਰਦਾਰ ਜਾਫ਼ਰੀ, ਸਲੀਲ ਚੌਧਰੀ, ਮਖ਼ਦੂਮ, ਮੁਹੰਮਦ ਦੀਨ, ਐੱਮ.ਐੱਸ.ਸਥਯੂ, ਸ਼ਬਾਨਾ ਆਜ਼ਮੀ, ਜਾਵੇਦ ਸਦੀਕੀ, ਹਿਮਾਸ਼ੂੰ ਰਾਏ, ਸ਼ੰਭੂ ਮਿੱਤਰਾ ਵਰਗੇ ਅਣਗਿਣਤ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪ੍ਰਸਿੱਧੀ ਦੇ ਫ਼ਨਕਾਰ ਇਪਟਾ ਨਾਲ ਜੁੜੇ, ਜਿਨ੍ਹਾਂ ਭਾਰਤੀ ਫਿਲਮਾਂ, ਰੰਗਮੰਚ, ਗੀਤ/ਸੰਗੀਤ ਅਤੇ ਨ੍ਰਿਤ ਵਿਚ ਅਪਣਾ ਨਿੱਘਰ ਤੇ ਜ਼ਿਕਰਯੋਗ ਹਿੱਸਾ ਪਾਇਆ।

ਇਪਟਾ ਕੇਵਲ ਫਨਕਾਰਾਂ/ਕਲਾਕਾਰਾਂ ਦਾ ਮੰਚ ਨਾ ਹੋ ਕੇ ਹਰ ਅਜਿਹੇ ਸ਼ਖਸ ਦਾ ਮੰਚ ਬਣਿਆ, ਜੋ ਲੋਕ-ਹਿਤੈਸ਼ੀ ਸੱਭਿਆਚਾਰ ਦੇ ਨਾਲ-ਨਾਲ ਸਮਾਜਿਕ ਸਰੋਕਾਰਾਂ ਦਾ ਹਾਮੀ ਹੋ ਨਿਬੜਿਆ।ਭਾਵੇਂ ਬੰਗਾਲ ਦਾ ਹਿਰਦਾ-ਹਿਲਾਊ ਕਾਲ ਹੋਵੇ ਜਾਂ ਅਜ਼ਾਦੀ ਦੀ ਲੜਾਈ।ਇਪਟਾ ਦੇ ਕਾਰਕੁਨਾਂ ਨੇ ਹਮੇਸ਼ਾਂ ਹੀ ਆਪਣੀ ਜ਼ੁੰਮੇਵਾਰੀ ਇਮਾਨਦਾਰੀ ਅਤੇ ਗੰਭੀਰਤਾ ਨਾਲ ਨਿਭਾਈ।

ਬਿਜੋਨ ਭੱਟਾਚਾਰੀਆ ਦੁਆਰਾ ਲਿਖਿਆ ਗਿਆ 'ਨਾਬਾਨ' ਇਪਟਾ ਦਾ ਪਹਿਲਾ ਵੱਡਾ ਨਾਟਕ ਸੀ। ਇਸ ਨਾਟਕ ਦਾ ਨਿਰਦੇਸ਼ਨ ਬਿਜੋਨ ਭੱਟਾਚਾਰੀਆ ਅਤੇ ਵਿਨੈ ਰਾਏ ਦੁਆਰਾ ਕੀਤਾ ਗਿਆ। ਬੰਗਾਲ ਵਿੱਚ ਪਏ ਕਾਲ ਦੌਰਾਨ ਪੀੜਤਾਂ ਦੀ ਮਦਦ ਲਈ ਇਸ ਨਾਟਕ ਦੇ ਸੈਂਕੜੇ ਸ਼ੋਅ ਪੂਰੇ ਦੇਸ਼ ਵਿੱਚ ਹੋਏ। ਨਾਟਕ ਤੋਂ ਪ੍ਰਭਾਵਤ ਹੋ ਕੇ ਲੱਖਾਂ ਰੁਪਇਆਂ ਤੋਂ ਇਲਾਵਾ ਸੋਨੇ ਦੇ ਗਹਿਣੇ ਅਤੇ ਹੋਰ ਸਮੱਗਰੀ ਬੰਗਾਲ ਦੇ ਕਾਲ ਪੀੜਤਾਂ ਦੀ ਮਦਦ ਲਈ ਲੋਕਾਂ ਨੇ ਦਿੱਤੀ।ਬਿਜੋਨ ਭੱਟਾਚਾਰੀਆ ਨੇ 'ਅਗਨ', 'ਜਾਬਬੰਦੀ', 'ਦੇਵੀ ਜਾਗਰਣ', 'ਗੋਤਰਾਂਤਰ' ਵਰਗੇ ਅਨੇਕਾਂ ਨਾਟਕ ਲਿਖ ਕੇ ਨਿਰਦੇਸ਼ਤ ਵੀ ਕੀਤੇ ਅਤੇ ਅਦਾਕਾਰੀ ਵੀ।

ਇਸੇ ਤਰ੍ਹਾਂ ਨਾਟਕਕਾਰ ਡਾ. ਰਾਸ਼ਿਦ ਜਹਾਂ ਨੇ 'ਪਰਦੇ ਕੇ ਪੀਛੇ' ਲਿਖਿਆ ਸੀ, ਜੋ ਮੁਸਲਿਮ ਮੂਲਵਾਦ ਦੀ ਗੱਲ ਕਰਦਾ ਸੀ। ਪ੍ਰਸਿੱਧ ਨਾਟਕਕਾਰ ਅਤੇ ਨਿਰਦੇਸ਼ਕ ਰਿਤਿਕ ਗੱਤਕ ਨੇ ਨਾਟਕ 'ਕਾਲੋ ਸਯਾਰ' ਅਤੇ 'ਜਵਾਲਾ' ਲਿਖੇ ਅਤੇ ਨਿਰਦੇਸ਼ਤ ਕੀਤੇ। ਮਲਿਆਲਮ ਨਾਟਕਕਾਰ ਅਤੇ ਨਿਰਦੇਸ਼ਕ ਥੋਪੀਲ ਬਾਸੀ ਨੇ ਚਰਚਿਤ ਨਾਟਕ 'ਤੁਸੀਂ ਮੈਨੂੰ ਕਮਿਊਨਿਸਟ ਬਣਾਇਆ' ਲਿਖਿਆ, ਜਿਸ ਦੇ ਹਜ਼ਾਰ ਤੋਂ ਵੱਧ ਵਾਰ ਮੰਚਣ ਕੀਤੇ ਗਏ, ਜੋ ਅਜੇ ਵੀ ਚੱਲ ਰਹੇ ਹਨ। ਬਲਰਾਜ ਸਾਹਨੀ ਦਾ ਨਾਟਕ ਜਾਦੂ ਕੀ ਕੁਰਸੀ ਭੀਸ਼ਮਾ ਸਾਹਨੀ ਦੇ ਨਾਟਕਾਂ 'ਕਬੀਰਾ ਖੜਾ ਬਾਜ਼ਾਰ ਮੇਂ', 'ਮਾਧਵੀ', 'ਮੁਵੇਜ਼' ਤੇ 'ਹਨੂਸ਼' ਦੇ ਵੀ ਵਾਰ-ਵਾਰ ਮੰਚਣ ਹੋਏ।

ਸਾਗਰ ਸਰਹੱਦੀ ਨੇ ਨਾਟਕ ਲਿਖੇ ਵੀ ਤੇ ਨਿਰਦੇਸ਼ਤ ਵੀ ਕੀਤੇ।ਉਨ੍ਹਾ ਦੇ ਪ੍ਰਸਿੱਧ ਨਾਟਕ 'ਮੇਰੇ




ਦੇਸ ਕੇ ਗਾਓ', 'ਖ਼ਿਆਲ ਕੀ ਦਸਤਕ', 'ਮਸੀਹਾ', 'ਮਿਰਜ਼ਾ ਸਾਹਿਬਾ', 'ਭਗਤ ਸਿੰਘ ਕੀ ਵਾਪਸੀ', 'ਭੂਖੇ ਭਜਨ ਨਾ ਹੋਏ ਗੋਪਾਲਾ' ਅਤੇ 'ਰਾਜ ਦਰਬਾਰ' ਦੇ ਅਨੇਕਾਂ ਮੰਚਣ ਕੀਤੇ।ਜਸਵੰਤ ਠੱਕਰ ਅਤੇ ਸ਼ਾਂਤਾ ਗਾਂਧੀ ਪ੍ਰਸਿੱਧ ਗੁਜਰਾਤੀ ਨਾਟਕਕਾਰ ਅਤੇ ਨਿਰਦੇਸ਼ਕ ਸਨ, ਜੋ ਗੁਜਰਾਤੀ ਨਾਟਕਾਂ ਵਿਚ ਨਵੀਨਤਾ ਅਤੇ ਆਧੁਨਿਕਤਾ ਲੈ ਕੇ ਆਏ। ਰਾਜੇਂਦਰ ਰਘੁਵੰਸ਼ੀ ਨੇ ਆਪਣੇ ਚਰਚਿਤ ਨਾਟਕ 'ਆਸ਼ੂ' ਰਾਹੀਂ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ।ਉਨ੍ਹਾਂ ਤਕਰੀਬਨ ਪੰਜਾਹ ਨਾਟਕ ਲਿਖੇ ਅਤੇ ਨਿਰਦੇਸ਼ਤ ਕੀਤੇ।

ਪ੍ਰਸਿੱਧ ਹਿੰਦੀ ਲੇਖਕ ਅਮ੍ਰਿਤ ਲਾਲ ਨਾਗਰ ਨੇ 'ਯੁਗਅਵਤਾਰ', 'ਬਾਤ ਕੀ ਬਾਤ', 'ਚੜ੍ਹਤ ਨਾ ਦੂਜੋ ਰੰਗ' ਵਰਗੇ ਕਈ ਨਾਟਕ ਲਿਖੇ। ਉਨ੍ਹਾਂ ਮੁਨਸ਼ੀ ਪ੍ਰੇਮ ਚੰਦ ਦਾ 'ਗੋਦਾਨ' ਅਤੇ 'ਈਦਗਾਹ' ਵੀ ਨਿਰਦੇਸ਼ਤ ਕੀਤਾ। ਉਨ੍ਹਾਂ ਉਪਰ 'ਈਦਗਾਹ' ਲਈ ਇੱਕ ਕੇਸ ਵੀ ਦਾਇਰ ਹੋਇਆ।ਲਖਨਊ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਾਟਕੀ ਪ੍ਰਦਰਸ਼ਨ ਐਕਟ ਤਹਿਤ ਨਾਟਕ ਦੇ ਮੰਚਣ 'ਤੇ ਪਾਬੰਦੀ ਲਗਾਈ ਗਈ, ਪਰ ਇਪਟਾ ਨੇ ਪਾਬੰਦੀ ਦੀ ਪ੍ਰਵਾਹ ਨਾ ਕਰਦੇ ਹੋਏ ਨਾਟਕ ਦਾ ਮੰਚਣ ਕੀਤਾ।ਆਖਿਰ ਹਾਈ ਕੋਰਟ ਵਿਚ ਪਾਬੰਦੀ ਵਿਰੁੱਧ ਕੇਸ ਜਿੱਤ ਲਿਆ।ਅਜੈ ਅਥਲੇ ਰਾਏਗੜ੍ਹ ਦੇ ਇਕ ਪ੍ਰਮੁੱਖ ਨਾਟਕਕਾਰ ਸਨ, ਜਿਨਾਂ ਕਈ ਨਾਟਕ ਲਿਖੇ ਤੇ ਨਿਰਦੇਸ਼ਤ ਕੀਤੇ।ਜੁਗਲ ਕਿਸ਼ੋਰ ਵੀ ਪ੍ਰਸਿੱਧ ਨਿਰਦੇਸ਼ਕ ਸਨ, ਜਿਨ੍ਹਾਂ 'ਖੋਜਾ ਨਸੀਰੂਦੀਨ', 'ਰਾਤ', 'ਆਲ੍ਹਾ ਅਫ਼ਸਰ', 'ਹੋਲੀ' ਵਰਗੇ ਪ੍ਰਸਿੱਧ ਨਾਟਕ ਲਿਖੇ। ਜਾਵੇਦ ਅਖ਼ਤਰ ਆਪਣੇ ਨਾਟਕ 'ਦੂਰ ਦੇਸ ਕੀ ਕਥਾ' ਅਤੇ ਪੰਕਜ ਸੋਨੀ 'ਤਿੱਤਲੀ', 'ਜੌਹਰ' ਰਾਹੀਂ ਚਰਚਾ ਵਿਚ ਰਹੇ।ਮਸ਼ਹੂਰ ਨਾਟਕਕਾਰ ਐੱਮ. ਐੱਸ. ਸਤਯੂ ਨੇ ਨਾਟਕ 'ਬੱਕਰੀ', 'ਮੋਟੇ ਰਾਮ ਕਾ ਸੱਤਿਆਗ੍ਰਹਿ', 'ਗਿਰਜਾ ਕੇ ਸਪਨੇ' ਸਮੇਤ ਕਈ ਨਾਟਕ ਲਿਖ ਕੇ ਮੰਚਿਤ ਕੀਤੇ।

ਇਪਟਾ ਦੇ ਰਹਿ ਚੁੱਕੇ ਰਾਸ਼ਟਰੀ ਪ੍ਰਧਾਨ ਅਤੇ ਚਰਚਿਤ ਨਾਟਕਕਾਰ ਮਰਹੂਮ ਡਾ. ਰਣਬੀਰ ਸਿੰਘ 'ਰਾਮ ਲੀਲਾ', 'ਤੈਮੂਰ', 'ਪ੍ਰਾਰਥਨਾਚਿੱਤ', 'ਗੱਤਰੀ ਬਾਈ', 'ਪਰਦਾਫਾਸ਼', 'ਮੱਕੜ ਜਾਲ' ਨਾਟਕ ਲਿਖ ਕੇ ਮੰਚਿਤ ਕੀਤੇ।ਇਪਟਾ ਦੇ ਰਾਸ਼ਟਰੀ ਜਨਰਲ ਸਕੱਤਰ ਤਨਵੀਰ ਅਖਤਰ ਜਿਨ੍ਹਾਂ 'ਕਬੀਰਾ ਖੜਾ ਬਾਜ਼ਾਰ ਮੇਂ', ਸੁਪਨਵਾ ਕਾ ਸਪਨਾ, ਮੁਝੇ ਕਾਹਨ ਲੇ ਆਓ ਹੋ ਕੋਲੰਬਸ, 'ਮਾਈ ਬਿਹਾਰ ਹੂੰ' ਰਾਹੀਂ ਭਾਰਤੀ ਰੰਗਮੰਚ ਦੇ ਖੇਤਰ ਵਿਚ ਆਪਣੀ ਭਰਵੀਂ ਸ਼ਮੂਲੀਅਤ ਕੀਤੀ।ਇਪਟਾ ਦੇ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਰਾਕੇਸ਼ ਵੇਦਾ ਨੇ 'ਜਲ', 'ਏ.ਪੀ'., 'ਅਪਵਾਦ ਔਰ ਨਿਯਾਮ', 'ਓਡੀਪਸ', 'ਗੈਲੀਲੀਓ', 'ਚਾਰਵਾਕ' ਆਦਿ ਨਾਟਕਾਂ ਰਾਹੀਂ ਪ੍ਰਸਿੱਧੀ ਹਾਸਿਲ ਕੀਤੀ।ਇਕ ਹੋਰ ਮਹੱਤਵਪੂਰਨ ਨਾਟਕਰਮੀ ਪ੍ਰਦੀਪ ਘੋਸ਼ ਹਨ, ਜਿਨਾਂ 'ਸੰਝਾ', 'ਕੈਂਪ-3', 'ਇੰਸਪੈਕਟਰ ਮਾਤਾ ਦੀਨ ਚਾਂਦ ਪਾਰ', 'ਸਾਗਾ ਥਾਪਾ' ਸਮੇਤ ਕਈ ਨਾਟਕ ਲਿਖੇ।ਇਨ੍ਹਾਂ ਤੋਂ ਇਲਾਵਾ ਰਾਜੇਸ਼ ਸ੍ਰੀਵਾਸਤਵ, ਮਿਨਹਾਜ ਅਸਦ, ਦਿਲੀਪ ਰਘੂਵੰਸ਼ੀ, ਪੀਯੂਸ਼ ਸਿੰਘ, ਮਨੀਸ਼ ਸ੍ਰੀਵਾਸਤਵ, ਉਪੇਂਦਰ ਮਿਸ਼ਰਾ, ਪ੍ਰੇਮ ਪ੍ਰਕਾਸ਼ ਵਰਗੇ ਹੋਰ ਵੀ ਅਨੇਕਾਂ ਨਾਟ-ਕਰਮੀ ਕਾਰਜਸ਼ੀਲ ਹਨ।

ਪੰਜਾਬ ਵਿਚ ਇਪਟਾ ਦਾ ਮੁੱਢ ਤੇਰਾ ਸਿੰਘ ਚੰਨ ਦੀ ਰਹਿਨੁਮਾਈ ਹੇਠ 1950 ਵਿਚ ਬੱਝਾ।ਇਸ ਸੱਭਿਆਚਾਰਕ ਟੋਲੀ ਵਿਚ ਸੁਰਿੰਦਰ ਕੌਰ (ਲੋਕ-ਗਾਇਕਾ), ਅਮਰਜੀਤ ਗੁਰਦਾਸਪੁਰੀ (ਲੋਕ-ਗਾਇਕ), ਜਗਦੀਸ਼ ਫਰਿਆਦੀ, ਨਿਰੰਜਣ ਸਿੰਘ ਮਾਨ, ਜੋਗਿੰਦਰ ਬਾਹਰਲਾ, ਹੁਕਮ ਚੰਦ ਖਲੀਲੀ, ਹਰਨਾਮ ਸਿੰਘ ਨਰੂਲਾ, ਸ਼ੀਲਾ ਦੀਦੀ, ਸ਼ੀਲਾ ਭਾਟੀਆ, ਡਾ. ਪ੍ਰਿਥੀਪਾਲ ਸਿੰਘ ਮੈਣੀ, ਦਲਬੀਰ ਕੌਰ, ਰਾਜਵੰਤ ਕੌਰ ਮਾਨ 'ਪ੍ਰੀਤ', ਡਾ. ਇਕਬਾਲ ਕੌਰ, ਉਰਮਿਲਾ ਆਨੰਦ, ਉਮਾ ਗੁਰਬਖਸ਼ ਸਿੰਘ, ਪ੍ਰੀਤਮਾ, ਨਰਿੰਦਰ ਕੌਰ, ਗੁਰਚਰਨ ਬੋਪਾਰਾਏ, ਸਵਰਨ ਸੰਧੂ, ਕੰਵਲਜੀਤ ਸਿੰਘ ਸੂਰੀ, ਮੱਲ ਸਿੰਘ ਰਾਮਪੁਰੀ, ਰਜਿੰਦਰ ਭੋਗਲ, ਡਾ. ਹਰਸ਼ਰਨ ਸਿੰਘ, ਸੁਰਜੀਤ ਤੇ ਰਜਿੰਦਰ ਕੌਰ, ਆਸ਼ਾ, ਮਹਿੰਦਰ ਕੌਰ ਤੇ ਨੀਤਾਸ਼ਾ ਸ਼ਾਮਲ ਸਨ।

ਇਸ ਸੱਭਿਆਚਾਰਕ ਟੋਲੀ ਨੇ ਤੇਰਾ ਸਿੰਘ ਚੰਨ ਰਚਿਤ 'ਲੱਕੜ ਦੀ ਲੱਤ', 'ਅਮਰ ਪੰਜਾਬ', 'ਸਾਜ਼ਿਸ਼', 'ਨੀਲ ਦੀ ਸ਼ਹਿਜ਼ਾਦੀ,' 'ਆਖਰੀ ਪੜ੍ਹਾ', 'ਕਾਗ ਸਮੇਂ ਦਾ ਬੋਲਿਆ'। ਜਗਦੀਸ਼ ਫਰਿਆਦੀ ਦੇ ਲਿਖੇ 'ਕਾਲ', 'ਘੁੱਗੀ ਦੇ ਖੰਭਾਂ ਹੇਠ', 'ਭੁੱਖੀ ਜਨਤਾ', 'ਮਿਰਜ਼ਾ ਸਾਹਿਬਾਂ', 'ਜੱਟੀ ਹੀਰ', 'ਸੱਸੀ ਪੁੰਨੂੰ', 'ਸ਼ੀਰੀ ਫਰਿਆਦ' ਅਤੇ ਜੋਗਿੰਦਰ ਬਾਹਰਲਾ ਦੇ 'ਹਾੜੀਆਂ ਸੌਣੀਆਂ', 'ਸਾਹਿਬਾਂ', 'ਜਿੰਦਾਂ', 'ਰੰਬੀਆਂ', 'ਬਣਜਾਰਾ', 'ਸਧਰਾਂ', 'ਖਿਚੋਤਾਣ', 'ਸਮਝੌਤਾ', 'ਟੈਸ', 'ਕਾਤਲ ਕੌਣ', 'ਧਰਤੀ ਦੇ ਬੋਲ', 'ਚਿਣਗਾਂ ਦੀ ਮੁੱਠੀ' ਆਦਿ ਓਪੇਰਿਆਂ, ਨਾਟਕਾਂ, ਨਾਟ-ਗੀਤਾਂ ਅਤੇ ਲੋਕਾਈ ਦੀ ਬਾਤ ਪਾਉਂਦੀ ਗਾਇਕੀ ਦੀਆਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਮੰਚਣਾਂ/ਪੇਸ਼ਕਾਰੀਆਂ ਰਾਹੀਂ ਪੰਜਾਬੀ ਰੰਗਮੰਚ ਤੇ ਸੱਭਿਆਚਾਰ ਵਿਚ ਸਿਫ਼ਤੀ ਅਤੇ ਇਨਕਲਾਬੀ ਤਬਦੀਲੀ ਲਿਆਂਦੀ।

ਵੈਸੇ ਤਾਂ ਕਲਾ ਦੀ ਕਿਸੇ ਵਿਧਾ ਨਾਲ ਸਬੰਧ ਰੱਖਣ ਲਈ ਜੇ ਪ੍ਰੀਵਾਰ/ਖਾਨਦਾਨ ਵਿਚ ਕਿਸੇ ਇਕ ਨੂੰ ਆਗਿਆ ਮਿਲ ਜਾਵੇ ਤਾਂ ਗਨੀਮਤ ਸਮਝੀ ਜਾਂਦੀ ਹੈ, ਪਰ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀਆਂ ਧੀਆਂ ਉਮਾ, ਉਰਮਿਲਾ ਤੇ ਪ੍ਰੀਤਮਾ ਨੂੰ, ਤੇਰਾ ਸਿੰਘ ਚੰਨ ਨੇ ਧੀ ਨੀਤਾਸ਼ਾ ਨੂੰ, ਨਵਤੇਜ ਸਿੰਘ ਦੀ ਪਤਨੀ ਮਹਿੰਦਰ ਕੌਰ, ਜਗਦੀਸ਼ ਫਰਿਆਦੀ ਨੇ ਆਪਣੀ ਪਤਨੀ ਆਸ਼ਾ, ਪੁੱਤਰ ਟੋਨੀ ਬਾਤਿਸ਼, ਪੋਤਰੇ ਰੂਪਕ, ਡਾ.ਹਰਸ਼ਰਨ ਸਿੰਘ ਨੇ ਅਪਣੀਆਂ ਭੈਣ ਸੁਰਜੀਤ ਤੇ ਰਜਿੰਦਰ ਕੌਰ ਨੂੰ ਵੀ ਆਪਣੇ ਨਾਲ ਬਿਖੜੇ ਰਾਹਾਂ ਦਾ ਰਾਹੀ ਬਣਾਇਆ।

ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਇਪਟਾ ਦੀ ਪੰਜਾਬ ਵਿਚ ਵਧਦੀ ਲੋਕਪ੍ਰਿਯਤਾ ਤੋਂ ਘਬਰਾ ਕੇ ਅਤੇ ਇਪਟਾ ਦੀਆਂ ਸੱਭਿਆਚਰਕ ਤੇ ਰੰਗਮੰਚੀ ਸਰਗਰਮੀਆਂ ਦੀ ਕਾਟ ਕਰਨ ਲਈ ਲੋਕ ਸੰਪਰਕ ਵਿਭਾਗ ਬਣਾਉਣ ਦਾ ਨਿਰਣਾ ਲਿਆ ਅਤੇ ਇਪਟਾ ਨੂੰ ਕਮਜ਼ੋਰ ਕਰਨ ਲਈ ਜੋਗਿੰਦਰ ਬਾਹਰਲਾ ਨੂੰ ਉਸ ਵਿਭਾਗ ਦਾ ਮੁਖੀ ਬਣਨ ਦੀ ਪੇਸ਼ਕਸ਼ ਕੀਤੀ, ਪਰ ਜੋਗਿੰਦਰ ਬਾਹਰਲਾ ਨੇ ਸਰਕਾਰੀ ਅਧੀਨਗੀ ਕਬੂਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਕੈਰੋਂ ਸਾਹਿਬ ਨੇ ਤਲਖ਼ੀ ਨਾਲ ਕਿਹਾ - ਤੁਸੀਂ ਮੁੱਖ ਮੰਤਰੀ ਨੂੰ ਇਨਕਾਰ ਕਰ ਰਹੇ ਹੋ। ਜੋਗਿੰਦਰ ਬਾਹਰਲਾ ਨੇ ਕਿਹਾ-ਕੈਰੋਂ ਸਾਹਿਬ ਜੇ ਤੁਸੀਂ ਪੰਜਾਬ ਦੇ ਮੁੱਖ ਮੰਤਰੀ ਹੋ ਤਾਂ ਮੈਂ ਰੰਗਮੰਚ ਦਾ ਮੁੱਖ ਮੰਤਰੀ ਹਾਂ।

ਪੰਜਾਬ ਇਪਟਾ ਦੀ ਨਾਟ-ਟੋਲੀ ਵਿਸ਼ੇਸ਼ ਸੱਦੇ ਉਪਰ ਨਾਟਕ 'ਹੀਰ ਰਾਂਝਾ' ਦੇ ਮੰਚਣ ਲਈ ਬੰਬਈ ਗਈ।ਜਗਦੀਸ਼ ਫਰਿਆਦੀ ਕੈਦੋ ਦਾ ਰੋਲ ਕਰਦੇ ਸਨ।ਨਾਟਕ ਖਤਮ ਹੋਣ ਤੋਂ ਬਾਅਦ ਹਿੰਦੀ ਫਿਲਮਾਂ ਦੇ ਪ੍ਰਸਿੱਧ ਚਰਿੱਤਰ ਅਭਿਨੇਤਾ ਪ੍ਰਾਣ ਮੰਚ ਦੇ ਪਿੱਛੇ ਆਏ ਅਤੇ ਫਰਿਆਦੀ ਹੁਰਾਂ ਨੂੰ ਘੁੱਟ ਕੇ ਕਲਾਵੇ ਵਿਚ ਲੈ ਕੇ ਕਹਿਣ ਲੱਗੇ- ਫਰਿਆਦੀ, ਜੇ ਇਹ ਨਾਟਕ ਮੈਂ ਪਹਿਲਾਂ ਵੇਖਿਆ ਹੁੰਦਾ ਤਾਂ ਫਿਲਮ 'ਹੀਰ ਰਾਂਝਾ' ਵਿਚ ਮੈਂ ਕੈਦੋਂ ਦੇ ਕਿਰਦਾਰ ਨਾਲ ਹੋਰ ਵੀ ਇਨਸਾਫ ਕਰ ਸਕਦਾ ਸੀ।

ਇਪਟਾ ਦੀ 50ਵਾਂ ਸਥਾਪਨਾ ਦਿਵਸ ਲੁਧਿਆਣਾ ਵਿਖੇ ਬਲਰਾਜ ਸਾਹਨੀ ਓਪਨ ਏਅਰ ਥੀਏਟਰ, ਪੰਜਾਬੀ ਭਵਨ, ਲੁਧਿਆਣਾ ਵਿਖੇ ਮਨਾਇਆ ਗਿਆ, ਜਿਸ ਵਿਚ ਪ੍ਰਮੁੱਖ ਤੌਰ 'ਤੇ ਸ਼ਮੂਲੀਅਤ ਕਰਨ ਵਾਲੇ ਰਾਸ਼ਟਰੀ ਪੱਧਰ ਦੇ ਇਪਟਾ ਕਾਰਕੁਨਾਂ ਵਿਚ ਕੈਫ਼ੀ ਆਜ਼ਮੀ ਅਤੇ ਉਨ੍ਹਾ ਦੀ ਪਤਨੀ ਸ਼ੌਕਤ ਆਜ਼ਮੀ ਵੀ ਸਨ। ਅਮਰਜੀਤ ਹੁਰਾਂ ਦੀ ਦਿਲ-ਟੁੰਭਵੀਂ ਗਾਇਕੀ ਨੇ ਸ਼ੌਕਤ ਆਜ਼ਮੀ ਨੂੰ ਏਨਾ ਕਾਇਲ ਕਰ ਦਿੱਤਾ ਕਿ ਉਨ੍ਹਾ ਕਿਹਾ-ਪੰਜਾਬ ਵਾਲੋ ਮੇਰਾ ਸਬ ਕੁਛ ਲੇ ਲੋ, ਪਰ ਮੁਝੇ ਅਮਰਜੀਤ ਦੇ ਦੋ।

ਇਪਟਾ ਦੀਆਂ ਗਤੀਵਿਧੀਆਂ ਦਾ ਗੜ੍ਹ ਲੇਖਕਾਂ, ਬੁੱਧੀਜੀਵੀਆਂ ਅਤੇ ਕਲਾਕਾਰਾਂ ਦਾ ਮੱਕਾ, ਹਿੰਦ-ਪਾਕਿ ਦੀਆਂ ਬਰੂਹਾਂ 'ਤੇ ਸਰਦਾਰ ਗੁਰਬਖਸ਼ ਸਿੰਘ 'ਪ੍ਰੀਤ ਲੜੀ' ਦੇ ਸੁਹਿਰਦ ਅਤੇ ਗੰਭੀਰ ਯਤਨਾਂ ਨਾਲ ਵੱਸੇ ਪ੍ਰੀਤ ਨਗਰ ਵਿਖੇ ਉਨ੍ਹਾਂ ਦੇ ਘਰ ਦੇ ਦਰ ਇਪਟਾ ਦੇ ਕਾਰਕੁਨਾਂ ਲਈ ਨਾਟਕੀ ਅਤੇ ਸੱਭਿਆਚਾਰਕ ਗਤੀਵਿਧੀਆਂ ਦੀ ਰਿਹਰਸਲ ਵਾਸਤੇ ਹਮੇਸ਼ਾਂ ਖੁੱਲ੍ਹੇ ਰਹਿੰਦੇ।ਇਪਟਾ ਦੀਆਂ ਰੰਗਮੰਚੀ ਤੇ ਸੱਭਿਆਚਰਾਕ ਸਰਗਰਮੀਆਂ ਤਕਰੀਬਨ ਤਿੰਨ ਦਹਾਕੇ ਲਗਾਤਾਰ ਚੱਲੀਆਂ, ਪਰ ਪੰਜਾਬ ਵਿਚ ਕਾਲੇ ਦੌਰ ਦੌਰਾਨ ਇਸ ਦੀ ਰਫਤਾਰ ਕੱਝ ਮੱਠੀ ਹੋ ਗਈ।

ਇਪਟਾ ਦੇ ਸਿਧਾਂਤਾਂ ਅਤੇ ਸਮਾਜਿਕ ਸਰੋਕਾਰਾਂ ਨੂੰ ਡਾ. ਆਤਮਜੀਤ, ਦਵਿੰਦਰ ਦਮਨ, ਸਵਰਗੀ ਦਲਬੀਰ ਅਤੇ ਡਾ. ਸਤੀਸ਼ ਵਰਮਾ ਨੇ ਮੋਹਰਲੀਆਂ ਸਫਾਂ ਵਿਚ ਰਹਿ ਕੇ ਅਪਣੀਆਂ ਰੰਗਮੰਚੀ ਗਤੀਵਿਧੀਆਂ ਜ਼ਰੀਏ ਅਗਾਂਹ ਤੋਰਿਆ ਅਤੇ ਹੁਣ ਇਪਟਾ ਦੇ ਮੁੱਢਲੇ ਦਿਨਾਂ ਦੇ ਕਾਰਕੁਨ ਪ੍ਰੀਤ ਮਾਨ (ਕੈਲਗਰੀ), ਹਿਰਦੇਪਾਲ ਸਿੰਘ, ਗੁਰਦਿਆਲ ਨਿਰਮਾਣ, ਡੋਲੀ ਗੁਲੇਰੀਆ ਦੇ ਸਲਾਹ-ਮਸ਼ਵਰੇ ਨਾਲ ਮੇਰੇ ਤੋਂ ਇਲਾਵਾ ਡਾ. ਕੁਲਦੀਪ ਸਿੰਘ ਦੀਪ ਅਤੇ ਇੰਦਰਜੀਤ ਰੂਪੋਵਾਲੀ ਦੀ ਰਹਿਨੁਮਾਈ ਹੇਠ ਹਰਜੀਤ ਕੈਂਥ, ਦਿਲਬਾਰਾ ਸਿੰਘ, ਡਾ. ਅਮਨ ਭੋਗਲ, ਰਾਬਿੰਦਰ ਸਿੰਘ ਰੱਬੀ, ਜਗਦੀਸ਼ ਖੰਨਾ, ਡਾ. ਹਰਭਜਨ ਸਿੰਘ, ਸੁਰੇਸ਼ ਮਹਿਤਾ, ਇੰਦਰਜੀਤ ਮੋਗਾ, ਵਿੱਕੀ ਮਹੇਸ਼ਰੀ, ਸਰਬਜੀਤ ਰੂਪੋਵਾਲੀ, ਸੁਰਿੰਦਰ ਰਸੂਲਪੁਰੀ, ਬਲਬੀਰ ਮੂਧਲ, ਰਣਜੀਤ ਬਾਂਸਲ, ਗੁਰਮੀਤ ਪਾਹੜਾ, ਪ੍ਰਦੀਪ ਸ਼ਰਮਾ, ਨਰਿੰਦਰ ਨੀਨਾ, ਦਲਜੀਤ ਸੋਨਾ, ਕਸ਼ਮੀਰ ਬਜਰੋਰ ਆਦਿ ਦੇ ਭਰਵੇਂ ਸਹਿਯੋਗ ਨਾਲ ਪੰਜਾਬ ਵਿਚ ਇਪਟਾ ਦੀ ਰੰਗਮੰਚੀ, ਸੱਭਿਆਚਾਰਕ ਅਤੇ ਸਮਾਜਿਕ ਸਰਗਰਮੀਆਂ ਨਿਰੰਤਰ ਜਾਰੀ ਹਨ। ਇਪਟਾ ਦੇ ਕਾਰਕੁਨ ਪੰਜਾਬ ਵਿਚ ਇਪਟਾ ਦੇ ਕਾਫ਼ਲੇ ਨੂੰ ਜਾਰੀ ਵੀ ਰੱਖ ਰਹੇ ਹਨ ਤੇ ਵਾਧਾ ਵੀ ਕਰ ਰਹੇ ਹਨ।

ਇਪਟਾ ਦੀ ਸਮਝ ਹੈ ਕਿ ਇਕ ਈਸਟ ਇੰਡੀਆ ਕੰਪਨੀ ਦੀ ਜਕੜ ਤੇ ਪਕੜ ਤੋਂ ਖਹਿੜਾ ਛਡਵਾਉਣ ਲਈ ਦੋ ਸੌ ਸਾਲ ਲੱਗ ਗਏ, ਉਹ ਵੀ ਅਨੇਕਾਂ ਸੂਰਬੀਰਾਂ, ਦੇਸ਼ ਭਗਤਾਂ ਤੇ ਯੋਧਿਆਂ ਦੀਆ ਕੁਰਬਾਨੀਆਂ ਤੋਂ ਬਾਅਦ।ਹੁਣ ਜਿਸ ਹਿਸਾਬ ਨਾਲ ਹਾਕਮ ਦੀ ਸਹਿਮਤੀ ਤੇ ਹੱਲਾਸ਼ੇਰੀ ਨਾਲ ਅਤੇ ਦੇਸੀ ਕਾਰਪੋਰੇਟਾਂ ਰਾਹੀਂ ਵਿਦੇਸ਼ੀ ਕਾਰਪੋਰੇਟ ਸੈਕਟਰਾਂ ਦੀਆਂ ਧਾੜਾਂ ਦੀ ਧਾੜਾਂ ਆਪਣੇ ਮੁਲਕ ਵੱਲ ਤੁਰੀਆਂ ਆ ਰਹੀਆ ਹਨ, ਉਸ ਤੋਂ ਉਨ੍ਹਾਂ ਦਾ ਮਨਸੂਬਾ ਸਾਡੇ ਸਮਾਜਿਕ ਤਾਣੇ-ਬਾਣੇ, ਆਰਥਿਕਤਾ, ਵਿਰਸੇ, ਭਾਸ਼ਾ, ਸੱਭਿਆਚਾਰ ਨੂੰ ਤਹਿਸ-ਨਹਿਸ ਕਰਕੇ ਸਾਨੂੰ ਸਦਾ ਲਈ ਆਪਣੀ ਜਕੜ ਵਿਚ ਜਕੜਣ ਦਾ ਲੱਗ ਰਿਹਾ ਹੈ।

ਲਚਰਤਾ, ਅਸ਼ਲੀਲਤਾ, ਹਿੰਸਾ ਅਤੇ ਨਸ਼ਿਆਂ ਨੂੰ ਉਤਸ਼ਾਹਤ ਕਰਦੀ ਗਾਇਕੀ ਤੇ ਗੀਤਕਾਰੀ (ਜਿਹੜੀ ਆਮ ਤੌਰ 'ਤੇ ਸਮਾਜ ਖਾਸ ਤੌਰ 'ਤੇ ਨੌਜੁਆਨੀ ਨੂੰ ਲਚਰ, ਹਿੰਸਕ ਅਤੇ ਨਸ਼ੇੜੀ ਬਣਾ ਕੇ ਉਨ੍ਹਾਂ ਨੂੰ ਜ਼ਹਿਨੀ ਅਤੇ ਮਾਨਿਸਕ ਤੌਰ 'ਤੇ ਬਿਮਾਰ ਕਰਕੇ ਸਾਡੇ ਨਿਰੋਏ ਤੇ ਅਮੀਰ ਵਿਰਸੇ ਤੇ ਸੱਭਿਆਚਾਰ ਨੂੰ ਤਬਾਹ ਕਰ ਰਹੀ ਹੈ) ਖ਼ਿਲਾਫ ਵੀ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਇਪਟਾ ਨੇ ਲਗਾਤਾਰ ਆਪਣੀ ਅਵਾਜ਼ ਬੁਲੰਦ ਕੀਤੀ ਹੋਈ ਹੈ।ਸਮੇਂ-ਸਮੇਂ ਦੇਸ਼ ਤੇ ਸੂਬੇ ਦੇ ਮੁਖੀਆਂ ਅਤੇ ਸਬੰਧਤ ਮਹਿਕਮਿਆਂ ਨੂੰ ਲਿਖਤੀ ਵੀ ਸੁਚੇਤ ਕੀਤਾ, ਰੋਸ-ਧਰਨੇ ਵੀ ਲਾਏ, ਸੈਮੀਨਾਰ ਵੀ ਕੀਤੇ।

ਕਹਿੰਦੇ ਨੇ 'ਕਾਬੁਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਇਪਟਾ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਕਦੇ ਵੀ ਇਸ ਦਾ ਰਾਹ ਸੁਖਾਲਾ ਨਹੀਂ ਰਿਹਾ। ਹੁਣ ਵੀ ਨਵੀਆਂ ਦੁਸ਼ਵਾਰੀਆਂ ਤੇ ਦਿੱਕਤਾਂ ਨਾਲ ਦੋ-ਚਾਰ ਹੁੰਦੇ ਇਪਟਾ ਦੇ ਕਾਰਕੁਨ ਨਿਰੰਤਰ ਅਗਾਂਹ ਵੱਲ ਵਧ ਰਹੇ ਹਨ।ਇਪਟਾ ਦੇ ਅਸੂਲਾਂ ਅਤੇ ਸੋਚ ਉਪਰ ਪਹਿਰਾ ਦਿੰਦੇ ਹੋਏ ਇਸ ਦੇ ਤਮਾਮ ਕਾਰਕੁਨ ਆਪਣੀਆਂ ਰੰਗਮੰਚੀ ਤੇ ਲੋਕ-ਹਿਤੈਸ਼ੀ ਸੱਭਿਆਚਾਰਕ ਗਤੀਵਿਧੀਆਂ ਅਤੇ ਸਮਾਜਿਕ ਸਰੋਕਾਰਾਂ ਲਈ ਕਾਰਜਸ਼ੀਲ ਸਨ, ਕਾਰਜਸ਼ੀਲ ਹਨ ਤੇ ਕਾਰਜਸ਼ੀਲ ਰਹਿਣਗੇ।

**ਪ੍ਰਧਾਨ ਇਪਟਾ, ਪੰਜਾਬ**
**# ਸੰਪਰਕ : 94174-60656**

# ਕਦ ਤੱਕ ਝੂਠ ਬੋਲੇਗੀ ਭਾਜਪਾ ?

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਦੇਸ਼ ਵਾਸੀਆਂ ਦੇ ਇਕ ਵੱਡੇ ਵਰਗ ਨੂੰ ਹੁਣ ਇਹ ਸਮਝ ਆਉਣ ਲੱਗ ਪਈ ਹੈ ਕਿ ਭਾਰਤੀ ਜਨਤਾ ਪਾਰਟੀ ਬੀਤੇ ਕਈ ਵਰ੍ਹਿਆਂ ਤੋਂ ਝੂਠ ਬੋਲ ਰਹੀ ਹੈ ਤੇ ਵਾਰ-ਵਾਰ ਬੋਲ ਰਹੀ ਹੈ। ਇਸ ਪਾਰਟੀ ਦੇ ਝੂਠ ਦੀ ਹੱਦ ਤਾਂ ਹੁਣ ਇਥੋਂ ਤੱਕ ਪਹੁੰਚ ਗਈ ਹੈ ਕਿ ਸੰਸਦ ਜਿਹੇ ਪਵਿੱਤਰ ਮੰਨੇ ਜਾਂਦੇ ਸਥਾਨ 'ਤੇ ਬੈਠ ਕੇ ਭਾਜਪਾ ਦੇ ਉਹ ਕੇਂਦਰੀ ਮੰਤਰੀ ਝੂਠ ਬੋਲਦੇ ਹਨ, ਜਿਨ੍ਹਾਂ ਦੇ ਮੋਢਿਆਂ 'ਤੇ ਦੇਸ਼ ਦੀ ਰਾਖੀ ਦਾ ਜ਼ਿੰਮਾ ਹੈ। ਜਨਤਕ ਹਲਕਿਆਂ ਵਿਚ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ 'ਅਪ੍ਰੇਸ਼ਨ ਸਿੰਧੂਰ' ਬਾਰੇ ਸੰਸਦ ਵਿਚ ਦਿੱਤਾ ਗਿਆ ਬਿਆਨ ਮੌਜੂਦ ਹੈ ਕਿ ਉਕਤ ਅਪ੍ਰੇਸ਼ਨ ਵਿਚ, 'ਭਾਰਤ ਦਾ ਕੋਈ ਨੁਕਸਾਨ ਨਹੀਂ ਹੋਇਆ।' ਬੜੇ ਹੀ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਭਾਜਪਾ ਦੇ ਇਸ ਸਤਿਕਾਰਯੋਗ ਮੰਤਰੀ ਸਾਹਿਬ ਦਾ ਬਿਆਨ ਦੇਸ਼ ਦੇ ਸਾਬਕਾ ਸੈਨਿਕਾਂ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਇਹ ਆਖ਼ਦਿਆਂ ਝੁਠਲਾ ਦਿੱਤਾ ਸੀ ਕਿ ਉਕਤ ਅਪ੍ਰੇਸ਼ਨ ਵਿਚ ਦਸ ਭਾਰਤੀ ਜਵਾਨ ਸ਼ਹੀਦ ਹੋਏ ਸਨ। ਸਾਬਕਾ ਸੈਨਿਕਾਂ ਦੁਆਰਾ ਕੀਤੇ ਗਏ ਇਸ ਇੰਕਸ਼ਾਫ਼ ਤੋਂ ਬਾਅਦ ਹੁਣ ਭਾਜਪਾ ਆਗੂ ਮੂੰਹ ਲੁਕਾਉਂਦੇ ਫਿਰ ਰਹੇ ਹਨ।

15 ਸਤੰਬਰ ਨੂੰ ਜਦੋਂ ਯੂ ਏ ਈ ਵਿਖੇ ਏਸ਼ੀਆ ਕੱਪ ਮੁਕਾਬਲਿਆਂ ਦੌਰਾਨ ਭਾਰਤ-ਪਾਕਿਸਤਾਨ ਦੀਆਂ ਕ੍ਰਿਕਟ ਟੀਮਾਂ ਦਰਮਿਆਨ ਮੈਚ ਖੇਡਿਆ ਗਿਆ ਤਾਂ ਭਾਜਪਾ ਦੇ ਸਿਖਰਲੇ ਪੱਧਰ ਦੇ ਆਗੂਆਂ ਦੁਆਰਾ ਵਾਰ-ਵਾਰ ਬੋਲਿਆ ਗਿਆ ਝੂਠ ਬੇਨਕਾਬ ਹੋ ਗਿਆ ਸੀ ਕਿ ਭਾਰਤ ਵੱਲੋਂ ਹਰ ਪੱਧਰ 'ਤੇ ਪਾਕਿਸਤਾਨ ਦਾ ਮੁਕੰਮਲ ਬਾਈਕਾਟ ਕੀਤਾ ਜਾਵੇਗਾ। ਭਾਜਪਾ ਆਗੂਆਂ ਦੇ ਇਹ ਬੋਲ ਅੱਜ ਵੀ ਸੋਸ਼ਲ ਮੀਡੀਆ 'ਤੇ ਗੂੰਜ ਰਹੇ ਹਨ,'ਖ਼ੂਨ ਅਤੇ ਪਾਣੀ ਦੋਵੇਂ ਇਕ ਸਾਥ ਨਹੀਂ ਵਹਿ ਸਕਦੇ ਹਨ?' ਹੁਣ ਕੋਈ ਇਨ੍ਹਾਂ ਤੋਂ ਪੁੱਛੇ ਕਿ 'ਕੀ ਖ਼ੂਨ ਅਤੇ ਕ੍ਰਿਕਟ ਨਾਲ-ਨਾਲ ਚੱਲ ਸਕਦੇ ਹਨ?' ਭਾਜਪਾਈ ਆਗੂ ਕਿੰਨੀ ਬੇਸ਼ਰਮੀ ਨਾਲ ਆਪਣੇ ਝੂਠ 'ਤੇ ਪਰਦਾ ਪਾਉਂਦਿਆਂ ਹੋਇਆਂ ਆਪਣੇ ਬਚਾਅ ਵਿਚ ਆਖ਼ਦੇ ਹਨ, 'ਅਸੀਂ ਤਾਂ ਜੀ ਖ਼ੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ ਆਖਿਆ ਸੀ। ਅਸੀਂ ਕ੍ਰਿਕਟ ਤਾਂ ਕਿਹਾ ਹੀ ਨਹੀਂ ਸੀ।' ਦੇਸ਼ ਲਈ ਕਿੰਨੀ ਸ਼ਰਮ ਦੀ ਗੱਲ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਹਰੇਕ ਮੰਚ ਤੋਂ ਐਲਾਨੀਆਂ ਆਖੀ ਜਾਂਦੇ ਹਨ, 'ਅਪ੍ਰੇਸ਼ਨ ਸਿੰਧੂਰ ਅਜੇ ਖ਼ਤਮ ਨਹੀਂ ਹੋਇਆ ਹੈ।' ਜੇਕਰ ਇਹ ਅਪ੍ਰੇਸ਼ਨ ਅਜੇ ਜਾਰੀ ਹੈ ਤਾਂ ਫਿਰ ਸਾਡੇ 26 ਨਿਰਦੋਸ਼ ਸੈਲਾਨੀਆਂ ਦੀ ਜਾਨ ਲੈਣ ਵਾਲੇ ਅਤੇ ਸਾਡੇ ਦਸ ਜਾਂਬਾਜ਼ ਸੈਨਿਕਾਂ ਨੂੰ ਸ਼ਹੀਦ ਕਰ ਦੇਣ ਵਾਲੇ ਪਾਕਿਸਤਾਨ ਨਾਲ ਸਾਨੂੰ ਮੈਚ ਖੇਡਣਾ ਸ਼ੋਭਾ ਦਿੰਦਾ ਹੈ? ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵੀ ਭਾਜਪਾ ਦੇ ਝੂਠ ਨੂੰ ਢਕਣ ਦੀ ਕੋਸ਼ਿਸ਼ ਕਰਦਿਆਂ ਆਖ਼ਦੇ ਹਨ,'ਅਸੀਂ ਇਹ ਜਿੱਤ ਆਪਣੇ ਦੇਸ਼ ਦੇ ਬਹਾਦਰ ਸੈਨਿਕਾਂ ਨੂੰ ਸਮਰਪਿਤ ਕਰਦੇ ਹਾਂ।'

ਭਾਰਤ ਸਰਕਾਰ ਵੱਲੋਂ 'ਪਹਿਲਗਾਮ ਹਮਲੇ' ਦੇ ਪ੍ਰਸੰਗ ਵਿਚ ਪਾਕਿਸਤਾਨ ਨਾਲੋਂ ਹਰ ਤਰ੍ਹਾਂ ਦੇ ਸਬੰਧ ਤੋੜ ਲੈਣ ਦੀ ਦੁਹਾਈ ਦੇਣ ਦਾ ਝੂਠ ਉਸ ਵੇਲੇ ਸਾਹਮਣੇ ਆਉਂਦਾ ਹੈ, ਜਦੋਂ ਇਹ ਪਤਾ ਲੱਗਦਾ ਹੈ ਕਿ ਪੰਜਾਬ ਦੇ ਅਟਾਰੀ ਬਾਰਡਰ ਰਾਹੀਂ ਵਪਾਰ ਅਤੇ ਡੇਰਾ ਬਾਬਾ ਨਾਨਕ-ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਸ਼ਰਧਾਲੂਆਂ ਦਾ ਪਾਕਿਸਤਾਨ ਜਾਣਾ ਤਾਂ ਬੰਦ ਹੈ, ਪਰ ਗੁਜਰਾਤ ਅਤੇ ਰਾਜਸਥਾਨ ਦੇ ਬਾਰਡਰ ਅਤੇ ਬੰਦਰਗਾਹਾਂ ਰਾਹੀਂ ਪਾਕਿਸਤਾਨ ਨਾਲ ਵਪਾਰ ਬਾਦਸਤੂਰ ਜਾਰੀ ਹੈ। ਕੀ ਇਹ ਵਪਾਰ ਪਾਕਿਸਤਾਨ ਨਾਲ ਸਾਰੇ ਸੰਬੰਧ ਤੋੜ ਲੈਣ ਸਬੰਧੀ ਭਾਜਪਾ ਦੇ ਝੂਠ ਨੂੰ ਬੇਨਕਾਬ ਨਹੀਂ ਕਰਦਾ?

ਭਾਜਪਾ ਦੇ ਪ੍ਰਮੁੱਖ ਆਗੂਆਂ ਦੁਆਰਾ ਭਾਰਤ ਵਾਸੀਆਂ ਨਾਲ ਸ਼ਰੇਆਮ ਬੋਲੇ ਗਏ ਵੱਡੇ ਝੂਠਾਂ ਵਿਚ 'ਵਿਦੇਸ਼ ਵਿਚ ਪਿਆ ਕਾਲਾ ਧਨ ਲਿਆ ਕੇ ਹਰੇਕ ਦੇਸ਼ ਵਾਸੀ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾ ਕਰਨਾ','ਪੰਜ ਸਾਲਾਂ ਵਿਚ ਸੌ ਸਮਾਰਟ ਸਿਟੀ ਬਣਾਉਣਾ','ਦੇਸ਼ ਵਿਚ ਬੁਲੇਟ ਟਰੇਨ ਚਲਾਉਣਾ','ਬੇਰੁਜ਼ਗਾਰ ਨੌਜਵਾਨਾਂ ਨੂੰ ਹਰ ਸਾਲ ਦੋ ਕਰੋੜ ਨੌਕਰੀਆਂ ਦੇਣਾ','ਪੰਜ ਸਾਲ ਅੰਦਰ ਹਰੇਕ ਬੇਘਰ ਭਾਰਤ ਵਾਸੀ ਨੂੰ ਘਰ ਪ੍ਰਦਾਨ ਕਰਨਾ','ਭਾਰਤੀ ਕਿਸਾਨਾਂ ਦੀ ਆਮਦਨੀ 2022 ਤੱਕ ਦੁੱਗਣੀ ਕਰਨਾ','ਦੇਸ਼ ਵਾਸੀਆਂ ਨੂੰ 40 ਰੁਪਏ ਪ੍ਰਤੀ ਲੀਟਰ ਪੈਟਰੋਲ ਅਤੇ 400 ਰੁਪਏ ਵਿਚ ਗੈਸ ਸਿਲੰਡਰ ਉਪਲੱਬਧ ਕਰਵਾਉਣਾ', 'ਭਾਰਤ ਨੂੰ ਵਿਸ਼ਵ ਗੁਰੂ ਬਣਾਉਣਾ' ਆਦਿ ਸਮੇਤ ਕਈ ਹੋਰ ਸਫ਼ੇਦ ਝੂਠ ਸ਼ਾਮਿਲ ਹਨ। 'ਮੇਕ ਇਨ ਇੰਡੀਆ' ਦਾ ਝੂਠ ਬੋਲ ਕੇ ਦੇਸ਼ ਵਾਸੀਆਂ ਨੂੰ ਧੋਖਾ ਦੇਣ ਵਾਲੀ ਭਾਜਪਾ ਦੇ ਸਾਰੇ ਵੱਡੇ ਆਗੂ ਆਪ ਤਾਂ ਵਿਦੇਸ਼ੀ ਘੜੀਆਂ,ਕੱਪੜੇ, ਫ਼ੋਨ,ਚਸ਼ਮੇ ਅਤੇ ਕਾਰਾਂ ਦਾ ਇਸਤੇਮਾਲ ਕਰਦੇ ਹਨ।

ਕਿੰਨੀ ਹਾਸੋਹੀਣੀ ਗੱਲ ਹੈ ਕਿ ਭਾਜਪਾ ਦੇ ਮੀਡੀਆ ਸੈੱਲ ਅਤੇ ਗੋਦੀ ਮੀਡੀਆ ਨੇ ਬੜੇ ਹੀ ਵੱਡੇ ਪੱਧਰ 'ਤੇ ਝੂਠ ਬੋਲਦਿਆਂ ਹੋਇਆਂ ਕਿਸੇ ਵੇਲੇ ਇਹ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਚੋਲਗੀ ਕਰਕੇ ਰੂਸ ਅਤੇ ਯੂਕਰੇਨ ਦਰਮਿਆਨ ਚੱਲਦੀ ਜੰਗ ਰੁਕਵਾ ਦਿੱਤੀ ਸੀ, ਜਦੋਂ ਕਿ ਹਕੀਕਤ ਇਹ ਹੈ ਕਿ ਇਹ ਜੰਗ ਅਜੇ ਵੀ ਬਾਦਸਤੂਰ ਜਾਰੀ ਹੈ। ਇਸੇ ਤਰ੍ਹਾਂ ਭਾਜਪਾ ਦੀ ਸ਼ਹਿ 'ਤੇ ਗੋਦੀ ਮੀਡੀਆ ਨੇ ਵੀ 'ਅਪ੍ਰੇਸ਼ਨ ਸਿੰਧੂਰ' ਦੌਰਾਨ ਇਹ ਝੂਠ ਬੋਲਿਆ ਸੀ ਕਿ ਭਾਰਤੀ ਫ਼ੌਜਾਂ ਨੇ 'ਲਾਹੌਰ' ਅਤੇ 'ਕਰਾਚੀ' ਦੇ ਅੰਦਰ ਵੜ ਕੇ ਹਮਲੇ ਕੀਤੇ ਹਨ ਤੇ ਇਨ੍ਹਾਂ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ ਹੈ, ਜਦੋਂ ਕਿ ਅਜਿਹਾ ਕੁਝ ਵੀ ਨਹੀਂ ਵਾਪਰਿਆ ਸੀ।

ਭਾਜਪਾ ਨੂੰ ਝੂਠ ਬੋਲਣ ਦੀ ਆਦਤ ਇਸ ਕਦਰ ਪੈ ਚੁੱਕੀ ਹੈ ਕਿ ਭਾਜਪਾ ਦੇ ਸਿਰਮੌਰ ਆਗੂ ਬਿਆਨ ਦਿੰਦੇ ਹਨ,'ਬਨਾਰਸ ਵਿਚ ਭਗਤ ਕਬੀਰ,ਰਵਿਦਾਸ,ਗੁਰੂ ਨਾਨਕ ਆਦਿ ਸੰਤ ਇਕੱਠੇ ਬੈਠ ਕੇ ਵਿਚਾਰ-ਚਰਚਾ ਕਰਦੇ ਸਨ।' ਹਕੀਕਤ ਤਾਂ ਇਹ ਹੈ ਕਿ ਜਿਨ੍ਹਾਂ ਵੀ ਸੰਤਾਂ ਅਤੇ ਗੁਰੂਆਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਦੇ ਕਾਲ ਖੰਡ ਇਤਿਹਾਸ ਵਿਚ ਵੱਖ-ਵੱਖ ਹਨ ਤੇ ਉਨ੍ਹਾਂ ਸਭਨਾਂ ਦੇ ਇਕੱਠੇ ਬੈਠਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ ਹੈ। ਭਾਜਪਾ ਸੋਚਦੀ ਹੈ ਕਿ ਉਹ ਝੂਠ ਦੀ ਵਰਤੋਂ ਕਰਕੇ ਵਾਰ-ਵਾਰ ਸੱਤਾ ਹਾਸਿਲ ਕਰ ਲਵੇਗੀ, ਪਰ ਸਿਆਣਿਆਂ ਨੇ ਸੱਚ ਹੀ ਕਿਹਾ ਹੈ,'ਕਾਠ ਦੀ ਹਾਂਡੀ ਵਾਰ-ਵਾਰ ਅੱਗ 'ਤੇ ਨਹੀਂ ਚੜ੍ਹਦੀ।' ਇਸ ਲਈ ਭਾਜਪਾ ਨੂੰ ਹੁਣ ਝੂਠ ਬੋਲਣਾ ਛੱਡ ਕੇ ਸੱਚੇ-ਸੁੱਚੇ ਲੋਕ ਮੁੱਦਿਆਂ 'ਤੇ ਸਿਆਸਤ ਕਰਨੀ ਚਾਹੀਦੀ ਹੈ, ਇਸੇ ਵਿਚ ਹੀ ਭਾਜਪਾ ਦਾ ਅਤੇ ਦੇਸ਼ ਦਾ ਭਲਾ ਹੈ।

**# ਸੰਪਰਕ : 97816-46008**

19-SEP-PAGE-5.qxd 9/18/2025 9:36 PM Page 1



# ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਕਚਹਿਰੀਆਂ 'ਚ ਧਰਨਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਖੇਤ ਮਜ਼ਦੂਰ ਸਭਾ ਬਠਿੰਡਾ ਵੱਲੋਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਕਚਹਿਰੀਆਂ ਬਠਿੰਡਾ ਵਿਖੇ ਧਰਨਾ ਲਗਾਇਆ ਗਿਆ।ਧਰਨੇ ਵਿੱਚ ਜੁੜੇ ਮਜ਼ਦੂਰਾਂ ਨੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਆਪਣੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਮੰਗ ਪੱਤਰ ਵੀ ਦਿੱਤਾ।ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਮਿੱਠੂ ਸਿੰਘ ਘੁੱਦਾ ਤੇ ਜ਼ਿਲ੍ਹਾ ਆਗੂ ਮੱਖਣ ਸਿੰਘ ਗੁਰੂਸਰ ਨੇ ਦੋਸ਼ ਲਗਾਇਆ ਕਿ ਬਠਿੰਡੇ ਜ਼ਿਲ੍ਹੇ ਦੇ ਬਹੁਤ ਸਾਰੇ ਪਿੰਡਾਂ ਵਿੱਚ ਨਰੇਗਾ ਦਾ ਕੰਮ ਬਿਲਕੁਲ ਠੱਪ ਹੋਇਆ ਪਿਆ ਹੈ, ਜਿਸ ਨਾਲ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਹੋ ਰਹੇ ਹਨ।ਵਾਰ ਵਾਰ ਮੰਗ ਕਰਨ ਦੇ ਬਾਵਜੂਦ ਬਹੁਤ ਸਾਰੇ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ।ਬੀਤੇ ਦਿਨੀਂ ਹੋਈਆਂ ਭਾਰੀ ਬਾਰਿਸ਼ਾਂ ਕਾਰਨ ਜ਼ਿਲ੍ਹਾ ਬਠਿੰਡਾ ਅੰਦਰ ਬਹੁਤ ਸਾਰੇ ਪਿੰਡਾਂ ਵਿੱਚ ਮਜ਼ਦੂਰਾਂ ਦੇ ਮਕਾਨ ਢਹਿ ਗਏ ਹਨ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਜੋ ਹੜ੍ਹ ਜਾਂ ਬਾਰਸ਼ ਕਾਰਨ ਰਾਹਤਾਂ ਦਾ ਐਲਾਨ ਕੀਤਾ ਗਿਆ ਹੈ, ਉਸ ਵਿੱਚ ਮਜ਼ਦੂਰਾਂ ਨੂੰ ਫੁੱਟੀ ਕੌਡੀ ਵੀ ਨਹੀਂ ਦਿੱਤੀ ਜਾ ਰਹੀ।ਪੰਜਾਬ ਸਰਕਾਰ ਦੇ ਬੀਤੇ ਸਾਢੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਪੂਰੀ ਤਰ੍ਹਾਂ ਮਜ਼ਦੂਰ ਵਿਰੋਧੀ ਸਾਬਿਤ ਹੋਈ ਹੈ।ਉਨ੍ਹਾਂ ਮੰਗ ਕੀਤੀ ਕਿ ਹੜ੍ਹਾਂ ਜਾਂ ਮੀਂਹ ਕਾਰਨ ਮਰਨ ਵਾਲੇ ਵਿਅਕਤੀ ਦੇ ਪਰਿਵਾਰ ਨੂੰ 25 ਲੱਖ ਰੁਪਏ, ਮਕਾਨ ਡਿੱਗਣ 'ਤੇ 15 ਲੱਖ ਰੁਪਏ, ਖਰਾਬ ਹੋਏ ਮਕਾਨਾਂ ਦੀ ਰਿਪੇਅਰ ਲਈ ਪੰਜ ਲੱਖ ਰੁਪਏ ਪ੍ਰਤੀ ਮਕਾਨ, ਪਸ਼ੂਆਂ ਦੀ ਮੌਤ ਹੋਣ 'ਤੇ ਪ੍ਰਤੀ ਪਸ਼ੂ ਅਤੇ ਫਸਲ ਬਰਬਾਦ ਹੋਣ 'ਤੇ ਪ੍ਰਤੀ ਏਕੜ ਇਕ ਲੱਖ ਰੁਪਏ, ਮੀਂਹ ਕਾਰਨ ਬੇਰੁਜ਼ਗਾਰ ਮਜ਼ਦੂਰਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਦਿੱਤਾ ਜਾਵੇ।ਉਨ੍ਹਾਂ ਮੰਗ ਕੀਤੀ ਕਿ ਨਰੇਗਾ ਦਾ ਕੰਮ ਤੁਰੰਤ ਚਲਾਇਆ ਜਾਵੇ ਤੇ 700 ਰੁਪਏ ਦਿਹਾੜੀ ਦਿੱਤੀ ਜਾਵੇ।

ਇਸ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ ਭਰਾਤਰੀ ਜਥੇਬੰਦੀ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ ਨੇ ਪੰਜਾਬ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਨੇ ਲੈਂਡ ਪੋਲਿੰਗ ਪਾਲਸੀ ਵਾਪਸ ਲੈਣ ਤੋਂ ਬਾਅਦ ਵੀ ਕਿਸਾਨਾਂ ਤੇ ਪੰਚਾਇਤਾਂ ਦੀਆਂ ਜ਼ਮੀਨਾਂ ਹੜੱਪ ਕੇ ਕਾਰਪੋਰੇਟ ਨੂੰ ਦੇਣ ਦੀ ਨੀਤੀ ਨਹੀਂ ਛੱਡੀ।ਪੰਜਾਬ ਸਰਕਾਰ ਹੁਣ ਮਜ਼ਦੂਰਾਂ ਨੂੰ ਮਕਾਨ ਬਣਾਉਣ ਦਾ ਨਾ ਦੇ ਕੇ ਪੰਚਾਇਤਾਂ ਦੀਆਂ ਜ਼ਮੀਨਾਂ ਕਾਰਪੋਰੇਟ ਬਿਲਡਰਾਂ ਨੂੰ ਦੇਣਾ ਚਾਹੁੰਦੀ ਹੈ, ਜਿਸ ਨੂੰ ਕਦੇ ਵੀ ਸਿਰੇ ਚੜ੍ਹਨ ਨਹੀਂ ਦਿੱਤਾ ਜਾਵੇਗਾ।ਉਨ੍ਹਾਂ ਮਜ਼ਦੂਰਾਂ ਦੀਆਂ ਉਪਰੋਕਤ ਮੰਗਾਂ ਦੀ ਪੁਰਜ਼ੋਰ ਹਮਾਇਤ ਕਰਦਿਆਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਨਾਂਅ 'ਤੇ ਜ਼ਮੀਨਾਂ ਹੜੱਪ ਕੇ ਕਾਰਪੋਰੇਟ ਬਿਲਡਰਾਂ ਨੂੰ ਦੇਣ ਦੀ ਥਾਂ ਬੇਘਰ ਮਜ਼ਦੂਰਾਂ ਲਈ ਜ਼ਮੀਨ ਖਰੀਦ ਕੇ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਘਰ ਬਣਾਉਣ ਲਈ 15 ਲੱਖ ਰੁਪਏ ਪ੍ਰਤੀ ਮਕਾਨ ਦਿੱਤੇ ਜਾਣ।

ਹੜ੍ਹ ਮਾਰੇ ਖੇਤਰਾਂ ਲਈ ਪੰਜਾਬ ਸਰਕਾਰ ਵੱਲੋਂ ਐਲਾਨ ਕੀਤੀ ਰਾਸ਼ੀ 20 ਹਜ਼ਾਰ ਰੁਪਏ ਪ੍ਰਤੀ ਏਕੜ ਨੂੰ ਰੱਦ ਕਰਦਿਆਂ ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਅਤੇ ਕੇਂਦਰ ਸਰਕਾਰ ਹੜ੍ਹਾਂ ਨਾਲ ਹੋਈ ਬਰਬਾਦੀ ਦੇ ਇਸ ਭਿਆਨਕ ਸੰਕਟ ਦੇ ਸਮੇਂ ਲੋਕਾਂ ਦੀ ਬਾਂਹ ਫੜਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈਆਂ ਹਨ।ਦੋਵੇਂ ਸਰਕਾਰਾਂ ਲੋਕਾਂ ਦੇ ਜ਼ਖ਼ਮਾਂ 'ਤੇ ਮਲਮ ਲਾਉਣ ਦੀ ਬਜਾਏ ਘਟੀਆ ਸਿਆਸਤ ਕਰ ਰਹੀਆਂ ਹਨ।ਉਨ੍ਹਾਂ ਮੰਗ ਕੀਤੀ ਕਿ ਬੀਜੇਪੀ ਪੰਜਾਬ ਦੇ ਆਗੂ ਡਰਾਮੇਬਾਜ਼ੀ ਛੱਡ ਕੇ ਬੁਰੀ ਤਰ੍ਹਾਂ ਬਰਬਾਦ ਹੋਏ ਪੰਜਾਬ ਲਈ ਘੱਟੋ ਘੱਟ 20 ਹਜ਼ਾਰ ਕਰੋੜ ਦਾ ਪੈਕੇਜ ਕੇਂਦਰ ਸਰਕਾਰ ਤੋਂ ਤੁਰੰਤ ਜਾਰੀ ਕਰਵਾਉਣ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਕੁੱਬੇ, ਉਮਰਦੀਨ ਜੱਸੀ, ਕੂਕਾ ਸਿੰਘ ਨਥਾਣਾ, ਜਸਵੀਰ ਸਿੰਘ ਢੱਡੇ, ਮੰਦਰ ਸਿੰਘ ਕਮਾਲੂ, ਹਰਬੰਸ ਸਿੰਘ ਜੋਧਪੁਰ, ਨਿੱਕਾ ਸਿੰਘ ਗੈਹਰੀ ਭਾਗੀ, ਰਜਿੰਦਰ ਸਿੰਘ ਸੰਦੋਹਾ, ਜਰਨੈਲ ਸਿੰਘ ਆਦਿ ਹਾਜ਼ਰ ਸਨ।

# 21 ਨੂੰ ਮੋਹਾਲੀ ਰੈਲੀ 'ਚ ਸੈਂਕੜੇ ਨਰੇਗਾ ਵਰਕਰ ਪੁੱਜਣਗੇ : ਗੋਰਾ ਪਿੱਪਲੀ



**ਕੋਟਕਪੂਰਾ (ਰਛਪਾਲ ਭੁੱਲਰ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਸੀਪੀਆਈ ਦੀ 21 ਸਤੰਬਰ ਨੂੰ ਹੋ ਰਹੀ ਮਹਾਂ ਰੈਲੀ ਮੋਹਾਲੀ ਵਿੱਚ ਸੈਂਕੜੇ ਵਰਕਰ ਪੁੱਜਣਗੇ ਅਤੇ ਨਰੇਗਾ ਨੂੰ ਬਚਾਉਣ ਤੇ ਚਲਾਉਣ ਲਈ ਆਵਾਜ਼ ਬੁਲੰਦ ਕਰਨਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਮਰੇਡ ਗੋਰਾ ਸਿੰਘ ਪਿੱਪਲੀ ਸੂਬਾ ਕਮੇਟੀ ਮੈਂਬਰ ਨੇ ਪਿੰਡ ਕਰੀਰਵਾਲੀ ਵਿਖੇ ਨਰੇਗਾ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਮਜ਼ਦੂਰਾਂ ਲਈ ਇੱਕੋ ਇੱਕ ਬਣੇ ਕੰਮ ਦੀ ਗਰੰਟੀ ਦੇ ਕਾਨੂੰਨ ਨਰੇਗਾ ਨੂੰ ਕੇਂਦਰ ਤੇ ਪੰਜਾਬ ਸਰਕਾਰ ਰਲ ਕੇ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਜੋ ਕਿ ਮਜ਼ਦੂਰ ਬਰਦਾਸ਼ਤ ਨਹੀਂ ਕਰਨਗੇ।ਭਾਰਤੀ ਕਮਿਊਨਿਸਟ ਪਾਰਟੀ ਸੀਪੀਆਈ, ਜਿਸ ਨਰੇਗਾ ਨੂੰ ਬਣਾਉਣ ਤੇ ਚਲਾਉਣ 'ਚ ਬਹੁਤ ਵੱਡਾ ਯੋਗਦਾਨ ਦਿੱਤਾ ਹੈ, ਸੀਪੀਆਈ ਦੇ ਐੱਮ ਪੀ, ਐੱਮ ਐੱਲ ਏ ਤੇ ਰਾਜ ਸਭਾ ਮੈਂਬਰਾਂ ਨੇ ਨਰੇਗਾ ਦੇ ਹੱਕ ਵਿੱਚ ਹਮੇਸ਼ਾ ਆਵਾਜ਼ ਬੁਲੰਦ ਕੀਤੀ ਹੈ।ਇਹ ਰੈਲੀ ਵੀ ਨਰੇਗਾ ਨੂੰ ਬਚਾਉਣ ਵਿੱਚ ਸਹਾਈ ਸਿੱਧ ਹੋਵੇਗੀ ਅਤੇ ਇਸ ਨੂੰ ਅੱਗੇ ਵਧਾਉਣ ਲਈ ਆਵਾਜ਼ ਉਠਾਏਗੀ।

ਕੇਂਦਰ ਸਰਕਾਰ ਨੇ ਨਰੇਗਾ ਦੀ 90% ਪ੍ਰੋਜੈਕਟਾਂ ਨੂੰ ਬੰਦ ਕਰਕੇ ਨਰੇਗਾ ਮਜ਼ਦੂਰਾਂ ਨੂੰ ਭੁੱਖੇ ਮਰਨ ਲਈ ਛੱਡ ਦਿੱਤਾ ਹੈ।ਕਾਨੂੰਨ ਅਨੁਸਾਰ ਜੇਕਰ ਕੰਮ ਨਾ ਮਿਲੇ ਤਾਂ ਪੰਜਾਬ ਸਰਕਾਰ ਨੇ ਬੇਰੁਜ਼ਗਾਰੀ ਭੱਤਾ ਅਦਾ ਕਰਨਾ ਹੈ, ਪਰ ਪੰਜਾਬ ਦੀ ਸਰਕਾਰ ਤੇ ਅਫਸਰਸ਼ਾਹੀ ਨਰੇਗਾ ਦੇ ਭੱਤੇ ਦੀਆਂ ਅਰਜ਼ੀਆਂ ਫੜਨ ਤੋਂ ਇਨਕਾਰੀ ਹਨ।ਨਰੇਗਾ ਆਗੂ ਲਗਾਤਾਰ ਧਰਨੇ, ਮੁਜ਼ਾਹਰੇ, ਮੀਟਿੰਗਾਂ ਕਰਕੇ ਨਰੇਗਾ ਵਰਕਰਾਂ ਨੂੰ ਜਾਗਰੂਕ ਕਰ ਰਹੇ ਹਨ।ਮੋਹਾਲੀ ਰੈਲੀ 'ਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕਰ ਰਹੇ ਹਨ।ਇਸ ਸਮੇਂ ਜੈਤੋ ਬਲਾਕ ਦੇ ਬਲਾਕ ਪ੍ਰਧਾਨ ਰੇਸ਼ਮਤਾ ਵਿਸ਼ਵਾਸ ਦਿਵਾਇਆ ਕਿ ਜੈਤੋ ਬਲਾਕ ਵਿੱਚੋਂ ਵੱਧ ਤੋਂ ਵੱਧ ਨਰੇਗਾ ਵਰਕਰ ਮੁਹਾਲੀ ਰੈਲੀ ਵਿੱਚ ਪੁੱਜਣਗੇ।ਪਾਰਟੀ ਦੇ ਬਲਾਕ ਸੈਕਟਰੀ ਰਾਮ ਸਿੰਘ ਚੈਨਾ ਨੇ ਸਭ ਦਾ ਧੰਨਵਾਦ ਕੀਤਾ ਤੇ ਰੈਲੀ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਸੀ ਪੀ ਆਈ ਦਾ ਸੌ ਸਾਲਾ ਇਤਿਹਾਸ ਸ਼ਾਨਾਮੱਤਾ : ਚੌਹਾਨ

## ਮੋਹਾਲੀ ਰੈਲੀ 'ਚ ਮਾਨਸਾ ਤੋਂ ਬੱਸਾਂ ਦੇ ਕਾਫਲੇ ਰਾਹੀਂ ਹਜ਼ਾਰ ਤੋਂ ਵੱਧ ਸਾਥੀ ਹੋਣਗੇ ਸ਼ਾਮਲ : ਉੱਡਤ



**ਮਾਨਸਾ (ਆਤਮਾ ਸਿੰਘ ਪਮਾਰ)**

ਸੀ ਪੀ ਆਈ ਦੀ 100ਵੀਂ ਵਰ੍ਹੇਗੰਢ ਮੌਕੇ 21 ਤੋਂ 25 ਸਤੰਬਰ ਤੱਕ ਹੋਣ ਜਾ ਰਹੇ ਚੰਡੀਗੜ੍ਹ ਮਹਾਂ ਸੰਮੇਲਨ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।21 ਸਤੰਬਰ ਨੂੰ ਮੋਹਾਲੀ ਵਿਖੇ ਹੋਣ ਵਾਲੀ ਰੈਲੀ ਦੀਆਂ ਤਿਆਰੀਆਂ ਸਬੰਧੀ ਪੂਰੇ ਪੰਜਾਬ ਵਿੱਚ ਉਤਸ਼ਾਹ ਜਨਕ ਰਿਪੋਰਟਾਂ ਆ ਰਹੀਆਂ ਹਨ।ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸਬ ਡਵੀਜ਼ਨ ਮਾਨਸਾ ਦੇ ਸਕੱਤਰ ਕਾਮਰੇਡ ਰੂਪ ਸਿੰਘ ਢਿੱਲੋਂ ਤੇ ਸ਼ਹਿਰੀ ਸਕੱਤਰ ਰਤਨ ਭੋਲਾ ਦੇ ਪ੍ਰਧਾਨਗੀ ਮੰਡਲ ਹੇਠ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਤੇ ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਸੰਬੋਧਨ ਕਰਦਿਆਂ ਪਾਰਟੀ ਦਾ 25ਵਾਂ ਮਹਾਂ ਸੰਮੇਲਨ ਉਸ ਦੌਰ ਸਮੇਂ ਹੋ ਰਿਹਾ ਹੈ, ਜਦੋਂ ਕਿ ਦੇਸ਼ ਹਰ ਪੱਖੋਂ ਸੰਕਟ ਦਾ ਸ਼ਿਕਾਰ ਹੈ, ਸੰਵਿਧਾਨ ਤੇ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।ਸਮੇਂ ਦੇ ਹਾਕਮ ਮੋਦੀ ਸਰਕਾਰ ਆਪਣੇ ਸਿਆਸੀ ਮਨੋਰਥ ਲਈ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਚੰਡੀਗੜ੍ਹ ਮਹਾਂ ਸੰਮੇਲਨ ਖੱਬੀ ਲਹਿਰ ਲਈ ਲਾਹੇਵੰਦ ਸਾਬਿਤ ਹੋਵੇਗਾ ਤੇ ਸੀ ਪੀ ਆਈ ਆਪਣੇ ਪ੍ਰਭਾਵ ਨੂੰ ਮੁੜ ਤੋਂ ਬਹਾਲ ਕਰੇਗੀ।ਕਿਸਾਨ, ਮਜ਼ਦੂਰ, ਛੋਟਾ ਦੁਕਾਨਦਾਰ, ਨੌਜਵਾਨ, ਵਿਦਿਆਰਥੀਆਂ, ਮੁਲਾਜ਼ਮਾਂ ਤੇ ਔਰਤਾਂ ਦੀਆਂ ਮੰਗਾਂ 'ਤੇ ਕੇਂਦਰਤ ਹੋ ਸੰਘਰਸ਼ ਕਰੇਗੀ।ਰੁਜ਼ਗਾਰ, ਕਿਸਾਨ, ਮਜ਼ਦੂਰ, ਛੋਟਾ ਕਾਰੋਬਾਰੀ ਤੇ ਔਰਤਾਂ ਦੇ ਕਰਜ਼ ਮੁਆਫੀ, ਲੈਂਡ ਪੁਲਿੰਗ ਪਾਲਿਸੀ, ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨ ਸਮੇਤ ਕਿਰਤ ਵਿਰੋਧੀ ਨੀਤੀਆਂ ਖ਼ਿਲਾਫ਼ ਆਦਿ ਮੰਗਾਂ 'ਤੇ ਜਾਗਰੂਕ ਕੀਤਾ ਜਾਵੇਗਾ।ਸੀ ਪੀ ਆਈ ਦਾ 100 ਸਾਲਾ ਸ਼ਾਨਾਮੱਤੇ ਇਤਿਹਾਸ ਦੇਸ਼ ਦੀ ਆਜ਼ਾਦੀ, ਦੇਸ਼ ਭਗਤੀ ਤੇ ਕੁਰਬਾਨੀਆਂ ਭਰਿਆ ਸਾਬਿਤ ਹੋਇਆ ਹੈ।ਮੀਟਿੰਗ ਮੌਕੇ ਬਾਰਸ਼ ਤੇ ਹੜ੍ਹਾਂ ਕਰਕੇ ਹਜ਼ਾਰਾਂ ਪਿੰਡਾਂ ਵਿੱਚ ਹੋਏ ਘਰਾਂ, ਫਸਲਾਂ, ਪਸ਼ੂਆਂ ਤੇ ਜਾਨੀ ਨੁਕਸਾਨ ਦੇ ਪੀੜਤਾਂ ਨੂੰ ਆਰਥਿਕ ਤੌਰ ਮਦਦ ਕਰਨ ਲਈ ਕੀਤੇ ਗਏ ਐਲਾਨ ਨਾ-ਮਾਤਰ ਤੇ ਨਿਗੂਣਾ ਹੈ।ਉਨ੍ਹਾ ਦੀ ਅਮਲ ਵਿੱਚ ਬਾਂਹ ਫੜਨ ਦੀ ਮੰਗ ਕੀਤੀ ਗਈ।ਅੰਤ ਵਿੱਚ ਰੈਲੀ ਮੌਕੇ ਸਾਥੀਆਂ ਦੀ ਸ਼ਮੂਲੀਅਤ ਲਈ ਬੱਸਾਂ ਤੇ ਝੰਡੇ, ਫਲੈਕਸਾਂ ਆਦਿ ਦਾ ਸਰਵੇਖਣ ਕੀਤਾ ਗਿਆ ਤੇ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਗਿਆ।

ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਕੇਵਲ ਸਿੰਘ ਸਮਾਓਂ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਦਰਸ਼ਨ ਸਿੰਘ ਮਾਨਸ਼ਾਹੀਆ, ਬੂਟਾ ਸਿੰਘ ਬਰਨਾਲਾ, ਸੁਖਦੇਵ ਸਿੰਘ ਮਾਨਸਾ, ਜਗਦੇਵ ਸਿੰਘ ਖਿਆਲਾ ਕਲਾਂ, ਕੁਲਵਿੰਦਰ ਸਿੰਘ ਪਾਸਟਰ, ਕਰਮ ਸਿੰਘ ਬੀਰ ਖ਼ੁਰਦ, ਗੁਰਜੰਟ ਸਿੰਘ ਮੱਤੀ, ਹਰਨੇਕ ਸਿੰਘ ਮਾਨਸਾ ਖੁਰਦ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਮਹੇਸਰੀ 'ਚ ਦਿਨ-ਦਿਹਾੜੇ ਨੌਜਵਾਨ ਦਾ ਬੇਰਹਿਮੀ ਨਾਲ ਕਤਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਦੇ ਪਿੰਡ ਮਹੇਸਰੀ ਵਿੱਚ ਦਿਨ ਦਿਹਾੜੇ ਨੌਜਵਾਨ ਦਾ ਗੰਡਾਸਾ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।ਮ੍ਰਿਤਕ ਨੌਜਵਾਨ ਦੀ ਪਹਿਚਾਣ ਧਰਮਪ੍ਰੀਤ ਵਜੋਂ ਹੋਈ ਹੈ, ਜਿਸ ਦੀ ਉਮਰ ਕਰੀਬ 22 ਸਾਲ ਦੱਸੀ ਜਾ ਰਹੀ ਹੈ, ਜੋ ਆਪਣੇ ਮੋਟਰਸਾਈਕਲ 'ਤੇ ਕੰਮ ਤੋਂ ਵਾਪਸ ਆਪਣੇ ਘਰ ਜਾ ਰਿਹਾ ਸੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਤਲ ਕਰਨ ਵਾਲੇ ਦੋਸ਼ੀ ਦੀ ਪਹਿਚਾਣ ਜਸਕਰਨ ਸਿੰਘ ਵਜੋਂ ਹੋਈ ਹੈ, ਜੋ ਮ੍ਰਿਤਕ ਧਰਮਪ੍ਰੀਤ ਦੇ ਗੁਆਂਢ ਵਿੱਚ ਹੀ ਰਹਿੰਦਾ ਸੀ ਅਤੇ ਜਸਕਰਨ ਮ੍ਰਿਤਕ ਧਰਮਪ੍ਰੀਤ 'ਤੇ ਸ਼ੱਕ ਕਰਦਾ ਸੀ ਕਿ ਧਰਮਪ੍ਰੀਤ ਦੀ ਉਸ ਦੀ ਪਤਨੀ ਨਾਲ ਗਲਤ ਸਬੰਧ ਹਨ, ਜਿਸ ਦੇ ਚਲਦਿਆਂ ਜਸਕਰਨ ਸਿੰਘ ਪਹਿਲਾਂ ਹੀ ਸੜਕ 'ਤੇ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਜਦੋਂ ਆਪਣੇ ਘਰ ਤੋਂ ਧਰਮਪ੍ਰੀਤ ਸੜਕ ਵੱਲ ਨੂੰ ਆ ਰਿਹਾ ਸੀ ਤਾਂ ਜਸਕਰਨ ਸਿੰਘ ਨੇ ਗੰਡਾਸੀ ਨਾਲ ਵਾਰ ਕਰਕੇ ਧਰਮਪ੍ਰੀਤ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਖੁਦ ਮੌਕੇ ਤੋਂ ਫ਼ਰਾਰ ਹੋ ਗਿਆ।ਇਸ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਮੋਗਾ ਦੇ ਸਿਵਲ ਹਸਪਤਾਲ ਮੋਰਚਰੀ 'ਚ ਰਖਵਾ ਦਿੱਤਾ ਹੈ ਅਤੇ ਮਾਮਲਾ ਦਰਜ ਕਰਕੇ ਕਾਤਲ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਆਨਲਾਈਨ ਟ੍ਰੇਡਿੰਗ ਦੇ ਨਾਂਅ 'ਤੇ ਮਾਰੀ 20 ਲੱਖ ਦੀ ਠੱਗੀ, ਕੇਸ ਦਰਜ

**ਸ੍ਰੀ ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਆਨਲਾਈਨ ਟ੍ਰੇਡਿੰਗ ਦੇ ਨਾਂਅ 'ਤੇ ਇੱਕ ਵਿਅਕਤੀ ਨਾਲ ਮਾਰੀ ਗਈ 20 ਲੱਖ ਰੁਪਏ ਦੀ ਕਥਿਤ ਠੱਗੀ ਦੇ ਮਾਮਲੇ ਵਿੱਚ ਥਾਣਾ ਸਾਈਬਰ ਕ੍ਰਾਈਮ ਦੀ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮਨਦੀਪ ਸਿੰਘ ਨਾਮਕ ਵਿਅਕਤੀ ਨੇ ਦੱਸਿਆ ਕਿ ਉਸ ਦੇ ਮੋਬਾਈਲ ਫੋਨ ਤੇ ਵਟਸਐਪ ਮੈਸੇਜ ਰਾਹੀਂ ਆਏ ਇੱਕ ਲਿੰਕ ਆਇਆ ਸੀ, ਜਿਸ ਰਾਹੀਂ ਉਸ ਦਾ ਡੀਮੈਟ ਅਕਾਊਂਟ ਖੁਲ੍ਹਵਾ ਕੇ ਨਾਮਾਲੂਮ ਵਿਅਕਤੀਆਂ ਨੇ ਉਸ ਨੂੰ ਆਨਲਾਈਨ ਟ੍ਰੇਡਿੰਗ 'ਚ ਚੰਗਾ ਮੁਨਾਫਾ ਦਿਵਾਉਣ ਦਾ ਝਾਂਸਾ ਦਿੱਤਾ।ਨਾਮਾਲੂਮ ਵਿਅਕਤੀਆਂ ਦੇ ਕਹਿਣ 'ਤੇ ਉਸ ਨੇ ਆਪਣੇ, ਆਪਣੇ ਭਰਾ ਦੇ ਤੇ ਆਪਣੇ ਕਰਮਚਾਰੀ ਦੇ ਖਾਤਿਆਂ ਚੋਂ 20,35,111/- ਰੁਪਏ ਉਨ੍ਹਾਂ ਵੱਲੋਂ ਦੱਸੇ ਗਏ ਵੱਖ-ਵੱਖ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕਰਾ ਦਿੱਤੇ, ਰ ਨਾ ਤਾਂ ਉਕਤ ਵਿਅਕਤੀਆਂ ਵੱਲੋਂ ਉਸਨੂੰ ਮੁਨਾਫ਼ਾ ਦਿੱਤਾ ਗਿਆ ਤੇ ਨਾ ਹੀ ਉਸਦੀ ਰਕਮ ਵਾਪਸ ਕੀਤੀ ਗਈ।ਮਨਦੀਪ ਸਿੰਘ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਾਈਬਰ ਕ੍ਰਾਈਮ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਸੀ ਪੀ ਆਈ ਦੀ ਮੋਹਾਲੀ ਰੈਲੀ ਲਈ ਵਰਕਰਾਂ 'ਚ ਭਾਰੀ ਉਤਸ਼ਾਹ

## ਜ਼ਿਲ੍ਹਾ ਫਰੀਦਕੋਟ 'ਚੋਂ ਸੈਂਕੜੇ ਵਰਕਰ ਹੋਣਗੇ ਸ਼ਾਮਲ : ਕੌਸ਼ਲ



**ਕੋਟਕਪੂਰਾ (ਰਛਪਾਲ ਭੁੱਲਰ)**

'ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਦੇ ਸ਼ਤਾਬਦੀ ਵਰ੍ਹੇ ਦੌਰਾਨ ਇਸ ਦੀ ਪੰਜਾਬ ਇਕਾਈ ਸਿਰ ਕੁੱਲ ਹਿੰਦ ਮਹਾਂ ਸੰਮੇਲਨ ਕਰਵਾਉਣ ਦੀ ਜੋ ਵੱਡੀ ਜ਼ਿੰਮੇਵਾਰੀ ਪਾਈ ਗਈ ਹੈ, ਪੰਜਾਬ ਦੇ ਜੁਝਾਰੂ ਲੋਕਾਂ ਦੇ ਸਹਿਯੋਗ ਨਾਲ ਪਾਰਟੀ ਇਸ ਨੂੰ ਸ਼ਾਨਦਾਰ ਢੰਗ ਨਾਲ ਨਿਭਾਏਗੀ।' ਇਹ ਸ਼ਬਦ ਕਾਮਰੇਡ ਅਸ਼ੋਕ ਕੌਸ਼ਲ ਜ਼ਿਲ੍ਹਾ ਸਕੱਤਰ ਫਰੀਦਕੋਟ ਨੇ ਪਾਰਟੀ ਦੀ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਹੇ।ਉਨ੍ਹਾਂ ਕਿਹਾ ਕਿ ਪੰਜ ਰੋਜ਼ਾ ਮਹਾਂ ਸੰਮੇਲਨ ਦੇ ਪਹਿਲੇ ਦਿਨ 21 ਸਤੰਬਰ ਨੂੰ ਮੋਹਾਲੀ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਦੀ ਤਿਆਰੀ ਵਾਸਤੇ ਇਹ ਮੀਟਿੰਗ ਸਦੀ ਗਈ ਸੀ। ਉਨ੍ਹਾ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਦੇ 100ਵੇਂ ਵਰ੍ਹੇ ਵਿੱਚ ਪਾਰਟੀ ਦਾ 25ਵਾਂ ਮਹਾਂ-ਸੰਮੇਲਨ ਚੰਡੀਗੜ੍ਹ ਵਿੱਚ ਹੋ ਰਿਹਾ ਹੈ, ਜਿਸ ਵਿੱਚ ਦੇਸ਼ ਭਰ ਤੋਂ ਚੁਣ ਕੇ ਆਏ 800 ਤੋਂ ਵੱਧ ਡੈਲੀਗੇਟ ਦੇਸ਼ ਤੇ ਦੁਨੀਆ ਦੇ ਹਾਲਾਤ ਬਾਰੇ ਵਿਚਾਰ ਕਰਕੇ ਅਗਲੇ ਤਿੰਨ ਸਾਲ ਲਈ ਪਾਰਟੀ ਦੀ ਰਣਨੀਤੀ ਤਿਆਰ ਕਰਨਗੇ।ਮੀਟਿੰਗ ਵਿੱਚ ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ, ਸਰਪੰਚ, ਗੁਰਚਰਨ ਸਿੰਘ ਮਾਨ, ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਨਰੇਗਾ ਮਜ਼ਦੂਰ ਯੂਨੀਅਨ ਦੇ ਸੀਨੀਅਰ ਆਗੂ ਵੀਰ ਸਿੰਘ ਕੰਮੇਆਣਾ ਤੇ ਗੋਰਾ ਪਿਪਲੀ ਨੇ ਵੀ ਰੈਲੀ ਦੀਆਂ ਤਿਆਰੀਆਂ ਬਾਰੇ ਉਤਸ਼ਾਹਜਨਕ ਰਿਪੋਰਟ ਪੇਸ਼ ਕੀਤੀ।ਬਿਜਲੀ ਮੁਲਾਜ਼ਮ ਆਗੂ ਇੰਦਰਜੀਤ ਸਿੰਘ ਗਿੱਲ, ਬੋਹੜ ਸਿੰਘ ਔਲਖ, ਨਾਇਬ ਸਿੰਘ ਘਣੀਏ ਵਾਲਾ, ਸੁਖਜਿੰਦਰ ਸਿੰਘ ਤੂੰਬੜਭੰਨ ਤੇ ਕਾਮਰੇਡ ਸ਼ਾਮ ਸੁੰਦਰ ਨੇ ਦੱਸਿਆ ਕਿ 21 ਸਤੰਬਰ ਦੀ ਮੋਹਾਲੀ ਵਿੱਚ ਹੋਣ ਜਾ ਰਹੀ ਮਹਾਂਰੈਲੀ ਕਾਰਪੋਰੇਟ ਘਰਾਣਿਆਂ ਦੀਆਂ ਨੌਕਰ ਸਰਕਾਰਾਂ ਵਿਰੁੱਧ ਹੋਣ ਵਾਲੇ ਸੰਘਰਸ਼ਾਂ ਦਾ ਮੁੱਢ ਬੰਨ੍ਹੇਗੀ।ਇਸ ਮੌਕੇ ਕਾਮਰੇਡ ਸ਼ਾਮ ਸੁੰਦਰ, ਜਸਵੰਤ ਸਿੰਘ, ਬਲਕਾਰ ਸਿੰਘ ਸਹੋਤਾ ਤੇ ਗੁਰਦੀਪ ਸਿੰਘ ਕੰਮੇਆਣਾ ਆਦਿ ਹਾਜ਼ਰ ਸਨ।

# ਕੱਚੇ ਤੇ ਪੱਕੇ ਡਿੱਗੇ ਮਕਾਨਾਂ ਦਾ 1 ਲੱਖ ਰੁਪਏ ਮੁਆਵਜ਼ਾ ਤੁਰੰਤ ਦਿੱਤਾ ਜਾਵੇ : ਐਡਵੋਕੇਟ ਢਾਬਾਂ, ਬੰਨਵਾਲਾ

- ਉਸਾਰੀ ਕਿਰਤੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਡਬਲ ਵਜ਼ੀਫੇ ਦੇ ਫਾਰਮ 'ਤੇ ਦਸਤਕਤ ਕਰਨ ਤੋਂ ਨਾਂਹ ਨਾ ਕਰਨ ਵਿੱਦਿਅਕ ਅਦਾਰੇ : ਛੱਪੜੀਵਾਲਾ, ਧੁੰਨਕੀਆਂ
- ਏਐੱਲਸੀ ਗੁਰਪ੍ਰੀਤ ਸਿੰਘ ਵੱਲੋਂ ਆਗੂਆਂ ਨੂੰ ਸਾਰੇ ਮਸਲੇ ਹੱਲ ਕਰਨ ਦਾ ਭਰੋਸਾ



**ਫਾਜ਼ਿਲਕਾ/ਮੰਡੀ ਘੁਬਾਇਆ (ਰਣਬੀਰ ਕੌਰ ਢਾਬਾਂ, ਬਲਵਿੰਦਰ ਸਿੰਘ)**-ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ:) ਏਟਕ ਜ਼ਿਲ੍ਹਾ ਫਾਜ਼ਿਲਕਾ ਦੇ ਆਗੂਆਂ ਦੀ ਇੱਕ ਮੀਟਿੰਗ ਅਸਿਸਟੈਂਟ ਲੇਬਰ ਕਮਿਸ਼ਨਰ ਫਾਜ਼ਿਲਕਾ ਨਾਲ ਕੀਤੀ ਗਈ।ਮੀਟਿੰਗ ਵਿੱਚ ਯੂਨੀਅਨ ਦੇ ਆਗੂਆਂ ਵੱਲੋਂ ਉਸਾਰੀ ਕਿਰਤੀਆਂ ਦੀਆਂ ਹੱਕੀ ਮੰਗਾਂ ਸਬੰਧੀ ਇੱਕ ਮੰਗ ਪੱਤਰ ਪੰਜਾਬ ਦੇ ਲੇਬਰ ਕਮਿਸ਼ਨਰ ਨੂੰ ਏ ਐੱਲ ਸੀ ਫਾਜ਼ਿਲਕਾ ਰਾਹੀਂ ਭੇਜਿਆ ਗਿਆ।ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਪੰਜਾਬ ਦੇ ਮੀਤ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਤੇ ਜ਼ਿਲ੍ਹਾ ਪ੍ਰਧਾਨ ਜੰਮੂ ਰਾਮ ਬੰਨਵਾਲਾ ਨੇ ਦੱਸਿਆ ਕਿ ਅਸਿਸਟੈਂਟ ਲੇਬਰ ਕਮਿਸ਼ਨਰ ਨਾਲ ਚੱਲੀ ਇਕ ਘੰਟਾ ਮੀਟਿੰਗ ਵਿੱਚ ਏਐੱਲਸੀ ਵੱਲੋਂ ਵਿਸ਼ਵਾਸ ਦਵਾਇਆ ਗਿਆ ਹੈ ਕਿ ਉਨ੍ਹਾਂ ਦੇ ਸਾਰੇ ਮਸਲੇ ਤੁਰੰਤ ਹੱਲ ਕੀਤੇ ਜਾਣਗੇ। ਸਾਥੀ ਢਾਬਾਂ ਤੇ ਬੰਨਵਾਲਾ ਨੇ ਕਿਹਾ ਕਿ ਭਾਰੀ ਮੀਂਹ ਤੇ ਸਤਲੁਜ ਦਰਿਆ 'ਚ ਵਧੇ ਪਾਣੀ ਕਾਰਨ ਆਏ ਸਰਹੱਦੀ ਖੇਤਰ 'ਚ ਹੜ੍ਹਾਂ ਕਾਰਨ ਸੈਂਕੜੇ ਉਸਾਰੀ ਕਿਰਤੀਆਂ ਦੇ ਕੱਚੇ ਤੇ ਪੱਕੇ ਮਕਾਨ ਡਿੱਗ ਕੇ ਢਹਿ ਢੇਰੀ ਹੋ ਗਏ ਹਨ ਜਾਂ ਕੁਝ ਮਕਾਨ ਨੁਕਸਾਨੇ ਜਾ ਚੁੱਕੇ ਹਨ।ਉਨ੍ਹਾਂ ਦਾ ਬੀਓਸੀ ਡਬਲਿਊ ਐਕਟ ਤਹਿਤ ਕੁਦਰਤੀ ਆਫ਼ਤ ਨਾਲ ਹੋਏ ਨੁਕਸਾਨ ਦਾ ਦਿੱਤਾ ਜਾਣ ਵਾਲਾ ਇਕ ਲੱਖ ਰੁਪਏ ਮੁਆਵਜ਼ਾ ਤੁਰੰਤ ਦੇਣ ਦੀ ਮੰਗ ਕੀਤੀ ਗਈ ਹੈ।ਆਗੂਆਂ ਨੇ ਕਿਹਾ ਕਿ ਇਹ ਵੀ ਮੰਗ ਕੀਤੀ ਗਈ ਹੈ ਕਿ ਕੋਰੋਨਾ ਕਾਲ ਦੌਰਾਨ ਉਸਾਰੀ ਕਿਰਤੀਆਂ ਦਾ ਬਿਲਕੁਲ ਕੰਮ ਕਾਰ ਠੱਪ ਹੋਣ ਕਾਰਨ ਉਸ ਵਕਤ ਬੋਰਡ ਵੱਲੋਂ ਉਸਾਰੀ ਕਿਰਤੀ ਲਾਭਪਾਤਰੀ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ ਸੀ, ਉਸ ਦੀ ਤਰਜ 'ਤੇ ਹੜ੍ਹ ਪ੍ਰਭਾਵਿਤ ਉਸਾਰੀ ਕਿਰਤੀਆਂ ਨੂੰ ਪ੍ਰਤੀ ਮਹੀਨਾ 10 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਦੇ ਰੂਪ ਵਿੱਚ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਕੁਝ ਸਹਾਇਤਾ ਮਿਲ ਸਕੇ।ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਭਜਨ ਛੱਪੜੀ ਵਾਲਾ ਤੇ ਬਲਾਕ ਜਲਾਲਾਬਾਦ ਦੇ ਮੀਤ ਪ੍ਰਧਾਨ ਸੋਨਾ ਸਿੰਘ ਧੁੰਨਕੀਆਂ ਨੇ ਕਿਹਾ ਕਿ ਉਨ੍ਹਾਂ ਦੀ ਯੂਨੀਅਨ ਦੇ ਧਿਆਨ ਵਿੱਚ ਆਇਆ ਹੈ ਕਿ ਫਾਜ਼ਿਲਕਾ ਜ਼ਿਲ੍ਹੇ ਨਾਲ ਸੰਬੰਧਤ ਕੁਝ ਵਿੱਦਿਅਕ ਅਦਾਰਿਆਂ ਵੱਲੋਂ ਵਜ਼ੀਫਿਆਂ ਦੇ ਫਾਰਮਾਂ 'ਤੇ ਤਸਦੀਕ ਕਰਨ ਤੋਂ ਇਸ ਲਈ ਮਨਾਹੀ ਕੀਤੀ ਜਾ ਰਹੀ ਹੈ ਕਿ ਵਿਦਿਆਰਥੀ ਡਬਲ ਵਜ਼ੀਫਾ ਨਹੀਂ ਲੈ ਸਕਦਾ, ਜਦੋਂ ਕਿ ਬੀਓਸੀਡਬਲਯੂ ਦੇ ਫੈਸਲੇ ਅਨੁਸਾਰ ਕੋਈ ਵੀ ਵਿੱਦਿਅਕ ਅਦਾਰਾ ਕਿਸੇ ਵੀ ਵਿਦਿਆਰਥੀ ਨੂੰ ਡਬਲ ਵਜ਼ੀਫਾ ਲੈਣ ਤੋਂ ਮਨਾਹੀ ਨਹੀਂ ਕਰ ਸਕਦਾ।ਇਸ ਸਬੰਧੀ ਉਨ੍ਹਾਂ ਵੱਲੋਂ ਇੱਕ ਲਿਖਤੀ ਪੱਤਰ ਏਐੱਲਸੀ ਨੂੰ ਦਿੱਤਾ ਗਿਆ ਹੈ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਉਨ੍ਹਾਂ ਵੱਲੋਂ ਵਿੱਦਿਅਕ ਅਦਾਰਿਆਂ ਨੂੰ ਪੱਤਰ ਜਾਰੀ ਕਰਨ ਦੀ ਹਦਾਇਤ ਕੀਤੀ ਗਈ ਹੈ।ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਬਲਾਕ ਜਲਾਲਾਬਾਦ ਦੇ ਮੀਤ ਸਕੱਤਰ ਧਰਮਿੰਦਰ ਮੁਰਕਵਾਲਾ, ਇਕਾਈ ਘੁਬਾਇਆ ਦੇ ਪ੍ਰਧਾਨ ਬਲਵਿੰਦਰ ਘੁਬਾਇਆ, ਬਲਾਕ ਅਰਨੀਵਾਲਾ ਤੋਂ ਅੰਜੂ ਬਾਲਾ ਭੀਮੇਸ਼ਾਹ ਜੰਡਵਾਲਾ, ਚਾਨਣ ਘੱਲੂ, ਅਜੇ ਘੁਬਾਇਆ, ਭਗਤ ਸਿੰਘ ਬੋਦੀਵਾਲਾ, ਖੁਸ਼ਵਿੰਦਰ ਤੇ ਰਾਜਪਾਲ ਕੌਰ ਭੀਮੇਸ਼ਾਹ ਜੰਡਵਾਲਾ ਹਾਜ਼ਰ ਸਨ।

# ਪੀ ਏ ਯੂ 'ਚ ਮਾਤ ਭਾਸ਼ਾ ਨੂੰ ਅਣਗੌਲਿਆ ਨਾ ਕੀਤਾ ਜਾਵੇ : ਪੰਜਾਬੀ ਸਾਹਿਤ ਅਕਾਦਮੀ

**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਮਾਤ ਭਾਸ਼ਾ ਨੂੰ ਅਯਗੌਲਿਆ ਕੀਤਾ ਜਾ ਰਿਹਾ ਹੈ।ਇਸ ਸੰਬੰਧੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਚਿੱਠੀ ਪੱਤਰ ਵੀ ਲਿਖੇ ਜਾ ਰਹੇ ਹਨ।ਅਕਾਦਮੀ ਦੀ ਪਿਛਲੀ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿੱਚ ਵੀ ਇਸ ਗੱਲ ਦਾ ਨੋਟਿਸ ਲਿਆ ਗਿਆ ਹੈ ਕਿ ਯੂਨੀਵਰਸਿਟੀ ਦਾ ਲਗਭਗ ਸਮੁੱਚਾ ਕੰਮ-ਕਾਜ ਅੰਗਰੇਜ਼ੀ ਵਿੱਚ ਹੈ ਤੇ ਵੈੱਬਸਾਇਟ 'ਤੇ ਉਪਲਬਧ ਸੂਚਨਾ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੈ।ਪਿਛਲੇ ਹਫ਼ਤੇ ਅਕਾਦਮੀ ਨੂੰ ਯੂਨੀਵਰਸਿਟੀ ਵੱਲੋਂ ਇੱਕ ਪੱਤਰ ਮਿਲਿਆ, ਉਹ ਵੀ ਅੰਗਰੇਜ਼ੀ ਵਿੱਚ ਲਿਖਿਆ ਹੋਇਆ ਸੀ।ਸਮੁੱਚੇ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿੱਚ ਮਹਿਸੂਸ ਕੀਤਾ ਗਿਆ ਕਿ ਪ੍ਰੈੱਸ ਬਿਆਨ ਰਾਹੀਂ ਮੰਗ ਕੀਤੀ ਜਾਵੇ ਕਿ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਉਠਾਈ ਮੰਗ ਬਿਲਕੁਲ ਜਾਇਜ਼ ਹੈ।ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਪੰਜਾਬ ਦੀਆਂ ਸਮੁੱਚੀਆਂ ਯੂਨੀਵਰਸਿਟੀਆਂ ਵਿੱਚ ਮਾਤ ਭਾਸਸ਼ਾ ਪੰਜਾਬੀ ਦੀ ਵਰਤੋਂ ਰਾਜ ਭਾਸ਼ਾ 1967 ਦੀਆਂ ਵਿਵਸਥਾਵਾਂ ਅਨੁਸਾਰ ਤੀ ਜ਼ਰੂਰੀ ਹੈ।ਸਗੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਸੰਬੰਧ ਕਿਸਾਨਾਂ ਨਾਲ ਹੋਣ ਕਰਕੇ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।ਯੂਨੀਵਰਸਿਟੀ ਦਾ ਗਿਆਨ ਕਿਸਾਨਾਂ ਤੇ ਆਮ ਲੋਕਾਂ ਤੀਕ ਪਹੁੰਚੇ ਬਿਨਾਂ ਇਹ ਵਿਅਰਥ ਰਹਿ ਜਾਂਦਾ ਹੈ।

# 4161 ਮਾਸਟਰ ਕੇਡਰ ਯੂਨੀਅਨ ਵੱਲੋਂ 21 ਨੂੰ ਗੰਭੀਰਪੁਰ 'ਚ ਪ੍ਰਦਰਸ਼ਨ



**ਜ਼ੀਰਾ (ਨਰਿੰਦਰ ਅਨੇਜਾ)**-ਸੂਬਾ ਪ੍ਰਧਾਨ ਗੁਰਮੇਲ ਸਿੰਘ ਕੁਲਰੀਆਂ ਨੇ ਰੋਸ ਜਤਾਉਂਦਿਆਂ ਕਿਹਾ ਕਿ 4161 ਮਾਸਟਰ ਕੇਡਰ ਯੂਨੀਅਨ ਦੁਆਰਾ ਕਈ ਵਾਰ ਬਦਲੀਆਂ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮੀਟਿੰਗਾਂ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਸਿੱਖਿਆ ਮੰਤਰੀ ਨੇ ਯੂਨੀਅਨ ਨਾਲ ਵਾਅਦਾ ਕੀਤਾ ਸੀ ਕਿ 2025 ਵਿੱਚ ਖੁੱਲ੍ਹਣ ਵਾਲੀਆਂ ਬਦਲੀਆਂ ਵਿੱਚ 4161 ਮਾਸਟਰ ਕੇਡਰ ਨੂੰ ਮੌਕਾ ਦਿੱਤਾ ਜਾਵੇਗਾ, ਪਰ ਜਦੋਂ ਪਿਛਲੇ ਕੁਝ ਸਮੇ ਤੋਂ ਪੋਰਟਲ ਖੁੱਲ੍ਹਿਆ ਤਾਂ 4161 ਮਾਸਟਰ ਕੇਡਰ ਲਈ ਕੋਈ ਥਾਂ ਨਹੀਂ ਸੀ।ਇਸ ਦੇ ਸਬੰਧ ਵਿੱਚ ਜਦੋਂ ਯੂਨੀਅਨ ਦੇ ਆਗੂਆਂ ਨੇ ਸਿੱਖਿਆ ਵਿਭਾਗ ਡੀਪੀਆਈ ਨਾਲ ਮੀਟਿੰਗ ਕੀਤੀ ਤਾਂ ਉਨ੍ਹਾ ਸਾਫ ਇਨਕਾਰ ਕਰਦੇ ਕਿਹਾ ਕਿ ਇਸ ਸਬੰਧੀ ਸਿੱਖਿਆ ਮੰਤਰੀ ਵੱਲੋਂ ਕੋਈ ਨੋਟਿਸ ਨਹੀਂ ਮਿਲਿਆ।ਯੂਨੀਅਨ ਦੇ ਆਗੂ ਤੇ ਕੇਡਰ ਸਿੱਖਿਆ ਮੰਤਰੀ ਨੂੰ ਵਾਧਾ ਯਾਦ ਕਰਾਉਣ ਲਈ 31 ਅਗਸਤ ਨੂੰ ਧਰਨੇ ਦੀ ਕਾਲ ਦਿੱਤੀ ਗਈ ਸ, ਪਰ ਪ੍ਰਸ਼ਾਸਨ ਨੇ 8 ਸਤੰਬਰ ਦੀ ਮੀਟਿੰਗ ਦਿੱਤੀ, ਪਰ ਸਿੱਖਿਆ ਮੰਤਰੀ ਵੱਲੋਂ ਇਹ ਮੀਟਿੰਗ ਨਹੀਂ ਕੀਤੀ ਗਈ।ਹੁਣ ਦੁਬਾਰਾ ਫਿਰ 21 ਸਤੰਬਰ ਨੂੰ ਯਾਦ ਕਰਾਉਣ ਲਈ ਗੰਭੀਰਪੁਰ ਆ ਰਹੇ ਹਨ।ਧਰਨੇ ਦੀ ਹਮਾਇਤ ਕਰਦਿਆਂ ਭਰਾਤਰੀ ਜਥੇਬੰਦੀਆਂ ਤੇ ਮਾਸਟਰ ਕੇਡਰ ਯੂਨੀਅਨ ਨੇ ਕਿਹਾ ਕਿ 4161 ਮਾਸਟਰ ਕੇਡਰ ਨੂੰ ਬਦਲੀਆਂ ਦਾ ਮੌਕਾ ਦਿੱਤਾ ਜਾਵੇ। ਜੇਕਰ ਮੌਕਾ ਨਹੀਂ ਦਿੱਤਾ ਜਾਂਦਾ ਤਾਂ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ। ਇਸ ਮੌਕੇ ਮੀਤ ਪ੍ਰਧਾਨ ਬੀਰਇੰਦਰ ਗਿੱਲ, ਰਵਿੰਦਰ ਸਿੰਘ ਵਿੱਤ ਸਕੱਤਰ, ਜਰਨਲ ਸਕੱਤਰ ਮਨਜੀਤ ਲੁਬਾਣਾ, ਬਲਵਿੰਦਰ, ਰੋਹਿਤ, ਮਨਿੰਦਰ ਕੌਰ, ਸੰਨੀ ਰਾਣਾ, ਕੁਲਦੀਪ ਸਿੰਘ, ਅਮਰਿੰਦਰ ਸਿੱਧੂ, ਹਰਪ੍ਰੀਤ ਸਿੰਘ, ਜਤਿੰਦਰ ਢਿੱਲੋਂ, ਤੇ ਹੋਰ ਆਗੂ ਹਾਜ਼ਰ ਸਨ।

# ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਪਟਿਆਲ਼ਾ (ਰਜਿੰਦਰ ਸਿੰਘ ਥਿੰਦ)**-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਵਿਦਿਆਰਥੀ ਮੰਗਾਂ ਨੂੰ ਲੈ ਕੇ ਡੀ ਸੀ ਦਫਤਰ ਪਟਿਆਲਾ ਦੇ ਬਾਹਰ ਮੁਜ਼ਾਹਰਾ ਕੀਤਾ ਗਿਆ।ਇਸ ਪ੍ਰਦਰਸ਼ਨ ਵਿੱਚ ਪੀ.ਐੱਸ.ਯੂ. ਦੀ ਅਗਵਾਈ ਵਿੱਚ ਕਿਰਤੀ ਕਾਲਜ ਨਿਆਲ, ਮਹਿੰਦਰਾ ਕਾਲਜ ਪਟਿਆਲਾ, ਰਿਪੁਦਮਨ ਕਾਲਜ ਨਾਭਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਦਿਆਰਥੀਆਂ ਦੇ ਜੱਥੇ ਸ਼ਾਮਲ ਹੋਏ।ਇਸ ਦੌਰਾਨ ਦੇ ਪੀ.ਐੱਸ.ਯੂ. ਦੇ ਕੌਮੀ ਕੋਆਰਡੀਨੇਟਰ ਅਮਨਦੀਪ ਸਿੰਘ ਖਿਓਵਾਲੀ ਵੱਲੋਂ ਸੰਬੋਧਨ ਕਰਦੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੀ ਰਾਸ਼ਟਰੀ ਸਿੱਖਿਆ ਨੀਤੀ 2020 ਨੇ ਰਾਜਾਂ ਦੇ ਅਧਿਕਾਰਾਂ ਤੇ ਹਮਲਾ ਹੈ।ਸਿੱਖਿਆ ਸੰਵਰਤੀ ਸੂਚੀ ਦਾ ਵਿਸ਼ਾ ਹੋਣ ਦੇ ਬਾਵਜੂਦ ਇਹ ਸਿੱਖਿਆ ਨੀਤੀ ਬਣਾਉਣ ਵਿੱਚ ਰਾਜ ਸਰਕਾਰਾਂ ਦੀ ਕੋਈ ਭਾਗੀਦਾਰੀ ਨਹੀਂ ਹੈ, ਹਾਲਾਂਕਿ ਸਿੱਖਿਆ ਵਿੱਚ 75 ਫੀਸਦੀ ਤੋਂ ਵੱਧ ਫੰਡ ਰਾਜ ਸਰਕਾਰਾਂ ਅਦਾ ਕਰਦੀਆਂ ਹਨ।ਉਨ੍ਹਾ ਕਿਹਾ ਕਿ ਅਸੀਂ ਇਹ ਮੰਗ ਕਰਦੇ ਹਾਂ ਕਿ ਸਿੱਖਿਆ ਨੂੰ ਸੰਵਿਧਾਨ ਦੀ ਰਾਜ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਪੰਜਾਬ ਦੀ ਸਿੱਖਿਆ ਨੀਤੀ ਪੰਜਾਬ ਤੋਂ ਬਣਾਈ ਜਾਵੇ।

ਜ਼ਿਲ੍ਹਾ ਸਕੱਤਰ ਗੁਰਧਿਆਨ ਸਿੰਘ ਨੇ ਕਿਹਾ ਕਿ ਐੱਨ ਈ ਪੀ ਦੇ ਲਾਗੂ ਹੋਣ ਨਾਲ ਵਿਦਿਆਰਥੀਆਂ ਨੂੰ ਨਵੀਂ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪੰਜਾਬੀ ਯੂਨੀਵਰਸਿਟੀ ਦੇ ਨਵੇਂ ਟੈਂਪਲੇਟ ਅਨੁਸਾਰ ਵਿਸ਼ਿਆਂ ਦੀ ਗਿਣਤੀ ਪੰਜ ਨਾਲੋਂ ਵੱਧ ਕੇ 9 ਹੋ ਚੁੱਕੀ ਹੈ, ਜਿਸ ਵਿੱਚ ਮੇਜਰ-ਮਾਈਨਰ ਵਿਸ਼ੇ, ਲਾਜ਼ਮੀ ਵਿਸ਼ੇ, ਮੁੱਲ-ਵਰਧਿਤ ਕੋਰਸ, ਹੁਨਰ-ਵਿਕਾਸ ਕੋਰਸ, ਅੰਤਰ-ਅਨੁਸ਼ਾਸਨੀ ਤੇ ਬਹੁ-ਅਨੁਸ਼ਾਸਨੀ ਕੋਰਸ ਸ਼ਾਮਲ ਹਨ।ਇਨ੍ਹਾਂ ਵਿਸ਼ਿਆਂ ਨੂੰ ਪੜ੍ਹਾਉਣ ਲਈ ਕਾਲਜਾਂ ਕੋਲੇ ਨਾ ਤਾਂ ਕੋਈ ਢੁੱਕਵੇਂ ਪ੍ਰਬੰਧ ਹਨ ਅਤੇ ਨਾ ਹੀ ਪੂਰੇ ਟੀਚਰ, ਜਿਸ ਕਾਰਨ ਵਿਦਿਆਰਥੀਆਂ ਦੀ ਕ੍ਰੈਡਿਟ ਪੂਰੇ ਨਹੀਂ ਹੋ ਸਕਦੇ। ਬਹੁਤ ਸਾਰੇ ਕੋਰਸਾਂ ਦੀਆਂ ਕਲਾਸਾਂ ਪੂਰਾ ਸਾਲ ਸਿਰਫ਼ ਕਾਗਜ਼ਾਂ ਵਿੱਚ ਹੀ ਲੱਗਦੀਆਂ ਹਨ, ਇਸ ਕਰਕੇ ਪੀਐੱਸਯੂ ਵੱਲੋਂ ਵਾਧੂ ਵਿਸ਼ਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ।ਜ਼ਿਲ੍ਹਾ ਪ੍ਰਧਾਨ ਗੁਰਦਾਸ ਸਿੰਘ ਨੇ ਕਿਹਾ ਕਿ ਸਰਕਾਰੀ ਨੌਕਰੀਆਂ ਪੰਜਾਬੀ ਲਾਜ਼ਮੀ ਵਿਸ਼ੇ ਦੇ 30 ਫੀਸਦੀ ਅੰਕ ਹੋਣੇ ਜ਼ਰੂਰੀ ਹਨ, ਜਿਸ ਨਾਲ ਵਿਦਿਆਰਥੀ ਪੰਜਾਬੀ ਵਿਸ਼ੇ ਨੂੰ ਦਿਲਚਸਪੀ ਨਾਲ ਪੜ੍ਹਨਗੇ।ਜ਼ਿਲ੍ਹਾ ਆਗੂ ਵਕਸਿਤ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਪ੍ਰੀਖਿਆ ਫੀਸਾਂ ਵਿੱਚ 100 ਫੀਸਦੀ ਤੱਕ ਵਾਧਾ ਕੀਤਾ ਹੈ, ਜੋ ਕਿ ਵਿਦਿਆਰਥੀਆਂ 'ਤੇ ਵਾਧੂ ਆਰਥਿਕ ਬੋਝ ਹੈ, ਪੀ.ਐੱਸ.ਯੂ. ਇਸ ਵਾਧੇ ਨੂੰ ਵਾਪਸ ਕਰਾਉਣ ਲਈ ਤਿੱਖਾ ਸੰਘਰਸ਼ ਕਰੇਗੀ।ਨਾਭਾ ਕਾਲਜ ਦੇ ਆਗੂ ਸਤਵੀਰ ਕੌਰ ਤੇ ਆਰਤੀ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਇਹ ਮੰਗ ਕੀਤੀ ਕਿ ਸਮੈਸਟਰ ਸਿਸਟਮ ਨੂੰ ਰੱਦ ਕਰਕੇ ਸਾਲਾਨਾ ਸਿਸਟਮ ਬਹਾਲ ਕਰਨਾ ਚਾਹੀਦਾ ਹੈ।ਇਸ ਪ੍ਰੋਗਰਾਮ ਦੌਰਾਨ ਅਕਸ਼ੇ ਘੱਗਾ ਤੇ ਗਗਨਜੀਤ ਕੌਰ ਵੱਲੋਂ ਸਟੇਜ ਦੀ ਕਾਰਵਾਈ ਚਲਾਈ ਗਈ। ਵਿਦਿਆਰਥੀ ਆਗੂ ਜਸਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਬਲਰਾਮ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਅਖੀਰ ਵਿੱਚ ਡਿਪਟੀ ਕਮਿਸ਼ਨਰ ਨਾਲ ਗੱਲਬਾਤ ਕੀਤੀ ਗਈ ਤੇ ਮੰਗ ਪੱਤਰ ਸੌਂਪਿਆ ਗਿਆ।ਉਨ੍ਹਾਂ ਵੱਲੋਂ ਇਨ੍ਹਾਂ ਮੰਗਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ ਗਿਆ।

# ਸੁਖਬੀਰ ਬਾਦਲ ਪਹਿਲੇ ਦਿਨ ਤੋਂ ਹੀ ਹੜ੍ਹ ਪੀੜਤਾਂ ਦੀ ਮਦਦ 'ਚ ਜੁਟੇ ਰਹੇ : ਅਕਾਲੀ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸ਼੍ਰੋਮਣੀ ਅਕਾਲੀ ਦਲ ਵੱਲੋਂ ਜਦੋਂ ਤੋਂ ਹੀ ਸਾਡੇ ਲੋਕ ਹੜ੍ਹਾਂ ਦੀ ਮਾਰ ਹੇਠਾਂ ਆਏ ਉਸੇ ਦਿਨ ਤੋਂ ਲੈ ਕੇ ਉਹ ਹੜ੍ਹ ਪੀੜਤ ਕਿਸਾਨਾਂ ਤੇ ਹੋਰ ਲੋਕਾਂ ਕੋਲ ਖੁਦ ਜਾ ਕੇ ਉਨ੍ਹਾਂ ਦੇ ਦੁੱਖ ਦਰਦ ਨੂੰ ਸੁਣਦੇ ਹੋਏ ਆਪਣੇ ਵੱਲੋਂ ਜਿੱਥੇ ਬਣਦੀ ਆਰਥਿਕ ਮਦਦ ਕਰ ਰਹੇ ਹਨ, ਉਥੇ ਉਹ ਬਚਾਅ ਕਾਰਜਾਂ ਲਈ ਢੁੱਕਵਾਂ ਸਾਮਾਨ ਤੇ ਪਸ਼ੂਆਂ ਲਈ ਹਰਾ ਚਾਰਾ ਅਤੇ ਰਾਹਤ ਸਮੱਗਰੀ ਵੀ ਮੌਕੇ 'ਤੇ ਹੀ ਦੇ ਰਹੇ ਹਨ ਅਤੇ ਸੁਖਬੀਰ ਸਿੰਘ ਬਾਦਲ ਉਹ ਇਕੱਲੇ ਵਿਅਕਤੀ ਹਨ, ਜਿਨ੍ਹਾਂ ਨੇ ਜਲੰਧਰ ਵਿਖੇ ਰਾਹਤ ਕੈਂਪ ਖੋਲ੍ਹਿਆ, ਜਦਕਿ ਦੂਸਰੀਆਂ ਪਾਰਟੀਆਂ ਵੱਲੋਂ ਹੜ੍ਹ ਪੀੜਤਾਂ ਦੇ ਨਾਮ 'ਤੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਇਹ ਵੇਲਾ ਸਿਆਸਤ ਕਰਨ ਦਾ ਨਹੀਂ ਸਗੋਂ ਡੁੱਬ ਰਹੇ ਪੰਜਾਬ ਦੇ ਕਿਸਾਨਾਂ ਤੇ ਹੋਰ ਲੋਕਾਂ ਨੂੰ ਬਚਾਉਣ ਦਾ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਪਵਨ ਗੋਇਲ, ਅਕਾਲੀ ਆਗੂ ਤ੍ਰਿਲੋਚਨ ਸਿੰਘ ਕਾਲੇਕੇ, ਯੂਥ ਆਗੂ ਰਣਜੀਤ ਸਿੰਘ ਝੀਤੇ ਤੇ ਜਗਸੀਰ ਸਿੰਘ ਸੀਰੂ ਸਿੱਧੂ ਨੇ ਕਰਦਿਆਂ ਆਖਿਆ ਕਿ ਮੌਜੂਦਾ ਆਪ ਦੀ ਸਰਕਾਰ ਹੜ੍ਹਾਂ ਦੇ ਮਾਮਲੇ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਅਤੇ ਜੇਕਰ ਸਰਕਾਰ ਨੇ ਹੜ੍ਹਾਂ ਨੂੰ ਲੈ ਕੇ ਪਹਿਲਾਂ ਹੀ ਅਗਾਊਂ ਪ੍ਰਬੰਧ ਕੀਤੇ ਹੁੰਦੇ ਤਾਂ ਅੱਜ ਸਾਨੂੰ ਆਹ ਦਿਨ ਵੇਖਣੇ ਨਸੀਬ ਨਾ ਹੁੰਦੇ ਅਤੇ ਇਹ ਵੀ ਵੇਖਣ ਵਿੱਚ ਆਇਆ ਕਿ ਆਪ ਪਾਰਟੀ ਦੇ ਵਿਧਾਇਕ ਤੇ ਮੰਤਰੀ ਹੜ੍ਹ ਪੀੜਤਾਂ ਕੋਲ ਜਾ ਕੇ ਫੋਟੋ ਖਿਚਵਾਉਣ ਤੇ ਰੀਲਾਂ ਬਣਾਉਣ ਤੱਕ ਹੀ ਸੀਮਤ ਰਹੇ, ਪਰ ਬਾਦਲ ਤੇ ਪੂਰਾ ਸ਼੍ਰੋਮਣੀ ਅਕਾਲੀ ਦਲ ਅਜਿਹੇ ਲੋਕਾਂ ਦੀ ਪ੍ਰਵਾਹ ਨਾ ਕਰਦਿਆਂ ਇਸ ਸੰਕਟ ਦੀ ਘੜੀ ਵਿੱਚ ਹੜ੍ਹ ਪੀੜਤ ਲੋਕਾਂ ਦੀ ਉਦੋਂ ਤੱਕ ਮਦਦ ਕਰਦਾ ਰਹੇਗਾ, ਜਦ ਤੱਕ ਸਾਡਾ ਡੁੱਬਿਆ ਅੰਨਦਾਤਾ ਇਸ ਸੰਕਟ ਦੀ ਘੜੀ ਵਿੱਚੋਂ ਬਾਹਰ ਨਹੀਂ ਆ ਜਾਂਦਾ।

# ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਐੱਸ ਡੀ ਐੱਮ ਨੂੰ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਜ਼ਿਲ੍ਹਾ ਤੇ ਸੂਬਾ ਕਨਵੀਨਰਜ਼ ਭਜਨ ਸਿੰਘ ਗਿੱਲ, ਗੁਰਮੇਲ ਸਿੰਘ ਨਾਹਰ, ਸੁਖਦੇਵ ਸਿੰਘ ਖੋਸਾ, ਪੋਹਲਾ ਸਿੰਘ ਬਰਾੜ, ਬੂਟਾ ਸਿੰਘ ਭੱਟੀ, ਸੁਖਦੇਵ ਸਿੰਘ ਰਾਊਕੇ, ਰਾਜਿੰਦਰ ਸਿੰਘ ਰਿਆੜ, ਸੱਤਿਆ ਪ੍ਰਕਾਸ਼, ਬਲਵਿੰਦਰ ਸਿੰਘ ਬਰਾੜ ਦੀ ਅਗਵਾਈ ਹੇਠ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਵਿੱਚ ਹੋਏ ਜਾਨੀ ਤੇ ਮਾਲੀ ਨੁਕਸਾਨ ਦਾ ਢੁੱਕਵਾਂ ਮੁਆਵਜ਼ਾ ਦਿਵਾਉਣ ਸਬੰਧੀ ਡਿਪਟੀ ਕਮਿਸ਼ਨਰ ਮੋਗਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ।ਮੰਗ ਪੱਤਰ ਐੱਸ. ਡੀ. ਐੱਮ. ਮੋਗਾ ਸਾਰੰਗਪ੍ਰੀਤ ਸਿੰਘ ਔਜਲਾ ਨੇ ਪ੍ਰਾਪਤ ਕੀਤਾ।ਇਸ ਮੌਕੇ ਸਰਬਜੀਤ ਦੌਧਰ, ਸੱਤਪਾਲ ਸਹਿਗਲ ਤੇ ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਦੱਸਿਆ ਕਿ ਇਸ ਮੰਗ ਪੱਤਰ ਵਿੱਚ ਹੜ੍ਹਾਂ ਵਿੱਚ ਜਾਨ ਗੁਆਉਣ ਵਾਲਿਆਂ ਦੇ ਪਰਵਾਰਾਂ ਨੂੰ ਵੀਹ ਵੀਹ ਲੱਖ ਰੁਪਏ ਮੁਆਵਜ਼ਾ ਦੇਣ, ਨੁਕਸਾਨੀਆਂ ਫਸਲਾਂ ਲਈ ਪ੍ਰਤੀ ਏਕੜ ਪੰਜਾਹ-ਪੰਜਾਹ ਹਜ਼ਾਰ ਰੁਪਏ ਤੇ ਪ੍ਰਭਾਵਿਤ ਜ਼ਮੀਨਾਂ 'ਚੋਂ ਰੇਤ/ਗਾਰ ਬਾਹਰ ਕੱਢਣ ਲਈ ਪ੍ਰਤੀ ਏਕੜ ਦਸ-ਦਸ ਹਜ਼ਾਰ ਰੁਪਏ ਦੇਣ, ਬੇਜ਼ਮੀਨੇ ਲੋਕਾਂ ਨੂੰ ਪ੍ਰਤੀ ਪਰਵਾਰ ਪੰਜਾਹ-ਪੰਜਾਹ ਹਜ਼ਾਰ ਰੁਪਏ ਦੇਣ, ਦੁਧਾਰੂ ਪਸ਼ੂ ਮੱਝ ਗਾਂ ਦੇ ਮਰਨ 'ਤੇ ਲੱਖ-ਲੱਖ ਰੁਪਏ ਪ੍ਰਤੀ ਪਸ਼ੂ ਤੇ ਹੋਰ ਪਸ਼ੂਆਂ ਲਈ ਵੀਹ ਹਜ਼ਾਰ ਤੋਂ ਪੰਜਾਹ ਰੁਪਏ ਪਸ਼ੂਧਨ ਦੇ ਨੁਕਸਾਨ ਲਈ ਦਿੱਤੇ ਜਾਣ, ਹੜ੍ਹਾਂ ਵਿੱਚ ਨੁਕਸਾਨੇ ਗਏ ਘਰਾਂ ਲਈ ਪ੍ਰਤੀ ਘਰ ਪੰਜ-ਪੰਜ ਲੱਖ ਰੁਪਏ ਦਿੱਤੇ ਜਾਣ, ਹੜ੍ਹਾਂ ਨਾਲ ਪ੍ਰਭਾਵਿਤ ਛੋਟੇ ਦੁਕਾਨਦਾਰ ਨੂੰ ਮੁਆਵਜ਼ਾ ਦੇਣ, ਵਿੱਦਿਅਕ ਸੰਸਥਾਵਾਂ ਵਿੱਚ ਪ੍ਰਭਾਵਿਤ ਵਿਦਿਆਰਥੀਆਂ ਲਈ ਫੀਸਾਂ ਤੇ ਬੋਰਡ ਦੀਆਂ ਦਾਖ਼ਲਾ ਫੀਸਾਂ ਦੀ ਮੁਆਫ਼ੀ ਦੇਣ, ਹੜ੍ਹਾਂ ਤੋਂ ਪ੍ਰਭਾਵਿਤ ਸਕੂਲਾਂ ਤੇ ਹਸਪਤਾਲਾਂ ਦੇ ਮੁੜ ਨਿਰਮਾਣ ਅਤੇ ਸਾਫ ਸਫਾਈ ਲਈ ਵਿਸ਼ੇਸ਼ ਗ੍ਰਾਂਟ ਜਾਰੀ ਕਰਨ, ਭਵਿੱਖ ਵਿੱਚ ਆਉਣ ਵਾਲੇ ਹੜ੍ਹਾਂ ਨੂੰ ਰੋਕਣ ਲਈ ਮੌਨਸੂਨ ਤੋਂ ਪਹਿਲਾਂ ਸੇਮ ਨਾਲਿਆਂ, ਨਹਿਰਾਂ ਤੇ ਨਦੀਆਂ ਦੀ ਨਿਕਾਸੀ ਅਤੇ ਬੰਨ੍ਹਾਂ ਦੀ ਮੁਰੰਮਤ ਕਰਨ, ਹਰ ਘਰ ਨੂੰ ਸਵੱਛ ਪਾਣੀ ਮੁਹੱਈਆ ਕਰਵਾਉਣ ਸਮੇਤ ਕੁਝ ਹੋਰ ਮੰਗਾਂ ਵੀ ਦਰਜ ਹਨ।

ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਦੱਸਿਆ ਕਿ ਮੰਗ ਪੱਤਰ ਦੇਣ ਸਮੇਂ ਵੱਖ ਵੱਖ ਜਥੇਬੰਦੀਆਂ ਦੇ ਆਗੂ ਪ੍ਰੇਮ ਕੁਮਾਰ ਮੋਗਾ, ਜਗਜੀਤ ਸਿੰਘ ਰਖਰਾ, ਬਲਵੀਰ ਸਿੰਘ, ਜਸਵੰਤ ਸਿੰਘ ਕੋਟਲਾ, ਗੁਰਚਰਨ ਸਿੰਘ ਡਰਾਈਵਰ, ਮਨਜੀਤ ਸਿੰਘ ਧਰਮਕੋਟ, ਹਰਬੰਸ ਸਿੰਘ ਉੱਗੋਕੇ, ਸ਼ਿੰਦਰ ਪਾਲ ਸਿੰਘ, ਚਮਕੌਰ ਸਿੰਘ, ਕਸ਼ਮੀਰ ਸਿੰਘ ਧੱਲੇਕੇ, ਧਰਮਵੀਰ ਸਿੰਘ ਕੋਟਕਪੂਰਾ ਤੇ ਜੀਤ ਸਿੰਘ ਭਿੰਡਰ ਸਮੇਤ ਸਰਗਰਮ ਆਗੂ ਸ਼ਾਮਲ ਹੋਏ।

# ਬਾਰਸ਼ਾਂ ਕਾਰਨ ਡਿੱਗੇ ਤੇ ਨੁਕਸਾਨੇ ਮਕਾਨਾਂ ਦੀ ਤੁਰੰਤ ਸਾਰ ਲਵੇ ਸਰਕਾਰ : ਸੀ ਪੀ ਆਈ

## ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਆਈਆਂ ਦਰਖਾਸਤਾਂ ਪ੍ਰਸ਼ਾਸਨ ਨੂੰ ਸੌਂਪੀਆਂ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਭਾਰਤੀ ਕਮਿਊਨਿਸਟ ਪਾਰਟੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜ਼ਿਲ੍ਹਾ ਫਰੀਦਕੋਟ ਦੇ ਗਰੀਬ ਪਰਵਾਰਾਂ ਨਾਲ ਸਬੰਧਤ ਜਿਨ੍ਹਾਂ ਮਕਾਨਾਂ ਦੀਆਂ ਛੱਤਾਂ ਡਿੱਗ ਗਈਆਂ ਹਨ ਜਾਂ ਕੰਧਾਂ ਪਾਟ ਜਾਣ ਕਾਰਨ ਨੁਕਸਾਨੇ ਗਏ ਹਨ, ਉਨ੍ਹਾਂ ਦੀ ਤੁਰੰਤ ਰਿਪੋਰਟ ਲੈ ਕੇ ਮਦਦ ਕੀਤੀ ਜਾਵੇ, ਕਿਉਂ ਜੋ ਇਨ੍ਹਾਂ ਪਰਵਾਰਾਂ ਕੋਲ ਮਕਾਨਾਂ ਦੀ ਖੁਦ ਮੁਰੰਮਤ ਕਰਨ ਦੀ ਸਮਰੱਥਾ ਨਹੀਂ ਹੈ। ਇਸ ਸਬੰਧੀ ਪਾਰਟੀ ਦਾ ਇੱਕ ਵਫਦ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਦੀ ਅਗਵਾਈ ਹੇਠ ਏਡੀਸੀ (ਜਨਰਲ) ਮੈਡਮ ਹਰਜੋਤ ਕੌਰ ਨੂੰ ਮਿਲਿਆ।ਵਫਦ ਵਿੱਚ ਕਾਮਰੇਡ ਗੁਰਚਰਨ ਸਿੰਘ ਮਾਨ, ਕਾਮਰੇਡ ਗੁਰਨਾਮ ਸਿੰਘ ਸਰਪੰਚ ਸੰਧੂਰਾ ਸਿੰਘ ਨਗਰ, ਕਾਮਰੇਡ ਵੀਰ ਸਿੰਘ ਕੰਮੇਆਣਾ ਸੀਨੀਅਰ ਆਗੂ ਨਰੇਗਾ ਮਜ਼ਦੂਰ ਯੂਨੀਅਨ ਸਬੰਧਤ ਏਟਕ, ਬਿਜਲੀ ਮੁਲਾਜ਼ਮ ਆਗੂ ਇੰਦਰਜੀਤ ਸਿੰਘ ਗਿੱਲ ਤੇ ਗੁਰਦੀਪ ਸਿੰਘ ਸ਼ਾਮਲ ਸਨ।ਵਫਦ ਵੱਲੋਂ ਜ਼ਿਲ੍ਹਾ ਅਧਿਕਾਰੀ ਨੂੰ ਪਾਰਟੀ ਕੋਲ ਆਈਆਂ ਦਰਖਾਸਤਾਂ ਦੇ ਮੁਕੰਮਲ ਕਾਗਜ਼ਾਤ ਸੌਂਪ ਕੇ ਮਦਦ ਦੀ ਮੰਗ ਕੀਤੀ ਗਈ।ਅਧਿਕਾਰੀ ਨੂੰ ਦੱਸਿਆ ਗਿਆ ਕਿ ਖਰਾਬ ਮੌਸਮ ਦੇ ਚਲਦੇ ਮਜ਼ਦੂਰ ਪਰਵਾਰਾਂ ਦੀਆਂ ਕੰਮ ਦਿਹਾੜੀਆਂ ਦਾ ਵੀ ਨੁਕਸਾਨ ਹੋਇਆ ਹੈ ਤੇ ਮਨਰੇਗਾ ਦਾ ਕੰਮ ਵੀ ਬੰਦ ਪਿਆ ਹੈ।ਜ਼ਿਲ੍ਹਾ ਅਧਿਕਾਰੀ ਨੇ ਹਮਦਰਦੀ ਨਾਲ ਵਫਦ ਵਿੱਚ ਸ਼ਾਮਲ ਆਗੂਆਂ ਦੇ ਵਿਚਾਰ ਸੁਣੇ ਅਤੇ ਨਿਯਮਾਂ ਅਨੁਸਾਰ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਪਾਰਟੀ ਆਗੂਆਂ ਨੇ ਪ੍ਰੈੱਸ ਦੇ ਨਾਂਅ ਜਾਰੀ ਕੀਤੇ ਇੱਕ ਬਿਆਨ ਵਿੱਚ ਦੱਸਿਆ ਕਿ 21 ਸਤੰਬਰ ਨੂੰ ਮੋਹਾਲੀ ਵਿਖੇ ਪਾਰਟੀ ਵੱਲੋਂ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ ਇਹ ਮੰਗ ਵੀ ਚੁੱਕੀ ਜਾਏਗੀ ਤੇ ਜੇ ਲੋੜ ਪਈ ਤਾਂ ਪਾਰਟੀ ਸੰਘਰਸ਼ ਕਰਨ ਤੋਂ ਵੀ ਪਿੱਛੇ ਨਹੀਂ ਹਟੇਗੀ।

# ਕਿਸੇ ਇੱਕ ਵਿਅਕਤੀ ਦੀ ਗਲਤੀ ਦਾ ਖ਼ਮਿਆਜ਼ਾ ਸਾਰੇ ਕਿਉਂ ਭੁਗਤਣ ?

- ਪ੍ਰਵਾਸੀ ਗੈਰ-ਪੰਜਾਬੀਆਂ ਨੂੰ ਪੰਜਾਬ ਛੱਡ ਕੇ ਜਾਣ ਦੀਆਂ ਧਮਕੀਆਂ ਦੇਣਾ ਗੈਰ-ਜਮਹੂਰੀ ਵਰਤਾਰਾ : ਜਥੇਬੰਦੀਆਂ

**ਲੁਧਿਆਣਾ (ਰੈਕਟਰ ਕਥੂਰੀਆ)**

ਲੁਧਿਆਣਾ ਦੀਆਂ ਜਮਹੂਰੀਅਤ ਤੇ ਇਨਸਾਫ ਪਸੰਦ ਜਥੇਬੰਦੀਆਂ, ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਇਨਕਲਾਬੀ ਮਜ਼ਦੂਰ ਕੇਂਦਰ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਤੇ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਸ਼ਾਮਲ ਹਨ, ਨੇ ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਇਕ ਪ੍ਰਵਾਸੀ ਵੱਲੋਂ ਪੰਜ ਸਾਲ ਦੇ ਬੱਚੇ ਨਾਲ ਵਹਿਸ਼ੀਆਨਾ ਕੁਕਰਮ ਕਰਕੇ ਕਤਲ ਦੀ ਘੋਰ ਨਿੰਦਾ ਕਰਦਿਆਂ ਉਸ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦਿਆਂ ਪ੍ਰਵਾਸੀ ਗੈਰ-ਪੰਜਾਬੀਆਂ ਨੂੰ ਪੰਜਾਬ ਛੱਡ ਕੇ ਜਾਣ ਦੀਆਂ ਧਮਕੀਆਂ, ਪੰਚਾਇਤੀ ਮੱਤਿਆਂ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਜਥੇਬੰਦੀਆਂ ਦੇ ਆਗੂਆਂ ਪ੍ਰੋ. ਏ ਕੇ ਮਲੇਰੀ, ਜਸਵੰਤ ਜ਼ੀਰਖ, ਬਲਵਿੰਦਰ ਸਿੰਘ, ਕਾ. ਸੁਰਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ ਤੇ ਹਰਜਿੰਦਰ ਸਿੰਘ ਨੇ ਜਮਹੂਰੀਅਤ ਪਸੰਦ ਲੋਕਾਂ ਨੂੰ ਇਸ ਵਰਤਾਰੇ ਖਿਲਾਫ਼ ਇਕ ਮੁੱਠ ਹੋ ਕੇ ਫਿਰਕੂ ਅਨਸਰਾਂ ਦੀ ਕਿਰਤੀ ਕਾਮਿਆਂ ਦੀ ਭਾਈਚਾਰਕ ਸਾਂਝ ਨੂੰ ਸੰਨ ਲਾਉਣ ਦੇ ਮਨਸੂਬਿਆਂ ਦਾ ਮੁਕਾਬਲਾ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ।ਉਨ੍ਹਾਂ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਰਕਾਰੀ ਨਾਲਾਇਕੀਆਂ ਕਾਰਨ ਹੜ੍ਹਾਂ ਵਿੱਚ ਲੋਕਾਂ ਦੇ ਹੋਏ ਜਾਨ-ਮਾਲ ਦੇ ਨੁਕਸਾਨ ਤੋਂ ਧਿਆਨ ਭਟਕਾਉਣ ਤੇ ਸਿਹਤ, ਵਿੱਦਿਆ ਤੇ ਰੁਜ਼ਗਾਰ ਦੇ ਮਸਲਿਆਂ 'ਚ ਰਹੀਆਂ ਨਾਕਾਮੀਆਂ ਨੂੰ ਲੁਕਾਉਣ ਅਤੇ ਇਨ੍ਹਾਂ ਮਸਲਿਆਂ ਦਾ ਕਾਰਨ ਪਰਵਾਸੀਆਂ ਮਜ਼ਦੂਰਾਂ ਦੇ ਸਿਰ ਮੜ੍ਹਨ ਲਈ ਫਿਰਕਾਪ੍ਰਸਤ ਤਾਕਤਾਂ ਸਮੇਤ ਕੇਂਦਰ ਤੇ ਪੰਜਾਬ ਸਰਕਾਰਾਂ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਅਜਿਹਾ ਹੀ ਵਰਤਾਰਾ ਕੌਮਾਂਤਰੀ ਪੱਧਰ ਉੱਤੇ ਸਾਮਰਾਜੀ ਸਰਕਾਰਾਂ ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ ਤੇ ਯੂਰਪ ਵਿੱਚ ਪਰੋਸ ਰਹੀਆਂ ਹਨ, ਜਿੱਥੇ ਲੱਖਾਂ ਦੀ ਤਾਦਾਦ ਵਿੱਚ ਪ੍ਰਵਾਸੀਆਂ ਨੂੰ ਕੱਢਣ ਲਈ ਰੋਸ ਪ੍ਰਦਰਸ਼ਨ ਹੋ ਰਹੇ ਹਨ।ਇਸ ਵਿੱਚ ਪੰਜਾਬੀ ਭਾਈਚਾਰੇ ਨੂੰ ਭੜਕਾਉਣ ਦਾ ਖ਼ਤਰਾ ਬਰਕਰਾਰ ਹੈ।ਇਕ ਪਾਸੇ ਸਮੁੱਚੇ ਉੱਤਰੀ ਭਾਰਤ ਦੇ ਲੋਕ ਆਪਣੇ ਆਪਣੇ ਵਿੱਤ ਅਨੁਸਾਰ ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੀ ਮਦਦ ਲਈ ਅੱਗੇ ਆ ਰਹੇ ਹਨ, ਜਿਸ ਦੀ ਬਦੌਲਤ ਵੱਖ ਵੱਖ ਭਾਈਚਾਰਿਆਂ ਦੀ ਕਿਸਾਨ ਘੋਲ ਸਮੇਂ ਉੱਭਰੀ ਭਾਈਚਾਰਕ ਸਾਂਝ ਮਜ਼ਬੂਤ ਹੋ ਰਹੀ ਹੈ।ਦੂਜੇ ਪਾਸੇ ਭਾਈਚਾਰਕ ਸਾਂਝ ਤੋੜਨ ਵਾਲੇ ਵੀ ਸਰਗਰਮ ਹਨ।ਅਸਲ ਵਿੱਚ ਇਹ ਸਾਂਝ ਲੋਕ ਵਿਰੋਧੀ ਸ਼ਕਤੀਆਂ ਨੂੰ ਹਜ਼ਮ ਨਹੀਂ ਹੋ ਰਹੀ।ਆਰ ਐੱਸ ਐੱਸ ਦੇ ਲੁਕਵੇਂ ਏਜੰਡੇ ਨੂੰ ਲਾਗੂ ਕਰਨ ਲਈ ਭਾਜਪਾ ਮੁਖ ਤੌਰ 'ਤੇ ਅਤੇ ਹਾਕਮ ਜਮਾਤ ਪਾਰਟੀਆਂ ਆਮ ਤੌਰ 'ਤੇ ਗੈਰ-ਜਮਹੂਰੀ ਅਨਸਰਾਂ ਨੂੰ ਸ਼ਹਿ ਦੇ ਕੇ ਭਾਈਚਾਰਕ ਸਾਂਝ ਨੂੰ ਤੋੜਨ ਹਿੱਤ ਇਹੋ ਜਿਹੇ ਫਿਰਕੂ ਬਿਰਤਾਂਤਾਂ ਨੂੰ ਹਵਾ ਦੇ ਰਹੀਆਂ ਹਨ।ਪੰਜਾਬ ਅੰਦਰ 'ਭਈਏ ਭਜਾਓ ਪੰਜਾਬ ਬਚਾਓ' ਮੁਹਿੰਮ ਵੀ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਸੰਨ੍ਹ ਲਾਉਣ ਤੇ ਲੋਕ ਵਿਰੋਧੀ ਨਿਜ਼ਾਮ ਦੀ ਉਮਰ ਲੰਬੀ ਕਰਨ ਦਾ ਹੀ ਇੱਕ ਖਤਰਨਾਕ ਹਿੱਸਾ ਹੈ।ਇਹ ਜਥੇਬੰਦੀਆਂ ਸਮਝਦੀਆਂ ਹਨ ਕਿ ਕਿਸੇ ਇੱਕ ਵਿਅਕਤੀ ਦੀ ਗਲਤੀ ਲਈ ਸੁਮੱਚੇ ਭਾਈਚਾਰੇ ਨੂੰ ਦੋਸ਼ੀ ਗਰਦਾਨਣ ਦੀ ਲੋਕ ਵਿਰੋਧੀ ਮਾਨਸਿਕਤਾ ਨੂੰ ਭਾਂਜ ਦਿੱਤੀ ਜਾਵੇ, ਕਿਉਂਕਿ ਇਹ ਲੋਕ ਪੱਖੀ ਕਦਰਾਂ ਕੀਮਤਾਂ ਦੇ ਵਿਰੁੱਧ ਹੈ।ਉਨ੍ਹਾਂ ਹਰ ਇਨਸਾਫ ਪਸੰਦ ਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਪ੍ਰਣਾਈ ਜਥੇਬੰਦੀ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਰਤਾਰੇ ਖਿਲਾਫ਼ ਜਮਹੂਰੀ ਤੇ ਜਨਤਕ ਜਥੇਬੰਦੀਆਂ ਨਾਲ ਮਿਲ ਕੇ ਲੋਕਾਂ ਨੂੰ ਲੋਕ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਦੀ ਪਹਿਚਾਣ ਕਰਦੇ ਹੋਏ ਭਾਈਚਾਰਕ ਸਾਂਝ ਦੀ ਰਾਖੀ ਲਈ ਅੱਗੇ ਆਉਣ ਤਾਂ ਕਿ ਅਮਨ ਸ਼ਾਂਤੀ ਦਾ ਮਾਹੌਲ ਬਰਕਰਾਰ ਰੱਖਿਆ ਜਾਵੇ।ਇਨ੍ਹਾਂ ਸੰਗਠਨਾਂ ਨੇ ਲੋਕ ਪੱਖੀ ਤਾਕਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਤੋਂ ਮੰਗ ਕਰਨ ਕਿ ਪੰਜਾਬ ਨੂੰ ਫ਼ਿਰਕੂ ਆਧਾਰ 'ਤੇ ਵੰਡਣ ਵਾਲੇ ਅਨਸਰਾਂ ਨੂੰ ਬਿਨਾਂ ਕਿਸੇ ਦੇਰੀ ਦੇ ਨੱਥ ਪਾਈ ਜਾਵੇ।ਜੇਕਰ ਇਹ ਵਰਤਾਰੇ ਰੋਕੇ ਨਾ ਗਏ ਤਾਂ ਮਾਹੌਲ ਬੇਹੱਦ ਵਿਗੜਨ ਦਾ ਖਦਸ਼ਾ ਲਗਾਤਾਰ ਵਧ ਰਿਹਾ ਹੈ।

# ਰਵਨੀਤ ਬਿੱਟੂ ਦੇ ਬਿਆਨ 'ਤੇ ਪੰਜਾਬ ਭਾਜਪਾ ਸਟੈਂਡ ਸਪੱਸ਼ਟ ਕਰੇ : ਦੌਲਤਪੁਰ



**ਧੂਰੀ (ਮਹਿਤ ਗਰਗ, ਬਿਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਦੇ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਬਿਆਨ 'ਤੇ ਸਖ਼ਤ ਪ੍ਰਤੀਕਿਰਿਆ ਪ੍ਰਗਟਾਈ ਹੈ।ਉਨ੍ਹਾਂ ਕਿਹਾ ਕਿ ਬਿੱਟੂ ਵੱਲੋਂ ਧੂਰੀ ਰੇਲਵੇ ਓਵਰਬ੍ਰਿਜ ਦੀ ਉਸਾਰੀ ਵਿੱਚ ਸਿਆਸੀ ਅੜਿੱਕੇ ਪੈਦਾ ਕਰਨ ਦੀ ਗੱਲ ਸਾਹਮਣੇ ਆਉਣ 'ਤੇ ਬਾਅਦ ਪੰਜਾਬ ਭਾਜਪਾ ਲਈ ਇਹ ਲਾਜ਼ਮੀ ਹੈ ਕਿ ਉਹ ਆਪਣਾ ਸਟੈਂਡ ਸਪੱਸ਼ਟ ਕਰੇ।ਦੌਲਤਪੁਰ ਨੇ ਕਿਹਾ ਕਿ ਰੇਲਵੇ ਓਵਰ ਬ੍ਰਿਜ ਧੂਰੀ ਸ਼ਹਿਰ ਦੀ ਜੀਵਨ ਰੇਖਾ ਹੈ ਤੇ ਇਸਦੀ ਉਸਾਰੀ ਨਾਲ ਟ੍ਰੈਫਿਕ ਜਾਮ, ਸੜਕ ਹਾਦਸਿਆਂ ਤੇ ਆਮ ਜਨਤਾ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਨਿਕਲਣਾ ਸੀ, ਪਰ ਬਿੱਟੂ ਦੇ ਖੁਦ ਦੇ ਬਿਆਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਧੂਰੀ ਵਾਸੀਆਂ ਦੀ ਭਲਾਈ ਦੀ ਥਾਂ ਆਪਣੇ ਸਿਆਸੀ ਹਿੱਤਾਂ ਨੂੰ ਤਰਜੀਹ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿ ਕੇਂਦਰ ਦੇ ਰਾਜ ਮੰਤਰੀ ਦੀ ਕੁਰਸੀ 'ਤੇ ਬੈਠ ਕੇ ਬਿੱਟੂ ਵਰਗਾ ਨੇਤਾ ਲੋਕ ਹਿੱਤਾਂ ਦੀ ਥਾਂ ਸਿਆਸੀ ਵੈਰ-ਵਿਰੋਧ ਨੂੰ ਤਰਜੀਹ ਦੇ ਰਿਹਾ ਹੈ।ਇਸ ਕਰਕੇ ਪੰਜਾਬ ਭਾਜਪਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਧੂਰੀ ਤੇ ਪੰਜਾਬ ਦੀ ਜਨਤਾ ਨੂੰ ਦੱਸੇ ਕਿ ਕੀ ਉਹ ਬਿੱਟੂ ਦੀ ਸੋਚ ਨਾਲ ਸਹਿਮਤ ਹੈ ਜਾਂ ਨਹੀਂ।ਦੌਲਤਪੁਰ ਨੇ ਚੇਤਾਵਨੀ ਦਿੱਤੀ ਕਿ ਜੇ ਪੰਜਾਬ ਭਾਜਪਾ ਨੇ ਇਸ ਮਾਮਲੇ 'ਚ ਚੁੱਪੀ ਸਾਧੀ ਰੱਖੀ ਤਾਂ ਇਹ ਸਪੱਸ਼ਟ ਹੋਵੇਗਾ ਕਿ ਉਹ ਵੀ ਧੂਰੀ ਦੇ ਵਿਕਾਸ ਦੇ ਰਾਹ 'ਚ ਰੁਕਾਵਟਾਂ ਪੈਦਾ ਕਰਨ ਵਾਲੇ ਹਨ। ਦੌਲਤਪੁਰ ਨੇ ਕਿਹਾ ਕਿ ਧੂਰੀ ਦੇ ਲੋਕ ਕਦੇ ਵੀ ਉਨ੍ਹਾਂ ਤਾਕਤਾਂ ਨੂੰ ਮੁਆਫ਼ ਨਹੀਂ ਕਰਨਗੇ, ਜੋ ਉਨ੍ਹਾਂ ਦੀਆਂ ਮੂਲ ਲੋੜਾਂ ਨਾਲ ਖਿਲਵਾੜ ਕਰ ਰਹੀਆਂ ਹਨ।ਇਹ ਕੇਵਲ ਇੱਕ ਓਵਰਬ੍ਰਿਜ ਦਾ ਮੁੱਦਾ ਨਹੀਂ, ਸਗੋਂ ਲੋਕ ਹਿੱਤਾਂ ਨਾਲ ਜੁੜਿਆ ਹੋਇਆ ਮਾਮਲਾ ਹੈ।ਜੇਕਰ ਕੇਂਦਰੀ ਮੰਤਰੀ ਲੋਕਾਂ ਦੇ ਹੱਕਾਂ ਨੂੰ ਨਜ਼ਰਅੰਦਾਜ਼ ਕਰਦੇ ਹਨ, ਤਾਂ ਉਹ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਖੋ ਬੈਠਣ ਹਨ।

# ਵਰਲਡ 'ਵਰਸਿਟੀ ਵਿਖੇ 'ਸਿੱਖ ਧਰਮ ਲਈ ਏ ਆਈ ਦੀ ਵਰਤੋਂ-ਮੌਕੇ ਤੇ ਜੋਖਮ' ਵਿਸ਼ੇ 'ਤੇ ਭਾਸ਼ਣ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਭੌਤਿਕ ਵਿਗਿਆਨ ਵਿਭਾਗ ਨੇ ਡਾ. ਦਵਿੰਦਰ ਪਾਲ ਸਿੰਘ, ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਿਜ਼ਮ, ਮਿਸੀਸਾਗਾ, ਕੈਨੇਡਾ ਦੇ ਡਾਇਰੈਕਟਰ ਵੱਲੋਂ 'ਸਿੱਖ ਧਰਮ ਲਈ ਏਆਈ ਦੀ ਵਰਤੋਂ-ਮੌਕੇ ਤੇ ਜੋਖਮ' ਵਿਸ਼ੇ 'ਤੇ ਇੱਕ ਮਾਹਰ ਭਾਸ਼ਣ ਕਰਵਾਇਆ ਗਿਆ।ਵਿਸ਼ੇਸ਼ ਮਹਿਮਾਨ ਦਾ ਸਵਾਗਤ ਕਰਦੇ ਹੋਏ ਭੌਤਿਕ ਵਿਗਿਆਨ ਵਿਭਾਗ ਦੀ ਮੁਖੀ ਡਾ. ਪ੍ਰੀਤ ਕੌਰ ਨੇ ਡਾ. ਸਿੰਘ ਨੂੰ ਦਰਸ਼ਕਾਂ ਨਾਲ ਜਾਣੂ ਕਰਵਾਇਆ।ਡਾ. ਸਿੰਘ ਨੇ ਆਪਣੀ ਚਰਚਾ ਨੂੰ ਚਾਰ ਭਾਗਾਂ ਵਿੱਚ ਵੰਡਿਆ।ਉਨ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤੇ ਇਸ ਦੇ ਬੁਨਿਆਦੀ ਸਿਧਾਂਤਾਂ ਦੀ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਵਿਹਾਰਕ ਉਪਯੋਗਾਂ ਦਾ ਹਵਾਲਾ ਦਿੰਦੇ ਹੋਏ ਸਿੱਖ ਧਰਮ ਨੂੰ ਉਤਸ਼ਾਹਤ ਕਰਨ ਲਈ ਏਆਈ ਦੁਆਰਾ ਪੇਸ਼ ਕੀਤੇ ਜਾਣ ਵਾਲੇ ਮੌਕਿਆਂ 'ਤੇ ਚਾਨਣਾ ਪਾਇਆ।ਉਨ੍ਹਾਂ ਸੰਭਾਵੀ ਜੋਖਮਾਂ 'ਤੇ ਵੀ ਸਾਵਧਾਨ ਕੀਤਾ, ਜਿਸ ਵਿੱਚ ਅਧਿਆਤਮਕ ਸਿੱਖਿਆਵਾਂ ਦੀ ਸਤਹੀ ਵਿਆਖਿਆ, ਘਟਦੀ ਨਿੱਜੀ ਵਿਕਾਸ ਤੇ ਏਆਈ-ਸੰਚਾਲਿਤ ਪਲੇਟਫਾਰਮਾਂ ਰਾਹੀਂ ਸੱਭਿਆਚਾਰਕ ਵਿਗਾੜ ਦੀ ਸੰਭਾਵਨਾ ਸ਼ਾਮਲ ਹੈ।ਨੈਤਿਕ ਨਿਗਰਾਨੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਡਾ. ਸਿੰਘ ਨੇ ਇਹ ਯਕੀਨੀ ਬਣਾਉਣ ਦੀ ਮੰਗ ਕੀਤੀ ਕਿ ਤਕਨਾਲੋਜੀ ਸੱਚਾਈ ਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਇਕਸਾਰ ਰਹੇ।

ਇਸ ਮੌਕੇ ਯੂਨੀਵਰਸਿਟੀ ਨੇ ਡਾ. ਸਿੰਘ ਦੀ ਕਿਤਾਬ 'ਈਥੋਸ ਆਫ਼ ਦ ਡਿਜੀਟਲ ਡਾਨ-ਏਆਈਜ਼ ਟ੍ਰਾਇੰਫ ਐਂਡ ਟ੍ਰਾਇਲ', ਜੋ ਕਿ ਕੈਂਬ੍ਰਿਜ ਪਬਲੀਕੇਸ਼ਨਜ਼, ਓਂਟਾਰੀਓ, ਕੈਨੇਡਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ, ਰਿਲੀਜ਼ ਕੀਤੀ।ਸੈਸ਼ਨ ਵਿੱਚ ਵੱਖ-ਵੱਖ ਵਿਸ਼ਿਆਂ ਦੇ ਲਗਭਗ 100 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਡਾ. ਪਰਿਤ ਪਾਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਏਆਈ ਦੀ ਸਾਵਧਾਨੀ ਨਾਲ ਵਰਤੋਂ ਕਰਨ ਤੇ ਸੋਸ਼ਲ ਮੀਡੀਆ 'ਤੇ ਗੁੰਮਰਾਹਕੁਨ ਅਤੇ ਜਾਅਲੀ ਸਮੱਗਰੀ ਤੋਂ ਸੁਚੇਤ ਰਹਿਣ ਦੀ ਸਲਾਹ ਦਿੱਤੀ।ਡੀਨ ਅਕਾਦਮਿਕ ਮਾਮਲੇ, ਡਾ. ਸੁਖਵਿੰਦਰ ਸਿੰਘ ਬਿਲਿੰਗ ਨੇ ਤਕਨੀਕੀ ਤਰੱਕੀ ਨੂੰ ਅਕਾਦਮਿਕ ਕਠੋਰਤਾ ਤੇ ਸੱਭਿਆਚਾਰਕ ਜ਼ਿੰਮੇਵਾਰੀ ਨੂੰ ਇਕਸਾਰ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਰਜਿਸਟਰਾਰ ਤੇ ਭੌਤਿਕ ਵਿਗਿਆਨ ਦੇ ਪ੍ਰੋਫ਼ੈਸਰ, ਡਾ. ਤੇਜਬੀਰ ਸਿੰਘ ਨੇ ਧੰਨਵਾਦ ਮਤਾ ਪੇਸ਼ ਕੀਤਾ।

# ਆਂਗਨਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਰਾਸ਼ਨ ਕਾਰਡਾਂ ਦੀ ਈ ਕੇ ਵਾਈ ਸੀ ਕਰਨ ਤੋਂ ਨਾਂਹ

## ਸਰਕਾਰ ਡਿੱਪੂ ਹੋਲਡਰਾਂ ਨੂੰ ਈ ਕੇ ਵਾਈ ਸੀ ਲਈ ਪੱਤਰ ਜਾਰੀ ਕਰੇ : ਕਾਂਝਲਾ



**ਧੂਰੀ (ਮਹਿਤ ਗਰਗ, ਬਿਨੀ ਗਰਗ)**-ਰਾਸ਼ਨ ਡਿੱਪੂ ਹੋਲਡਰ ਫੈਡਰੇਸ਼ਨ ਪੰਜਾਬ (ਰਜਿ:) ਤੇ ਆਂਗਨਵਾੜੀ ਮੁਲਾਜ਼ਮ ਯੂਨੀਅਨ ਸੀਟੂ ਵੱਲੋਂ ਇਕ ਸਾਂਝੀ ਮੀਟਿੰਗ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਤੇ ਬਲਾਕ ਪ੍ਰਧਾਨ ਸਤੁੰਤਲਾ ਰਾਣੀ ਨੇ ਕੀਤੀ।ਮੀਟਿੰਗ ਵਿੱਚ ਆਂਗਨਵਾੜੀ ਵਰਕਰਾਂ ਤੇ ਡਿੱਪੂ ਹੋਲਡਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਮੀਟਿੰਗ ਤੋਂ ਬਾਅਦ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਦੱਸਿਆ ਕਿ ਆਂਗਨਵਾੜੀ ਮੁਲਾਜ਼ਮ ਯੂਨੀਅਨ ਸੀਟੂ ਵੱਲੋਂ ਰਾਸ਼ਨ ਕਾਰਡਾਂ ਦੀ ਈ-ਕੇਵਾਈਸੀ ਕਰਨ ਤੋਂ ਸਪੱਸ਼ਟ ਇਨਕਾਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਜਾਣ ਬੁੱਝ ਕੇ ਹਰ ਮਸਲੇ ਨੂੰ ਪੇਚੀਦਾ ਬਣਾ ਰਹੀ ਹੈ, ਜਦੋਂਕਿ ਡਿੱਪੂ ਹੋਲਡਰ ਖੁਦ ਈਕੇਵਾਈਸੀ ਕਰਨ ਲਈ ਤਿਆਰ ਹਨ।ਉਨ੍ਹਾਂ ਕੋਲ ਖਪਤਕਾਰਾਂ ਦੀ ਪੂਰੀ ਜਾਣਕਾਰੀ ਮੌਜੂਦ ਹੈ, ਇਸ ਲਈ ਇਹ ਕੰਮ ਉਨ੍ਹਾਂ ਵੱਲੋਂ ਆਸਾਨੀ ਨਾਲ ਕੀਤਾ ਜਾ ਸਕਦਾ ਹੈ।ਕਾਂਝਲਾ ਨੇ ਸਰਕਾਰ ਉੱਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਹਿਲਾਂ ਵੀ ਮਾਰਕਫੈੱਡ ਡਿੱਪੂ ਪਾਲਿਸੀ ਪੂਰੀ ਤਰ੍ਹਾਂ ਨਾਕਾਮ ਰਹੀ ਸੀ, ਜਿਸ 'ਤੇ ਸਰਕਾਰ ਨੇ ਕਰੋੜਾਂ ਰੁਪਏ ਬਰਬਾਦ ਕੀਤੇ।ਹੁਣ ਮੁੜ ਆਂਗਨਵਾੜੀ ਵਰਕਰਾਂ ਨੂੰ ਰਾਸ਼ਨ ਕਾਰਡਾਂ ਦੀ ਈਕੇਵਾਈਸੀ ਨਾਲ ਜੋੜ ਕੇ ਨਵਾਂ ਵਿਵਾਦ ਖੜਾ ਕੀਤਾ ਜਾ ਰਿਹਾ ਹੈ। ਕਾਂਝਲਾ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਪਹਿਲਾਂ ਕੀਤੀ ਈਕੇਵਾਈਸੀ ਦੇ ਮਿਹਨਤਾਨੇ ਦੀ ਅਦਾਇਗੀ ਨਾ ਕੀਤੀ ਗਈ ਤੇ ਡਿੱਪੂ ਹੋਲਡਰਾਂ ਨੂੰ ਈਕੇਵਾਈਸੀ ਕਰਨ ਦੀ ਜ਼ਿੰਮੇਵਾਰੀ ਨਾ ਸੌਂਪੀ ਤਾਂ ਉਹ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨਗੇ ਤੇ ਖ਼ੁਰਾਕ ਮੰਤਰੀ ਕੈਂਪਸ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ।

# ਬੇਕਰੀ ਉਤਪਾਦਾਂ ਲਈ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਬਰਨਾਲਾ ਵੱਲੋਂ ਨਾਬਾਰਡ ਦੀ ਮਦਦ ਨਾਲ ਪਿੰਡ ਠੀਕਰੀਵਾਲਾ 'ਚ ਬੇਕਰੀ ਉਤਪਾਦਾਂ ਲਈ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ ਨੇ ਦੱਸਿਆ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਬੇਕਰੀ ਉਤਪਾਦਾਂ ਲਈ 90 ਸਵੈ-ਸਹਾਇਤਾ ਸਮੂਹ ਦੇ ਮੈਂਬਰ ਟ੍ਰੇਨਿੰਗ ਲੈਣਗੇ ਤੇ ਟ੍ਰੇਨਿੰਗ ਉਪਰੰਤ ਪੀ.ਐਸ.ਆਰ.ਐਲ.ਐਮ. ਦੇ ਸਵੈ-ਸਹਾਇਤਾ ਸਮੂਹਾਂ ਦੇ ਮੈਂਬਰਾਂ ਵੱਲੋਂ ਬੇਕਰੀ ਦਾ ਉਤਪਾਦਾਂ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ (ਪੀ.ਐਸ.ਆਰ.ਐਲ.ਐਮ.) ਪੇਂਡੂ ਤੇ ਗਰੀਬ ਮਹਿਲਾਵਾਂ ਦਾ ਪੱਧਰ ਉੱਚਾ ਚੁੱਕਣ ਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ/ਮਜ਼ਬੂਤ ਕਰਨ ਵਿੱਚ ਸਹਾਈ ਸਿੱਧ ਹੋਇਆ ਹੈ।ਉਨ੍ਹਾਂ ਦੱਸਿਆ ਕਿ ਪੀ.ਐਸ.ਆਰ.ਐਲ.ਐਮ. ਇੱਕ ਕੰਪੋਨੈਂਟ 'ਤੇ ਕੰਮ ਨਾ ਕਰਕੇ ਸਰਵਪੱਖੀ ਵਿਕਾਸ ਪ੍ਰਦਾਨ ਕਰਦੀ ਹੈ ਤੇ ਵੱਖ-ਵੱਖ ਟ੍ਰੇਨਿੰਗਾਂ ਦੁਆਰਾ ਔਰਤਾਂ ਨੂੰ ਹੁਨਰਮੰਦ ਬਣਾਉਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਪਿੰਡ-ਪਿੰਡ ਜਾ ਕੇ ਪੀ.ਐਸ.ਆਰ.ਐਲ.ਐਮ. ਸਟਾਫ਼ ਵੱਲੋਂ ਔਰਤਾਂ ਦੇ ਸਵੈ-ਸਹਾਇਤਾਂ ਸਮੂਹ ਬਣਾਏ ਜਾਂਦੇ ਹਨ, ਜਿਸ ਰਾਹੀਂ ਇੱਕ ਸੈਲਫ਼ ਹੈਲਪ ਗਰੁੱਪ ਵਿੱਚ 10-15 ਮੈਂਬਰ (ਔਰਤਾਂ) ਸ਼ਾਮਲ ਕੀਤੇ ਜਾ ਸਕਦੇ ਹਨ।

# ਪੰਜਾਬ ਰਾਜ ਸਕੂਲ ਖੇਡਾਂ ਅਧੀਨ ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲੇ ਸੰਪੰਨ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਸ੍ਰੀ ਮੁਕਤਸਰ ਸਾਹਿਬ ਵਿਖੇ 69ਵੀਂ ਪੰਜਾਬ ਰਾਜ ਸਕੂਲ ਖੇਡਾਂ ਅਧੀਨ ਦੋ ਦਿਨਾ ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲੇ ਮੁਕਤਸਰ ਦੀ ਨਾਰੰਗ ਸ਼ੂਟਿੰਗ ਕਲੱਬ ਵਿਖੇ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹਾ ਫਾਜ਼ਿਲਕਾ ਦੇ ਹਲਕਾ ਜਲਾਲਾਬਾਦ ਅਬੋਹਰ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਵਿੱਚ ਅੰਡਰ-14 ਤੋਂ ਅੰਡਰ-19 ਤੱਕ ਲੜਕੇ ਤੇ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਹੋਏ ਮੁਕਾਬਲੇ ਵਿੱਚ ਅੰਡਰ-14 ਪਿਸਟਲ ਲੜਕਿਆਂ ਦੇ ਮੁਕਾਬਲੇ ਵਿੱਚ ਅਬੋਹਰ ਦੇ ਰਿਸ਼ਾਨ ਨੇ ਪਹਿਲਾ, ਜਲਾਲਾਬਾਦ ਦੇ ਕਾਰਜਪ੍ਰੀਤ ਨੇ ਦੂਜਾ ਤੇ ਅਬੋਹਰ ਦੇ ਗੀਆਨਧਵਨ ਨੇ ਤੀਜਾ ਸਥਾਨ ਹਾਸਲ ਕੀਤਾ।ਪੀਪੀ ਸਾਇਟ ਵਿੱਚ ਜੁਗਾਦਦੀਪ ਸਿੰਘ ਜਲਾਲਾਬਾਦ ਨੇ ਪਹਿਲਾ, ਜਲਾਲਾਬਾਦ ਦੇ ਹੀ ਮਨਸਹਿਜ ਸਿੰਘ ਨੇ ਦੂਜਾ ਤੇ ਅਬੋਹਰ ਦੇ ਹਰਮਨਜੀਤ ਸਿੰਘ ਨੇ ਤੀਜਾ ਸਥਾਨ, ਅੰਡਰ-14 ਲੜਕੀਆਂ ਦੇ ਸ਼ੂਟਿੰਗ ਮੁਕਾਬਲੇ ਵਿੱਚ ਅਬੋਹਰ ਦੀ ਰਵਲੀਨ ਕੌਰ ਨੇ ਪਹਿਲਾ, ਅਬੋਹਰ ਦੀ ਸ਼ਵਰੀਨ ਕੌਰ ਨੇ ਦੂਜਾ ਤੇ ਅਬੋਹਰ ਦੀ ਹੀ ਸ਼ਾਨਵੀ ਗੋਇਲ ਨੇ ਤੀਜਾ ਸਥਾਨ ਹਾਸਲ ਕੀਤਾ।ਜਦਕਿ ਲੜਕੀਆਂ ਦੇ ਹੀ ਅੰਡਰ-14 ਪੀਪ ਸਾਈਟ ਮੁਕਾਬਲੇ ਵਿੱਚ ਜਲਾਲਾਬਾਦ ਦੀ ਸਿਮਰਨ ਕੌਰ ਨੇ ਪਹਿਲਾ, ਅਬੋਹਰ ਦੀ ਸੁਹਿਰਦ ਕੌਰ ਨੇ ਦੂਜਾ ਤੇ ਅਬੋਹਰ ਦੀ ਮਾਰੀਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਲੜਕਿਆਂ ਦੇ ਅੰਡਰ-19 ਪੀਪ ਸਾਈਟ ਵਿੱਚ ਅਰਹਿੰਨਤ ਮਦਾਨ ਅਬੋਹਰ ਪਹਿਲੇ, ਅਬੋਹਰ ਦੇ ਹੀ ਗੁਰਫਤਿਹ ਸਿੰਘ ਦੂਜੇ ਤੇ ਅਬੋਹਰ ਦੇ ਹੀ ਦਕਸ਼ ਬਿਸ਼ਨੋਈ ਤੀਜੇ ਸਥਾਨ 'ਤੇ ਰਹੇ।ਅੰਡਰ-17 ਲੜਕੀਆਂ ਦੇ ਪੀਪ ਸਾਈਟ ਮੁਕਾਬਲੇ ਵਿਚ ਅਬੋਹਰ ਤੋਂ ਤਿਥੀ ਸਰਸਵਤ ਨੇ ਪਹਿਲਾ, ਅਮ੍ਰੀਤ ਕੌਰ ਨੇ ਦੂਜਾ ਤੇ ਰਿਸ਼ਾ ਗੋਦਾਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-19 ਲੜਕਿਆਂ ਦੇ ਪਿਸਟਲ ਮੁਕਾਬਲੇ ਵਿੱਚ ਅਬੋਹਰ ਤੋਂ ਕੁਲਰਾਜ ਸਿੰਘ ਪਹਿਲੇ, ਜਲਾਲਾਬਾਦ ਦੇ ਉਦੇਪ੍ਰਤਾਪ ਸਿੰਘ ਦੂਜੇ ਤੇ ਫਾਜ਼ਿਲਕਾ ਦੇ ਸੁਰਿੰਦਰ ਕੁਮਾਰ ਤੀਜੇ ਸਥਾਨ 'ਤੇ ਰਹੇ। ਅੰਡਰ-17 ਲੜਕੀਆਂ ਦੇ ਪਿਸਟਲ ਮੁਕਾਬਲੇ ਵਿੱਚ ਅਬੋਹਰ ਦੀ ਗੁਰਮੌਨਸ਼ੀ ਨੇ ਪਹਿਲਾ, ਅਬੋਹਰ ਤੋਂ ਹੀ ਨਾਜ਼ੁਕ ਨੇ ਦੂਜਾ ਤੇ ਗੁਰਸੀਰਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-19 ਲੜਕੀਆਂ ਦੇ ਪਿਸਟਲ ਮੁਕਾਬਲੇ ਵਿੱਚ ਮੰਨਤ ਨੇ ਪਹਿਲਾ ਸਥਾਨ ਹਾਸਲ ਕੀਤਾ।ਅੰਡਰ-19 ਲੜਕਿਆਂ ਦੇ ਪੀਪ ਸਾਈਟ ਮੁਕਾਬਲੇ ਵਿੱਚ ਅਨਸ਼ੂਲ ਬੱਤਰਾ ਅਬੋਹਰ ਨੇ ਪਹਿਲਾ, ਜਲਾਲਾਬਾਦ ਦੇ ਲਵਪ੍ਰੀਤ ਸਿੰਘ ਨੇ ਦੂਜਾ ਤੇ ਅਬੋਹਰ ਦੇ ਅਵਨੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-19 ਲੜਕੀਆਂ ਦੇ ਪੀਪ ਸਾਈਟ ਮੁਕਾਬਲੇ ਵਿੱਚ ਸ਼ਾਈਨ ਮਹਿਤਾ ਕੇਰਾ ਖੇੜਾ ਨੇ ਪਹਿਲਾ, ਫਾਜ਼ਿਲਕਾ ਦੀ ਅਸ਼ਨੂਰ ਨੇ ਦੂਜਾ ਸਥਾਨ ਹਾਸਲ ਕੀਤਾ।ਅੰਡਰ-19 ਲੜਕਿਆਂ ਦੇ ਪਿਸਟਲ ਮੁਕਾਬਲੇ ਵਿੱਚ ਗੁਰਨੂਰ ਸਿੰਘ ਅਬੋਹਰ ਨੇ ਪਹਿਲਾ, ਅਬੋਹਰ ਦੇ ਹੀ ਗੁਰਸਾਂਝ ਸਿੰਘ ਨੇ ਦੂਜਾ, ਦਪਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਜੇਤੂਆਂ ਨੂੰ ਏ.ਡੀ.ਸੀ. ਗੁਰਪ੍ਰੀਪ ਸਿੰਘ ਥਿੰਦ ਨੇ ਮੈਡਲ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਇਸ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਆਪਣਾ ਯੋਗਦਾਨ ਦੇਣ ਵਾਲਿਆਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਵਿਸ਼ੂ ਵੋਹਰਾ ਤੇ ਰਣਵਿਜੈਇੰਦਰ ਝੀਂਡਵਾਲਾ ਵੀ ਮੌਜੂਦ ਸਨ।

# ਹਾਕੀ ਕਲੱਬ ਵੱਲੋਂ ਵਿਦਿਆਰਥਣਾਂ ਦੀ ਫ਼ੀਸ ਲਈ ਚੈੱਕ ਭੇਟ



**ਸਮਰਾਲਾ/ਮਾਛੀਵਾੜਾ (ਸੁਰਜੀਤ ਸਿੰਘ/ਜਗਦੀਸ਼ ਰਾਏ, ਸ਼ੈਕੀ ਸ਼ਰਮਾ)**-ਨਾਮਵਰ ਸੰਸਥਾ ਹਾਕੀ ਕਲੱਬ ਸਮਰਾਲਾ ਜਿੱਥੇ ਵਾਤਾਵਰਨ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੀ ਆ ਰਿਹਾ ਹੈ, ਉੱਥੇ ਹੀ ਇਨ੍ਹਾਂ ਵੱਲੋਂ ਲੋੜਵੰਦ ਵਿਦਿਆਰਥਣਾਂ ਦੀਆਂ ਫ਼ੀਸਾਂ ਭਰਨ ਦਾ ਜ਼ਿੰਮਾ ਵੀ ਚੁੱਕਿਆ ਹੋਇਆ ਹੈ।ਇਸੇ ਲੜੀ ਤਹਿਤ ਸੰਸਥਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਵੱਲੋਂ ਸਥਾਨਕ ਮਾਤਾ ਹਰਦੇਈ ਨੈਸ਼ਨਲ ਸੀਨੀ: ਸੈਕੰਡਰੀ ਸਕੂਲ (ਲੜਕੀਆਂ) ਦੀ ਮੈਨੇਜਮੈਂਟ ਤੇ ਪ੍ਰਿੰਸੀਪਲ ਨੂੰ ਲੋੜਵੰਦ ਵਿਦਿਆਥਣਾਂ ਦੀ ਫ਼ੀਸ ਲਈ 11 ਹਜ਼ਾਰ ਰੁਪਏ ਰਾਸ਼ੀ ਦਾ ਚੈੱਕ ਭੇਟ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਸੰਸਥਾ ਇਲਾਕੇ ਦੇ ਸਰਕਾਰੀ ਸਕੂਲਾਂ ਦੀਆਂ ਲੋੜਵੰਦ ਹੁਸ਼ਿਆਰ ਲੜਕੀਆਂ ਦੀ ਫ਼ੀਸ ਭਰਨ ਦਾ ਕਾਰਜ ਪਿਛਲੇ ਕਈ ਸਾਲਾਂ ਤੋਂ ਨਿਭਾਅ ਰਹੀ ਹੈ ਅਤੇ ਅੱਗੇ ਵੀ ਇਹ ਸੇਵਾ ਨਿਰੰਤਰ ਜਾਰੀ ਰਹੇਗੀ।ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਆੜ੍ਹਤੀ ਗੁਰਨਾਮ ਸਿੰਘ ਨਾਗਰਾ ਤੇ ਪ੍ਰਿੰਸੀਪਲ ਦਵਿੰਦਰ ਸਿੰਘ ਵੱਲੋਂ ਹਾਕੀ ਕਲੱਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਹਾਕੀ ਕਲੱਬ ਸਮਰਾਲਾ ਵਰਗੀਆਂ ਸੰਸਥਾਵਾਂ ਸਮਾਜ ਲਈ ਵਰਦਾਨ ਹੁੰਦੀਆਂ ਹਨ, ਜੋ ਲੜਕੀਆਂ ਦੀ ਪੜ੍ਹਾਈ ਲਈ ਵਿਸ਼ੇਸ਼ ਕਾਰਜ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਹੋਰ ਸੰਸਥਾਵਾਂ ਵੀ ਹਾਕੀ ਕਲੱਬ ਤੋਂ ਪ੍ਰੇਰਿਤ ਹੋ ਕੇ ਲੜਕੀਆਂ ਨੂੰ ਵਿੱਦਿਆ ਦਾ ਦਾਨ ਦਿਵਾਉਣ ਵਿੱਚ ਆਪਣਾ ਯੋਗਦਾਨ ਪਾਉਣ।ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਅੰਮ੍ਰਿਤਪਾਲ ਸਮਰਾਲਾ, ਗੁਰਮੁੱਖ ਦੀਪ, ਕਲਰਕ ਗੁਰਨਮ ਸਿੰਘ, ਮੈਡਮ ਕਮਲਜੀਤ ਕੌਰ, ਮੈਡਮ ਕਾਜਲ ਆਨੰਦ, ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਡਾ. ਸੰਜੇ ਕਾਮਰਾ ਬਣੇ ਮਾਤਾ ਕੁਸ਼ੱਲਿਆ ਹਸਪਤਾਲ ਦੇ ਮੈਡੀਕਲ ਸੁਪਰਡੈਂਟ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਦੇ ਆਦੇਸ਼ਾਂ ਅਨੁਸਾਰ ਡਾ. ਸੰਜੇ ਕਾਮਰਾ ਨੇ ਜਿਲ੍ਹਾ ਪਟਿਆਲਾ ਵਿਖੇ ਬਤੌਰ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਦੇ ਮੈਡੀਕਲ ਸੁਪਰਡੈਂਟ ਵਜੋ ਆਪਣਾ ਅਹੁਦਾ ਸੰਭਾਲ ਲਿਆ ਹੈ। ਜਿਕਰਯੋਗ ਹੈ ਕਿ ਡਾ. ਸੰਜੇ ਕਾਮਰਾ ਮੈਡੀਸਨ ਦੇ ਮਾਹਰ ਹਨ, ਜੋ ਕਿ ਪਹਿਲਾਂ ਜ਼ਿਲ੍ਹਾ ਸੰਗਰੂਰ ਵਿਖੇ ਸਿਵਲ ਸਰਜਨ ਦੇ ਅਹੁਦੇ 'ਤੇ ਤੈਨਾਤ ਰਹੇ ਸਨ, ਨੂੰ ਬਦਲੀ ਕਰਨ ਉਪਰੰਤ ਬਤੌਰ ਮੈਡੀਕਲ ਸੁਪਰਡੈਂਟ, ਮਾਤਾ ਕੁਸ਼ੱਲਿਆ ਹਸਪਤਾਲ ਲਾਇਆ ਗਿਆ ਹੈ। ਉਨ੍ਹਾਂ ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਹਸਪਤਾਲ ਵਜੋਂ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਮੌਕੇ ਡਾ. ਵਿਕਾਸ ਗੋਇਲ ਸੀਨੀਅਰ ਮੈਡੀਕਲ ਅਫਸਰ, ਡਾ. ਜੋਰਾਵਰ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਕੁਲਵੀਰ ਕੌਰ ਤੇ ਜਸਜੀਤ ਕੌਰ, ਜ਼ਿਲ੍ਹਾ ਬੀ.ਸੀ.ਸੀ ਕੋਆਰਡੀਨੇਟਰ ਜਸਵੀਰ ਕੌਰ, ਬੀ.ਈ.ਈ ਸ਼ਾਯਾਨ ਜ਼ਫਰ, ਮਾਤਾ ਕੁਸ਼ੱਲਿਆ ਹਸਪਤਾਲ ਦੇ ਸਮੂਹ ਸਟਾਫ ਅਤੇ ਬਿੱਟੂ ਕੁਮਾਰ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਮੁਬਾਰਕਬਾਦ ਦਿੱਤੀ ਗਈ। ਅਹੁਦਾ ਸੰਭਾਲਣ ਉਪਰੰਤ ਡਾ. ਸੰਜੇ ਕਾਮਰਾ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।

# ਹਰਬਖ਼ਸ਼ ਸਿੰਘ ਟਾਹਲੀ ਦੀ ਪੁਸਤਕ 'ਅਜੋਕਾ ਲੁਬਾਣਾ ਸੰਸਾਰ' ਲੋਕ ਅਰਪਣ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਉੱਘੇ ਲੇਖਕ ਤੇ ਅਮਰੀਕਾ ਨਿਵਾਸੀ ਹਰਬਖ਼ਸ਼ ਸਿੰਘ ਟਾਹਲੀ ਦੀ ਪੁਸਤਕ 'ਅਜੋਕਾ ਲੁਬਾਣਾ ਸੰਸਾਰ' ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਲੋਕ ਅਰਪਨ ਕੀਤੀ।ਪੁਸਤਕ ਵਿੱਚ ਟਾਹਲੀ ਨੇ ਵੱਖ-ਵੱਖ ਖੇਤਰਾਂ ਵਿੱਚ ਨਾਮਵਰ ਲੁਬਾਣਾ ਵਪਾਰੀਆਂ, ਲੇਖਕਾਂ, ਸੰਤਾਂ ਤੇ ਪ੍ਰਸਿੱਧ ਰਾਜਨੀਤਕ ਸ਼ਖ਼ਸੀਅਤਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਸ਼ਾਮਲ ਕੀਤੀ ਹੈ।ਹਰਬਖ਼ਸ਼ ਸਿੰਘ ਟਾਹਲੀ ਹੁਣ ਤੱਕ ਕਈ ਨਾਵਲ ਤੇ ਗੀਤਾਂ ਦੀਆਂ ਪੁਸਤਕਾਂ ਲਿਖ ਚੁੱਕੇ ਹਨ, ਜੋ ਕਿ ਪਾਠਕਾਂ ਵਲੋਂ ਕਾਫੀ ਸਲਾਹੀਆਂ ਗਈਆਂ ਹਨ। ਪ੍ਰੋ. ਬਡੂੰਗਰ ਨੇ ਕਿਹਾ ਕਿ ਹਰਬਖ਼ਸ਼ ਸਿੰਘ ਟਾਹਲੀ ਪਿਛਲੇ 25 ਸਾਲਾਂ ਤੋਂ ਹਫ਼ਤਾਵਾਰੀ ਅਖ਼ਬਾਰ 'ਸ਼ਾਨੇ ਪੰਜਾਬ' ਦੇ ਸੰਪਾਦਕ ਵਜੋਂ ਸੇਵਾ ਨਿਭਾਅ ਰਹੇ ਹਨ।ਉਨ੍ਹਾਂ ਹਰਬਖ਼ਸ਼ ਸਿੰਘ ਦੀ ਤੁਲਨਾ ਜਾਨ ਮਿਲਟਨ ਨਾਲ ਕਰਦਿਆਂ ਕਿਹਾ ਕਿ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਇਸ ਕੰਮ ਨੂੰ ਹਰਬਖ਼ਸ਼ ਸਿੰਘ ਨੇ ਵ੍ਹੀਲਚੇਅਰ 'ਤੇ ਬੈਠੇ ਬੈਠੇ ਪੂਰਾ ਕੀਤਾ ਹੈ।ਉਨ੍ਹਾਂ ਡਾ. ਪਰਮਜੀਤ ਸਿੰਘ ਸਰੋਆ, ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ, ਜੋ ਹਰਬਖ਼ਸ਼ ਸਿੰਘ ਦੀ ਪੁਸਤਕ ਵੱਖ-ਵੱਖ ਪਾਠਕਾਂ ਤਕ ਪਹੁੰਚਾ ਰਹੇ ਹਨ। ਇਸ ਮੌਕੇ ਵਾਇਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਕਿਹਾ ਕਿ ਹਰਬਖ਼ਸ਼ ਸਿੰਘ ਟਾਹਲੀ ਦੀ ਇਹ ਪੁਸਤਕ ਸਿਰਫ਼ ਲੁਬਾਣਾ ਭਾਈਚਾਰੇ ਲਈ ਹੀ ਨਹੀਂ, ਸਗੋਂ ਪੂਰੀ ਪੰਜਾਬੀ ਕੌਮ ਲਈ ਗੌਰਵ ਦਾ ਵਿਸ਼ਾ ਹੈ।

# ਡੀ ਸੀ ਵੱਲੋਂ ਖੰਡਾ ਚੌਕ ਨੇੜੇ ਪੱਟੀ ਸੜਕ ਦੇ ਮੁਰੰਮਤ ਦੇ ਕੰਮ ਦਾ ਜਾਇਜ਼ਾ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਵੇਰੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਤੇ ਖੰਡਾ ਚੌਕ ਨੇੜੇ ਸ਼ਹਿਰ 'ਚ 24X7 ਨਹਿਰੀ ਪਾਣੀ ਦੀ ਸਪਲਾਈ ਲਈ ਪਾਈ ਗਈ ਪਾਈਪਲਾਈਨ ਕਰਕੇ ਪੁੱਟੀ ਹੋਈ ਸੜਕ ਉਪਰ ਟਾਇਲਾਂ ਲਾਉਣ ਦੇ ਕੰਮ ਦਾ ਨਿਰੀਖਣ ਕੀਤਾ।ਉਨ੍ਹਾਂ ਐੱਲ.ਐਂਡ.ਟੀ ਦੇ ਪ੍ਰਾਜੈਕਟ ਅਫ਼ਸਰ ਸੁਖਦੇਵ ਝਾਅ ਤੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਸ਼ਹਿਰ ਵਾਸੀਆਂ ਤੇ ਰਾਹਗੀਰਾਂ ਨੂੰ ਦਰਪੇਸ਼ ਪ੍ਰੇਸ਼ਾਨੀ ਤੁਰੰਤ ਦੂਰ ਕੀਤੀ ਜਾਵੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਨੇੜੇ ਪਾਣੀ ਦੀਆਂ ਦੋ ਪਾਈਪਲਾਈਨਾਂ ਪਾਉਣ ਦਾ ਕੰਮ ਬੇਸ਼ੱਕ ਮੁਕੰਮਲ ਕਰਕੇ ਇਸ ਉਪਰ ਸੜਕ ਉਪਰ ਆਵਾਜਾਈ ਚਲਾ ਦਿੱਤੀ ਗਈ ਹੈ, ਪ੍ਰੰਤੂ ਅਜੇ ਤੱਕ ਇਸ ਉਪਰ ਟਾਈਲਾਂ ਨਹੀਂ ਲੱਗੀਆਂ, ਜਿਸ ਕਰਕੇ ਲੋਕਾਂ ਨੂੰ ਪ੍ਰੇਸ਼ਾਨੀ ਆ ਰਹੀ ਹੈ, ਜਿਸ ਲਈ ਜੇਕਰ ਇਸ ਕੰਮ ਵਿੱਚ ਹੋਰ ਦੇਰੀ ਹੋਈ ਤਾਂ ਸਬੰਧਤ ਅਧਿਕਾਰੀ ਜ਼ਿੰਮੇਵਾਰ ਹੋਣਗੇ।ਉਨ੍ਹਾਂ ਕਿਹਾ ਕਿ ਕਿਸੇ ਦੀ ਦੇਰੀ ਕਰਕੇ ਆਮ ਲੋਕਾਂ ਨੂੰ ਪ੍ਰੇਸ਼ਾਨ ਨਹੀਂ ਕੀਤਾ ਜਾ ਸਕਦਾ, ਇਸ ਲਈ ਸਾਰਾ ਕੰਮ ਦਿਨ-ਰਾਤ ਇੱਕ ਕਰਕੇ ਤੁਰੰਤ ਮੁਕੰਮਲ ਕੀਤਾ ਜਾਵੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਸ਼ਹਿਰ ਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਨਿਰੰਤਰ ਤਤਪਰ ਹੈ ਅਤੇ ਇਸੇ ਤਹਿਤ ਲੋਕਾਂ ਨੂੰ ਨਿਰਵਿਘਨ 24 ਘੰਟੇ ਨਹਿਰੀ ਪਾਣੀ ਦੀ ਸਪਲਾਈ ਲਈ ਕੰਮ ਜ਼ੋਰਾਂ ਉੱਤੇ ਚੱਲ ਰਿਹਾ ਹੈ।

# ਸਵਾਮੀ ਰੂਪ ਚੰਦ ਜੈਨ ਸਕੂਲ ਦੇ ਦੋ ਅਧਿਆਪਕਾਂ ਨੂੰ ਸਿੱਖਿਆ ਰਤਨ ਐਵਾਰਡ




**ਜਗਰਾਓਂ (ਅਮਿਤ ਖੰਨਾ)**-ਅਧਿਆਪਕ ਦਿਵਸ ਮੌਕੇ ਸਿਟੀ ਯੂਨੀਵਰਸਿਟੀ ਦੇ ਅਧਿਆਪਕਾਂ ਨੇ ਮਿਲ ਕੇ ਰੰਗਾਰੰਗ ਅਧਿਆਪਕ ਦਿਵਸ ਸਮਾਰੋਹ ਮਨਾਇਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਕਵਿਤਾ ਪਾਠ, ਭਾਸ਼ਣ, ਗੀਤ ਤੇ ਨਾਟਕ ਪੇਸ਼ ਕਰਕੇ ਅਧਿਆਪਕਾਂ ਪ੍ਰਤੀ ਆਪਣੇ ਪਿਆਰ ਤੇ ਆਦਰ ਦਾ ਪ੍ਰਗਟਾਵਾ ਕੀਤਾ ਗਿਆ।ਸਮਾਰੋਹ ਦੀ ਵਿਸ਼ੇਸ਼ ਆਕਰਸ਼ਨ ਸਿੱਖਿਆ ਰਤਨ ਐਵਾਰਡ ਰਿਹਾ, ਜਿਸ ਵਿੱਚ ਅਧਿਆਪਕਾਂ ਨੂੰ ਸਿੱਖਿਆ ਖੇਤਰ ਵਿੱਚ ਕੀਤੇ ਵਿਸ਼ੇਸ਼ ਯੋਗਦਾਨ ਲਈ ਸਨਮਾਨਤ ਕੀਤਾ ਗਿਆ।ਇਹ ਐਵਾਰਡ ਸਵਾਮੀ ਰੂਪ ਚੰਦ ਜੈਨ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਦੀ ਯੋਗ ਅਗਵਾਈ ਸਦਕਾ ਹੋਣਹਾਰ ਅਧਿਆਪਕ ਸ਼੍ਰੀਮਤੀ ਨੀਰੂ ਘਈ ਜੀ (ਪੀ ਜੀ ਟੀ) ਤੇ ਮਿਸ ਬੀਨੂ ਨਾਗੀ ਜੀ (ਪੀ ਜੀ ਟੀ) ਸਿਟੀ ਯੂਨੀਵਰਸਿਟੀ ਲੁਧਿਆਣਾ ਵਿਖੇ ਸਿੱਖਿਆ ਰਤਨ ਪੁਰਸਕਾਰ ਨਾਲ ਸਨਮਾਨਤ ਹੋਏ।ਉਨ੍ਹਾਂ ਕਿਹਾ ਕਿ ਸਿੱਖਿਆ ਰਤਨ ਐਵਾਰਡ ਵਰਗੇ ਸਨਮਾਨ ਅਧਿਆਪਕਾਂ ਨੂੰ ਹੋਰ ਵੀ ਜੋਸ਼, ਉਤਸ਼ਾਹ ਤੇ ਜਜ਼ਬੇ ਨਾਲ ਵਿਦਿਆਰਥੀਆਂ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੇ ਹਨ। ਸਮਾਗਮ ਦੇ ਅੰਤ ਵਿੱਚ ਸਨਮਾਨਤ ਅਧਿਆਪਕਾਂ ਨੂੰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

# ਜੇਕਰ ਸੱਤਾਧਾਰੀ ਪਾਰਟੀ ਨੇ ਪਹਿਲਾਂ ਤੋਂ ਪੁਖਤਾ ਪ੍ਰਬੰਧ ਕੀਤੇ ਹੁੰਦੇ ਤਾਂ ਅੱਜ ਆਹ ਦਿਨ ਨਾ ਵੇਖਣੇ ਪੈਂਦੇ : ਅਕਾਲੀ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਪੂਰੀ ਤਰ੍ਹਾਂ ਫੇਲ੍ਹ ਸਾਬਿਤ ਹੋ ਚੁੱਕੀ ਹੈ, ਕਿਉਂਕਿ ਜੇਕਰ ਇਸ ਸਰਕਾਰ ਨੇ ਅਜਿਹੀਆਂ ਆਫਤਾਂ ਦੇ ਨਾਲ ਨੱਜਿਠਣ ਲਈ ਪਹਿਲਾਂ ਤੋਂ ਪੁਖਤਾ ਪ੍ਰਬੰਧ ਕੀਤੇ ਹੁੰਦੇ ਤਾਂ ਅੱਜ ਆਹ ਦਿਨ ਨਾ ਵੇਖਣੇ ਪੈਂਦੇ ਕਿਉਂਕਿ ਹੁਣ ਤਾਂ ਨੇੜੇ ਆਈ ਜੰਞ ਵਿਨੋਂ ਕੁੜੀ ਦੇ ਕੰਨ ਵਾਲੀ ਕਹਾਵਤ ਸੱਚ ਸਾਬਿਤ ਹੋ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਅਕਾਲੀ ਆਗੂ, ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਯੂਥ ਆਗੂ ਵਿੱਕੀ ਫੂਲੇਵਾਲੀਆ, ਐੱਸ.ਓ.ਆਈ. ਦੇ ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ ਨੇ ਕਰਦਿਆਂ ਆਖਿਆ ਕਿ ਹੁਣ ਮੌਜੂਦਾ ਸੱਤਾਧਾਰੀ ਪਾਰਟੀ ਨੂੰ ਲੋਕਾਂ ਨੂੰ ਹੜ੍ਹਾਂ ਦੀ ਮਾਰ ਝੱਲ ਰਹੇ ਪੀੜਤ ਪਰਵਾਰਾਂ ਕੋਲ ਜਾ ਕੇ ਮਗਰਮੱਛ ਵਾਲੇ ਹੰਝੂ ਵਹਾਉਣ ਦਾ ਕੋਈ ਫਾਇਦਾ ਨਹੀਂ, ਕਿਉਂਕਿ ਹੁਣ ਤਾਂ ਉਨ੍ਹਾਂ ਦਾ ਸਾਰਾ ਕੁਝ ਪਾਣੀ ਵਿੱਚ ਬਰਬਾਦ ਹੋ ਚੁੱਕਾ ਹੈ, ਜਿੱਥੋਂ ਤੱਕ ਹੜ੍ਹ ਪੀੜਤਾਂ ਲਈ ਖਾਣ-ਪੀਣ ਦੀਆਂ ਵਸਤਾਂ, ਦਵਾਈਆਂ ਤੇ ਪਸ਼ੂ ਡੰਗਰ ਵਾਸਤੇ ਚਾਰੇ ਦੀ ਗੱਲ ਹੈ ਉਹ ਤਾਂ ਧਾਰਮਿਕ ਅਤੇ ਸਮਾਜ ਸੇਵੀ ਜਥੇਬੰਦੀਆਂ ਬਿਨਾਂ ਕਿਸੇ ਭੇਦ ਭਾਵ ਦੇ ਹੜ੍ਹ ਪੀੜਤਾਂ ਕੋਲ ਲੈ ਕੇ ਪਹੁੰਚ ਰਹੀਆਂ ਹਨ ਅਤੇ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਿੱਥੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚ ਕੇ ਨਗਦ ਪੈਸਾ ਵੰਡ ਰਹੇ ਹਨ, ਉਥੇ ਹੀ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਅਕਾਲੀ ਆਗੂ ਟਰੱਕਾਂ ਦੇ ਟਰੱਕ ਰਸਦ ਭਰ ਕੇ ਹੜ੍ਹ ਪੀੜਤ ਲੋਕਾਂ ਨੂੰ ਵੰਡ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ ਅਤੇ ਜੋ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਜਥੇਦਾਰ ਤੀਰਥ ਸਿੰਘ ਮਾਹਲਾ ਵੱਲੋਂ ਹੜ੍ਹ ਪੀੜਤਾਂ ਲਈ ਜ਼ਿਲ੍ਹੇ ਅੰਦਰ ਕਣਕ ਇਕੱਠੀ ਕਰਕੇ ਭੇਜੀ ਜਾ ਰਹੀ ਹੈ, ਉਸ ਦੀ ਵੀ ਅਕਾਲੀ ਆਗੂਆਂ ਨੇ ਸ਼ਲਾਘਾ ਕੀਤੀ।ਇਸ ਮੌਕੇ ਉਕਤ ਅਕਾਲੀ ਆਗੂਆਂ ਨੇ ਮੁੜ ਦੁਹਰਾਇਆ ਕਿ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੀੜਤ ਲੋਕਾਂ ਦੇ ਨਾਲ ਹੈ ਤੇ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ ਅਤੇ ਅੱਗੇ ਵੀ ਕੀਤੀ ਜਾਵੇਗੀ, ਜਿਨ੍ਹਾਂ ਸਮਾਂ ਉਹ ਆਪਣੇ ਪੈਰਾਂ ਸਿਰ ਨਹੀਂ ਖੜ੍ਹੇ ਹੁੰਦੇ।

# ਪੁੱਛਾਂ ਦੇਣ ਵਾਲੇ ਬਾਬੇ ਨੂੰ ਸਿੱਖ ਜਥੇਬੰਦੀਆਂ ਵੱਲੋਂ ਚੁਣੌਤੀ, ਠਗਠਗਾ ਬੰਦ ਕਰਵਾਉਣ ਲਈ ਦਿੱਤਾ ਐੱਸ ਐੱਸ ਪੀ ਨੂੰ ਮੰਗ ਪੱਤਰ

**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹੇ ਵਿਚ ਆਪਣੇ ਆਪ ਨੂੰ ਪੁੱਛਾਂ ਦੇਣ ਵਾਲਾ ਤੇ ਚੌਂਕੀ ਵਾਲਾ ਬਾਬਾ ਕਹਾਉਣ ਵਾਲਾ ਸ਼ਿਵਮ ਨਾਥ ਹੁਣ ਵੱਡੇ ਵਿਵਾਦਾਂ 'ਚ ਘਿਰ ਗਿਆ ਹੈ।ਇਸ ਦੇ ਝੂਠੇ ਦਾਅਵਿਆਂ ਤੇ ਧੋਖੇਬਾਜ਼ੀ ਖ਼ਿਲਾਫ਼ ਬਾਬਾ ਮਨਪ੍ਰੀਤ ਸਿੰਘ ਦਮਦਮੀ ਟਕਸਾਲ ਫ਼ਰੀਦਕੋਟ ਤੇ ਜਥੇਦਾਰ ਬਾਬਾ ਕਰਮਜੀਤ ਸਿੰਘ ਨਹਿੰਗ ਇੰਚਾਰਜ ਮਾਲਵਾ ਜ਼ੋਨ ਤੇ ਨਿਹੰਗ ਜਥੇਬੰਦੀਆਂ ਵੱਲੋਂ ਵੱਡੀ ਕਾਰਵਾਈ ਸ਼ੁਰੂ ਕੀਤੀ ਗਈ ਹੈ।ਇਸ ਸਬੰਧੀ ਵੱਡੇ ਕਾਫਲੇ ਸਮੇਤ ਐੱਸ.ਐੱਸ.ਪੀ. ਮੋਗਾ ਨੂੰ ਮੰਗ ਪੱਤਰ ਸੌਂਪਿਆ ਗਿਆ।ਮਨਪ੍ਰੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਇਹ ਵਿਅਕਤੀ ਮੋਗਾ-ਬਾਘਾਪੁਰਾਣਾ ਰੋਡ 'ਤੇ ਅੱਡਾ ਬਣਾ ਕੇ ਦੇਵੀ-ਦੇਵਤਿਆਂ, ਪੀਰਾਂ ਤੇ ਪੈਗੰਬਰਾਂ ਦੀਆਂ ਤਸਵੀਰਾਂ ਲਗਾ ਕੇ ਲੋਕਾਂ ਨੂੰ ਪੁੱਛਾ ਦਿੰਦਾ ਹੈ।ਇਹ ਆਪਣੇ ਆਪ ਨੂੰ ਰੋਗਾ ਦਾ ਵੱਡਾ ਇਲਾਜਕਰਤਾ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਕੈਂਸਰ ਸਮੇਤ ਹਰ ਬਿਮਾਰੀ ਦਾ ਇਲਾਜ ਕਰਦਾ ਹੈ।ਇਹ ਧਰਮ ਦੇ ਨਾਂ 'ਤੇ ਲੁੱਟ ਮਚਾ ਰਹੇ ਹਨ ਅਤੇ ਬਿਮਾਰ ਲੋਕਾਂ ਦੀ ਮਜਬੂਰੀ ਨਾਲ ਖੇਡ ਰਹੇ ਹਨ।ਹੁਣ ਪ੍ਰਸ਼ਾਸਨ ਦਾ ਫ਼ਰਜ਼ ਹੈ ਕਿ ਇਨ੍ਹਾਂ ਢੌਂਗੀਆਂ ਨੂੰ ਨੱਥ ਪਾਵੇ ਤੇ ਪੰਜਾਬ ਦੀ ਧਰਤੀ ਨੂੰ ਇਸ ਪਖੰਡ ਤੋਂ ਮੁਕਤ ਕਰੋ।ਇਸ ਮੌਕੇ ਸੰਤ ਮਨਪ੍ਰੀਤ ਸਿੰਘ ਨੇ ਕਿਹਾ ਕਿ ਇਹ ਢੌਂਗੀ ਸਿਗਰਟਾਂ ਤੇ ਹੋਰ ਨਸ਼ਿਆਂ ਰਾਹੀਂ ਆਪਣੇ ਅੱਡੇ 'ਤੇ ਆਉਣ ਵਾਲਿਆ ਨੂੰ ਵੀ ਗੁੰਮਰਾਹ ਕਰਦਾ ਹੈ।ਉਨ੍ਹਾ ਕਿਹਾ ਕਿ ਇਹ ਵਿਅਕਤੀ ਅਪਮਾਨਜਨਕ ਤੇ ਗੰਦੀ ਭਾਸ਼ਾ ਵਰਤਦਾ ਹੈ, ਜੋ ਕਿਸੇ ਵੀ ਧਾਰਮਿਕ ਭਾਈਚਾਰੇ ਲਈ ਤੇ ਧਾਰਮਿਕ ਸਿਧਾਂਤਾ ਦੀ ਸਿੱਧੀ ਤੌਰ 'ਤੇ ਤੌਹੀਨ ਹੈ।ਜਥੇਬੰਦੀਆਂ ਨੇ ਪ੍ਰਸ਼ਾਸਨ ਨੂੰ ਕਾਰਵਾਈ ਲਈ 16 ਦਿਨ ਦਾ ਸਮਾਂ ਦਿੱਤਾ ਹੈ।



# ਹੜ੍ਹ ਪ੍ਰਭਾਵਤ 12 ਪਿੰਡਾਂ ਨੂੰ ਮੁੜ ਸੁਰਜੀਤ ਕਰਨ ਲਈ ਕਾਰਜ ਆਰੰਭੇ : ਭਾਈ ਮਲਕੀਤ ਸਿੰਘ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਪੰਜਾਬ 'ਚ ਹੜ੍ਹ ਪ੍ਰਭਾਵਤ 12 ਪਿੰਡਾਂ ਨੂੰ ਮੁੜ ਸੁਰਜੀਤ ਕਰਨ ਲਈ ਜ਼ਿੰਮੇਵਾਰੀ ਸੰਭਾਲੀ ਗਈ ਹੈ।ਇਹ ਜਾਣਕਾਰੀ ਐਜੂਕੇਟ ਪੰਜਾਬ ਪ੍ਰੋਜੈਕਟ ਦੇ ਭਾਈ ਮਲਕੀਤ ਸਿੰਘ, ਬੀਬੀ ਸੁਰਿੰਦਰ ਕੌਰ ਨੇ ਇਥੇ ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਵਿਖੇ ਕੈਂਪ ਦੌਰਾਨ ਗੱਲਬਾਤ ਕਰਦਿਆਂ ਦਿੱਤੀ।

ਉਨ੍ਹਾਂ ਦੱਸਿਆ ਕਿ ਭਾਈ ਜਸਵਿੰਦਰ ਸਿੰਘ ਖ਼ਾਲਸਾ ਯੂ.ਕੇ ਦੀ ਗਤੀਸ਼ੀਲ ਅਗਵਾਈ ਹੇਠ ਹੜ੍ਹ ਪ੍ਰਭਾਵਤ 12 ਪਿੰਡਾਂ ਜ਼ਿਲ੍ਹਾ ਫ਼ਿਰੋਜ਼ਪੁਰ ਨਾਲ ਸਬੰਧਤ ਪਿੰਡ ਬਸਤੀ ਕਿਸ਼ਨ ਸਿੰਘ, ਕਾਲੇ ਕੇ ਹਿਠਾੜ, ਬੱਗੂਵਾਲਾ, ਰੁਕਣੇ ਵਾਲਾ, ਬੱਗੇਵਾਲਾ, ਕੁਤਬਦੀਨ ਵਾਲਾ, ਧੀਰਾ ਘਾਰਾ, ਟੱਲੀ ਗੁਲਾਮ, ਨਿਹਾਲਾ ਲਵੇਰਾ, ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਪਿੰਡ ਜਸਤਰਵਾਲ ਰਾਜਾਸਾਂਸੀ, ਕੜਿਆਲ ਰਾਜਾਸਾਂਸੀ, ਪਿੰਡ ਨੇਪਾਲ ਰਾਜਾਸਾਂਸੀ ਆਦਿ ਪਿੰਡਾਂ ਅੰਦਰ ਟੀਮਾਂ ਵੱਲੋਂ ਅਗਲੀ ਫ਼ਸਲ ਦੀ ਬਿਜਾਈ ਲਈ ਖਾਦਾਂ, ਬੀਜ, ਦਵਾਈਆਂ ਦਿੱਤੀਆਂ ਜਾਣਗੀਆਂ, ਪਸ਼ੂਆਂ ਦੇ ਨੁਕਸਾਨ ਦੀ ਭਰਪਾਈ, ਮਕਾਨ ਮੁਰੰਮਤ, ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਸਾਲ 2025, 2026 ਦੀ ਫ਼ੀਸ ਭਰੀ ਜਾਵੇਗੀ। ਹੜ੍ਹਾਂ ਤੋ ਪੈਦਾ ਹੋਈਆਂ ਬਿਮਾਰੀਆਂ ਦੇ ਬਚਾਅ ਲਈ ਮੈਡੀਕਲ ਕੈਂਪ ਲਾਉਣ ਟੀਚਾ ਹੈ।ਭਾਈ ਮਲਕੀਤ ਸਿੰਘ ਨੇ ਸਮੂਹ ਸਮਾਜ ਸੇਵੀ ਸੰਸਥਾਵਾਂ, ਦਾਨੀ ਸੱਜਣਾਂ ਨੂੰ ਦਿਲ ਖੋਲ ਕੇ ਮਦਦ ਦੀ ਅਪੀਲ ਕਰਦਿਆ ਦੱਸਿਆ ਕਿ ਉਹ ਧਾਰਮਿਕ ਸਮਾਗਮਾਂ ਵਿੱਚ ਕੈਂਪ ਲਗਾ ਕੇ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਮੁੜ ਸੁਰਜੀਤ ਕਰਨ ਦੇ ਪ੍ਰੋਜੈਕਟ ਲਈ ਸਹਿਯੋਗ ਦੀ ਮੰਗ ਕਰਦੇ ਹਨ।


## ਉਤਰ ਰੇਲਵੇ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਨੰ. 433-ਸਿਗ- ਟੀ-37-25-26 ਮਿਤੀ: 18.09.2025

ਬੰਦ ਹੋਣ ਦੀ ਮਿਤੀ/ਸਮਾਂ : 09.10.2025 12:30 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-37/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 09.10.2025 ਨੂੰ 12:30 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ ਆਈ ਟੀ.

| | | | |
|---|---|---|---|
| ਕੰਮ ਦਾ ਨਾਮ | ਫਿਰੋਜਪੁਰ ਡਵੀਜਨ ਵਿਚ 50000 ਤੋਂ ਜਿਆਦਾ ਟੀਵੀਯੂ ਵਾਲੇ 5 ਗੈਰ-ਇੰਟਰਲਾਕਡ ਐਲ-ਜਿੰਗ ਗੇਟਾਂ ਦੀ ਇੰਟਰਲਾਕਿੰਗ ਦਾ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 09.10.2025 12:30 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 18.09.2025 10:49 |
| ਅੰਦਾਜਨ ਲਾਗਤ | 25974461.96 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 25.09.2025 |
| ਬਿਆਨਾ ਰਾਸ਼ੀ (ਰੁ) | 279900.00 | ਕੰਮ ਪੂਰਾ ਕਰਨ ਦਾ ਸਮਾਂ | 9 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2873/25



SBI State Bank of India
BRANC NAME : AJITTWAL
VPO AJITWAL.G.T. ROAD. DISST. MOGA
BRANCH CODE : 11906
Tel : 01636-264201 E-mail : Sbi.11906@sbi.co.in

**ਭਾਰਤੀ ਸਟੇਟ ਬੈਂਕ ਆਫ ਇੰਡੀਆ ਸ਼ਾਖਾ ਅਜੀਤਵਾਲ ਜਿਲ੍ਹਾ ਮੋਗਾ ਬ੍ਰਾਂਚ ਕੋਡ-11906, ਪੰਜਾਬ**
**ਸੋਨੇ ਦੀ ਨਿਲਾਮੀ-ਕਮ-ਸੱਦਾ ਪੱਤਰ ਨੋਟਿਸ**

ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਿੱਤੇ ਖਾਤਿਆਂ ਵਿੱਚ ਰੱਖੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ 25.09.2025 ਨੂੰ ਸਵੇਰੇ 10.00 ਵਜੇ ਸਬੰਧਤ ਸ਼ਾਖਾ ਵਿੱਚ ਨਿਲਾਮੀ ਦੇ ਮਿਤੀ 'ਤੇ ਯੋਗ ਕੀਮਤ 'ਤੇ ਕਰਨ ਦਾ ਪ੍ਰਸਤਾਵ ਹੈ। ਕਰਜ਼ਾ ਲੈਣ ਵਾਲੇ ਦਾ ਨਾਮ ਸ੍ਰੀਮਤੀ ਰਮਨ ਪ੍ਰੀਤ ਕੌਰ ਪੁੱਤਰੀ ਸ੍ਰੀ ਹਰਦੇਵ ਸਿੰਘ ਨਿਵਾਸੀ ਬੀ - 21/7865 ਗਲੀ 6, ਨਿਊ ਜਨਤਾ ਨਗਰ ਲੁਧਿਆਣਾ, ਬਕਾਇਆ ਰਕਮ 231000/- ਰੁਪਏ।

ਨਿਲਾਮੀ ਦੀਆਂ ਸ਼ਰਤਾਂ ਅਤੇ ਨਿਯਮ: ਨਿਲਾਮੀ ਰਾਹੀਂ ਗਹਿਣਿਆਂ ਦੀ ਖਰੀਦ ਲਈ ਪੇਸ਼ਕਸ਼ ਨੂੰ ਸਵੀਕਾਰ ਕਰਨ ਸਬੰਧੀ ਫੈਸਲਾ ਬੈਂਕ ਦਾ ਹੋਵੇਗਾ ਅਤੇ ਬੈਂਕ ਸਭ ਤੋਂ ਵੱਧ ਪੇਸ਼ਕਸ਼ ਨੂੰ ਸਵੀਕਾਰ ਕਰਨ ਲਈ ਪਾਬੰਦ ਨਹੀਂ।ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਹਿੱਤ ਵਿੱਚ ਇੱਥੇ ਨਿਰਧਾਰਤ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਧਿਆਨ ਵਿੱਚ ਰੱਖਣ : (1) ਬੈਂਕ ਗਹਿਣਿਆਂ/ਸਿੱਕਿਆਂ ਦੇ ਭਾਰ ਜਾਂ ਸ਼ੁੱਧਤਾ ਦੀ ਗਰੰਟੀ ਨਹੀਂ ਦਿੰਦਾ, ਨਾ ਤਾਂ ਇਸ ਦੇ ਸੋਨੇ ਦੀ ਸਮੱਗਰੀ ਜਾਂ ਹੋਰ। (2) ਜੌਹਰੀ 25.09.2025 ਨੂੰ ਸਵੇਰੇ 10.00 ਵਜੇ ਇੱਛੁਕ ਬੋਲੀਕਾਰਾਂ ਦੁਆਰਾ ਨਿਰੀਖਣ ਲਈ ਉਪਲਬਧ ਹੈ। (3) ਇੱਛੁਕ ਖਰੀਦਦਾਰ 25.09.2025 ਤੋਂ ਪਹਿਲਾਂ ਰਿਜ਼ਰਵ ਕੀਮਤ ਦੀ 25% ਬਿਆਨਾ ਰਕਮ ਜਮ੍ਹਾਂ ਕਰਵਾਏਗਾ। (4) ਪੂਰੀ ਅਦਾਇਗੀ ਕਰਨ ਤੋਂ ਬਾਅਦ ਗਹਿਣੇ ਸਭ ਤੋਂ ਵੱਧ ਬੋਲੀਕਾਰ ਨੂੰ ਸੌਂਪ ਦਿੱਤੇ ਜਾਣਗੇ।ਅਸਫਲ ਬੋਲੀਕਾਰ ਤੁਰੰਤ ਬਿਆਨਾ ਰਕਮ ਵਾਪਸ ਕਰਨ ਦਾ ਹੱਕਦਾਰ ਹੋਵੇਗਾ।

ਅਧਿਕਾਰਤ ਅਫਸਰ


# ਵਿਸ਼ਵਕਰਮਾ ਜੀ ਦੀ ਪੂਜਾ ਦਿਵਸ ਧੂਮਧਾਮ ਨਾਲ ਮਨਾਇਆ

**ਸੰਗਰੂਰ (ਪ੍ਰਵੀਨ ਸਿੰਘ)**-ਜਗਤ ਗੁਰੂ ਭਗਵਾਨ ਸ਼੍ਰੀ ਵਿਸ਼ਵਕਰਮਾ ਮਹਾਰਾਜ ਜੀ ਦਾ ਪੂਜਾ ਦਿਵਸ ਸਥਾਨਕ ਬਾਬਾ ਵਿਸ਼ਵਕਰਮਾ ਮੰਦਰ ਗੋਬਿੰਦਪੁਰਾ ਬਸਤੀ ਨਜ਼ਦੀਕ ਅਨਾਜ ਮੰਡੀ ਸੰਗਰੂਰ ਵਿਖੇ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸ਼ੁੱਭ ਦਿਹਾੜੇ 'ਤੇ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਦੀ ਅਗਵਾਈ ਹੇਠ ਅੱਖਾਂ ਦਾ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਦੇ ਨਾਲ ਨਾਲ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ, ਜਿਸ 'ਚ ਗਲੋਬਲ ਹਸਪਤਾਲ ਸੰਗਰੂਰ ਦੇ ਮਾਹਰ ਡਾਕਟਰਾਂ ਵੱਲੋਂ 340 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਤੇ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਮਿੱਤਲ ਹੈਲਥ ਕੇਅਰ ਹਸਪਤਾਲ ਤੇ ਬਲੱਡ ਸੈਂਟਰ ਸੰਗਰੂਰ ਦੀ ਟੀਮ ਵੱਲੋਂ ਡਾ. ਸੁਰਭੀ ਮਿੱਤਲ ਦੀ ਦੇਖ-ਰੇਖ ਹੇਠ 25 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਮੈਡਮ ਨਰਿੰਦਰ ਕੌਰ ਭਰਾਜ ਹਲਕਾ ਵਿਧਾਇਕ ਸੰਗਰੂਰ ਸ਼ਾਮਲ ਹੋਏ, ਜਿਨ੍ਹਾਂ ਸਮੂਹ ਦੇਸ਼ ਵਾਸੀਆਂ ਨੂੰ ਬਾਬਾ ਵਿਸ਼ਵਕਰਮਾ ਜੀ ਦੇ ਪੂਜਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਪਰਮਜੀਤ ਸਿੰਘ ਧੀਮਾਨ ਪ੍ਰਧਾਨ ਬਾਬਾ ਵਿਸ਼ਵਕਰਮਾ ਮੰਦਰ ਸਭਾ ਸੰਗਰੂਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵਿੱਚ ਮਨਜੀਤ ਸਿੰਘ, ਜਗਸੀਰ ਸਿੰਘ ਖਜ਼ਾਨਚੀ, ਪ੍ਰੀਤਮ ਸਿੰਘ ਮੀਨ ਮੀਤ ਪ੍ਰਧਾਨ, ਹਰਯਸ ਸਿੰਘ ਧੀਮਾਨ, ਰਾਮ ਸਿੰਘ ਸਕੱਤਰ, ਸੁਖਵਿੰਦਰ ਸਿੰਘ ਜਨਰਲ ਸਕੱਤਰ, ਨਛੱਤਰ ਸਿੰਘ, ਭੁਪਿੰਦਰ ਸਿੰਘ, ਕਿਰਨਜੀਤ ਸਿੰਘ, ਰਵਿੰਦਰ ਸਿੰਘ ਮੀਨ, ਇੰਦਰਜੀਤ ਸਿੰਘ ਨੀਲੂ, ਸਿਮਰਜੀਤ ਸਿੰਘ, ਗੋਰਾ ਸਿੰਘ ਲਾਲ ਬਾਡੀ, ਕਮਲ ਜੰਡੂ, ਸਾਜਨ ਕਾਂਗੜਾ, ਜਗਸੀਰ ਸਿੰਘ ਖੈੜੀਚੰਦਵਾ, ਰਾਣਾ ਬਾਲੂ ਅਵਤਾਰ ਸਿੰਘ ਬਲੱਡ ਬੈਂਕ ਆਦਿ ਹਾਜ਼ਰ ਸਨ।

## ਭਾਰਤੀਯ ਅੰਬੇਡਕਰ ਮਿਸ਼ਨ ਨੇ ਖ਼ੂਨਦਾਨ ਤੇ ਅੱਖਾਂ ਦਾ ਚੈੱਕਅੱਪ ਕੈਂਪ ਲਾਇਆ



# ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਹਡਾਣਾ ਦੀ ਯਾਦ 'ਚ ਖ਼ੂਨਦਾਨ ਕੈਂਪ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਅਮਰ ਸਹੀਦ ਨਾਇਕ ਮਲਕੀਤ ਸਿੰਘ ਹਡਾਣਾ ਦੀ ਯਾਦ ਦੇ ਵਿੱਚ ਪਿੰਡ ਹਡਾਣਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ।ਇਹ ਖ਼ੂਨਦਾਨ ਕੈਂਪ ਦੀਦਾਰ ਸਿੰਘ ਬੋਸਰ ਤੇ ਰਣਜੀਤ ਸਿੰਘ ਬੋਸਰ ਦੀ ਯੋਗ ਰਹਿਨੁਮਾਈ ਹੇਠ ਲਗਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ.ਆਰ.ਟੀ.ਸੀ. ਪੰਜਾਬ ਤੇ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸਨੌਰ ਨੇ ਸ਼ਿਰਕਤ ਕੀਤੀ।ਖ਼ੂਨਦਾਨ ਕੈਂਪ ਦਾ ਰਸਮੀਂ ਉਦਘਾਟਨ ਰਜਿੰਦਰ ਸਿੰਘ ਵਿਰਕ ਸ਼੍ਰੋਮਣੀ ਅਕਾਲੀ ਦਲ, ਕੰਵਲਜੀਤ ਸਿੰਘ ਪਲਾਖਾ ਤੇ ਦਰਸ਼ਨ ਸਿੰਘ ਦੂੰਦੀਮਾਜਰਾ ਨੇ ਖ਼ੂਨਦਾਨ ਕਰਕੇ ਕੀਤਾ।ਖ਼ੂਨਦਾਨ ਕੈਂਪ ਵਿੱਚ ਭੀਮ ਸਿੰਘ, ਸੋਹਨ ਲਾਲ, ਰਵਿੰਦਰ ਸਿੰਘ, ਅਨਿਲ ਕੁਮਾਰ, ਲੱਖੀ ਖਾਨ, ਬਲਜੀਤ ਸਿੰਘ, ਲਖਵਿੰਦਰ ਸਿੰਘ, ਰਾਹੁਲ ਕੁਮਾਰ, ਮਨਪ੍ਰੀਤ ਸਿੰਘ, ਗੁਰਤੇਜ ਸਿੰਘ, ਰਾਹੁਲ ਸ਼ਰਮਾ, ਮੋਤੀ ਰਾਮ, ਬਲਕਸ ਬੇਗਮ ਤੇ ਲਾਭ ਸਿੰਘ ਸਮੇਤ 25 ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ।

ਇਸ ਮੌਕੇ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ.ਆਰ.ਟੀ.ਸੀ. ਪੰਜਾਬ ਨੇ ਕਿਹਾ ਕਿ ਸ਼ਹੀਦਾਂ ਦੀ ਯਾਦ ਵਿੱਚ ਨੌਜਵਾਨਾਂ ਵੱਲੋਂ ਖ਼ੂਨ ਦਾਨ ਕਰਨਾ ਸੱਚੀ ਸ਼ਰਧਾਂਜਲੀ ਹੈ।ਖ਼ੂਨਦਾਨ ਕੈਂਪ ਲਗਾਉਣਾ ਇੱਕ ਨੇਕ ਤੇ ਮਹਾਨ ਕਾਰਜ ਹੈ।ਖ਼ੂਨਦਾਨ ਮਹਾਦਾਨ ਹੈ, ਜੋ ਕਿ ਹਰ ਇੱਕ ਤੰਦਰੁਸਤ ਇਨਸਾਨ ਨੂੰ ਦਾਨ ਕਰਨਾ ਚਾਹੀਦਾ ਹੈ, ਖ਼ੂਨ ਦਾਨ ਕਰਨ ਨਾਲ ਮਨ ਨੂੰ ਸ਼ਾਂਤੀ ਤੇ ਖ਼ੁਸ਼ੀ ਮਿਲਦੀ ਹੈ।ਖ਼ੂਨ ਇੱਕ ਅਜਿਹਾ ਤਰਲ ਪਦਾਰਥ ਹੁੰਦਾ ਹੈ, ਜਿਸ ਨੂੰ ਕਿਸੇ ਤਰ੍ਹਾਂ ਬਨਾਉਟੀ ਢੰਗ ਨਾਲ ਨਹੀਂ ਤਿਆਰ ਕੀਤਾ ਜਾ ਸਕਦਾ, ਇਹ ਸਿਰਫ ਮਨੁੱਖੀ ਸਰੀਰ ਅੰਦਰ ਕੁਦਰਤੀ ਰੂਪ ਵਿੱਚ ਤਿਆਰ ਹੁੰਦਾ ਹੈ।ਇਸ ਮੌਕੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਸ਼ਹੀਦ ਦਾ ਭਰਾ ਗੁਰਮੀਤ ਸਿੰਘ ਹਡਾਣਾ, ਮਨਿੰਦਰ ਸਿੰਘ ਹਡਾਣਾ, ਕ੍ਰਿਸ਼ਨ ਸਿੰਘ ਸਨੌਰ, ਲਖਮੀਰ ਸਿੰਘ ਸਲੋਟ, ਦੀਦਾਰ ਸਿੰਘ ਬੋਸਰ, ਰਣਜੀਤ ਸਿੰਘ ਬੋਸਰ, ਗੁਰਮੇਲ ਸਿੰਘ ਭਾਂਖਰ, ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਸਾਰਜ ਸਿੰਘ ਸੰਧੂ ਤੇ ਚਾਚਾ ਜਗਰਾਜ ਚਹਿਲ ਆਦਿ ਹਾਜ਼ਰ ਸਨ।


## ਉਤਰ ਰੇਲਵੇ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ.:- 132-2025-26-SrDEN-I-FZR ਤਾਰੀਕ: 16.09.2025

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 08.10.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਂਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਨੂੰ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 15.09.2025 | 24.09.2025 | 08.10.2025 / 15:00 ਵਜੇ |

| ਲ.ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ |
|---|---|---|
| 1 | 132-2025-26-SrDEN-I-FZR | ਫਿਰੋਜਪੁਰ ਮੰਡਲ ਦੇ ਸਬੰਧ ਵਿਚ ਸੀਨੀਅਰ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਖੇਤਰਾਧਿਕਾਰ ਵਿਚ 21 ਮੌਜੂਦਾ ਲੇਵਲ ਕ੍ਰਾਸਿੰਗ ਤੇ ਰਬਰਯੁਕਤ ਲੇਵਲ ਕ੍ਰਾਸਿੰਗ ਦਾ ਪ੍ਰਾਵਧਾਨ - 76 ਮੌਜੂਦਾ ਲੇਵਲ ਕ੍ਰਾਸਿੰਗ ਤੇ ਰਬਰਯੁਕਤ ਲੇਵਲ ਕ੍ਰਾਸਿੰਗ ਦਾ ਪ੍ਰਾਵਧਾਨ। |

| ਵਿਗਿਆਪਨ ਮੁਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 3,47,23,980.73/- | 3,23,600.00/- | 60 ਦਿਨ | 10 ਮਹੀਨੇ |

ਸਮਾਨ ਨੇਚਰ ਦਾ ਕੰਮ:- "ਸੜਕ ਕੰਮ ਜਾਂਅਲਸੀ ਗੇਟ ਰੋਡ ਜਾਂ ਫਰਸ਼ ਕੰਮ"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨਹੀ ਮਾਨਯ ਹੋਣਗੇ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2851/25

# ਭਾਈ ਮਨਜੋਤ ਸਿੰਘ ਤਲਵੰਡੀ ਦਾ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨ



**ਅੱਡਾ ਸਰਾਂ , (ਜਸਵੀਰ ਕਾਜਲ)**-ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਹੜ੍ਹ ਪੀੜਤਾਂ ਦੀ ਮਦਦ ਦਾ ਮਿਸ਼ਨ ਚਲਾ ਰਹੇ ਬਾਬਾ ਦੀਪ ਸਿੰਘ ਸੇਵਾ ਦਲ ਗੜ੍ਹਦੀਵਾਲਾ ਦੇ ਮੁਖੀ ਭਾਈ ਮਨਜੋਤ ਸਿੰਘ ਤਲਵੰਡੀ ਅਤੇ ਉਨ੍ਹਾਂ ਦੀ ਟੀਮ ਦਾ ਢੁਕਵਾਂ ਪੈਲਸ ਵਿਚ ਹੋਏ ਸਨਮਾਨ ਸਮਾਗਮ ਦੌਰਾਨ ਟਾਂਡਾ ਦੀਆਂ ਸਮਾਜ ਸੇਵੀ ਸੰਸਥਾਵਾਂ ਵੱਲੋਂ ਵਿਸ਼ੇਸ਼ ਰੂਪ ਵਿਚ ਸਨਮਾਨ ਕੀਤਾ ਗਿਆ । ਇਸ ਮੌਕੇ ਭਾਈ ਮਨਜੋਤ ਸਿੰਘ ਨੂੰ ਗੋਲਡ ਮੈਡਲ ਨਾਲ ਨਿਵਾਜਿਆ ਗਿਆ। ਜਥੇਦਾਰ ਦਵਿੰਦਰ ਸਿੰਘ ਮੂਨਕ ਅਤੇ ਡਾ. ਲਵਪ੍ਰੀਤ ਸਿੰਘ ਪਾਬਲਾ ਦੀ ਅਗਵਾਈ ਵਿਚ ਹੋਏ ਸਨਮਾਨ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਪਿਛਲੇ 50 ਦਿਨਾਂ ਤੋਂ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਜਾ ਕੇ ਹੜ੍ਹ ਵਿਚ ਫਸੇ ਲੋਕਾਂ ਦਾ ਆਪਣੇ ਸਾਧਨਾਂ ਅਤੇ ਮੋਟਰ ਬੋਟਾਂ ਨਾਲ ਰੈਸਕਿਊ ਕਰਨ ਅਤੇ ਬਾਅਦ ਵਿਚ ਮਦਦ ਸਮੱਗਰੀ ਪਹੁੰਚਾਉਣ ਦੇ ਮਿਸ਼ਨ ਦਾ ਪਹਿਲਾਂ ਪੜਾਅ ਦੀ ਸੇਵਾ ਕਰਕੇ ਪਰਤਣ ਤੇ ਸੰਸਥਾਵਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ । ਜਿਸ ਤੋਂ ਬਾਅਦ ਵੱਖ ਵੱਖ ਬੁਲਾਰਿਆਂ ਬਾਬਾ ਹਰਭਜਨ ਸਿੰਘ ਸਮਰਾਏ, ਵਿਧਾਇਕ ਜਸਵੀਰ ਰਾਜਾ, ਲਖਵਿੰਦਰ ਸਿੰਘ ਲੱਖੀ ਡਾ.ਕੇਵਲ ਸਿੰਘ, ਸਾਬਕਾ ਗਵਰਨਰ ਰਾਜੀਵ ਕੁਕਰੇਜਾ, ਜੰਗਵੀਰ ਸਿੰਘ ਚੌਹਾਨ, ਨਰਿੰਦਰ ਅਰੋੜਾ, ਐਡਵੋਕੇਟ ਹਰਦੀਪ ਸਿੰਘ ਨੇ ਭਾਈ ਮਨਜੋਤ ਅਤੇ ਉਨ੍ਹਾਂ ਦੀ ਟੀਮ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਚਲਾਏ ਸੇਵਾ ਮਿਸ਼ਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਮਿਸਾਲੀ ਸੇਵਾ ਕੀਤੀ ਹੈ । ਜੋ ਕਈ ਸਮਾਜ ਸੇਵੀ ਸੰਸਥਾਵਾਂ ਲਈ ਪ੍ਰੇਰਨਾ ਸਰੋਤ ਬਣੀ ਹੈ । ਇਸ ਮਿਸ਼ਨ ਵਿਚ ਭਾਈ ਮਨਜੋਤ ਸਿੰਘ ਦਾ ਸਾਥ ਦਿੰਦੇ ਹੋਏ ਇਕ ਟਰੱਕ, ਜੀਪ ਅਤੇ ਬੇੜੀ ਦੇਣ ਵਾਲੇ ਪ੍ਰਵਾਸੀ ਪੰਜਾਬੀ ਬਲਜੀਤ ਸਿੰਘ ਗਿੱਲ ਦੀ ਤੇਰਾ ਤੇਰਾ ਸੋਸਾਇਟੀ ਦੇ ਮੈਂਬਰਾਂ, ਜਥੇਦਾਰ ਰਵਿੰਦਰ ਸਿੰਘ ਮੂਨਕ ਅਤੇ ਡਾ.ਲਵਪ੍ਰੀਤ ਸਿੰਘ ਪਾਬਲਾ ਦਾ ਵੀ ਸਨਮਾਨ ਕੀਤਾ । ਇਸ ਮੌਕੇ ਨਿਹੰਗ ਜਥੇਬੰਦੀਆਂ ਨੇ ਦਲ ਪੰਥ ਹਰੀਆਂ ਵੇਲਾ ਬਾਬਾ ਨਾਰੰਗ ਸਿੰਘ ਨੇ ਭਾਈ ਮਨਜੋਤ ਦੇ ਸੇਵਾ ਮਿਸ਼ਨ ਦੀ ਸ਼ਲਾਘਾ ਕਰਦੇ ਹੋਏ ਹੜ੍ਹ ਪੀੜਤ ਕਿਸਾਨਾਂ ਲਈ 500 ਏਕੜ ਦਾ ਕਣਕ ਦਾ ਬੀਜ ਅਤੇ ਖਾਦਾ ਦੇਣ ਦਾ ਐਲਾਨ ਕੀਤਾ ਅਤੇ ਗੁਰਦੁਆਰਾ ਟਾਹਲੀ ਸਾਹਿਬ ਦੇ ਸੇਵਾਦਾਰਾਂ ਵੱਲੋਂ ਇਕ ਲੱਖ ਰੁਪਏ ਦਾ ਡੀਜ਼ਲ ਦੇਣ ਦਾ ਐਲਾਨ ਕੀਤਾ ਗਿਆ । ਇਸ ਮੌਕੇ ਬਾਬਾ ਨਾਰੰਗ ਸਿੰਘ, ਬਾਬਾ ਸਮਿੰਦਰ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਹਰਜਨ ਸਿੰਘ, ਭਾਈ ਕੁਲਵਿੰਦਰ ਸਿੰਘ, ਚਰਨਜੀਤ ਕੌਰ, ਹਰਦੀਪ ਖੁੱਡਾ, ਲੋਕੇਸ਼ ਵਸ਼ਿਸ਼ਟ, ਸਰਪੰਚ ਮਨਵੀਰ ਸਿੰਘ ਆਦਿ ਮੌਜੂਦ ਸਨ ।

# ਡੀ ਸੀ ਕੋਮਲ ਮਿੱਤਲ ਨੇ ਪਹਿਲ ਦੇ ਆਧਾਰ 'ਤੇ ਪਰਾਲੀ ਨਿਪਟਾਰੇ ਦੇ ਦਿੱਤੇ ਆਦੇਸ਼



ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਬਸਿਡੀ ਵਾਲੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ ਧਾਰਕਾਂ ਦੁਆਰਾ ਝੋਨੇ ਦੀ ਪਰਾਲੀ ਦਾ ਨਿਪਟਾਰਾ ਪਹਿਲਾਂ ਜ਼ਿਲ੍ਹੇ ਦੇ ਅੰਦਰ ਹੀ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਤੋਂ ਬਾਅਦ ਹੀ ਮਸ਼ੀਨਰੀ ਨੂੰ ਜ਼ਿਲ੍ਹੇ ਤੋਂ ਬਾਹਰ ਲਿਜਾਇਆ ਜਾਵੇ। ਬੇਲਰ ਆਪਰੇਟਰਾਂ ਅਤੇ ਝੋਨੇ ਦੀ ਪਰਾਲੀ-ਅਧਾਰਤ ਬਾਇਲਰਾਂ ਵਾਲੀਆਂ ਉਦਯੋਗਿਕ ਇਕਾਈਆਂ ਨਾਲ ਇੱਕ ਸਾਂਝੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਖੇਤੀਬਾੜੀ ਵਿਭਾਗ ਨੂੰ ਸਾਰੇ ਕਿਸਾਨਾਂ ਲਈ ਸਮੇਂ ਸਿਰ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਬਸਿਡੀ ਵਾਲੀ ਮਸ਼ੀਨਰੀ ਦੀ ਇਹਤੋਂ ਉੱਚਿਤ ਆਵਾਜਾਈ ਨੂੰ ਨੇੜਿਓਂ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹੇ ਦੀਆਂ ਉਦਯੋਗਿਕ ਇਕਾਈਆਂ, ਜੋ ਕਿ ਝੋਨੇ ਦੀ ਪਰਾਲੀ-ਅਧਾਰਤ ਬਾਇਲਰਾਂ ਨਾਲ ਲੈਸ ਹਨ, ਦੀ ਕੁੱਲ ਖਪਤ ਸਮਰੱਥਾ 3.5 ਲੱਖ ਟਨ ਹੈ - ਜੋ ਕਿ ਸਥਾਨਕ ਪਰਾਲੀ ਦੀ ਉਪਲਬਧਤਾ ਤੋਂ ਕਿਤੇ ਵੱਧ ਹੈ। ਇਸ ਲਈ, ਉਨ੍ਹਾਂ ਨੇ ਇਨ੍ਹਾਂ ਇਕਾਈਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੂਲ ਜ਼ਿਲ੍ਹੇ ਪ੍ਰਤੀ ਆਪਣੀ ਮੁੱਢਲੀ ਜ਼ਿੰਮੇਵਾਰੀ ਵਜੋਂ ਜ਼ਿਲ੍ਹੇ ਦੇ ਅੰਦਰੋਂ ਹੀ ਪਰਾਲੀ ਬਾਲਣ ਪ੍ਰਾਪਤ ਕਰਨ।

## ਸੈਮਸੰਗ ਇੰਡੀਆ ਨੇ ਪੰਜਾਬ 'ਚ ਆਫ਼ਤ ਰਾਹਤ ਤੇ ਦੇਖਭਾਲ ਪ੍ਰੋਗਰਾਮ ਕੀਤਾ ਸ਼ੁਰੂ

**ਜਲੰਧਰ :** ਸੈਮਸੰਗ ਨੇ ਹਾਲ ਹੀ ਵਿੱਚ ਹੜ੍ਹਾਂ ਤੋਂ ਪ੍ਰਭਾਵਤ ਗਾਹਕਾਂ ਅਤੇ ਭਾਈਚਾਰਿਆਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਲਈ ਪੰਜਾਬ ਵਿੱਚ ਆਪਣਾ ਸਮਰਪਤ ਆਫ਼ਤ ਰਾਹਤ ਅਤੇ ਦੇਖਭਾਲ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਹ ਪ੍ਰੋਗਰਾਮ ਬੁਨਿਆਦੀ ਉਪਕਰਣਾਂ ਅਤੇ ਐਮਰਜੈਂਸੀ ਕਿੱਟਾਂ ਨਾਲ ਲੈਸ ਦੇਖਭਾਲ ਕੈਂਪਾਂ ਰਾਹੀਂ ਆਫ਼ਤ ਪ੍ਰਭਾਵਤ ਖੇਤਰਾਂ ਵਿੱਚ ਜ਼ਰੂਰੀ ਘਰੇਲੂ ਸੇਵਾਵਾਂ ਪ੍ਰਦਾਨ ਕਰਨ ਲਈ ਧਿਆਨ ਨਾਲ ਤਿਆਰ ਕੀਤਾ ਗਿਆ ਹੈ। ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਆਫ਼ਤ ਪ੍ਰਭਾਵਤ ਭਾਈਚਾਰਿਆਂ ਦੀ ਸੇਵਾ ਲਈ ਤੁਰੰਤ ਤਾਇਨਾਤੀ ਲਈ ਵੱਡੇ ਸ਼ਹਿਰਾਂ ਵਿੱਚ ਕੇਅਰ ਕੈਂਪ ਬੁਨਿਆਦੀ ਢਾਂਚਾ ਤਿਆਰ ਅਤੇ ਤਾਇਨਾਤ ਹੈ। ਸੇਵਾ ਬੇਨਤੀਆਂ ਪਾਣੀ ਵਿੱਚ ਡੁੱਬੇ ਸਮਾਰਟਫੋਨ, ਵਾਸ਼ਿੰਗ ਮਸ਼ੀਨ, ਟੀ ਵੀ ਅਤੇ ਫਰਿੱਜ ਨਾਲ ਸੰਬੰਧਤ ਹਨ। ਸੇਵਾ ਨੂੰ ਹੋਰ ਉਪਕਰਣਾਂ ਕਾਰਨ ਸੈਮਸੰਗ ਗਾਹਕ ਸੇਵਾ ਕਾਲਾਂ ਵਿੱਚ 30% ਤੱਕ ਦਾ ਵਾਧਾ ਹੋਇਆ ਹੈ। ਹਰ ਲੋੜ ਲਈ ਇੱਕ ਦੇਖਭਾਲ ਕੈਂਪ-ਪੰਜਾਬ ਦੇ ਗੁਰਦਾਸਪੁਰ ਵਿੱਚ, ਜਿੱਥੇ ਹਾਲ ਹੀ ਵਿੱਚ ਆਏ ਹੜ੍ਹਾਂ ਨੇ ਜਨਜੀਵਨ ਨੂੰ ਪ੍ਰਭਾਵਿਤ ਕੀਤਾ ਹੈ, ਸੈਮਸੰਗ ਨੂੰ ਪਹਿਲਾਂ ਹੀ ਆਪਣੇ ਸੰਪਰਕ ਕੇਂਦਰਾਂ ਅਤੇ ਸੇਵਾ ਕੇਂਦਰਾਂ ਰਾਹੀਂ ਸਹਾਇਤਾ ਲਈ ਬੇਨਤੀਆਂ ਪ੍ਰਾਪਤ ਹੋਣੀਆਂ ਸ਼ੁਰੂ ਹੋ ਗਈਆਂ ਹਨ।

# ਹੜ੍ਹ ਪ੍ਰਭਾਵਿਤ ਪਿੰਡ ਕੋਲੀਆਂ 'ਚ ਪਸ਼ੂ ਭਲਾਈ ਕੈਂਪ ਲਗਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੀ.ਏ.ਯੂ. ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਪਸ਼ੂ ਪਾਲਣ ਵਿਭਾਗ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਪਿੰਡ ਕੋਲੀਆਂ, ਬਲਾਕ ਮੁਕੇਰੀਆਂ ਵਿਖੇ ਪਸ਼ੂ ਭਲਾਈ ਕੈਂਪ ਲਗਾਇਆ ਗਿਆ। ਇਸ ਮੌਕੇ ਪੀ.ਏ.ਯੂ. ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਦੇ ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ) ਡਾ. ਅਜੈਬ ਸਿੰਘ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਖੇਤੀਬਾੜੀ ਸਲਾਹ ਅਤੇ ਅਚਨਚੇਤ ਫ਼ਸਲ ਯੋਜਨਾਬੰਦੀ ਦੇ ਨੁਕਤੇ ਸਾਂਝੇ ਕੀਤੇ, ਜਦਕਿ ਸਹਿਯੋਗੀ ਪ੍ਰੋਫੈਸਰ (ਪਸ਼ੂ ਵਿਗਿਆਨ) ਡਾ. ਪਰਮਿੰਦਰ ਸਿੰਘ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਦੁਧਾਰੂ ਪਸ਼ੂਆਂ ਦੀ ਸਾਂਭ-ਸੰਭਾਲ ਬਾਬਤ ਨੁਕਤੇ ਸਾਂਝੇ ਕੀਤੇ। ਪਸ਼ੂ ਪਾਲਣ ਵਿਭਾਗ ਮੁਕੇਰੀਆਂ ਤੋਂ ਸੀਨੀਅਰ ਵੈਟਰਨਰੀ ਅਫਸਰ ਡਾ. ਹਰਿੰਦਰ ਪਾਲ ਗੋਸਵਾ ਨੇ ਦੁਧਾਰੂ ਪਸ਼ੂਆਂ ਵਿੱਚ ਬਿਮਾਰੀਆਂ ਦੀ ਸੁਚੱਜੀ ਰੋਕਥਾਮ ਸਬੰਧੀ ਪਸ਼ੂਆਂ ਦੇ ਟੀਕੇ ਲਗਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਕੈਂਪ ਦੌਰਾਨ ਹੜ੍ਹ ਪ੍ਰਭਾਵਿਤ ਖੇਤਰ ਵਿਚ ਪਸ਼ੂਆਂ ਪਾਲਕਾਂ ਨੂੰ ਪਸ਼ੂਆਂ ਦੇ ਪੇਟ ਦੇ ਕੀੜਿਆਂ, ਚਿੱਚੜਾਂ ਸੰਬੰਧੀ ਅਤੇ ਹੋਰ ਜ਼ਰੂਰੀ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਵਿਚ ਪਸ਼ੂ ਪਾਲਣ ਵਿਭਾਗ ਬਲਾਕ ਮੁਕੇਰੀਆਂ ਦੇ ਹੋਰ ਅਧਿਕਾਰੀ ਡਾ. ਸੁਖਜਿੰਦਰ ਸਿੰਘ, ਡਾ. ਕ੍ਰਿਸ਼ਨ ਕੁਮਾਰ ਅਤੇ ਡਾ. ਨਵਨੀਤ ਅੱਤਰੀ ਵੀ ਮੌਜੂਦ ਸਨ।



## COURT NOTICE

(U/o 5 Rule 20 CPC)
(Under Guardian And Ward Act)
In The Court of Sh. Vineet Kumar Narang Additional Principal Judge Family Court-I, Jalandhar
CNR No. PBJL01-002759-2021
Next Date:- 14-10-2025

Sukhjinderjit Singh S/o Sh. Harbhajan Singh resident of Village and Post office Kuddowal, Sub Tehsil Kartarpur, District Jalandhar
Vs.
1. Simran Preet Kaur wife of Sukhjinderjit Singh D/o Tarsem Singh resident of Village Mandar, Sub Tehsil Adampur, District Jalandhar
2. General Public

Petition Under Guardian and Wards Act
Notice To : General Public
: General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 14-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge Family Court-I, Jalandhar
Dated, this day of 16-09-2025

## PUBLIC NOTICE

I, Hardeep Kaur W/o Hardyal Singh R/o 82-D, Near FCI Office, Rani ka Bagh, Amritsar declare that a Sale Deed Dated 06-05-1998 Document No. 1143, Bahi No.1, Jild No. 446,Page 18/19 which is the ownership of my son-in-law Late Hardev Singh have been lost on 23-04-2024 around 3:00 p.m. at somewhere District Court Amritsar. I have lodged a complaint at Cantonment Police Station Amritsar under GD No. 026 Dated 10-05-2024. I am lawful power of attorney holder of the above said Sale Deed. Whenever the same in found I undertake to inform the concerned department.

## COURT NOTICE

In The Court of
Ms. Khyati Goyal
Judicial Magistrate-Ist Class-2, Amloh (P)
CNR No.:- PBFGA1-000411-2023
Next Date:-01-10-2025
Detail of offence:- 138 NI Act

M/S Jindal Steel Corporation
Vs.
M/S Hi-tech Washers

Notice To:
1. M/s Hi-Tech Washers through Its Prop. PARAMVIR SINGH 2. PARAMVIR SINGH Prop of M/s Hi-Tech Washers, Near Jaspal Kanda, Vill. Jaspal Bangarh, Distt. Ludhiana, 2nd Address Son of Ajit Singh C/o Karam Industries, 60/35-V/234, Street no. 01, Guru Nanak Nagar, Lohara Road, Ludhiana

In above titled case, the accused could not be served. It is ordered that accused should appear in person or through counsel on 01-10-2025 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate - Ist Class-2
Amloh (P)
Dated, this day of 18-09-2025

## CIVIL COURTS AMRITSAR

In the Court of Ms Garima Gupta
Civil Judge Junior Division Amritsar
CS/1356/2025
CNR No. PBAS02-002203-2025
NEXT DATE: 04.10.2025

Manpreet Kaur Sandhu widow of late Pritpal Singh Sandhu R/o Royal Estate, Ram Tirath Road, Near Lake Head Public School, Amritsar and others. Plaintiffs
VS
Amarbir Singh Sandhu S/o Sawinder Singh R/o H.No. 118, Abadi, Ghanupur Kale, Chheharta, Gali Amarbir Councilor, Amritsar and others. Defendents

Notice To
1. Amarbir Singh Sandhu son of Sawinder Singh R/o H.No. 118, Abadi, Ghanupur Kale, Chheharta, Gali Amarbir Councilor, Amritsar, 2. Rattan Singh S/o Jagat Singh S/o Chanda Singh, 3. Jagdev Singh S/o Shamsher Singh, 4. Ram Singh S/o Piara Singh S/o Mal Singh, 5. Harbans Kaur D/o Jagat Singh S/o Chanda Singh 6. Kanso 7. Dhanto both daughters of Jagat Singh son of Chanda Singh All Residents of Village Mahal, Sub Urban, Hadbast No. 369,Tehsil Amritsar-II, Amritsar. 8. Kashmir Kaur W/o Waryam Singh 9. Madhu Wife of Mohan Lal 10. Narinder Kaur W/o Harpal Singh 11. Sunita Widow of Diwan Chandigarh 12. Nishan Singh 13. Satnam Singh sons of Balbir Singh S/o Bhagat Singh 14. Balbir Singh S/o Bhagat Singh S/o Chanda Singh. All Residents of Village Mahal, Sub Urban, Hadbast No. 369, Tehsil Amritsar-II, Amritsar. 15. Resham Singh S/o Tara Singh S/o Sucha Singh 16. Sukhwinder Kaur W/o Amar Singh 17. Gurbachan Singh S/o Inderjit Singh S/o Gurdit Singh 18. Jagmohan Singh S/o Inderjit Singh 19. Lakhwinder Kaur W/o Swaran Singh S/o Banta Singh 20. Satbir Singh S/o Swaran Singh S/o Banta Singh 21. Santokh Singh S/o Swaran Singh S/o Banta Singh. All Residents of Village Mahal, Sub Urban, Hadbast No. 369, Tehsil Amritsar-II, Amritsar. 22. Gurpreet Singh 23. Amardeep Singh sons of Mukhtar Singh S/o Bhola Singh 24. Hardalbir Singh S/o Sadha Singh 25. Sucha Singh S/o Harban Singh 26. Ajit Singh S/o Fauja Singh 27. Rita Kumari W/o Balram Singh S/o Sulakhan Singh 28. Santosh Kumari W/o Sanjeev Kumar 29. Sukhwinder Kaur W/o Amar Singh 30. Pritpal Singh S/o Sawinder Singh. All Residents of Village Mahal, Sub Urban, Hadbast No. 369, Tehsil Amritsar-II, Amritsar. Defendents

In above titled petition the defendants could not be served. It is ordered that the defendants should appear in person or through counsel on 04.10.2025 at 10.00 a.m.

Civil Judge Junior Division Amritsar

## COURT NOTICE

(U/O 5 Rule 20 Cpc)
In The Court of
Ms. Harmandeep Kaur
Civil Judge Junior Division-3
Ferozepur
CNR No. PBFZ02-003700-2024
Next Date:-06-10-2025

Punjab and Sind Bank
Vs.
Simranpreet Singh

Publication Issued To:
Simranpreet Singh
: Harjeet Singh R/o H. No. 95, St. No. 7, Ferozepur Cantt

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 06-10-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge Junior Division-3
Ferozepur
Dated, this day of 10-09-2025

## COURT NOTICE

(U/o 5 Rule 20 CPC)
In The Court of Ms.Gurpreet Kaur-II
Civil Judge Junior Division-2, Zira
CNR No. PBFZAO-000325-2025
Next Date:- 26/9/25

Shri Ishar Kundan Ghat Thath Nanaksar Harike Baba Kundan Singh Memorial Project
Vs. State of Punjab

Publication Issued To:
4 Union Of India
Through Its Secretary 148-A South Block New Delhi, 5) 5. Asha Rani Widow of Roshan Lal R/o Talwandi Nepalan, Tehsil Zira, Distt. Ferozepur, 6) 6. Satish Kumar S/o Roshan Lal R/o Talwandi Nepalan, Tehsil Zira, Distt. Ferozepur, 7) 7. Swarna Rani Wd/o Sohan Lal R/o Talwandi Nepalan, Tehsil Zira, Distt. Ferozepur , 8) 8. Yashpal S/o Sohan Lal R/o Talwandi Nepalan, Tehsil Zira, Distt. Ferozepur, 9) 9. Rajender Kumar S/o Sohan R/o Talwandi Nepalan, Tehsil Zira Distt. Ferozepur, 10) 10 Rachhpal Kaur Wdio Manjeet R/o Talwandi Nepalan, Tehsil Zira, Distt. Ferozepur, 11) 11. Mandeep Singh S/o Manjeet R/o Talwandi Nepalan, Tehsil Zira, Distt. Ferozepur, 12) 12 Manpreet Kaur D/o Manjeet R/o Talwandi Nepalan, Tehsil Zira, Distt. Ferozepur, 13) 13 Lovepreet Kaur D/o Manjeet Singh R/o Talwandi Nepalan, Tehsil Zira, Distt. Ferozepur, 15. Amri Chand S/o Lal Chand R/o Talwandi Nepalan, Teh. Zira, 16) 16. Satiye Rani D/o Lal Chand R/o Talwandi Nepalan Tehsil Zira, 17) 17. Shanti Devi D/o Lal Chand R/o Talwandi Nepalan, 18) 18. Ravan Kanta D/o Lal Chand R/o Talwandi Nepalan, 19) 19 Manoj Kumar S/o Kishore Chand R/o Talwandi Nepalan, 20) 20. Gian Devi Wd/o Hans Raj R/o Talwandi Nepalan, 27. Sunita Rani D/o Faqir Chand R/o Talwandi Nepalan, 28) 28. Darshana Rani Wd/o Vajir Chand R/o Talwandi Nepalan 30 Hari Chand S/o Gandu Ram R/o Talwandi Nepalan, 31) 31. Raj Kumar S/o Faqir Chand R/o Talwandi Nepalan Tehsil Zira

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 26-09-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge Junior Division-2, Zira

## COURT NOTICE

(U/o 5 Rule 20 Cpc)
In The Court of
Ms. Shweta Dass
Civil Judge (Junior Division), Kharar
CNR No. PBSAA0-000331-2024
Next Date:-27-10-2025

Deepak Lakhani
Vs.
Daljit Singh

Publication Issued To:
Daljit Singh
S/o Asa Singh R/o House No. 249, Ward No. 2, Near Guru Nanak Nagar, Gurudwara, Mundi Kharar, Tehsil Kharar, SAS Nagar, Mohali

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 27-10-2025 at 10:00 a.m.

For details logon to https://highcourtchd.gov.in/?mod=district_notice&district=moga-court

Civil Judge (Junior Division), Kharar
Dated, this day of 18-09-2025

## COURT NOTICE

(U/o 5 Rule 20 CPC)
In The Court of
Sh. Tanveer Singh Madhav
Civil Judge (Junior Division), Kharar
CNR No. PBSAA0-001280-2022
Next Date:-17-10-2025

Devjeet Singh Dhillon
Vs.
Varinder Singh Bhalla

Publication Issued To:
3. Amritpal Singh Bajwa Son Of Sh. Sarabjit Singh House No. 72, Aman City, Extension 1, Kharar, Tehsil Kharar, Distt. Sas Nagar, Mohali

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-10-2025 at 10:00 a.m.

For details logon to https://highcourtchd.gov.in/?mod=district_notice&district=moga-court

Civil Judge (Junior Division) Kharar
Dated, this day of 17-09-25

## COURT NOTICE

(U/o 5 Rule 20 CPC)
In The Court of Ms. Mohini Goyal
Civil Judge Junior Division - 4
Samana, Samana
CNR No. PBPTC0-000226-2024
Next Date:- 31-10-2025

Punjab and Sind Bank
Vs.
1. Malkiat Singh

Publication Issued To:
Jarnail Singh
Father: :-Jaswant Singh
Sangrur Road, Near Shiv Mandir, Patran, Tehsil Patran, District Patiala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 31-10-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 4
Samana, Samana,
Dated, this day of 17-09-2025

## COURT NOTICE

(U/o 5 Rule 20 CPC)
In The Court of
Ms. Parminder Kaur
Additional District and Sessions Judge Ludhiana

Next Date, Purpose of case, Orders and Judgments as well as other case information is available on http://ecourts.gov.in

CA-627-2024
CNR No. PBLD01-013403-2024
Next Date:- 09-10-2025

Kulbhushan Pathak
Vs. Ujagar Singh

Publication Issued To:
Harnek Singh
Father: S. Amar Singh
Resident Of Village Jassian, Tehsil And District Ludhiana

Whereas it has been proved to the satisfaction of the Court that the defendant(s)/respondent(s) above named cannot be served in the ordinary way of service. Hence, his proclamation under order 5 Rule 20 CPC is hereby issued against him/them and should appear personally or through their counsel on 09-10-2025 at 10:00 a.m.

Take notice that, in default of his/their appearance on the day before mentioned, the above said case will be heard and determined in his/their absence according to law.

Given under my hand and the seal of the Court, this 15-09-2025.

Additional District and Sessions Judge Ludhiana (Duty)

# ਕਲਾਸੀਫਾਈਡ ਇਸ਼ਤਿਹਾਰ

## Change of Name

I, Kiran Bala Sharma W/o Rakesh Kumar Sharma R/o 797, Satnam Nagar, VPO. Chogitti Near J.C. Resort, Jalandhar-144009 have changed my name to Kiran Sharma. Please Note.

I, Ramandeep Malik W/o Arvind Malik R/o B-7/362, New Bharat Colony, Batala, Distt Gurdaspur. I have changed my name from Ramandeep Kaur to Ramandeep Malik. Please concerned note.

I, Binder Kaur alias Bhupinder Kaur W/o Gurbir Singh R/o 31, Gali No. 2, Radha Krishan Colony, O/s Bhagtawala, Mule Chak, Amritsar, Punjab have changed my name from Binder Kaur alias Bhupinder Kaur to Bhupinder Kaur.

I, Gurdarshan Singh S/o Sukhwinder Singh R/o Kot Hride Ram, Amritsar, Punjab have changed my name from Gurdarshan Singh to Singh is my surname and Gurdarshan is my given name.

I, Karanveer S/o Ajay Kumar R/o Village Kotla Gonspur Tehsil and Distt. Hoshiarpur 146001 Punjab have changed my name from Karanveer to Karanveer Badhan. Concerned note.

I Damanjot Singh S/o Prabhjit Singh R/o H.No. 281, Raja Garden , Leather Complex Road, Jalandhar, Punjab, have changed my name from Damanjot Singh to Singh Damanjot, in which given name Damanjot and Singh is my surname . All concerned please note.

I, hitherto known as Simranpreet D/o Harjit Singh R/o Village Dhamian Khurd PO Sarhala Mundian District Hoshiarpur, Punjab, have changed my name as Simranpreet Kaur and now my given name Simranpreet and my surname is Kaur.

I, hitherto Seema Mehra W/o Gurpreet Singh R/o H. No 181 Maqsudhan, Near CT Public School, Greater Kailash, PO Grain Market Distt Jalandhar Punjab 144008 have changed my name Seema Mehra to Seema Kaur.

I, hitherto Sawila Khatun W/o Mohammad Sattar R/o Village Nangal Karar Khan Distt Jalandhar Punjab 144024 have changed my name Sawila Khatun to Chhabila .

I, hitherto Abdul Sattar S/o Mohammad Vakil R/o Village Nangal Karar Khan, Kukar Pind Distt Jalandhar Punjab 144024 have changed my name Abdul Sattar to Mohammad Sattar.

I, Harpal Singh S/O. Sher Singh R/O Vill. Burj Tehal Dass , Po. Phambra ,Teh. Nawanshahr, Distt.s.b.s Nagar - 144417, Punjab I Have Changed My Name From Harpal Singh To Singh Harpal.

I, Harpreet Kaur W/O. Gurbachan Singh R/O Vill. Fazelwal, Po.bagga, Teh. Shahkot, Distt.jalandhar - 144703, Punjab I Have Changed My Name From Harpreet Kaur To Kaur Harpreet.

I, Sukhmanpreet Singh Nijjar S/o Rashpal Singh R/o Near IDBI Bank Chogawan Road, Ajnala, Amritsar-143102 have changed my name from Sukhmanpreet Singh Nijjar to Sukhmanpreet Singh

I, Asha W/o Davinder Singh R/o H.No.2256/12, Gali No.2, Kishan Kot Islamabad, District Amritsar have changed my name from Asha to Asha Rani.

I, Paramjit Kaur W/o Ravinder Singh R/o Ward No.7, Gali Barf Wala Karkhana, Majitha Amritsar have changed my name from Paramjit Kaur to Parmjit Kaur

I, Ranjeet Kaur Sandhu W/o Davinder Singh Sandhu R/o H.No.175, Nagar Nigam Colony, Opp Gilwali Gate, Amritsar have changed my son's name from Parminder Singh to Parminder Singh Sandhu.

I Shashi alias Kanta Khullar D/o Sh. Munchhi Ram W/o Sh. Vijay Kumar R/o H no. 2328, Gali No.4, Sharifpura, Rani Bazar, Near Banke Bihari Mandir, Amritsar. I have changed my name after marriage from Shashi alias Kanta Khullar to Shashi Khullar. all concerned please note.

I, Promila Devi W/o Sh. Tilak Raj Chadda R/o House No. 105, Moti Bagh, PO. Ladhewali, Jalandhar, Punjab, India have changed my name from Promila Chadda to Promila Devi. All concerned please note.

## Change of Name

I, Ishu Makkar S/o Parshotam Lal R/o Bamu Patti, Doda Sri Muktsar Sahib have changed my name from Ishu Makkar to Ishu Kumar

I, Gurkiert Singh S/o Jaswant Singh R/o Vill Bhangwan PO Kotla Gujjran Distt Amritsar have declare that Gurkirat is my Given name and Singh is my Surname

I Vijay Kumar Khullar S/o Hans Raj Resident of H no. 2328, Gali No.4, Sharifpura, Rani Bazar, Near Banke Bihari Mandir, Amritsar. I have changed my name from Vijay Kumar Khullar to Vijay Kumar. All concerned please note.

I, Parsinni Kaur W/o Swaran Singh R/o Village Khakh Distt Tarn Taran have changed my name from Parsinni Kaur ot Parsin Kaur

I, Kaur Ekamjot D/o Jagdev Singh R/o Village Ram Dewali Musalmana Tehsil Baba Bakala Dist Amritsar have changed my name from Kaur Ekamjot to Ekamjot Kaur.

I, Shalu D/o Ajit Ram R/o Vill. Mirpur Jattan, Tehsil Nawanshahr (S.B.S. Nagar), Punjab-144515 have changed my name from Shalu to Shalu Nafri. All concerned please note.

I, Khushi Ram S/O Uttam Ram R/O VPO Bhangala, Tehsil Phillaur, Distt. Jalandhar, Punjab, India Presently Residing At Jasminvaenget 8, 2600 Glostrup, Denmark Hereby Solemnly Affirm And Declare That I Have Changed My Name From Khushi Ram To Khushi Ram Aujla. All Concerned Please Note.

I, Khushleen Kaur D/O Bikramjeet Singh Resident Of Village Dabulian P. O. Khiranwali District Kapurthala Have Changed My Name From Kushleen Kaur To Khushleen Kaur Randhawa.

I, Ramesh Lal son of Swaran Das resident of H.No. B-6/17/7 , Chotta Saipur Jalandhar, Punjab, India have changed my name from Ramesh Lal to Ramesh Kumar. All concerned please note. (R)

I, Baljinder Singh S/o Ravinder Singh R/o VPO. Ladhewali, Near Singh Sabha Gurdwara, Distt. Jalandhar have changed my name to Given name as Baljinder & Surname as Singh. All Please Note.

I, hitherto known as Yashaswani Sabharwal D/o Yogesh Sabharwal R/o H.No W.T. 264, Ghass Mandi, Basti Sheikh, Jalandhar, Punjab- 144002, have changed my name and shall hereafter be known as Namita.

I, Narinder Kaur W/o Jaswinder Singh R/o Village Ucha Bohar Wala, Sarai Jattan, Distt. Kapurthala-144626, Punjab have changed my name from Narinder Kaur to Ninder Kaur. All Please Note.

I, Gurmeet Singh S/o Jagtar Singh R/o Vill. Kalyanpur, P.O. Zahura, Tehsil Tanda (Hoshiarpur) Punjab have changed my name to Gurmit Singh.All concerned please note.

I, Manjeet Kaur W/o Gurmit Singh R/o Vill. Kalyanpur, P.O. Zahura, Tehsil Tanda (Hoshiarpur) Punjab have changed my name to Manjit Kaur. All concerned please note.

I, Jatinder Singh S/o Ram Tirth R/o VPO. Jagatpur, Teh. Banga, Distt. SBS Nagar (PB) living in Helene Dutrieulaan 7 bus 403 Sint-Denijs-Westrem 9051 ( GENT ) Belgium have changed my name to Singh as surname and Jatinder as given name.

## PUBLIC NOTICE

I Baljit Kaur W/o Sant Bachan Singh,R/o Kapoor Pind,Jalandhar ,Punjab declare that my son Amandeep Singh Sangha is out of my control. So I disown him from my moveable and immoveable properties. Anybody deals with him at their own risk and responsibility. All concerned may note.

I, Aarti Bagga W/o Late. Vijay Kumar Bagga R/o H.No. B-X-570, Kishanpura, Distt. Jalandhar, Punjab declare that my son Karan Bagga & his wife Shradha are out of my control. I disinherit them from my movable and immovable properties. I and my family shall not be held responsible for any of their acts deeds and things. All please note.

I, Kanhaya Kumar Singh, S/o Prithvi Nath Singh, R/o H. No: 139, South City, Phase-2, Kapurthala, Punjab, hereby declare that I have changed my name from Kanahya Singh to Kanhaya Kumar Singh, and that in my son's school record, my name should be entered correctly as Kanhaya Kumar Singh and my address as H. No: 139, South City, Phase-2, Kapurthala.

## ਬੇਦਖਲੀ ਨੋਟਿਸ

ਮੈਂ ਹਰਪਾਲ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ ਕੋਟਲੀ ਅੰਬ,ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਜੋਤ ਸਿੰਘ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ ਮੇਰੀ ਕੋਈ ਗੱਲ ਨਹੀਂ ਮੰਨਦਾ ਅਤੇ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ । ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਹਰਮਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਮਕਾਨ ਨੰ. 8655,ਗਲੀ ਨੰ.3-4,ਕੋਟ ਬਾਬਾ ਦੀਪ ਸਿੰਘ, ਸੁਲਤਾਨਵਿੰਡ ਰੋਡ, ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਜੋ ਸ਼ਾਦੀਸ਼ੁਦਾ ਹੈ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ,ਭੈੜੀ ਸੰਗਤ ਵਿਚ ਪੈ ਗਿਆ ਹੈ,ਲੜਾਈ ਝਗੜਾ ਕਰਦਾ ਰਹਿੰਦਾ ਹੈ ਅਤੇ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ । ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ, ਮਲਕੀਤ ਸਿੰਘ ਪੁੱਤਰ ਅਰਜਨ ਸਿੰਘ, ਵਾਸੀ ਪਿੰਡ ਕੁੱਦੋਵਾਲ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸੰਦੀਪ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਰਿਹਾ ਹਾਂ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦਾ ਇਸ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਵਾਸਤਾ ਨਹੀਂ ਰਹਿ ਗਿਆ ਹੈ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਬਚਨ ਸਿੰਘ ਪੁੱਤਰ ਖੁਸ਼ਾਲ ਸਿੰਘ ਵਾਸੀ ਰੇਲਵੇ ਬਸਤੀ ਗੁਰੂ ਹਰਸਹਾਏ ਤਹਿਸੀਲ ਗੁਰੂਹਰਸਹਾਏ ਜਿਲਾ ਫਿਰੋਜ਼ਪੁਰ ਦਾ ਰਹਿਣ ਵਾਲਾ ਹਾਂ । ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਮੇਰੀ ਨੂੰ ਛਿੰਦਰ ਕੌਰ ਉਰਫ ਕਾਕੋ ਦੋਵੇਂ ਮਾੜੀ ਸੰਗਤ ਦਾ ਸ਼ਿਕਾਰ ਹੋ ਗਏ ਹਨ । ਇਹ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ, ਮੈਂ ਇਹਨਾਂ ਦੋਹਾਂ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸਬੰਧਤ ਨੋਟ ਕਰਨ ।

ਮੈਂ ਸਦੀਕ ਮਸੀਹ ਪੁੱਤਰ ਮੁਨਸੀ ਪਿੰਡ ਅਵਾਣ (ਗੁਰਦਾਸਪੁਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਰਨੈਲ ਤੇ ਨੂੰਹ ਬੀਨਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਘਰ ਵਿੱਚ ਲੜਾਈ ਝਗੜਾ ਕਰਦੇ ਰਹਿੰਦੇ ਹਨ । ਇਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸਬੰਧਤ ਨੋਟ ਕਰਨ ।

ਮੈਂ ਬਲਜੀਤ ਕੌਰ ਪਤਨੀ ਲੇਟ ਹਰਦੀਪ ਸਿੰਘ ਵਾਸੀ ਮਕਾਨ ਨੰਬਰ 34 , ਗੁਰੂ ਸੰਤ ਨਗਰ, ਬਸਤੀ ਦਾਨਿਸ਼ਮੰਦਾ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਤਾਪ ਸਿੰਘ , ਨੂੰਹ ਪ੍ਰੀਤੀ ਅਤੇ ਪੋਤੀ ਕੋਮਲ ਅਤੇ ਪੋਤਾ ਜਤਿਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ, ਰਛਪਾਲ ਸਿੰਘ ਪੁੱਤਰ ਮਹਿੰਗਾ ਰਾਮ ਵਾਸੀ ਪਿੰਡ ਅਤੇ ਡਾਕਖਾਨਾ ਜੈਦ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਦੀਪ ਸਿੰਘ ਅਤੇ ਮੇਰੀ ਨੂੰਹ ਸੁਖਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਪਰੋਕਤ ਦੋਨਾ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇਕਰ ਕੋਈ ਵਿਅਕਤੀ ਮੇਰੇ ਲੜਕੇ ਅਤੇ ਮੇਰੀ ਨੂੰਹ ਨਾਲ ਕਿਸੇ ਕਿਸਮ ਦਾ ਕੋਈ ਲੈਣ ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਮੀਤ ਕੌਰ ਪਤਨੀ ਸ਼੍ਰੀ ਜੋਗਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪਤਿਆਲ ਤਹਿਸੀਲ ਆਦਮਪੁਰ ਭੋਗਪੁਰ ਜਿਲ੍ਹਾਂ ਜਲੰਧਰ ਬਿਆਨੀ ਹਾਂ ਕਿ ਮੇਰੀ ਲੜਕੀ ਰਣਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜੁੰਮੇਵਾਰ ਹੋਵੇਗਾ।

ਮੈਂ, ਮੁਹੰਮਦ ਤੇਜੁਦੀਨ ਪੁੱਤਰ ਮੁਹੰਮਦ ਜ਼ਹੀਰ, ਨਿਵਾਸੀ ਨਿਊ ਗੁਲਮਰਗ ਕਾਲੋਨੀ, ਐੱਚ ਪੀ ਗੈਸ ਏਜੰਸੀ ਦੇ ਨੇੜੇ, ਕੋਟਲਾ ਰੋਡ, ਜਲੰਧਰ (ਪੰਜਾਬ) ਨੇ ਆਪਣੇ ਪੁੱਤਰ ਸੌਰਵ ਨੂੰ, ਜੋ ਕਿ ਸਾਡੇ ਕੰਟਰੋਲ ਵਿਚ ਨਹੀਂ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਸ ਨਾਲ ਸੰਬੰਧ ਰੱਖਣ ਵਾਲਾ ਜਾਂ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੈਂ ਜਾਂ ਮੇਰਾ ਪਰਵਾਰ ਨਹੀਂ।

ਮੈਂ, ਕ੍ਰਿਸ਼ਨਾ ਦੇਵੀ ਪਤਨੀ ਲੇਟ ਹਰਬੰਸ ਲਾਲ ਵਾਸੀ ਮਕਾਨ ਨੰ: 604, ਗਾਂਧੀ ਕੈਂਪ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ, ਇਸ ਦੀ ਪਤਨੀ ਨੀਲਮ ਅਤੇ ਦੂਜਾ ਲੜਕਾ ਰਮੇਸ਼ ਕੁਮਾਰ ਅਤੇ ਇਸ ਦੀ ਪਤਨੀ ਸਵਿਤਾ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ , ਗੁਰਮੀਤ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਮਕਾਨ ਨੰ. 134-ਏ, ਅਮਰ ਨਗਰ, ਗੁਲਾਬ ਦੇਵੀ ਰੋਡ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰੁਣਦੀਪ ਸਿੰਘ ਅਤੇ ਮੇਰੀ ਨੂੰਹ ਬਲਜਿੰਦਰ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ 'ਚੋਂ ਬੇਦਖਲ ਕਰਦਾ ਹਾਂ । ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਕੋਈ ਲੈਣ ਦੇਣ ਕਰਦਾ ਹੈ ਤਾਂ ਉਸਦੀ ਜਿੰਮੇਵਾਰੀ ਉਸਦੀ ਖੁਦ ਦੀ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਹਰਭਜਨ ਸਿੰਘ ਵਾਸੀ ਪਿੰਡ ਭੈਣੀ ਸਿਧਵਾਂ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮੇਜਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨਾ ਵਾਲ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਜਗੀਰ ਸਿੰਘ ਪੁੱਤਰ ਗੁਰਦਿੱਤ ਸਿੰਘ, ਵਾਸੀ ਪਿੰਡ ਜੋਧਾਨਗਰੀ, ਸਬ-ਤਹਿਸੀਲ ਤਰਸਿੱਕਾ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਿਕਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਇਸ ਦੀ ਕਿਸੇ ਕਥਨੀ/ਕਰਨੀ ਅਤੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵਾਂਗਾ।

ਅਸੀਂ ਵਨੀਤ ਗੁਪਤਾ ਪੁੱਤਰ ਸ੍ਰੀ ਤਰਸੇਮ ਕੁਮਾਰ ਵਾ ਸੋਨੀਆ ਗੁਪਤਾ ਪਤਨੀ ਵਨੀਤ ਗੁਪਤਾ ਵਾਸੀਆਨ ਧਰਮਪੁਰਾ, ਸਬ ਤਹਿਸੀਲ ਕਾਦੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਸਮਰ ਗੁਪਤਾ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਾਲਾ ਅਰੋੜਾ ਪਤਨੀ ਲੇਟ ਸ਼੍ਰੀ ਗੁਰਸ਼ਰਨ ਸਿੰਘ ਅਰੋੜਾ ਵਾਸੀ ਮਕਾਨ ਨੰ: 257, ਸ਼ਹੀਦ ਭਗਤ ਸਿੰਘ ਕਾਲੋਨੀ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਰਜੁਨ ਸਿੰਘ ਅਰੋੜਾ ਅਤੇ ਨੂੰਹ ਮਿਲਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸਰਬਜੀਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਜਮਸ਼ੇਰ ਸਿੰਘ, ਜਮਸ਼ੇਰ ਕਲੋਨੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਤੇਜੀ ਵਾ ਉਸਦੀ ਪਤਨੀ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸਵਤੰਤਰ ਕੁਮਾਰ ਪੁੱਤਰ ਸ੍ਰੀ ਉਮ ਪ੍ਰਕਾਸ਼ ਵਾਸੀ ਮਕਾਨ ਨੰ: ਈ ਏ -2 ਅਟਾਰੀ ਬਜਾਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੌਰਵ ਗੁਪਤਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਗਜਰਾਜ ਪ੍ਰਸ਼ਾਦ ਪੁੱਤਰ ਦੇਵ ਨੰਦਨ ਵਾਸੀ ਗੁਲਾਬ ਦੇਵੀ ਹਸਪਤਾਲ ਰੋਡ, ਗਲੀ ਨੰਬਰ 10, ਸ਼ਿਵ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਨਜੀਤ ਕੌਰ ਪਤਨੀ ਰਘੁਬੀਰ ਸਿੰਘ ਵਾਸੀ ਪਿੰਡ ਬਿਸ਼ਨਪੁਰ ਜੱਟਾਂ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰੁਪਿੰਦਰ ਸਿੰਘ ਅਤੇ ਉਸਦੀ ਪਤਨੀ ਰੇਨੂੰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਹਿੰਦਰ ਮਸੀਹ ਪੁੱਤਰ ਅਜਿਦ ਮਸੀਹ ਵਾਸੀ ਪਿੰਡ ਪੂਰੋਵਾਲ ਜੱਟਾਂ, ਡਾਕਖਾਨਾ ਧਾਰੀਵਾਲ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨੋਂਦ ਮਸੀਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਨਬੀਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਮਕਾਨ ਨੰ: 45-ਏ, ਗਲੀ ਨੰ: 9, ਸ਼ੇਰ ਸ਼ਾਹ ਸੂਰੀ ਰੋਡ, ਗੁਰੂ ਹਰਗੋਬਿੰਦ ਨਗਰ, ਛੇਹਰਟਾ,ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਰਣਮੀਕ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਪਤਨੀ ਰਣਮੀਕ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਵੰਤ ਸਿੰਘ ਪੁੱਤਰ ਭਾਨ ਸਿੰਘ ਵਾਸੀ ਪਿੰਡ ਮਾਨਾਂਵਾਲਾ ਕਲਾਂ, ਬਲਾਕ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮੰਗਲ ਸਿੰਘ ਅਤੇ ਉਸ ਦੀ ਪਤਨੀ ਬੱਬਲੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਮੰਗਲ ਸਿੰਘ ਅਤੇ ਉਸ ਦੀ ਪਤਨੀ ਬੱਬਲੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸ਼ਾਂਤੀ ਵਿਧਵਾ ਦੀਪ ਚੰਦ ਵਾਸੀ ਮਕਾਨ ਨੰ: 87, ਗਲੀ ਨੰ: 2 ਅਬਾਦੀ ਸ਼ਹੀਦ ਊਧਮ ਸਿੰਘ ਕਾਲੋਨੀ, ਝਬਾਲ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮੇਵਾ ਲਾਲ ਤੇ ਉਸ ਦੀ ਪਤਨੀ ਨੇਹਾ, ਉਹਨਾਂ ਦੇ ਬੱਚੇ ਅੰਸ਼, ਸਾਜਨ ਤੇ ਮੋਨਿਕਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਨਿਰਮਲ ਪਤਨੀ ਦਯਾ ਰਾਮ ਅਤੇ ਦਯਾ ਰਾਮ ਪੁੱਤਰ ਸ਼ਿਵ ਨਾਥ ਦੋਵੇ ਵਾਸੀਆਨ ਮਕਾਨ ਨੰ.74, ਬਚਿੰਤ ਨਗਰ, ਰੇਰੂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮਨੀਸ਼ ਅਤੇ ਉਸਦੀ ਪਤਨੀ ਪ੍ਰਿਆ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਆਮ ਸੂਚਨਾ

ਮੈਂ, ਸੰਨੀ ਕਲਿਆਣ ਪੁੱਤਰ ਕਿਸ਼ਨ ਲਾਲ ਵਾਸੀ ਮਕਾਨ ਨੰ: ਬੀ.ਐਕਸ. 731, ਗੁਰੂ ਬਾਲਮੀਕੀ ਗਲੀ, ਕਿਸ਼ਨਪੁਰਾ, ਜਲੰਧਰ-1, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਲਵਨ ਕਲਿਆਣ ਦੇ ਸਕੂਲ ਰਿਕਾਰਡ ਵਿੱਚ ਲੜਕੇ ਦਾ ਨਾਮ ਲਵਨ ਅਤੇ ਪਿਤਾ ਦਾ ਨਾਮ ਯਾਨੀ ਮੇਰਾ ਨਾਮ ਸੰਨੀ ਦਰਜ਼ ਕੀਤਾ ਗਿਆ ਹੈ, ਪਰ ਮੇਰੇ ਲੜਕੇ ਦੇ ਅਧਾਰ ਕਾਰਡ ਵਿੱਚ ਉਸਦਾ ਨਾਮ ਲਵਨ ਕਲਿਆਣ ਅਤੇ ਪਿਤਾ ਦਾ ਨਾਮ ਯਾਨਿ ਮੇਰਾ ਨਾਮ ਸੰਨੀ ਕਲਿਆਣ ਦਰਜ ਹੈ ਜੋ ਕਿ ਸਹੀ ਵਾ ਦਰੁਸਤ ਹੈ। ਮੇਰੇ ਲੜਕੇ ਦੇ ਸਕੂਲ ਰਿਕਾਰਡ ਵਿੱਚ ਉਸਦਾ ਨਾਮ ਲਵਨ ਕਲਿਆਣ ਅਤੇ ਪਿਤਾ ਦਾ ਨਾਮ ਯਾਨਿ ਮੇਰਾ ਨਾਮ ਸੰਨੀ ਕਲਿਆਣ ਕੀਤਾ ਜਾਵੇ। ਸੰਬੰਧਿਤ ਨੋਟ ਕਰਨ।

ਮੈਂ, ਰਣਜੀਤ ਸਿੰਘ ਪੁੱਤਰ ਸ਼੍ਰੀ ਰਾਜ ਪਾਲ ਪੁੱਤਰ ਸ਼੍ਰੀ ਦਰਸ਼ਨ ਲਾਲ ਵਾਸੀ ਪਿੰਡ ਸਰਾਈ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਪਿੰਡ ਸਰਾਈ/55 ਦੇ ਮਾਲ ਰਿਕਾਰਡ ਵਿੱਚ ਮੇਰੇ ਪਿਤਾ ਦਾ ਨਾਮ ਰਾਜਪਾਲ ਸਿੰਘ ਅਤੇ ਦਾਦਾ ਦਾ ਨਾਮ ਦਰਸ਼ਨ ਸਿੰਘ ਗਲਤ ਲਿਖਿਆ ਗਿਆ ਹੈ। ਮੇਰੇ ਪਿਤਾ ਦਾ ਸਹੀ ਨਾਮ ਰਾਜ ਪਾਲ ਅਤੇ ਦਾਦੇ ਦਾ ਨਾਮ ਦਰਸ਼ਨ ਲਾਲ ਹੈ, ਜਿਸਨੂੰ ਪਿੰਡ ਸਰਾਈ/55 ਦੇ ਮਾਲ ਰਿਕਾਰਡ ਵਿੱਚ ਸੋਧਿਆ ਜਾਵੇ।

ਮੈਂ, ਜੋਗਿੰਦਰ ਸਿੰਘ ਪੁੱਤਰ ਦਰਬਾਰਾ ਸਿੰਘ, ਵਾਸੀ 24, ਝਬਾਲ ਰੋਡ, ਸਾਂਘਣਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੁਖਦੇਵ ਸਿੰਘ ਅਤੇ ਉਸ ਦੀ ਪਤਨੀ ਜੋਬਨਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ 'ਨਵਾਂ ਜ਼ਮਾਨਾਂ' 'ਚ ਇਸ਼ਤਿਹਾਰ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਅਤੇ ਉਸ ਦੀ ਪਤਨੀ ਮੇਰੇ ਕਹਿਣੇਕਾਰ ਹਨ। ਇਸ ਲਈ ਮੈਂ ਆਪਣੀ ਉਪਰੋਕਤ ਦਿੱਤੀ ਗਈ ਬੇਦਖਲੀ ਨੂੰ ਰੱਦ ਕਰਦਾ ਹਾਂ।

ਮੈਂ, ਅਮਰਜੀਤ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ 1772, ਪੱਤੀ ਹਰਦਾਸ, ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਪਰਮਜੀਤ ਸਿੰਘ ਅਤੇ ਉਸ ਦੀ ਪਤਨੀ ਸਿਮਰਨਜੀਤ ਕੌਰ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਉਹ ਹੁਣ ਮੇਰੇ ਕਹਿਣੇ ਵਿੱਚ ਹਨ। ਮੈਂ ਉਹਨਾਂ ਦੀ ਬੇਦਖਲੀ ਰੱਦ ਕਰਦੀ ਹਾਂ। ਸੰਬੰਧਤ ਨੋਟ ਕਰਨ।

ਮੈਂ, ਗੀਤਾ ਪਤਨੀ ਵਿੱਕੀ ਕੁਮਾਰ ਵਾਸੀ ਡੱਬਲਯੂ. ਐੱਨ., ਬਸਤੀ ਦਾਨਿਸ਼ਮੰਦਾ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਵਿੱਕੀ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰਾ ਮੇਰੇ ਪਤੀ ਵਿੱਕੀ ਕੁਮਾਰ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਜੋ ਕੋਈ ਵੀ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਤਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਨਿਵਾਸੀ 1856-ਡੀ, ਸੈਂਟਰਲ ਖਾਲਸਾ ਯਤੀਮਖਾਨਾ, ਪੁਤਲੀਘਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ 05-08-2025 ਨੂੰ ਤਹਿਸੀਲ ਕੰਪਲੈਕਸ ਵਿੱਚ ਮੇਰਾ ਮੁਖਤਿਆਰਨਾਮਾ ਆਮ ਅਤੇ ਰਜਿਸਟਰੀ ਖਸਰਾ ਨੰਬਰ 50//13, 59//8/1, 59//8/2, ਵਸੀਕਾ ਨੰਬਰ 2020-21/93/1/781, ਮਿਤੀ 16-06-2020 , ਗੁੰਮ ਹੋ ਗਏ ਹਨ। ਜਿਸ ਕਿਸੇ ਨੂੰ ਮਿਲੇ ਕਿਰਪਾ ਸੰਪਰਕ ਕਰੇ।

ਇਕ ਟਿਊਬਵੈਲ ਕੁਨੈਕਸ਼ਨ ਖਾਤਾ ਨੰ. ਏ.ਪੀ.15/0800,10 ਹਾਰਸ ਪਾਵਰ,ਜੋ ਸਰਬਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਿੰਡ ਜੰਡ,ਡਾਕ.ਨੰਗਲ ਦਿਆਲ ਸਿੰਘ ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਚਲ ਰਿਹਾ ਹੈ ਹੁਣ ਇਹ ਕੁਨੈਕਸ਼ਨ ਕੁਲਬੀਰ ਕੌਰ ਪਤਨੀ ਨਰੈਣ ਸਿੰਘ ਵਾਸੀ ਪਿੰਡ ਵੇਰਕਾ ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ ਦੇ ਨਾਮ ਤੇ ਤਬਦੀਲ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਮ ਦੇ ਤਬਦੀਲ ਹੋਣ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨ ਦੇ ਅੰਦਰ ਅੰਦਰ ਪੀ.ਐਸ.ਪੀ.ਸੀ.ਐਲ ਫਤਿਹਪੁਰ ਰਾਜਪੂਤਾਂ ਨਾਲ ਸੰਪਰਕ ਕਰ ਸਕਦਾ ਹੈ ।

ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ ਏ.ਪੀ.24/0336/ਐਫ ਚਰਨਜੀਤ ਸਿੰਘ ਪੁੱਤਰ ਜ਼ੋਗਿੰਦਰ ਸਿੰਘ ਪਿੰਡ ਰਾਹਲ ਚਾਹਲ ਦੇ ਨਾਮ ਪਰ ਚੱਲਦਾ ਹੈ ਇਸ ਕੁਨੈਕਸ਼ਨ ਦੀ ਨਾਮ ਬਦਲੀ ਕਰਨ ਵਾਸਤੇ ਰਜਵੰਤ ਸਿੰਘ ਪਤਨੀ ਚੈਂਚਲ ਸਿੰਘ ਵਾਸੀ ਰਾਹਲ ਚਾਹਲ ਜਿਲ੍ਹਾ ਤਰਨ ਤਾਰਨ ਨੇ ਉੱਪ ਮੰਡਲ ਸਰਹਾਲੀ ਕਲਾਂ ਨੂੰ ਅਰਜ ਦਿੱਤੀ ਹੈ ਜੇਕਰ ਕਿਸੇ ਨੂੰ ਇਤਰਾਜ ਹੈ ਤਾਂ 15 ਦਿਨਾਂ ਦੇ ਅੰਦਰ ਅੰਦਰ ਸਬੰਧਤ ਦਫਤਰ ਵਿਖੇ ਲਿਖਤੀ ਰੂਪ ਵਿੱਚ ਸ਼ਿਕਾਇਤ ਕਰੇ। ਬਾਅਦ ਵਿੱਚ ਮਹਿਕਮੇਂ ਦੀ ਜਿੰਮੇਵਾਰੀ ਨਹੀਂ ਹੋਵੇਗੀ।

ਮੋਟਰ ਕੁਨੈਕਸ਼ਨ ਖਾਤਾ ਨੰ: ਏ ਪੀ 46/101 ਕਰਨੈਲ ਸਿੰਘ ਪੁੱਤਰ ਪਾਲਾ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਨਿਸ਼ਾਨ ਸਿੰਘ ਪੁੱਤਰ ਗੁਰਚਰਨ ਸਿੰਘ ਰਕਬਾ ਕਮਾਲਾ ਮਿੱਡੂ, ਤਹਿ. ਫਿਰੋਜ਼ਪੁਰ ਨੇ ਇਸ ਦਫ਼ਤਰ ਵਿਚ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

## ਨਾਂਅ ਦੀ ਬਦਲੀ

ਮੈਂ, ਬਲਵਿੰਦਰ ਸਿੰਘ ਪੁੱਤਰ ਬੱਚਨ ਲਾਲ ਵਾਸੀ ਪਿੰਡ ਸਿੰਬਲੀ ਡਾਕਖਾਨਾ ਫਰੀਦਾ ਨਗਰ ਤਹਿਸੀਲ ਅਤੇ ਜਿਲ੍ਹਾ ਪਠਾਨਕੋਟ ਨੇ ਆਪਣਾ ਨਾਮ ਬਲਵਿੰਦਰ ਕੁਮਾਰ ਤੋਂ ਬਦਲ ਕੇ ਬਲਵਿੰਦਰ ਸਿੰਘ ਰੱਖ ਲਿਆ ਹੈ । ਸੰਬੰਧਿਤ ਨੋਟ ਕਰਨ।

ਮੈਂ, ਆਸ਼ਾ ਰਾਣੀ ਪੁੱਤਰੀ ਮਹਿੰਦਰ ਪਾਲ ਪਤਨੀ ਲੇਟ ਸ਼੍ਰੀ ਸੰਜੀਵ ਕੁਮਾਰ ਨਿਵਾਸੀ ਪਿੰਡ ਭੜੋਲੀ ਕਲਾਂ, ਤਹਿਸੀਲ, ਜ਼ਿਲ੍ਹਾ ਪਠਾਨਕੋਟ ! ਮੈ ਬਿਆਨ ਕਰਦੀ ਹਾਂ,ਮੈਂ ਆਪਣਾ ਨਾਂ ਆਸ਼ਾ ਦੇਵੀ ਤੋਂ ਬਦਲ ਕੇ ਆਸ਼ਾ ਰਾਣੀ ਰੱਖ ਲਿਆ ਹੈ, ਇਹ ਸਭ ਨੋਟ ਕਾਰਨ।

ਮੈਂ ਕੁਲਵਿੰਦਰ ਪਤਨੀ ਬਲਵਿੰਦਰ ਕੁਮਾਰ , ਵਾਸੀ 2-6/32, ਛੋਟਾ ਸਾਈਪੁਰ, ਜਲੰਧਰ ਨੇ ਆਪਣਾ ਨਾਮ ਬਦਲ ਕੇ ਕੁਲਵਿੰਦਰ ਤੋ ਕੁਲਵਿੰਦਰ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਰੋਹਿਤ ਪੁੱਤਰ ਬਲਵਿੰਦਰ ਕੁਮਾਰ, ਵਾਸੀ 2-6/32, ਛੋਟਾ ਸਾਈਪੁਰ, ਜਲੰਧਰ ਨੇ ਆਪਣਾ ਨਾਮ ਬਦਲ ਕੇ ਰੋਹਿਤ ਤੋਂ ਰੋਹਿਤ ਕੁਮਾਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਬਲਵਿੰਦਰ ਪੁੱਤਰ ਹਰੀ ਰਾਮ, ਵਾਸੀ 2-6/32, ਛੋਟਾ ਸਾਈਪੁਰ, ਜਲੰਧਰ ਨੇ ਆਪਣਾ ਨਾਮ ਬਦਲ ਕੇ ਬਲਵਿੰਦਰ ਤੋਂ ਬਲਵਿੰਦਰ ਕੁਮਾਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਕੌਰ ਪਤਨੀ ਪ੍ਰਵੇਸ਼ ਖੰਨਾ, ਮਕਾਨ ਨੰ: 383, ਗਲੀ ਨੰ:7, ਨਿਊ ਬਿਸ਼ਨ ਨਗਰ, ਪਟਿਆਲਾ ਨੇ ਆਪਣਾ ਦਸਤਾਵੇਜ਼ਾਂ ਅਨੁਸਾਰ ਆਪਣਾ ਨਾਂਅ ਸਤਨਾਮ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਬੀ)

## ਬੇਦਖਲੀ ਨੋਟਿਸ

ਮੈਂ, ਸੁਰਜੀਤ ਕੁਮਾਰ ਪੁੱਤਰ ਪ੍ਰੀਤਮ ਚੰਦ ਵਾਸੀ ਪਿੰਡ ਫੂਲਪੁਰ, ਡਾਕਖਾਨਾ ਤਾਰਾਗੜ੍ਹ, ਤਹਿਸੀਲ/ਜ਼ਿਲ੍ਹਾ ਪਠਾਨਕੋਟ। ਮੇਰਾ ਲੜਕਾ ਰੋਹਿਤ ਕੁਮਾਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਪਰਵੀਨ ਕੁਮਾਰ ਪੁੱਤਰ ਜੋਗਿੰਦਰ ਪਾਲ ਵਾਸੀ ਪਿੰਡ ਤਿੱਬੜ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਨੇ ਆਪਣੇ ਪੁੱਤਰ ਸਾਹਿਲ ਅਤੇ ਨੂੰਹ ਸਾਧਨਾ ਨੂੰ ਕਹਿਣੇ ਚ ਨਾ ਹੋਣ ਕਰਕੇ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਹ ਦੋਵੇਂ ਆਪਣੇ ਚੰਗੇ ਮਾੜੇ ਕੰਮ, ਲੈਣ ਦੇਣ ਦੇ ਖੁਦ ਜ਼ਿੰਮੇਵਾਰ ਹੋਣਗੇ।ਮੇਰਾ ਅਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ।

# ਉੱਤਰ ਰੇਲਵੇ

## ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ-ਟ੍ਰੈਕ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਂਵਾਂ, ਅੰਤਮ ਮਿਤੀ **06.10.2025** ਸਮਾਂ **15.00** ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਮੈਨੂੰਅਲ ਨਿਵਿਦਾ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਥਾਂ ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਨਿਵਿਦਾ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ** |
| 11.09.2025 | 22.09.2025 | 06.10.2025 & 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 129-2025-26-DEN-TRACK-FZR | ਫਿਰੋਜ਼ਪੁਰ ਡਵੀਜ਼ਨ ਉਤੇ ਬੀਸੀਐਮ ਦੇ ਨਾਲ ਪਹਿਲਾਂ, ਦੌਰਾਨ, ਬਾਅਦ ਧਿਆਨ ਦੇ ਸਬੰਧ ਵਿਚ ਵਖ-ਵਖ ਟ੍ਰੈਕ ਕੰਮ। |

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 3,94,61,540.83/- | 3,47,300.00/- | 60 ਦਿਨ | 12 ਮਹੀਨੇ |

**ਸਮਾਨ ਨੇਚਰ ਦਾ ਕੰਮ:** ''ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੇ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ ਰੇਗੂਲੇਟਿੰਗ ਮਸ਼ੀਨ ਦੇ ਲਈ ਪਹਿਲਾ ਅਤੇ ਬਾਅਦ ਦਾ ਕੰਮ ਸ਼ਾਮਲ ਹਨ, ਟੀ-28 ਦੁਆਰਾ''

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 2. | 130-2025-26-DEN-TRACK-FZR | ਫਿਰੋਜ਼ਪੁਰ ਮੰਡਲ ਉਤੇ ਐਫਆਰਐਮ ਦੁਆਰਾ ਛੱਡੇ ਗਏ ਸ਼ੋਲਡਰ ਗਿੱਟੀ ਦੀ ਸਕ੍ਰੀਨਿੰਗ ਦੇ ਨਾਲ ਪਹਿਲਾਂ ਅਤੇ ਬਾਅਦ ਧਿਆਨ ਦੇ ਸਬੰਧ ਵਿਚ ਵਖ-ਵਖ ਟ੍ਰੈਕ ਕੰਮ। |

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 1,24,92,949.59/- | 2,12,500.00/- | 60 ਦਿਨ | 12 ਮਹੀਨੇ |

**ਸਮਾਨ ਨੇਚਰ ਦਾ ਕੰਮ:** ''ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੇ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ ਰੇਗੂਲੇਟਿੰਗ ਮਸ਼ੀਨ ਦੇ ਲਈ ਪਹਿਲਾ ਅਤੇ ਬਾਅਦ ਦਾ ਕੰਮ ਸ਼ਾਮਲ ਹਨ, ਟੀ-28 ਦੁਆਰਾ''

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 3. | 131-2025-26-DEN-TRACK-FZR | ਟ੍ਰਾਂਸਲੈਮੇਟਿਕ ਰੋਬੋਟਿਕ ਵੇਲਡਿੰਗ ਦੀ ਤਕਨੀਕ ਦਾ ਉਪਯੋਗ ਕਰਕੇ ਸੀਐਮਐਸ ਕ੍ਰਾਸਿੰਗ ਦੀ ਇਨ-ਸੀਟੂ ਰੀਕੰਡੀਸ਼ਨਿੰਗ ਦਾ ਕੰਮ ਪੂਰਾ ਕਰਨਾ ਅਤੇ ਫਿਰੋਜ਼ਪੁਰ ਮੰਡਲ ਦੇ ਚਿੰਨਤ ਯਾਰਡਾਂ ਵਿਚ ਆਰਡੀਐਸਓ ਦੁਆਰਾ ਨਿਰਧਾਰਿਤ ਮਾਨਕਾਂ ਦੇ ਅਨੁਸਾਰ ਆਰਡੀਐਸਓ ਆਈਆਰਐਸ ਐਚ-3-ਸੀ ਸ਼੍ਰੇਣੀ ਦੁਆਰਾ ਅਨੁਮੋਦਿਤ ਇਲੈਕਟ੍ਰੋਡ ਦਾ ਉਪਯੋਗ ਕਰਕੇ 52 ਕਿਲੋਗ੍ਰਾਮ ਅਤੇ 60 ਕਿਲੋਗ੍ਰਾਮ ਦੇ ਘਿਸੇ ਹੋਏ ਸਵਿਚ ਰੇਲ ਦੀ ਰੀਕੰਡੀਸ਼ਨਿੰਗ ਕਰਨਾ। |

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| 1,41,13,452.10/- | 2,20,600.00/- | 60 ਦਿਨ | 12 ਮਹੀਨੇ |

**ਸਮਾਨ ਨੇਚਰ ਦਾ ਕੰਮ:** ''ਟੰਗ ਰੇਲ/ਸੀਐਮਐਸ ਕ੍ਰਾਸਿੰਗ/ਐਸਈਜੇ/ਰੇਲ ਦੇ ਵਹੀਲ ਬਰਨ ਦੀ ਮੁਰੰਮਤ''।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.:-129,130 & 131-2025-26-DEN-TRACK-FZR ਤਾਰੀਕ: 16.09.2025 2868/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਨੌਜਵਾਨਾਂ ਦੇ ਹੱਥਾਂ 'ਚ ਦੇਸ਼ ਦਾ ਭਵਿੱਖ : ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਯੁਵਕ ਸੇਵਾਵਾਂ ਵਿਭਾਗ, ਪੰਜਾਬ ਅਤੇ ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਆਈ ਕੇ ਗੁਜਰਾਲ ਪੀ ਟੀ ਯੂ ਕੈਂਪਸ, ਹੁਸ਼ਿਆਰਪੁਰ ਵਿਖੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪ੍ਰੀਤ ਕੋਹਲੀ ਦੀ ਅਗਵਾਈ ਹੇਠ ਰੈੱਡ ਰਨ ਮੈਰਾਥਨ



ਆਯੋਜਿਤ ਕੀਤੀ ਗਈ। ਇਸ ਮੈਰਾਥਨ ਨੂੰ ਮੁੱਖ ਮਹਿਮਾਨ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। 5 ਕਿਲੋਮੀਟਰ ਦੀ ਇਸ ਮੈਰਾਥਨ ਵਿਚ 100 ਤੋਂ ਵੱਧ ਰੈੱਡ ਰਿਬਨ ਕਲੱਬਾਂ ਦੇ ਵਲੰਟੀਅਰ ਸ਼ਾਮਿਲ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਿੰਪਾ ਨੇ ਕਿਹਾ ਕਿ ਦੇਸ਼ ਦਾ ਭਵਿੱਖ ਨੌਜਵਾਨਾਂ ਦੇ ਹੱਥਾਂ ਵਿਚ ਹੈ ਅਤੇ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਬਹੁਤ ਜ਼ਰੂਰੀ ਹੈ। ਮੈਰਾਥਨ ਦੇ ਜੇਤੂਆਂ ਨੂੰ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਲੜਕੀਆਂ ਵਿਚ ਪਹਿਲੇ ਸਥਾਨ 'ਤੇ ਜੀ ਟੀ ਬੀ ਖਾਲਸਾ ਕਾਲਜ ਦਸੂਹਾ ਦੀ ਪੂਜਾ, ਦੂਜੇ ਸਥਾਨ 'ਤੇ ਮਨਦੀਪ ਕੌਰ ਅਤੇ ਕਿਰਨ ਕੁਮਾਰੀ ਤੀਜੇ ਸਥਾਨ 'ਤੇ ਰਹੀ। ਲੜਕਿਆਂ ਵਿਚੋਂ ਡੀ ਏ ਵੀ ਕਾਲਜ ਹੁਸ਼ਿਆਰਪੁਰ ਦੇ ਮੋਹਿਤ ਨੇ ਪਹਿਲਾ, ਆਈ ਕੇ ਜੀ ਪੀ ਟੀ ਯੂ ਦੇ ਗੁਲਸ਼ਨ ਬੰਧਨ ਨੇ ਦੂਜਾ ਅਤੇ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ ਦੇ ਰੋਹਿਤ ਕੁਮਾਰ ਨੇ ਤੇ ਡੀ ਏ ਵੀ ਕਾਲਜ ਦੇ ਸਚਿਨ ਕੁਮਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂਆਂ ਨੂੰ ਕ੍ਰਮਵਾਰ 4,000 ਰੁਪਏ, 3,000 ਰੁਪਏ ਅਤੇ 2,000 ਰੁਪਏ ਦੇ ਇਨਾਮ ਦਿੱਤੇ ਗਏ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਆਈ.ਕੇ.ਜੀ.ਪੀ.ਟੀ.ਯੂ ਦੇ ਡਾਇਰੈਕਟਰ ਪ੍ਰੋ: ਵਿਕਾਸ ਚਾਵਲਾ, ਰੈੱਡ ਰਿਬਨ ਕਲੱਬ ਦੇ ਇੰਚਾਰਜ ਡਾ. ਕੁਲਵਿੰਦਰ ਸਿੰਘ ਪਰਮਾਰ, ਡਾ. ਅਮਿਤ ਹਾਂਡਾ, ਡਾ. ਬ੍ਰਿਜੇਸ਼, ਸੋਨੂੰ ਬਾਲਾ, ਰਿੰਕੂ ਵਾਲੀਆ, ਨੀਰਜ ਸ਼ਰਮਾ ਤੇ ਹੋਰ ਪਤਵੰਤੇ ਹਾਜ਼ਰ ਸਨ।

## ਸਿਗਰਟਨੋਸ਼ੀ ਤੇ ਤੰਬਾਕੂ ਵਿਰੁੱਧ ਜਾਗਰੂਕਤਾ ਰੈਲੀ

**ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਕਾਲਜ ਮਹੈਣ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਿੰਸੀਪਲ ਵਨੀਤਾ ਅਨੰਦ ਦੀ ਅਗਵਾਈ ਵਿਚ ਪੰਜਾਬ ਸਰਕਾਰ ਦੇ ਚੱਡੀ ਪ੍ਰੋਗਰਾਮ ਅਧੀਨ ਤੰਬਾਕੂ , ਸਿਗਰਟਨੋਸ਼ੀ ਅਤੇ ਤੰਬਾਕੂ ਵਿਰੁੱਧ ਇਕ ਜਾਗਰੂਕ ਰੈਲੀ ਕੱਢੀ ਗਈ । ਪ੍ਰੋ: ਵਿਪਨ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੌਕੇ ਵਿਚਾਰ ਪ੍ਰਗਟਾਉਣ ਵਿਚ ਪਹਿਲੇ ਸਥਾਨ ਤੇ ਆਉਣ ਵਾਲੀ ਬੀ . ਏ ਭਾਗ ਤੀਜਾ ਦੀ ਨਾਜੀਆ ਤੇ ਅਮਨਦੀਪ ਸਿੰਘ ਨੇ ਕਿਹਾ



ਕਿ ਦੇਸ਼ ਭਰ 'ਚ 90.8 ਮਿਲੀਅਨ ਮਰਦ ਅਤੇ 13.5 ਮਿਲੀਅਨ ਔਰਤਾਂ ਸਿਗਰਟਨੋਸ਼ੀ ਕਰਦੀਆਂ ਹਨ। ਤੰਬਾਕੂ ਵਿਚ ਇਕ ਹਜ਼ਾਰ ਤੋਂ ਵੱਧ ਖ਼ਤਰਨਾਕ ਤੱਤ ਹੁੰਦੇ ਹਨ, ਜਿਨ੍ਹਾਂ ਵਿਚ ਨਿਕੋਟੀਨ, ਅਮੋਨੀਆ, ਆਰਸੈਨਿਕ, ਕਾਰਬਨ ਮੋਨੋਆਕਸਾਈਡ, ਹਾਈਡ੍ਰੋਜਨ ਸਾਈਆਨਾਈਡ ਨੈਪਥਾਈਲ ਤਾਰ ਅਤੇ ਰੇਡਿਓ ਐਕਟਿਵ ਆਦਿ ਤੱਤ ਸਭ ਤੋਂ ਖ਼ਤਰਨਾਕ ਹਨ। ਦੂਜੇ ਨੰਬਰ ਤੇ ਆਉਣ ਵਾਲੇ ਬੀ .ਏ ਭਾਗ ਦੂਜਾ ਦੇ ਜਸਕਰਨ ਸਿੰਘ ਅਤੇ ਬੀ. ਕਾਮ ਭਾਗ ਤੀਜਾ ਦੀ ਜਸਨਪ੍ਰੀਤ ਕੌਰ ਨੇ ਕਿਹਾ ਕਿ ਦੇਸ਼ ਭਰ ਚ ਸਲਾਨਾ 3500 ਲੋਕਾਂ ਦੀ ਮੌਤ ਦਾ ਕਾਰਨ ਤੰਬਾਕੂ ਦਾ ਸੇਵਨ ਹੈ। ਇਸ ਤਰ੍ਹਾਂ ਹੀ ਦੇਸ਼ ਭਰ ਵਿਚ ਸਲਾਨਾ 6.5 ਲੱਖ ਲੋਕਾਂ ਦੀ ਮੌਤ ਦਾ ਕਾਰਨ ਸਿਗਰਟਨੋਸ਼ੀ ਹੈ ਅਤੇ ਤੰਬਾਕੂ ਖਾਣ ਜਾਂ ਸਿਗਰਟਨੋਸ਼ੀ ਕਰਨ ਨਾਲ ਵਿਅਕਤੀ ਦੀ ਉਮਰ 22 ਮਿੰਟ ਘੱਟ ਜਾਂਦੀ ਹੈ। ਇੱਕ ਸਿਗਰਟ ਦਾ ਸੇਵਨ ਹੀ ਜ਼ਿੰਦਗੀ ਦੇ ਚਾਰ ਮਿੰਟ ਘਟਾ ਦਿੰਦਾ ਹੈ। ਇਸ ਮੌਕੇ ਤੀਜੇ ਨੰਬਰ ਤੇ ਆਉਣ ਵਾਲੇ ਬੀ .ਏ ਭਾਗ ਦੂਜਾ ਦੀ ਸੀਖਾ ਰਾਨੀ ਅਤੇ ਬੀ. ਕਾਮ ਭਾਗ ਪਹਿਲਾ ਦੀ ਹਰਪ੍ਰੀਤ ਕੌਰ ਨੇ ਕਿਹਾ ਕਿ ਤੰਬਾਕੂ ਖਾਣ ਨਾਲ ਸਾਹ ਨਲੀ ਵਿਚ ਸੋਜ਼ , ਪੇਟ ਗੈਸ ਦੀ ਸਮੱਸਿਆ ਅਤੇ ਦਿਲ ਤੇ ਖ਼ੂਨ ਦੀਆਂ ਬੀਮਾਰੀਆਂ ਲੱਗਦੀਆਂ ਹਨ। ਕੈਂਸਰ ਦੇ ਸਮੁੱਚੇ ਕੇਸਾਂ ਵਿਚ 40 ਫੀਸਦੀ ਦਾ ਕਾਰਨ ਤੰਬਾਕੂ ਸੇਵਨ ਹੈ ।

## ਏਡਿਡ ਸਕੂਲਾਂ ਸੰਬੰਧੀ ਸਹਾਇਕ ਕਮਿਸ਼ਨਰ ਰਾਹੀਂ ਸਿੱਖਿਆ ਸਕੱਤਰ ਨੂੰ ਭੇਜਿਆ ਮੈਮੋਰੰਡਮ

**ਹੁਸ਼ਿਆਰਪੁਰ (ਓ ਪੀ ਰਾਣਾ)**- ਐਸ ਡੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਵਿੱਚ ਸਰਕਾਰੀ ਏਡਿਡ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਨੁਮਾਇੰਦਿਆਂ ਦੀ ਇਕ ਮਹੱਤਵਪੂਰਨ ਮੀਟਿੰਗ ਹੋਈ, ਜਿਸ ਵਿਚ ਪੰਜਾਬ ਭਰ ਦੇ ਏਡਿਡ ਸਿੱਖਿਆ ਸੰਸਥਾਨਾਂ ਦੇ ਗਹਿਰੇ ਸੰਕਟ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿਚ ਦਰਸਾਇਆ ਗਿਆ ਕਿ ਪਿਛਲੇ ਛੇ ਮਹੀਨਿਆਂ ਤੋਂ ਤਨਖ਼ਾਹ ਅਨੁਦਾਨ ਜਾਰੀ ਨਾ ਹੋਣ ਕਾਰਨ ਅਧਿਆਪਕ ਭਾਰੀ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਮੀਟਿੰਗ ਵਿੱਚ ਬੋਲਣ ਵਾਲਿਆਂ ਨੇ ਪੰਜਾਬ ਸਰਕਾਰ ਨੂੰ ਤੁਰੰਤ ਲੰਬਿਤ ਤਨਖ਼ਾਹ ਅਨੁਦਾਨ ਜਾਰੀ ਕਰਨ ਦੀ ਪੂਰੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਸੈਂਕੜੇ ਅਧਿਆਪਕਾਂ ਅਤੇ ਕਰਮਚਾਰੀਆਂ ਦੇ ਪਰਿਵਾਰ ਆਪਣੀ ਜ਼ਿੰਦਗੀ ਚਲਾਉਣ ਲਈ ਸੰਘਰਸ਼ ਕਰ ਰਹੇ ਹਨ। ਕਈ ਅਧਿਆਪਕ ਘਰੇਲੂ ਖ਼ਰਚ, ਬੱਚਿਆਂ ਦੀ ਪੜ੍ਹਾਈ ਅਤੇ ਇਲਾਜ ਦੇ ਖ਼ਰਚੇ ਪੂਰੇ ਕਰਨ ਵਿੱਚ ਅਸਮਰੱਥ ਹਨ।ਮੀਟਿੰਗ ਵਿੱਚ ਇਹ ਵੀ ਦੁਹਰਾਇਆ ਗਿਆ ਕਿ ਏਡਿਡ ਸਕੂਲਾਂ ਦੇ ਸਟਾਫ਼ ਦਾ ਸਰਕਾਰੀ ਸਕੂਲਾਂ ਨਾਲ ਰਲੇਵਾਂ ਕੀਤਾ ਜਾਵੇ, ਜੋ ਕਿ ਆਮ ਆਦਮੀ ਪਾਰਟੀ ਸਰਕਾਰ ਦੇ ਚੋਣ ਘੋਸ਼ਣਾ ਪੱਤਰ ਦਾ ਹਿੱਸਾ ਸੀ। ਮੀਟਿੰਗ ਵਿੱਚ ਆਪਣੇ ਵਿਚਾਰ ਸਾਂਝੇ ਕਰਨ ਵਾਲਿਆਂ ਵਿੱਚ ਪ੍ਰਿੰਸੀਪਲ ਪੁਨੀਤ ਕੁਮਾਰ, ਪੂਨਮ ਸ਼ਰਮਾ, ਸੀਮਾ



ਸ਼ਰਮਾ, ਬਲਕਾਰ ਸਿੰਘ, ਨੀਰਜ ਘਈ, ਅਨਿਲ ਚੱਡਾ, ਅਰਚਨਾ ਵਾਲੀਆ ਅਤੇ ਸੰਜੀਵ ਕੁਮਾਰ ਸ਼ਾਮਲ ਸਨ। ਮੀਟਿੰਗ ਤੋਂ ਬਾਅਦ ਅਧਿਆਪਕਾਂ ਦੀਆਂ ਮੰਗਾਂ ਸੰਬੰਧੀ ਮੈਮੋਰੰਡਮ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਰਾਹੀਂ ਪੰਜਾਬ ਦੇ ਸਿੱਖਿਆ ਸਕੱਤਰ ਨੂੰ ਭੇਜਿਆ ਗਿਆ। ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੇ ਸਪੱਸ਼ਟ ਕੀਤਾ ਕਿ ਇਹ ਮੰਗ ਸਿਰਫ਼ ਉਨ੍ਹਾਂ ਦੇ ਜੀਵਨ ਨਾਲ ਨਹੀਂ, ਸਗੋਂ ਪੰਜਾਬ ਵਿੱਚ ਗੁਣਵੱਤਾ ਪੂਰਨ ਸਿੱਖਿਆ ਦੇ ਭਵਿੱਖ ਨਾਲ ਵੀ ਜੁੜੀ ਹੋਈ ਹੈ।

## ਧਾਮੀ ਵਿਰੁੱਧ ਗੱਲਾਂ ਕਰਨ ਵਾਲੇ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ : ਲੱਖੀ ਗਿਲਜੀਆਂ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਕਾਰ ਸਿੰਘ)**- ਮੌਜੂਦਾ ਹੜ ਦੇ ਸਮੇਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਹੜ ਪੀੜਤਾਂ ਦੀ ਅੱਗੇ ਹੋ ਕੇ ਬਾਂਹ ਫੜੀ ਗਈ ਹੈ ਅਤੇ ਹਰਜਿੰਦਰ ਸਿੰਘ ਧਾਮੀ ਨੇ ਖੁਦ ਜਾ ਕੇ ਹੜ ਪੀੜਤਾਂ ਦੀ



ਮਦਦ ਕੀਤੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਤੇ ਹਲਕਾ ਸ਼ਾਮ ਚੁਰਾਸ਼ੀ ਦੇ ਇੰਚਾਰਜ ਸੰਦੀਪ ਸਿੰਘ ਸੀਕਰੀ ਨੇ ਵਿਸ਼ੇਸ਼ ਤੌਰ 'ਤੇ ਸਾਂਝੇ ਰੂਪ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਪ੍ਰੰਤੂ ਇਸ ਤੋਂ ਵਿਰੋਧੀ ਬੋਖਲਾਹਟ ਵਿੱਚ ਆ ਕੇ ਉਨਾਂ ਤੇ ਝੂਠੀ ਬਿਆਨਬਾਜ਼ੀ ਕਰਦੇ ਹੋਏ ਝੂਠੇ ਇਲਜ਼ਾਮ ਲਗਾ ਰਹੇ ਹਨ ਜੋ ਕਿ ਸੱਚਾਈ ਤੋਂ ਕੋਹਾਂ ਦੂਰ ਹਨ। ਉਹਨਾਂ ਕਿਹਾ ਕਿ ਸਰਦਾਰ ਧਾਮੀ ਵਿਰੁੱਧ ਗੱਲਾਂ ਕਰਨ ਵਾਲੇ ਲੋਕ ਪਹਿਲਾਂ ਆਪਣੀ ਪੀੜੀ ਥੱਲੇ ਸੋਟਾ ਫੇਰਨ। ਉਹਨਾਂ ਕਿਹਾ ਕਿ ਜੋ ਵਿਰੋਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇਹ ਇਲਜ਼ਾਮ ਲਗਾ ਰਹੇ ਹਨ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੈਸੇ ਦੀ ਦੁਰਵਰਤੋਂ ਕਰ ਰਹੇ ਹਨ ਇਹ ਤੱਥਾਂ ਤੋਂ ਦੂਰ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਇੱਕ ਬਹੁਤ ਵੱਡੀ ਸੰਸਥਾ ਹੈ ਅਤੇ ਉਸ ਦੇ ਪੈਸੇ ਇਸ ਤਰੀਕੇ ਨਾਲ ਵੰਡੇ ਜਾਣ ਦਾ ਸਵਾਲ ਹੀ ਨਹੀਂ ਹੁੰਦਾ ਕਿਉਂਕਿ ਸ਼੍ਰੋਮਣੀ ਕਮੇਟੀ ਕੋਲ ਇੱਕ ਇੱਕ ਪੈਸੇ ਦਾ ਹਿੱਸਾ ਆਡਿਟ ਦੇ ਰੂਪ ਵਿੱਚ ਰੱਖਿਆ ਜਾਂਦਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਗੁਰਜੀਤ ਸਿੰਘ ਨੀਲਾ ਨਲੋਆ, ਜਸਵਿੰਦਰ ਸਿੰਘ ਪੱਪੀ ਰੜਾ, ਮਨਜੋਤ ਸਿੰਘ ਚਾਵਲਾ, ਕਰਨ ਧੁੱਗਾ, ਸੁਖਦੀਪ ਸਿੰਘ ,ਕੈਪਟਨ ,ਨਰਾਇਣ ਸਿੰਘ, ਯੁਵਰਾਜ ਵੀ ਹਾਜ਼ਰ ਸਨ।

## ਬਾਲ ਭਿੱਖਿਆ ਰੋਕੂ ਟਾਸਕ ਫੋਰਸ ਵੱਲੋਂ ਛਾਪੇਮਾਰੀ, ਭੀਖ ਮੰਗਦੀਆਂ 2 ਬੱਚੀਆਂ ਛੁਡਵਾਈਆਂ

**ਜਲੰਧਰ (ਸ਼ੈਲੀ ਐਲਬਰਟ)**- ਬਾਲ ਭੀਖ ਮੰਗਣ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਚਲਾਏ ਜਾ ਰਹੇ ਜੀਵਨਜੋਤ ਪ੍ਰਾਜੈਕਟ 2.0 ਤਹਿਤ ਜ਼ਿਲ੍ਹਾ ਪੱਧਰੀ ਬਾਲ ਭਿੱਖਿਆ ਰੋਕੂ ਟਾਸਕ ਫੋਰਸ ਵੱਲੋਂ ਇਥੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੈ ਭਾਰਤੀ ਦੀ ਅਗਵਾਈ ਹੇਠ ਬੀ.ਐਮ.ਸੀ. ਚੌਂਕ, ਗੁਰੂ ਨਾਨਕ ਮਿਸ਼ਨ ਚੌਂਕ, ਬੱਸ ਸਟੈਂਡ ਅਤੇ ਪਿਮਸ ਨੇੜੇ ਛਾਪੇਮਾਰੀ ਕੀਤੀ ਗਈ। ਛਾਪੇਮਾਰੀ ਦੌਰਾਨ ਪਿਮਸ ਹਸਪਤਾਲ ਦੇ ਬਾਹਰਲੇ ਇਲਾਕੇ 'ਚੋਂ ਭੀਖ ਮੰਗਦੀਆਂ 2 ਬੱਚੀਆਂ ਨੂੰ ਰੈਸਕਿਊ ਕੀਤਾ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਲੜਕੀਆਂ ਦੀ ਉਮਰ 8-11 ਸਾਲ ਦੇ ਕਰੀਬ ਹੈ, ਜਿਨ੍ਹਾਂ ਨੂੰ ਮੈਡੀਕਲ ਕਰਵਾਉਣ ਉਪਰੰਤ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕਰਨ ਤੋਂ ਬਾਅਦ ਚਿਲਡਰਨ ਹੋਮ ਗਾਂਧੀ ਵਾਨਿਤਾ ਆਸ਼ਰਮ ਵਿਖੇ ਸ਼ੈਲਟਰ ਪ੍ਰਦਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬੱਚੀਆਂ ਦੇ ਮਾਪਿਆਂ ਦੇ ਬਾਲ ਭਲਾਈ ਕਮੇਟੀ ਅੱਗੇ ਪੇਸ਼ ਹੋਣ ਤੋਂ ਬਾਅਦ ਅਗਲੇਰੀ ਕਾਰਵਾਈ ਆਰੰਭੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਬੱਚਾ ਭੀਖ ਮੰਗਦਾ ਜਾਂ ਬਾਲ ਮਜ਼ਦੂਰੀ ਕਰਦਾ ਮਿਲਦਾ ਹੈ ਤਾਂ ਉਸ ਦੀ ਸੂਚਨਾ ਚਾਈਲਡ ਲਾਈਨ 1098 'ਤੇ ਦਿੱਤੀ ਜਾਵੇ। ਭਾਰਤੀ ਨੇ ਇਹ ਵੀ ਦੱਸਿਆ ਕਿ ਜੇਕਰ ਕੋਈ ਮਾਤਾ-ਪਿਤਾ ਬੱਚੇ ਤੋਂ ਭੀਖ ਮੰਗਵਾਉਂਦਾ ਪਾਇਆ ਗਿਆ ਤਾਂ ਮਾਪਿਆਂ ਖਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ।

## ਐੱਸ ਏ ਐੱਸ ਨਗਰ ਵਿਖੇ ਕਰਵਾਇਆ ਗਿਆ ਜ਼ੋਨ ਪੱਧਰੀ ਕਲਾ ਉਤਸਵ 2025-26

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਡਾ. ਗਿੰਨੀ ਦੁੱਗਲ ਦੀ ਅਗਵਾਈ ਹੇਠ ਅਤੇ ਸਮੱਗਰਾ ਸਿੱਖਿਆ ਅਭਿਆਨ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਐੱਸ ਏ ਐੱਸ ਨਗਰ ਜ਼ਿਲ੍ਹੇ ਦਾ ਜ਼ੋਨ ਪੱਧਰੀ ਕਲਾ ਉਤਸਵ, ਸੇਂਟ ਸੋਲਜਰ ਇੰਟਰਨੈਸ਼ਨਲ ਕਾਨਵੈਂਟ ਸਕੂਲ ਫੇਜ਼-7 ਮੋਹਾਲੀ ਵਿਖੇ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਜ਼ੋਨ ਦੇ ਛੇ ਜ਼ਿਲ੍ਹਿਆਂ ਪਟਿਆਲਾ, ਐੱਸ ਏ ਐੱਸ ਨਗਰ, ਸੰਗਰੂਰ, ਬਰਨਾਲਾ, ਫਤਿਹਗੜ੍ਹ ਸਾਹਿਬ ਅਤੇ ਮਲੇਰਕੋਟਲਾ ਦੀਆਂ ਕੁੱਲ 72 ਟੀਮਾਂ ਨੇ ਵੱਖ ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਮੁਕਾਬਲੇ ਵਿੱਚ ਹਰੇਕ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਈਆਂ ਟੀਮਾਂ ਨੇ ਭਾਗ ਲਿਆ। ਜ਼ੋਨ ਪੱਧਰੀ ਕਲਾ ਉਤਸਵ ਵਿੱਚ ਕੁੱਲ 12 ਵੱਖ-ਵੱਖ ਈਵੈਂਟ ਤੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵੋਕਲ ਮਿਊਜ਼ਿਕ ਸੋਲੋ, ਵੋਕਲ ਮਿਊਜ਼ਿਕ ਗਰੁੱਪ, ਇੰਸਟਰੂਮੈਂਟਲ ਮਿਊਜ਼ਿਕ ਪਰਕਿਊਸਿਵ, ਇੰਸਟਰੂਮੈਂਟਲ ਮਿਊਜ਼ਿਕ ਗਰੁੱਪ, ਵਿਜ਼ੂਅਲ ਆਰਟ 2 ਡੀ ਅਤੇ ਵਿਜ਼ੂਅਲ ਆਰਟ 3 ਡੀ ਵਿੱਚ ਜ਼ਿਲ੍ਹਾ ਪਟਿਆਲਾ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਜੇਤੂ



ਰਹੇ। ਸੋਲੋ ਡਾਂਸ ਅਤੇ ਵਿਜ਼ੂਅਲ ਆਰਟ ਗਰੁੱਪ ਵਿੱਚ ਜ਼ਿਲ੍ਹਾ ਸੰਗਰੂਰ ਦੇ ਸਕੂਲ ਜੇਤੂ ਰਹੇ। ਇੰਸਟਰੂਮੈਂਟਲ ਮਿਊਜ਼ਿਕ ਮੈਲੋਡਿਕ ਵਿੱਚ ਦਿ ਮਿਲੇਨੀਅਮ ਸਕੂਲ ਫੇਜ਼-5 ਮੋਹਾਲੀ ਅਤੇ ਡਾਂਸ ਗਰੁੱਪ ਵਿੱਚ ਸ.ਸ.ਸ.ਸ. ਝੰਜੇੜੀ ਜ਼ਿਲ੍ਹਾ ਮੋਹਾਲੀ ਦੇ ਸਕੂਲਾਂ ਨੇ ਬਾਜ਼ੀ ਮਾਰੀ। ਜੇਤੂ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਅਤੇ ਟ੍ਰਾਫ਼ੀ ਨਾਲ ਸਨਮਾਨਿਤ ਕੀਤਾ ਗਿਆ।

## 115 ਬੱਚਿਆਂ ਦੀਆਂ ਅੱਖਾਂ ਦਾ ਚੈੱਕਅੱਪ ਕੀਤਾ

**ਮਾਹਿਲਪੁਰ (ਸਫ਼ਰੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਸੀਮਾ ਗਰਗ ਦੇ ਦਿਸ਼ਾ ਨਿਰਦੇਸ਼ ਅਨੁਸਾਰ ਐਸ ਐਮ ਓ ਮਾਹਿਲਪੁਰ ਡਾਕਟਰ ਜਸਵੰਤ ਸਿੰਘ ਥਿੰਦ ਦੀ ਅਗਵਾਈ ਹੇਠ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਨੇ ਸਰਕਾਰੀ ਹਾਈ ਸਕੂਲ ਲਲਵਾਣ 'ਚ ਸਕੂਲ ਇੰਚਾਰਜ ਰਾਮ ਲੁਭਾਇਆ ਦੀ ਹਾਜ਼ਰੀ ਵਿੱਚ ਸਕੂਲ ਦੇ 115 ਬੱਚਿਆਂ ਦੀਆਂ ਅੱਖਾਂ ਦਾ ਚੈਕਅੱਪ ਕਰਨ ਉਪਰੰਤ 12 ਬੱਚੇ ਨਜ਼ਰ ਕਮਜ਼ੋਰ ਪਾਏ ਗਏ ਜਿਨ੍ਹਾਂ ਨੂੰ ਐਨਕਾਂ ਦੇ ਨੰਬਰ ਦਿੱਤੇ ।ਇਸ ਮੌਕੇ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਨੇ ਬੱਚਿਆ ਨੂੰ ਅੱਖਾਂ ਦੀ ਸਾਭ ਸੰਭਾਲ ਪ੍ਰਤੀ ਜਾਗਰੂਕ ਕੀਤਾ ।ਇਸ ਮੌਕੇ ਅਪਥਾਲਮਿਕ ਅਫਸਰ



ਪਰਮਿੰਦਰ ਸਿੰਘ ਨੇ ਸਕੂਲ ਦੇ ਅਧਿਆਪਕਾ ਨੂੰ ਅੱਖਾਂ ਚੈਕ ਕਰਨ ਸਬੰਧੀ ਟਰੇਨਿੰਗ ਵੀ ਦਿੱਤੀ ।ਇਸ ਮੌਕੇ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਿਨਾ ਵਜਾ ਮੋਬਾਈਲ ਫੋਨ ਦੀ ਵਰਤੋ ਨਹੀ ਕਰਨੀ ਚਾਹੀਦੀ। ਉਨਾ ਕਿਹਾ ਜਿਆਦਾ ਫੋਨ ਦੀ ਵਰਤੋ ਕਰਨ ਨਾਲ ਵੀ ਅੱਖਾਂ ਤੇ ਮਾੜਾ ਅਸਰ ਪੈਦਾ ਹੈ। ਉਨਾ ਕਿਹਾ ਅੱਖਾ ਦੀ ਪੁਤਲੀਆਂ ਖੁਸ਼ਕ ਹੋਣ ਕਾਰਨ ਐਨਕਾਂ ਦੇ ਨੰਬਰ ਬਾਰ ਬਾਰ ਬਦਲਦੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਖਾਣਾ ਖਾਣ ਤੋ ਪਹਿਲਾ ਅਤੇ ਬਾਅਦ ਵਿਚ ਹੱਥਾ ਚੰਗੀ ਤਰਾ ਸਾਫ ਕਰ ਲੈਣੇ ਚਾਹੀਦੇ ਹਨ ਤਾ ਕਿ ਅੱਖਾ ਤੇ ਕੋਈ ਬੁਰਾ ਪ੍ਰਭਾਵ ਨਾ ਪਵੇ। ਗਗਨਦੀਪ ਸਿੰਘ, ਗੁਰਦੇਵ ਸਿੰਘ, ਮਨੋਜ ਕੁਮਾਰ ਰਾਣਾ, ਸੁਖਵਿੰਦਰ ਪਾਲ, ਮਹੇਸ਼ਇੰਦਰਸਿੰਘ, ਮਨਦੀਪਕੌਰ, ਵੀਨੂੰ ਸਮੇਤ ਸਕੂਲ ਦੇ ਬੱਚੇ ਹਾਜ਼ਰ ਸਨ।

## ਅਕਾਲੀ ਦਲ ਕਿਸਾਨਾਂ ਨੂੰ ਨਵੀਂ ਫਸਲ ਲਈ ਬੀਜ ਮੁਹੱਈਆ ਕਰਵਾਏਗਾ : ਐੱਨ ਕੇ ਸ਼ਰਮਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਮਦਦ ਲਈ, ਅਕਾਲੀ ਦਲ ਨਾ ਸਿਰਫ਼ ਆਉਣ ਵਾਲੀ ਫਸਲ ਲਈ ਬੀਜ ਮੁਹੱਈਆ ਕਰਵਾਏਗਾ ਬਲਕਿ ਆਪਣੇ ਵਰਕਰਾਂ ਦੀ ਮਦਦ ਨਾਲ ਜ਼ਮੀਨ ਵੀ ਤਿਆਰ ਕਰੇਗਾ। ਐਨ.ਕੇ. ਸ਼ਰਮਾ ਨੇ ਹੰਡੇਸਰਾ ਸਰਕਲ ਵਿਖੇ ਇੱਕ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਸਾਬਕਾ ਵਿਧਾਇਕ ਨੇ ਕਿਹਾ ਕਿ ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਰੋੜਾਂ ਰੁਪਏ ਦੀ ਵਿੱਤੀ ਸਹਾਇਤਾ ਕਰਕੇ ਲੋਕਾਂ ਦੀ ਮਦਦ ਕੀਤੀ ਹੈ, ਉੱਥੇ ਹੁਣ ਇੱਕ ਲੱਖ ਏਕੜ ਜ਼ਮੀਨ ਲਈ ਬੀਜ ਮੁਹੱਈਆ



ਕਰਵਾਏ ਜਾਣਗੇ। ਇਸ ਤੋਂ ਇਲਾਵਾ, ਅਕਾਲੀ ਦਲ ਦੇ ਵਰਕਰ ਹੜ੍ਹਾਂ ਨਾਲ ਨੁਕਸਾਨੀ ਗਈ ਜ਼ਮੀਨ ਨੂੰ ਪੱਧਰਾ ਕਰਨ ਲਈ ਕਿਸਾਨਾਂ ਦੀ ਮਦਦ ਲਈ ਟਰੈਕਟਰ ਅਤੇ ਡੀਜ਼ਲ ਮੁਹੱਈਆ ਕਰਵਾਉਣਗੇ। ਉਨ੍ਹਾਂ ਕਿਹਾ ਕਿ ਡੇਰਾਬੱਸੀ ਵਿਧਾਨ ਸਭਾ ਹਲਕੇ ਦੇ ਲਾਲੜੂ ਸਰਕਲ ਦੇ ਪਿੰਡਾਂ ਵਿੱਚ ਕਿਸਾਨਾਂ ਦੀਆਂ ਜ਼ਮੀਨਾਂ ਅਤੇ ਫਸਲਾਂ ਵੀ ਤਬਾਹ ਹੋ ਗਈਆਂ ਹਨ। ਇਸ ਮੌਕੇ ਮੋਹਾਲੀ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਕ੍ਰਿਸ਼ਨ ਪਾਲ ਸ਼ਰਮਾ, ਕੋਰ ਕਮੇਟੀ ਮੈਂਬਰ ਮਨਜੀਤ ਸਿੰਘ ਮਲਕਪੁਰ, ਯੂਥ ਵਿੰਗ ਜ਼ਿਲ੍ਹਾ ਪ੍ਰਧਾਨ ਤਰਨਬੀਰ ਪੂਨੀਆ, ਬ੍ਰਿਜੇਸ਼ ਰਾਣਾ, ਓ ਪੀ ਸ਼ਰਮਾ, ਪਰਵਿੰਦਰ ਸਿੰਘ, ਸੁਰਿੰਦਰ ਹਮਾਯੂੰਪੁਰ ਅਤੇ ਹੋਰ ਬਹੁਤ ਸਾਰੇ ਆਗੂ ਮੌਜੂਦ ਸਨ।

## ਰਿਆਤ ਬਾਹਰਾ 'ਵਰਸਿਟੀ ਵਿਖੇ ਵਿਸ਼ਵ ਫਿਜ਼ੀਓਥੈਰੇਪੀ ਦਿਵਸ ਮਨਾਇਆ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਫਿਜ਼ੀਓਥੈਰੇਪੀ ਅਤੇ ਰੇਡੀਓਲੋਜੀ ਦੇ ਵਿਭਾਗ ਨੇ ਕਲੀਅਰਮੇਡੀ ਬਾਹਰਾ ਮਲਟੀ-ਸਪੈਸ਼ਲਿਟੀ ਹਸਪਤਾਲ ਦੇ ਸਹਿਯੋਗ ਨਾਲ ਤੀਜੇ ਨਿਰੰਤਰ ਮੈਡੀਕਲ ਸਿੱਖਿਆ (ਸੀ ਐੱਮ ਈ) ਦੇ ਨਾਲ ਵਿਸ਼ਵ ਫਿਜ਼ੀਓਥੈਰੇਪੀ ਦਿਵਸ




2025 ਮਨਾਇਆ। ਇਸ ਸਾਲ ਦਾ ਵਿਸ਼ਾ ਸਿਹਤਮੰਦ ਉਮਰ - ਫਿਜ਼ੀਓਥੈਰੇਪੀ ਅਤੇ ਸਰੀਰਕ ਗਤੀਵਿਧੀ ਦੀ ਭੂਮਿਕਾ ਸੀ, ਜਿਸ ਨੇ ਬਜ਼ੁਰਗ ਆਬਾਦੀ ਵਿੱਚ ਗਤੀਸ਼ੀਲਤਾ, ਸੁਤੰਤਰਤਾ ਅਤੇ ਮਾਣ ਨੂੰ ਉਤਸ਼ਾਹਿਤ ਕਰਨ ਵਿੱਚ ਫਿਜ਼ੀਓਥੈਰੇਪੀ ਦੀ ਅਹਿਮ ਭੂਮਿਕਾ ਨੂੰ ਰੌਸ਼ਨ ਕੀਤਾ। ਸਮਾਗਮ ਦੀ ਅਗਵਾਈ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਗਰੁੱਪ ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਅਤੇ ਪ੍ਰੋ ਵਾਈਸ-ਚਾਂਸਲਰ ਡਾ. ਐਸ. ਕੇ. ਬਾਂਸਲ ਨੇ ਕੀਤੀ। ਪ੍ਰੋ. (ਡਾ.) ਲਲਿਤ ਕੁਮਾਰ ਗੁਪਤਾ, ਡੀਨ, ਯ ਐੱਸ ਪੀ ਆਰ ਨੇ ਪ੍ਰੋਗਰਾਮ ਦੀ ਅਗਵਾਈ ਕੀਤੀ। ਲਗਭਗ 300 ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਪਤਵੰਤਿਆਂ ਨੇ ਇਸ ਵਿੱਚ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋ. (ਡਾ.) ਲਲਿਤ ਕੁਮਾਰ ਗੁਪਤਾ ਦੇ ਸਵਾਗਤੀ ਸੰਬੋਧਨ ਨਾਲ ਹੋਈ, ਜਿਨ੍ਹਾਂ ਨੇ ਅੰਤਰਰਾਸ਼ਟਰੀ ਦਾਖਲਿਆਂ, ਪਲੇਸਮੈਂਟ, ਆਊਟਰੀਚ ਪ੍ਰੋਗਰਾਮਾਂ ਅਤੇ ਜਨਤਕ ਸਿਹਤ ਵਿੱਚ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ। ਗਰੁੱਪ ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਅਕਾਦਮਿਕ, ਖੋਜ ਅਤੇ ਕਲੀਨਿਕਲ ਅਭਿਆਸ ਨੂੰ ਏਕਸਾਰ ਕਰਕੇ ਸਿਹਤ ਸੰਭਾਲ ਵਿੱਚ ਉੱਤਮਤਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ।ਗੈਸਟ ਆਫ ਆਨਰ ਵਜੋਂ ਕਲੀਅਰਮੇਡੀ ਬਾਹਰਾ ਮਲਟੀ-ਸਪੈਸ਼ਲਿਟੀ ਹਸਪਤਾਲ ਦੇ ਕਲੱਸਟਰ ਹੈੱਡ ਅਤੇ ਫੈਸਿਲਿਟੀ ਡਾਇਰੈਕਟਰ ਵਿਵਾਨ ਸਿੰਘ ਗਿੱਲ ਨੇ ਵਿਸ਼ੇਸ਼ ਭਾਸ਼ਣ ਦਿੱਤਾ ਅਤੇ ਆਰ ਬੀ ਯੂ ਦੇ ਵਿਦਿਆਰਥੀਆਂ ਲਈ ਸਟੂਡੈਂਟ ਵੈਲਨੈਸ ਕਾਰਡ ਲਾਂਚ ਕੀਤ। ਸਮਾਰੋਹ ਦੀ ਮੁੱਖ ਮਹਿਮਾਨ, ਚੰਡੀਗੜ੍ਹ ਦੀ ਮੇਅਰ ਹਰਪ੍ਰੀਤ ਕੌਰ ਬਬਲਾ, ਨੇ ਵਿਭਾਗ ਦੀ ਸਮਾਜਿਕ ਤੌਰ 'ਤੇ ਢੁਕਵੇਂ ਅਕਾਦਮਿਕ ਪ੍ਰੋਗਰਾਮਾਂ ਲਈ ਸ਼ਲਾਘਾ ਕੀਤੀ।

## ਐਡਵੋਕੇਟ ਅਮਰਜੋਤ ਸਿੰਘ ਸੈਣੀ ਬਣੇ 'ਆਪ' ਦੇ ਹਲਕਾ ਸੰਗਠਨ ਇੰਚਾਰਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਐਡਵੋਕੇਟ ਅਮਰਜੋਤ ਸਿੰਘ ਸੈਣੀ ਨੂੰ ਹੁਸ਼ਿਆਰਪੁਰ ਦੇ ਹਲਕਾ ਸੰਗਠਨ ਇੰਚਾਰਜ ਨਿਯੁਕਤ ਕਰਨ ਲਈ ਪਾਰਟੀ ਸੁਪਰੀਮੋ



ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਅਤੇ ਸੂਬਾ ਪ੍ਰਧਾਨ ਅਮਨ ਅਰੋੜਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਰਜੋਤ ਸੈਣੀ ਇਕ ਨੌਜਵਾਨ, ਊਰਜਾਵਾਨ ਅਤੇ ਪ੍ਰਤੀਬੱਧ ਵਰਕਰ ਹੈ, ਜਿਸ ਕੋਲ ਸੰਗਠਨ ਦੀ ਡੂੰਘੀ ਸਮਝ ਅਤੇ ਕਾਰਜਸ਼ੈਲੀ ਹੈ। ਉਨ੍ਹਾਂ ਦਾ ਤਜ਼ਰਬਾ ਅਤੇ ਸਮਰਪਣ ਪਾਰਟੀ ਨੂੰ ਮਜ਼ਬੂਤ ਕਰੇਗਾ ਅਤੇ ਵਰਕਰਾਂ ਵਿੱਚ ਨਵੀਂ ਊਰਜਾ ਭਰੇਗਾ। ਵਿਧਾਇਕ ਜਿੰਪਾ ਨੇ ਭਰੋਸਾ ਪ੍ਰਗਟਾਇਆ ਕਿ ਉਨ੍ਹਾਂ ਦੀ ਨਿਯੁਕਤੀ ਇਲਾਕੇ ਵਿੱਚ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਜਨਤਾ ਤੱਕ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਨੂੰ ਯਕੀਨੀ ਬਣਾਏਗੀ। ਐਡਵੋਕੇਟ ਅਮਰਜੋਤ ਸਿੰਘ ਸੈਣੀ ਨੇ ਕਿ ਉਹ ਪਾਰਟੀ ਲੀਡਰਸ਼ਿਪ ਵੱਲੋਂ ਉਨ੍ਹਾਂ 'ਤੇ ਪਾਏ ਗਏ ਭਰੋਸੇ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ ਪੂਰਾ ਕਰਨਗੇ।

## ਹੜ ਪੀੜਤਾਂ ਲਈ 'ਮਿਸ਼ਨ ਚੜ੍ਹਦੀਕਲਾ' 'ਚ ਵੱਧ ਤੋਂ ਵੱਧ ਯੋਗਦਾਨ ਪਾਓ : ਸਤਨਾਮ ਜਲਾਲਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਸਤਨਾਮ ਜਲਾਲਪੁਰ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸ਼ਹੀਦ ਭਗਤ ਸਿੰਘ ਨਗਰ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਹੜ੍ਹ ਪ੍ਰਭਾਵਿਤ ਪੰਜਾਬ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਚੜ੍ਹਦੀਕਲਾ ਮਿਸ਼ਨ ਦੀ ਸ਼ੁਰੂਆਤ ਕੀਤੀ ਗਈ ਹੈ। ਹੜ੍ਹਾਂ ਵਿੱਚ ਪੰਜਾਬ ਦੇ ਲਗਭਗ 2300 ਪਿੰਡਾਂ ਵਿੱਚ ਮਕਾਨਾਂ, ਪਸ਼ੂਆਂ, ਹਸਪਤਾਲ, ਸਕੂਲਾਂ ਅਤੇ ਫਸਲਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ। ਇਸ ਵਿੱਚ ਹਿੱਸਾ ਪਾਉਣ ਲਈ



ਉਹਨਾਂ ਪੰਜਾਬ ਦੇ ਸਾਰੇ ਉਦਯੋਗਪਤੀ,ਐਨਜੀਓਜ਼ ਦੁਕਾਨਦਾਰਾਂ, ਸਮਾਜ ਸੇਵਕਾਂ, ਕਲਾਕਾਰਾਂ, ਗਾਇਕਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਔਖੀ ਘੜੀ ਦੇ ਵਿੱਚ ਅਸੀਂ ਸਾਰੇ ਰਲ ਕੇ ਆਪਣੇ ਪੰਜਾਬੀਆਂ ਦੀ ਮਦਦ ਕਰੀਏ ਅਤੇ ਪੰਜਾਬ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਯਤਨ ਕਰੀਏ।

## ਟੀਨੂੰ ਨੇ ਨਾਜਕਾ ਤੋਂ ਭੋਲਾ ਰੋਡ ਦੇ ਕੰਮ ਦਾ ਰੱਖਿਆ ਨੀਂਹ ਪੱਥਰ



**ਆਦਮਪੁਰ (ਪਰਮਜੀਤ ਸਿੰਘ)**- ਵਿਧਾਨ ਸਭਾ ਹਲਕਾ ਆਦਮਪੁਰ ਦੇ ਅਧੀਨ ਆਉਂਦੇ ਪਿੰਡ ਨਾਜਕਾ ਤੋਂ ਭੋਲਾ 1.75 ਕਰੋੜ ਦੀ ਲਾਗਤ ਨਾਲ ਤਿਆਰ 10 ਕਿਲੋਮੀਟਰ ਲਿੰਕ ਰੋਡ ਪੱਥਰ ਰੱਖ ਕੇ ਰਸਮੀ ਉਦਘਾਟਨ ਕਰਵਾਉਣ ਸਬੰਧੀ ਇੱਕ ਵੱਡਾ ਪ੍ਰੋਗਰਾਮ ਹਰਕੀਰਤ ਸਿੰਘ ਨਿੱਝਰ ਹਲਕਾ ਕੁਆਰਡੀਨੇਟਰ ਕਿਸਾਨ ਵਿੰਗ ਵਲੋਂ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਵਲੋਂ ਸ਼ਿਰਕਤ ਕੀਤੀ। ਵੱਡੀ ਗਿਣਤੀ ਵਿਚ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਪਵਨ ਟੀਨੂ ਹਲਕਾ ਇੰਚਾਰਜ ਨੇ ਦੱਸਿਆ ਕਿ ਆਪ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਸਮੇਂ ਤੋਂ ਪਹਿਲਾਂ ਹੀ ਪੂਰੇ ਕਰ ਇਤਿਹਾਸ ਕਾਇਮ ਕੀਤਾ ਹੈ। ਇਸ ਮੌਕੇ ਹਰਕੀਤ ਸਿੰਘ ਨਿੱਝਰ ਕੁਆਰਡੀਨੇਟਰ ਕਿਸਾਨ ਵਿੰਗ, ਦਲਜੀਤ ਸਿੰਘ ਮਿਨਹਾਸ ਕੋਆਰਡੀਨੇਟਰ ਨਸ਼ਾ ਮੁਕਤੀ, ਜੋਗਿੰਦਰ ਪਾਲ ਪ੍ਰਧਾਨ ਸ਼ਹਿਰੀ, ਪਰਮਜੀਤ ਪੰਮਾ ਸੰਗਠਨ ਇੰਚਾਰਜ, ਪਰਮਜੀਤ ਸਿੰਘ ਚੇਅਰਮੈਨ, ਜੱਸ ਦਿਆਲ ਸਿੰਘ, ਮਨਪ੍ਰੀਤ ਸਿੰਘ ਕਠਾਰ, ਅਮਨਦੀਪ ਸਿੰਘ ਬਿੱਟਾ, ਲਖਬੀਰ ਸਿੰਘ ਸਰਵਾਦ, ਜਸਪ੍ਰੀਤ ਸਿੰਘ ਸਰਪੰਚ, ਰਜਿੰਦਰ ਸਿੰਘ ਮੰਗੀ ਮੌਜੂਦ ਸਨ।

## ਇਨੋਸੈਂਟ ਹਾਰਟਸ ਸਕੂਲ 'ਚ 'ਕਰੀਏਟਿਵ ਕਲੇ ਕਰਾਫਟ' ਤੇ ਫਨ ਵਿਦ ਬਲਾਕਸ ਗਤੀਵਿਧੀਆਂ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਦੇ ਪ੍ਰੀ-ਪ੍ਰਾਇਮਰੀ ਸਕੂਲ, ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ ਜੰਡਿਆਲਾ ਰੋਡ, ਨੂਰਪੁਰ ਅਤੇ ਕਪੂਰਥਲਾ ਰੋਡ ਵਿੱਚ ਹਾਲ ਹੀ ਵਿੱਚ ਦੋ




ਰੋਚਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਦਾ ਉਦੇਸ਼ ਬੱਚਿਆਂ ਦੀ ਰਚਨਾਤਮਕਤਾ ਅਤੇ ਸਿੱਖਣ ਦੀ ਸਮਰੱਥਾ ਨੂੰ ਉਤਸ਼ਾਹਿਤ ਕਰਨਾ ਸੀ। ਕਲੇ ਕਰਾਫਟ ਐਕਟੀਵਿਟੀ ਦੇ ਅਧੀਨ ਐਲ ਕੇ ਜੀ ਅਤੇ ਯੂ ਕੇ ਜੀ ਦੇ ਜਗਿਆਸੂ ਬੱਚਿਆਂ ਨੇ ਉਤਸ਼ਾਹ ਨਾਲ ਕੱਚੀ ਮਿੱਟੀ ਨਾਲ ਫੁੱਲ, ਬੂਟੇ, ਪੰਛੀ, ਤਿਤਲੀਆਂ, ਛੱਤਰੀਆਂ ਅਤੇ ਪ੍ਰਸਿੱਧ ਕਾਰਟੂਨ ਕਿਰਦਾਰਾਂ ਵਰਗੀਆਂ ਸੁੰਦਰ ਤਸਵੀਰਾਂ ਬਣਾਈਆਂ। ਇਸ ਗਤੀਵਿਧੀ ਨੇ ਵਿਦਿਆਰਥੀਆਂ ਨੂੰ ਆਪਣੀ ਕਲਪਨਾਸ਼ੀਲਤਾ ਦਿਖਾਉਣ ਅਤੇ ਨਾਲ ਹੀ ਸੂਖਮ ਮੋਟਰ ਸਕਿਲਜ਼ ਅਤੇ ਕਲਾਤਮਕ ਅਭਿਵਿਅਕਤੀ ਵਿਕਸਿਤ ਕਰਨ ਦਾ ਸ਼ਾਨਦਾਰ ਮੌਕਾ ਪ੍ਰਦਾਨ ਕੀਤਾ। ਇਸੇ ਦੌਰਾਨ ਪ੍ਰੀ-ਨਰਸਰੀ ਅਤੇ ਨਰਸਰੀ ਕਲਾਸਾਂ ਲਈ ਫਨ ਵਿਦ ਬਲਾਕਸ ਗਤੀਵਿਧੀ ਨੇ ਬੱਚਿਆਂ ਨੂੰ ਬਲਾਕਸ ਦੀ ਵਰਤੋਂ ਕਰਕੇ ਵੱਖ-ਵੱਖ ਆਕ੍ਰਿਤੀਆਂ ਅਤੇ ਵਸਤੂਆਂ ਬਣਾਉਣ ਦਾ ਰੋਮਾਂਚਕ ਮੰਚ ਮੁਹੱਈਆ ਕਰਵਾਇਆ। ਇੰਨੋਸੈਂਟ ਹਾਰਟਸ ਦੀ ਡਾਇਰੈਕਟਰ (ਸੀ ਐਸ ਆਰ) ਡਾ. ਪਲਕ ਗੁਪਤਾ ਬੋਰੀ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਪ੍ਰਯੋਗਾਤਮਕ ਗਤੀਵਿਧੀਆਂ ਨਾ ਸਿਰਫ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਦੀਆਂ ਹਨ, ਸਗੋਂ ਸਮੱਸਿਆ ਹੱਲ ਕਰਨ ਦੀ ਸਮਰੱਥਾ ਅਤੇ ਵਿਚਾਰਸ਼ੀਲ ਸਮਝ ਨੂੰ ਵੀ ਵਧਾਉਂਦੀਆਂ ਹਨ।

## ਚੇਅਰਮੈਨ ਚੰਦਨ ਗਰੇਵਾਲ ਨੇ ਸੁਣੀਆਂ ਸਫ਼ਾਈ ਕਰਮਚਾਰੀਆਂ ਦੀਆਂ ਮੁਸ਼ਕਲਾਂ

**ਫਿਲੌਰ (ਨਿਰਮਲ)**- ਪੰਜਾਬ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਨਗਰ ਕੌਂਸਲ ਫਿਲੌਰ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਫ਼ਾਈ ਕਰਮਚਾਰੀਆ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਜਿਨ੍ਹਾਂ 'ਚ ਸਫ਼ਾਈ ਕਰਮਚਾਰੀ ਯੂਨੀਅਨ ਨੂੰ ਆਪਣਾ ਦਫ਼ਤਰ ਦਿੱਤਾ ਜਾਵੇ ਤਾਂ ਜੋ ਯੂਨੀਅਨ ਸਮੇਂ-ਸਮੇਂ 'ਤੇ ਆਪਣੀਆਂ ਮੀਟਿੰਗਾਂ ਕਰ ਸਕਣ, ਸਫ਼ਾਈ ਕਰਮਚਾਰੀ ਅਤੇ ਸੀਵਰਮੈਨ ਜੋ ਕੰਟਰੈਕਟ ਬੇਸ ਉੱਪਰ ਹਨ ਉਨ੍ਹਾਂ ਨੂੰ ਜਲਦ ਤੋਂ ਜਲਦ ਰੈਗੂਲਰ ਕੀਤਾ ਜਾਵੇ ਕਿਉਂਕਿ ਇਨ੍ਹਾਂ ਕੰਟਰੈਕਟ ਬੇਸ ਸਫ਼ਾਈ ਸੇਵਕਾਂ ਨੂੰ ਡਿਊਟੀ ਨਿਭਾਉਂਦੇ ਹੋਏ ਤਿੰਨ ਸਾਲ ਤੋਂ ਉੱਪਰ ਹੋ ਗਏ ਹਨ, ਜੋ ਸਫ਼ਾਈ ਕਰਮਚਾਰੀ/ਸੀਵਰਮੈਨ ਆਊਟਸੋਰਸ ਉੱਪਰ ਆਪਣੀ ਡਿਊਟੀ ਨਿਭਾ ਰਹੇ ਹਨ ਉਨ੍ਹਾ ਨੂੰ ਸਰਕਾਰ ਦੇ ਡੀ ਸੀ ਰੇਟ ਉੱਪਰ ਕੀਤਾ ਜਾਵੇ। ਕੰਟਰੈਕਟ ਬੇਸ ਉੱਪਰ ਸਿੱਧਾ ਦਫ਼ਤਰ ਨਗਰ ਕੌਂਸਲ ਫਿਲੌਰ ਦੇ ਅੰਦਰ ਕਰਕੇ ਰੈਗੂਲਰ ਕੀਤਾ ਜਾਵੇ, ਜੋ ਸਫ਼ਾਈ ਸੇਵਕ/ਸੀਵਰਮੈਨ/ਦਫ਼ਤਰੀ ਕਰਮਚਾਰੀ 2004 ਤੋਂ ਬਾਅਦ ਰੈਗੂਲਰ ਭਰਤੀ ਹੋਏ ਹਨ ਉਨ੍ਹਾਂ ਨੂੰ ਪੈਨਸ਼ਨ ਦੇ ਅੰਦਰ ਕੀਤਾ ਜਾਵੇ ਤਾਂ ਕਿ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ, ਪੂਰਣ ਤੌਰ ਉੱਪਰ ਆਊਟਸੋਰਸ/ਠੇਕਾ ਭਰਤੀ ਬੰਦ ਕੀਤੀ ਜਾਵੇ। ਇਸ ਤਰ੍ਹਾਂ ਭਰਤੀ ਕਰਨ ਨਾਲ ਸਫ਼ਾਈ ਸੇਵਕਾਂ/ ਸੀਵਰਮੈਨਾਂ/ਦਫ਼ਤਰੀ



ਕਰਮਚਾਰੀਆਂ ਦਾ ਸ਼ੋਸ਼ਣ ਹੁੰਦਾ ਹੈ, ਜੋ ਸਫ਼ਾਈ ਸੇਵਕ ਸੀਵਰਮੈਨ ਦਫ਼ਤਰੀ ਕਰਮਚਾਰੀ ਆਊਟਸੋਰਸ/ਕੰਟਰੈਕਟ ਬੇਸ ਉੱਪਰ ਭਰਤੀ ਕੀਤੇ ਗਏ ਹਨ ਉਨ੍ਹਾਂ ਨੂੰ ਸਿੱਧੇ ਤੌਰ ਉੱਪਰ ਪੋਲਿਸੀ ਬਣਾ ਕੇ ਇਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ, ਸਾਰੇ ਸਮੂਹ ਦਫ਼ਤਰੀ ਸਟਾਫ਼ ਆਊਟਸੋਰਸਿੰਗ ਜਿਵੇਂ ਕਿ ਕਲਰਕ, ਕੰਪਿਊਟਰ ਅਪ੍ਰੇਟਰ, ਸੁਪਰਵਾਈਜਰ, ਇਲੈਕਟ੍ਰੀਸ਼ਨ, ਡਰਾਈਵਰ, ਸੇਵਾਦਾਰ, ਮਾਲੀ ਅਤੇ ਚੌਂਕੀਦਾਰ ਆਦਿ ਸਾਡਾ ਦਫ਼ਤਰੀ ਭਾਈਚਾਰਾ ਸਟਾਫ਼ ਵੀ ਸਮੂਹ ਸਫ਼ਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਦੀ ਤਰ੍ਹਾਂ ਇਨ੍ਹਾਂ ਨੂੰ ਵੀ ਕੰਟਰੈਕਟ ਅਧਾਰ/ਰੈਗੂਲਰ ਕੀਤਾ ਜਾਵੇ , ਜੋ ਸਫ਼ਾਈ ਸੇਵਕ/ਸੀਵਰਮੈਨ/ਦਫ਼ਤਰੀ ਕਰਮਚਾਰੀ ਨਗਰ ਕੌਂਸਲ ਫਿਲੌਰ ਵਿਖੇ ਲੱਗੇ ਹਨ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਡੀ.ਸੀ ਰੇਟ ਚੰਡੀਗੜ੍ਹ ਦਿੱਤਾ ਜਾਵੇ ਕਿਉਂਕਿ ਪੰਜਾਬ ਦਾ ਡੀ.ਸੀ ਰੇਟ ਬਹੁਤ ਜਿਆਦਾ ਘੱਟ ਹੈ। ਜਿਸ ਨਾਲ ਇਹ ਮੁਲਾਜ਼ਮ/ਕਰਮਚਾਰੀ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਵਧੀਆ ਕਰ ਸਕਣ। ਸਫ਼ਾਈ ਕਰਮਚਾਰੀ ਯੂਨੀਅਨ ਵੱਲੋਂ ਮੰਗਾਂ ਜਲਦ ਤੋਂ ਜਲਦ ਪੂਰੀਆਂ ਕਰਨ ਦੀ ਮੰਗ ਕੀਤੀ। ਇਸ ਮੌਕੇ ਚੇਅਰਮੈਨ ਚੰਦਨ ਗਰੇਵਾਲ ਨੇ ਸਫ਼ਾਈ ਕਰਮਚਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਜਲਦ ਪੂਰੀਆਂ ਕੀਤੀਆਂ ਜਾਣਗੀਆਂ। ਇਸ ਮੌਕੇ 'ਤੇ ਸਾਬਕਾ ਕੌਂਸਲਰ ਸੁਰਿੰਦਰ ਡਾਬਰ, ਸਾਬਕਾ ਕੌਂਸਲਰ ਪਰਮਜੀਤ ਭਾਰਤੀ, ਪ੍ਰਧਾਨ ਮਨੀ ਲਾਲ, ਵਾਇਸ ਪ੍ਰਧਾਨ ਰਜਿੰਦਰ ਕੁਮਾਰ, ਜਨਰਲ ਸਕੱਤਰ ਰਾਮ ਲਾਲ ਉਰਫ਼ ਅਸ਼ੋਕ ਕੁਮਾਰ, ਜੁਆਇੰਟ ਸਕੱਤਰ ਰਾਜੂ, ਬੰਟੀ ਅਤੇ ਹੋਰ ਸਫ਼ਾਈ ਮੁਲਾਜ਼ਮ ਮੌਜੂਦ ਸਨ।

## ਕੋਮਾ 'ਚ ਗਈ ਲੜਕੀ ਦਾ ਢਾਹਾਂ ਕਲੇਰਾਂ ਹਸਪਤਾਲ 'ਚ ਹੋਇਆ ਸਫ਼ਲ ਇਲਾਜ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੈਡੀਕਲ ਵਿਭਾਗ ਦੇ ਮੁਖੀ ਡਾ. ਵਿਵੇਕ ਗੁੰਬਰ ਅਤੇ ਉਨ੍ਹਾਂ ਦੀ ਟੀਮ ਜਿਗਰ ਦੀ ਬਿਮਾਰੀ ਕਾਰਨ ਕੋਮਾ ਵਿੱਚ ਗਈ ਸਤਾਰਾਂ ਸਾਲ ਉਮਰ ਦੀ ਮਰੀਜ਼ ਲੜਕੀ ਦਾ ਸਫਲ ਇਲਾਜ ਕਰਕੇ ਉਸ ਨੂੰ ਮੌਤ ਦੇ ਮੂੰਹ 'ਚੋਂ ਬਾਹਰ ਕੱਢਣ ਵਿੱਚ ਕਾਮਯਾਬ ਰਹੀ ਹੈ । ਡਾ. ਵਿਵੇਕ ਗੁੰਬਰ ਨੇ ਮੀਡੀਆ ਨੂੰ ਦੱਸਿਆ ਕਿ ਉਕਤ ਮਰੀਜ਼ ਨੂੰ ਕੋਮਾ ਦੀ ਹਾਲਤ ਵਿੱਚ ਬੇਹੱਦ ਮਾੜੀ ਸਥਿਤੀ ਵਿੱਚ ਹਸਪਤਾਲ ਵਿਖੇ ਲਿਆਂਦਾ ਗਿਆ ਸੀ। ਜਿਗਰ ਦੀ ਸੋਜਿਸ਼ ਕਾਰਨ ਉਸ ਨੂੰ ਪੀਲੀਆ ਹੋ ਚੁੱਕਾ ਸੀ ਤੇ ਜਿਸ ਦਾ ਅਸਰ ਇਹ ਹੋਇਆ ਕਿ ਉਹ ਗਰੇਡ ਚਾਰ ਹੈਪਾਟਿਕ ਐਨਸੈਫਲੋਪੈਥੀ ਦੇ ਅਸਰ



ਕਾਰਨ ਦਿਮਾਗ 'ਤੇ ਪਏ ਬਹੁਤ ਬੁਰੇ ਪ੍ਰਭਾਵਾਂ ਕਾਰਨ ਉਹ ਕੋਮਾ ਵਿੱਚ ਪਹੁੰਚ ਗਈ ਸੀ। ਮਰੀਜ਼ ਨੂੰ ਆਈ ਸੀ ਯੂ ਵਿਭਾਗ ਵਿੱਚ ਭਰਤੀ ਕਰਕੇ ਇਲਾਜ ਸ਼ੁਰੂ ਕੀਤਾ ਗਿਆ। ਡਾਕਟਰੀ ਟੀਮ ਦੀ ਦਿਨ-ਰਾਤ ਦੀ ਮਿਹਨਤ ਰੰਗ ਲਿਆਈ ਛੇ ਦਿਨ ਆਈ ਸੀ ਯੂ ਅਤੇ ਤਿੰਨ ਦਿਨ ਪ੍ਰਾਈਵੇਟ ਵਾਰਡ ਵਿੱਚ ਇਲਾਜ ਤੋਂ ਬਾਅਦ ਇਹ ਲੜਕੀ ਹੁਣ ਤੰਦਰੁਸਤ ਹੈ। ਮਰੀਜ਼ ਦੇ ਪਰਵਾਰ ਨੇ ਡਾ. ਵਿਵੇਕ ਗੁੰਬਰ, ਸਮੂਹ ਮੈਡੀਕਲ ਅਫਸਰਾਂ, ਨਰਸਿੰਗ ਸਟਾਫ ਅਤੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਵੀ ਡਾਕਟਰੀ ਟੀਮਾਂ ਦੀ ਯੋਗ ਰਹਿਨੁਮਾਈ ਲਈ ਧੰਨਵਾਦ ਕੀਤਾ।

## ਪ੍ਰਵਾਸੀ ਮਜ਼ਦੂਰਾਂ ਦੇ ਸਮੁੱਚੇ ਭਾਈਚਾਰੇ ਖਿਲਾਫ ਨਫਰਤ ਦਾ ਮਾਹੌਲ ਬਣਾਉਣਾ ਅਤਿ ਮੰਦਭਾਗਾ : ਰਾਣਾ



**ਬਲਾਚੌਰ (ਜਸਵਿੰਦਰ ਬੈਂਸ)**- ਪਿਛਲੇ ਦਿਨੀ ਹੁਸ਼ਿਆਰਪੁਰ ਵਿਖੇ ਬੱਚੇ ਦੇ ਕਾਤਲਾਂ ਲਈ ਸਖਤ ਸਜ਼ਾ ਦੀ ਮੰਗ ਦੀ ਬਜਾਏ, ਭਾਈਚਾਰਕ ਸਾਂਝ ਵਿੱਚ ਵੰਡੀਆਂ ਪਾਉਣ ਦਾ ਇਹ ਏਜੰਡਾ ਚਲਾਣਾ ਅਤਿ ਮੰਦਭਾਗਾ ਸਾਬਤ ਹੋ ਰਿਹਾ ਹੈ। ਇਹ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਬਲਾਚੌਰ ਮਨਰੇਗਾ ਕਿਰਤੀਆਂ ਦੇ ਆਗੂਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਕੁੱਝ ਵਿਅਕਤੀਆਂ ਦੀ ਗਲਤੀ ਲਈ ਕਿਸੇ ਵੀ ਸਮੁੱਚੇ ਭਾਈਚਾਰੇ ਨੂੰ ਜਿੰਮੇਵਾਰ ਠਹਿਰਾਉਣਾ ਨਿਆਂ ਸੰਗਤ ਨਹੀਂ ਹੈ। ਇਹ ਮੰਗ ਹੋਵੇ ਕਿ ਹਰ ਅਪਰਾਧੀ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਮਿਲੇ। ਆਧਾਰ ਕਾਰਡ, ਪਿਛਲਾ ਅਪਰਾਧਕ ਰਿਕਾਰਡ ਅਤੇ ਰਹਾਇਸ਼ ਸਬੰਧੀ ਪੜਤਾਲ ਕਰਨੀ ਪੁਲਸ ਦਾ ਕੰਮ ਹੈ।

## ਕਲਾ ਉਤਸਵ ਮੁਕਾਬਲਿਆਂ 'ਚ ਰੇਲਵੇ ਮੰਡੀ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੋਨ ਪੱਧਰੀ (ਅੰਤਰ ਜ਼ਿਲ੍ਹਾ) ਕਲਾ ਉਤਸਵ ਮੁਕਾਬਲੇ 16 ਸਿਤੰਬਰ ਨੂੰ ਆਈ ਐਫ ਐਸ ਕਾਲੇਜ ਆਫ ਫਾਰਮੇਸੀ, ਮੋਗਾ ਵਿਖੇ




ਆਯੋਜਿਤ ਕੀਤੇ ਗਏ।ਇਹਨਾ ਮੁਕਾਬਲਿਆਂ ਵਿੱਚ ਵੱਖ ਵੱਖ ਜ਼ਿਲ੍ਹਿਆਂ ਦੇ ਵੱਖ ਵੱਖ ਸਰਕਾਰੀ, ਸਹਾਇਤਾ ਪ੍ਰਾਪਤ, ਅਤੇ ਪ੍ਰਾਈਵੇਟ ਸਕੂਲਾਂ ਦੀਆਂ ਜ਼ਿਲ੍ਹਾ ਪੱਧਰ ਤੇ ਜੇਤੂ ਟੀਮਾਂ ਨੇ ਭਾਗ ਲਿਆ। ਹੁਸ਼ਿਆਰਪੁਰ ਜਿਲੇ ਦੇ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਲਲਿਤਾ ਅਰੋੜਾ ਦੇ ਯੋਗ ਮਾਰਗਦਰਸ਼ਨ ਅਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਦੇ ਪ੍ਰਿੰਸੀਪਲ ਰਾਜਨ ਅਰੋੜਾ ਦੀ ਯੋਗ ਅਗਵਾਈ ਵਿੱਚ ਰੇਲਵੇ ਮੰਡੀ ਸਕੂਲ ਦੀਆਂ ਵਿਦਿਆਰਥਣਾਂ ਨੇ ਵੱਖ ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਵੱਡੀ ਜਿੱਤ ਹਾਸਿਲ ਕਰਕੇ ਰੇਲਵੇ ਮੰਡੀ ਸਕੂਲ ਅਤੇ ਜਿਲਾ ਹੁਸ਼ਿਆਰਪੁਰ ਦਾ ਨਾਮ ਪੂਰੇ ਪੰਜਾਬ ਵਿੱਚ ਰੌਸ਼ਨ ਕੀਤਾ ਹੈ। ਵਿਜ਼ੂਅਲ ਆਰਟਸ 2ਡੀ ਮੁਕਾਬਲੇ ਵਿੱਚ ਹਰਮਨਪ੍ਰੀਤ ਨੇ ਪਹਿਲਾ ਸਥਾਨ, ਥੀਏਟਰ ਮੁਕਾਬਲੇ ਵਿੱਚ ਨੇਹਾ, ਨਿਕਿਤਾ ਕਲਸੀ, ਮਨਜੋਤ ਅਤੇ ਰਿਬਕਾਹ ਨੇ ਪਹਿਲਾ ਸਥਾਨ, ਸਟੋਰੀ ਟੈਲਿੰਗ ਮੁਕਾਬਲੇ ਵਿੱਚ ਲਵਪ੍ਰੀਤ ਕੌਰ ਅਤੇ ਲੱਛਮੀ ਨੇ ਦੂਜਾ ਸਥਾਨ, ਲੋਕ ਗੀਤ ਗਰੁੱਪ ਮੁਕਾਬਲੇ ਵਿੱਚ ਦਲਜੀਤ ਕੌਰ, ਹੇਤਲ ਸ਼ਰਮਾ, ਪਰਮਿੰਦਰ ਕੌਰ ਅਤੇ ਸਮੀਕਸ਼ਾ ਦੀ ਟੀਮ ਨੇ ਦੂਜਾ ਸਥਾਨ, ਕਲਾਸੀਕਲ ਡਾਂਸ ਸੋਲੋ ਮੁਕਾਬਲੇ ਵਿੱਚ ਸੂਰਜ ਚੰਚਲਾ ਕੁਮਾਰੀ ਨੇ ਤੀਜਾ ਸਥਾਨ ਅਤੇ ਵਿਜ਼ੂਅਲ ਆਰਟਸ ਗਰੁੱਪ ਖਿਡੌਣੇ ਬਣਾਉਣ ਦੇ ਮੁਕਾਬਲੇ ਵਿਚ ਇਸ਼ਿਮਾ ਅਤੇ ਸਿਮਰਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

## ਲੋਹੀਆਂ ਖਾਸ 'ਚ 'ਪ੍ਰਵਾਸੀ ਭਜਾਓ-ਪੰਜਾਬ ਬਚਾਓ' ਮੁਹਿੰਮ ਤਹਿਤ ਮੀਟਿੰਗ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਵਾਲਮੀਕਿ ਸਭਾ ਲੋਹੀਆਂ ਖਾਸ ਵੱਲੋਂ ਧਰਮਪਾਲ ਧੰਮਾ ਪ੍ਰਧਾਨ ਦੀ ਅਗਵਾਈ ਹੇਠ ਇੱਕ ਹੰਗਾਮੀ ਮੀਟਿੰਗ ਵਾਲਮੀਕਿ ਮੰਦਿਰ ਲੋਹੀਆਂ ਖਾਸ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਅਵਿਨਾਸ਼ ਨਾਹਰ, ਸੰਗਤ ਸਿੰਘ ਰੰਧਾਵਾ, ਪਰਮਜੀਤ ਸਿੰਘ ਜੱਬੋਵਾਲ, ਪਵਨ ਸੀਚੇਵਾਲ, ਹਰਭਜਨ ਸਿੰਘ ਫੌਜੀ, ਸੁਰਿੰਦਰ ਕੁਮਾਰ ਨੰਬਰਦਾਰ, ਦੇਬੀ ਪ੍ਰਧਾਨ, ਲਹਿੰਬਰ ਭੱਟੀ ਡੁਮਾਣਾ, ਨਛੱਤਰ ਪ੍ਰਧਾਨ, ਰਵੀ ਮੀਏਵਾਲ, ਸਰਪੰਚ ਰਾਣਾ ਢੁੱਲ, ਮੰਗੀ ਕੰਗ, ਗੁਰਮੇਲ ਲੱਡਾ ਸਾਬਕਾ ਕੌਂਸਲਰ, ਵਿਸ਼ਾਲ ਨਾਹਰ, ਹਨੀ ਨਾਹਰ, ਰਾਹੁਲ ਤੇਜੀ, ਜੋਬਨ ਲੋਹੀਆਂ, ਗਗਨ ਤੇਜੀ, ਗੋਰੀ ਤੇਜੀ, ਭੱਟੀ ਡੇਰੀ ਵਾਲਾ, ਨਕੁਲ ਨਾਹਰ, ਧਰਮ ਚੰਦ ਜੱਬੋਵਾਲ, ਵਿਸ਼ਾਲ ਸ਼ਾਲੂ, ਸ਼ਨੀ ਬਾਊਂਸਰ ਅਤੇ ਵਿੱਕੀ ਸਮੇਤ ਹੋਰ ਮੈਂਬਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸੰਗਤ ਸਿੰਘ ਰੰਧਾਵਾ ਨੇ ਦੱਸਿਆ ਕਿ ਸਰਵਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਹੈ ਕਿ ਪੰਜਾਬ ਦੇ ਸ਼ਹਿਰ ਹੁਸ਼ਿਆਰਪੁਰ ਅਤੇ ਹੋਰਾਂ ਥਾਵਾਂ ਤੇ ਪ੍ਰਵਾਸੀ ਮਜ਼ਦੂਰਾਂ ਵੱਲੋਂ ਕੀਤੇ ਗਏ ਅਣਮਨੁੱਖੀ ਕਾਰਿਆਂ ਅਤੇ ਕਤਲਾਂ ਦੇ ਮਾਮਲੇ ਨੂੰ ਧਿਆਨ ਚ ਰੱਖਦੇ ਹੋਏ 'ਪ੍ਰਵਾਸੀ ਭਜਾਓ-ਪੰਜਾਬ ਬਚਾਓ' ਦਾ ਨਾਅਰਾ ਦਿੰਦੇ ਹੋਏ 19 ਸਤੰਬਰ ਨੂੰ ਲੋਹੀਆਂ ਸ਼ਹਿਰ ਨੂੰ ਬੰਦ ਰੱਖਿਆ ਜਾਵੇਗਾ। ਉਹਨਾਂ ਸਾਫ ਕੀਤਾ ਕਿ ਸਾਰੇ ਸਕੂਲ, ਸਕੂਲਾਂ ਦੀਆਂ ਬੱਸਾਂ, ਡਾਕਟਰਾਂ, ਹਸਪਤਾਲਾਂ, ਪ੍ਰੈੱਸ, ਸਬਜ਼ੀਆਂ, ਦੁੱਧ ਸਮੇਤ ਹੋਰ ਐਮਰਜੈਂਸੀ ਸੇਵਾਵਾਂ ਨੂੰ ਚੱਲਦਾ ਰੱਖਿਆ ਜਾਵੇਗਾ। ਉਹਨਾਂ ਪ੍ਰਸ਼ਾਸਨ ਅਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਬੰਦ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ।

## ਪਰਮਾਤਮਾ ਦੀ ਪ੍ਰਾਪਤੀ ਲਈ ਇਨਸਾਨ ਨੂੰ ਆਪਣੇ ਅੰਦਰ ਹੀ ਜਾਣਾ ਪਵੇਗਾ : ਬਾਬਾ ਸ਼ੇਰ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਦੁਨੀਆਂ ਦਾ ਹਰ ਇਨਸਾਨ ਧਾਰਮਿਕ ਸਥਾਨਾਂ ਤੇ ਪੂਜਾ ਪਾਠ ਤੋਂ ਇਲਾਵਾ ਮੱਥੇ ਟੇਕ ਕੇ ਪਰਮ ਪਿਤਾ ਪਰਮੇਸ਼ਵਰ ਨੂੰ ਪਾਉਣ ਲਈ ਆਸਾਨ ਤੋਂ ਅਸਾਨ ਤਰੀਕੇ ਲੱਭਦਾ ਰਹਿੰਦਾ ਹੈ, ਪਰ ਪਰਮਾਤਮਾ ਤਾਂ ਹਰ ਇਨਸਾਨ ਦੇ ਅੰਦਰ ਹੈ ਅਤੇ ਉਸ ਨੂੰ ਪਾਉਣ ਲਈ ਸਤਿਗੁਰ ਵੱਲੋਂ ਬਖਸ਼ੇ ਗਏ ਤੇ ਉਨ੍ਹਾਂ ਵੱਲੋਂ ਦੱਸੇ ਗਏ ਤਰੀਕੇ ਨਾਲ ਜਿਹੜੇ ਇਨਸਾਨ ਨਾਮ ਸਿਮਰਨ ਦਾ ਜਾਪ ਕਰਕੇ ਆਪਣਾ ਦਸਵਾਂ ਦੁਆਰ ਖੋਲ ਕੇ ਅੰਦਰ ਜਾਂਦੇ ਹਨ ਉਹ ਪਰਮਾਤਮਾ ਨੂੰ ਪਾ ਲੈਂਦੇ ਹਨ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ



ਸੱਚੀ ਦਰਗਾਹ ਤੇ ਦੂਜੇ ਕਲੀਅਰ ਸ਼ਰੀਫ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਨੂੰ ਪਰਮ ਪਿਤਾ ਪਰਮੇਸ਼ਵਰ ਦੇ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਘੋੜੀਆਂ ਵਾਲੇ ਨੇ ਕਿਹਾ ਕਿ ਅੱਜ ਤੱਕ ਕਿਸੇ ਵੀ ਇਨਸਾਨ ਨੂੰ ਪਰਮਾਤਮਾ ਬਾਹਰੋਂ ਨਹੀਂ ਮਿਲਿਆ ਜਿਸ ਨੂੰ ਵੀ ਮਿਲਿਆ ਆਪਣੇ ਅੰਦਰੋਂ ਹੀ ਮਿਲਿਆ ਹੈ। ਦਰਬਾਰ ਵਿੱਚ ਲੱਗੇ ਕ੍ਰਿਸ਼ਮਈ ਨਲਕੇ ਦਾ ਜਲ ਲੈਣ ਲਈ ਦਿਨ ਰਾਤ ਸੰਗਤ ਦਾ ਤਾਂਤਾ ਲੱਗਿਆ ਰਿਹਾ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਚੱਲਦਾ ਰਿਹਾ। ਇਸ ਮੌਕੇ ਤੇ ਬੀਬੀ ਬਲਜੀਤ ਕੌਰ, ਸੇਵਾਦਾਰ ਮੀਰ ਕਮਲ ਸਾਬਰੀ, ਸ਼ਹਿਜ਼ਾਦਾ ਡਾਕਟਰ ਮੀਰ ਹਸਨ, ਦੇਵੀਕਾ, ਰਾਜੇਸ਼ ਜਸਰਾ, ਅਮਨ ਸੈਣੀ ਅਤੇ ਹੋਰ ਸੰਗਤ ਨੇ ਬਾਬਾ ਜੀ ਦੇ ਦਰਬਾਰ 'ਚ ਹਾਜ਼ਰੀ ਲਗਵਾਈ।

19 Sep Page 9.qxd 9/18/2025 10:00 PM Page 1





# ਪੇਂਡੂ ਵਿਦਿਆਰਥੀਆਂ ਨੂੰ ਖੇਡਾਂ 'ਚ ਅੱਗੇ ਵਧਣ ਦਾ ਪੂਰਾ ਮੌਕਾ ਦੇਵੇਗੀ ਸਰਕਾਰ : ਬੀਰ ਦਵਿੰਦਰ ਸਿੰਘ

**ਸ੍ਰੀ ਚਮਕੌਰ ਸਾਹਿਬ (ਅਮਰਜੀਤ ਸਿੰਘ ਕਲਸੀ)**- ਪੰਜਾਬ ਸਰਕਾਰ ਪੇਂਡੂ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਅੱਗੇ ਵਧਣ ਦਾ ਪੂਰਾ ਮੌਕਾ ਦੇਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਅਪੈਕਸ ਮੈਂਬਰ ਬੀਰਦਵਿੰਦਰ ਸਿੰਘ ਬੱਲਾਂ ਨੇ ਨਜ਼ਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਮੈਦਾਨ ਵਿੱਚ ਚੱਲ ਰਹੇ ਜ਼ਿਲ੍ਹਾ ਪੱਧਰੀ ਕ੍ਰਿਕਟ ਮੁਕਾਬਲਿਆਂ ਵਿੱਚ ਖੇਡ ਰਹੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਟੂਰਨਾਮੈਂਟ ਕਮੇਟੀ ਦੀ ਮਾਲੀ ਮਦਦ ਵੀ ਕੀਤੀ। ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਅਤੇ ਜੋਨਲ ਸਕੱਤਰ ਸੁਰਮੁੱਖ ਸਿੰਘ ਨੇ ਦੱਸਿਆ ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਦੀ ਰਹਿਨੁਮਾਈ, ਪ੍ਰਿੰਸੀਪਲ ਇੰਦਰਜੀਤ ਕੌਰ ਦੀ ਅਗਵਾਈ ਅਤੇ ਸ਼ਰਨਜੀਤ ਕੌਰ ਸਪੋਰਟਸ ਕੁਆਰਡੀਨੇਟਰ ਰੂਪਨਗਰ, ਉਪ ਕਨਵੀਨਰ ਹਰਮਨਦੀਪ ਸਿੰਘ ਸੰਧੂ ਦੀ ਦੇਖਰੇਖ ਹੇਠ ਅੰਡਰ 17 ਸਾਲ ਵਿਚ ਰੂਪਨਗਰ ਜੋਨ ਨੇ ਨੰਗਲ ਜੋਨ ਨੂੰ ਸੱਤ ਵਿਕਟਾਂ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਉਮਰ ਵਰਗ 19 ਸਾਲ ਵਿੱਚ ਰੂਪਨਗਰ ਤੇ ਨੰਗਲ ਦੀਆਂ ਟੀਮਾਂ ਕ੍ਰਮਵਾਰ ਅਨੰਦਪੁਰ ਸਾਹਿਬ ਅਤੇ ਮੋਰਿੰਡਾ ਨੂੰ ਹਰਾ ਕੇ ਫਾਈਨਲ ਵਿੱਚ ਪਹੁੰਚ ਗਈਆਂ ਹਨ। ਟੂਰਨਾਮੈਂਟ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਹਰਮਨਦੀਪ ਸਿੰਘ ਉਪ ਕਨਵੀਨਰ, ਸੁਰਮੁੱਖ ਸਿੰਘ, ਸਰਬਜੀਤ ਕੌਰ ਬੂਰ ਮਾਜਰਾ, ਗੁਰਿੰਦਰ ਸਿੰਘ ਹਫਿਜ਼ਾਬਾਦ, ਰਾਜਵੀਰ ਸਿੰਘ ਸਲੇਮਪੁਰ, ਗੁਰਵਿੰਦਰ ਸਿੰਘ ਪੁਰਖਾਲੀ , ਰਵਿੰਦਰ ਸਿੰਘ ਧਨੌਰੀ, ਅਮਨਦੀਪ ਸਿੰਘ ਢੰਗਰਾਲੀ, ਭਵਨਦੀਪ ਸਿੰਘ ਮੜੌਲੀ ਕਲਾਂ ਆਦਿ ਨੇ ਭਰਪੂਰ ਯੋਗਦਾਨ ਪਾਇਆ।

# ਸੋਹਾਣਾ ਵਿਖੇ ਹਿੰਦੀ ਪਖਵਾੜਾ ਮਨਾਇਆ

● ਸੁਨਿਧੀ ਨੇ ਹਿੰਦੀ ਵਿਸ਼ੇ ਵਿੱਚ ਸੌ ਵਿੱਚ ਸੌ ਅੰਕ ਪ੍ਰਾਪਤ ਕਰਕੇ ਕੀਤਾ ਕਮਾਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਸੋਹਾਣਾ (ਐਸ ਏ ਐਸ ਨਗਰ) ਵਿੱਚ ਹਿੰਦੀ ਪਖਵਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਬੋਰਡ ਵਿੱਚ ਹਿੰਦੀ ਵਿਸ਼ੇ ਵਿੱਚ 100 ਫੀਸਦੀ ਅੰਕ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ 10 ਵੀਂ ਦੇ ਵਿਦਿਆਰਥਣ, ਅਲੀਸ਼ਾ ਨੇ ਹਿੰਦੀ ਭਾਸ਼ਾ ਦੇ ਇਤਿਹਾਸ ਅਤੇ ਮਹੱਤਵ 'ਤੇ ਰੋਸ਼ਨੀ ਪਾਈ। ਸਮੀਤਾ, ਹਰਸ਼ਿਤਾ, ਅਵਿਜੰਤ, ਪ੍ਰਿਆਂਸ਼ੀ, ਸ਼ਾਨਵੀ, ਅਸਫੀਆ, ਸਿਮਰਨ ਕੌਰ, ਜਸ਼ਨਪ੍ਰੀਤ ਕੌਰ, ਅਨਮੋਲ, ਗੁਰਨੂਰ ਕੌਰ, ਦੀਪਾਂਸ਼ੀ, ਰਾਘਵੀ, ਸੁਖਚੈਨ ਕੌਰ, ਪੱਲਵੀਂ, ਆਇਨਾ, ਪ੍ਰੀਤ, ਮਾਹੀ ਛੇਵੀਂ ਏ ਯਮਨਦੀਪ ਕੌਰ ਛੇਵੀਂ, ਆਇਸ਼ਾ ਸੱਤਵੀਂ ਏ ਨੇ ਹਿੰਦੀ ਭਾਸ਼ਾ ਅਤੇ ਵੱਖ-ਵੱਖ ਵਿਸ਼ਿਆਂ ਨੂੰ ਸਮਰਪਿਤ ਕਵਿਤਾਵਾਂ ਪੇਸ਼ ਕਰਕੇ ਸਭਾ ਦਾ ਮਨ ਜਿੱਤ ਲਿਆ ਅਤੇ ਸਾਰੇ ਨੇ ਤਾੜੀਆਂ ਦੀ ਗੂੰਜ ਨਾਲ ਇਸ ਨੂੰ ਮਨਜ਼ੂਰੀ ਦਿੱਤੀ। ਸਾਰੇ ਪ੍ਰਤੀਯੋਗੀਆਂ ਨੂੰ ਸੁਧਾ ਜੈਨ, ਹਿੰਦੀ ਅਧਿਆਪਿਕਾ ਵੱਲੋਂ ਉਤਸ਼ਾਹਿਤ ਕਰਨ ਲਈ ਇਨਾਮ ਦਿੱਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਹਿਮਾਂਸ਼ੂ ਢੰਡ ਨੇ ਖੁਸ਼ੀ ਪ੍ਰਗਟ ਕਰਦਿਆਂ ਜਾਣਕਾਰੀ ਦਿੱਤੀ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਬੋਰਡ ਦੇ ਨਤੀਜੇ ਸੌ ਪ੍ਰਤੀਸ਼ਤ ਰਹੇ ਹਨ। ਸਾਲ 2023-24 ਹਿੰਦੀ ਵਿੱਚ ਰਮਨਜੋਤ ਕੌਰ, ਹੰਸਿਕਾ ਮਹਿਰਾ-97 ਅੰਕ, ਆਸਥਾ ਸਪੀਨਾ-94 ਅੰਕ, ਹਰਮਨਪ੍ਰੀਤ ਕੌਰ ਮਨਪ੍ਰੀਤ ਕੌਰ -ਨੰਦੀਵਰ ਰਖਾਲੀ-93 ਅੰਕ, ਰੋਸ਼ਨੀ-92 ਅੰਕ, ਪਰੀ ਅਰੋੜਾ ਪ੍ਰਾਚੀ ਸ਼ਰਮਾ ਅਨੀਸ਼ਾ ਗੁਪਤਾ ਆਸ਼ਾ ਕੁਮਾਰੀ-90 ਅੰਕ ਪ੍ਰਾਪਤ ਕਰਨ ਤੇ ਹਿੰਦੀ ਅਧਿਆਪਕ ਸੰਘ, ਪੰਜਾਬ ਦੁਆਰਾ ਦਿੱਤੇ ਗਏ ਪ੍ਰਸ਼ੰਸਾ ਪੱਤਰਾਂ ਅਤੇ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ। ਸਾਲ 2024-25 ਵਿੱਚ ਸੁਨਿਧੀ ਨੇ ਹਿੰਦੀ ਵਿਸ਼ੇ ਵਿੱਚ 100/100 ਅੰਕ ਪ੍ਰਾਪਤ ਕੀਤੇ। ਸੁਖਜੀਤ ਕੌਰ ਨੇ 99/100 ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਤੀਜੇ ਸਥਾਨ 'ਤੇ ਹਰਕੀਰਤ ਕੌਰ, ਨਿਹਾਰਿਕਾ ਵਰਮਾ, ਸੰਜਨਾ ਸ਼ਰਨਪ੍ਰੀਤ ਕੌਰ 98/100, ਨੇਹਾ-96 ਅੰਕ, ਅਕਸ਼ਰਾ-93 ਅੰਕ, ਸਵਾਤੀ-ਮੇਘਵਤੀ 92 ਅੰਕ, ਵੰਸ਼ਿਕਾ 91 ਅੰਕ, ਨਵਜੋਤ ਨੇ 90 ਅੰਕ ਪ੍ਰਾਪਤ ਕੀਤੇ।



# ਮਹਾਂਕਵੀ ਭਾਈ ਸੰਤੋਖ ਸਿੰਘ ਦਾ ਜਨਮ ਦਿਨ ਸਮਾਗਮ 21 ਨੂੰ ਮਨਾਇਆ ਜਾਵੇਗਾ

**ਜਲੰਧਰ (ਨ ਜ ਸ)**- ਮਹਾਕਵੀ ਭਾਈ ਸੰਤੋਖ ਸਿੰਘ ਦਾ ਜਨਮ ਸਮਾਗਮ 21 ਸਤੰਬਰ ਨੂੰ ਜਲੰਧਰ 'ਚ ਵੱਡੇ ਪੱਧਰ ਤੇ ਮਨਾਇਆ ਜਾਏਗਾ। ਇਸ ਬਾਰੇ ਮਹਾਕਵੀ ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਬੇਦੀ ਅਤੇ ਜਨਰਲ ਸਕੱਤਰ ਜੁਗਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਜਨਮ ਦਿਨ ਸਮਾਗਮ ਹਰ ਸਾਲ ਵਾਂਗ ਇਸ ਵਾਰ 21 ਸਤੰਬਰ ਨੂੰ ਪੰਜਾਬ ਪ੍ਰੈਸ ਕਲੱਬ ਵਿਖੇ ਸਵੇਰੇ 11.30 ਵਜੇ ਮਨਾਇਆ ਜਾਏਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸੈਂਟਰਲ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ ਦੇ ਚਾਂਸਲਰ ਡਾ. ਐੱਚ. ਐੱਸ. ਬੇਦੀ ਮਹਾਕਵੀ ਦੇ ਜੀਵਨ ਤੇ ਰਚਨਾ ਸੰਬੰਧੀ ਗੱਲਬਾਤ ਕਰਨਗੇ। ਪੰਜਾਬੀ ਦੇ ਪ੍ਰਸਿੱਧ ਕਾਵਿ-ਹਸਤਾਖਰ ਬੀਬਾ ਬਲਵੰਤ ਨੂੰ ਮਹਾਕਵੀ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤਾ ਜਾਏਗਾ। ਬੀਬਾ ਬਲਵੰਤ ਕਾਵਿ ਰਚਨਾ ਦੇ ਨਾਲ ਨਾਲ ਨਾਟਕ, ਫਿਲਮਾਂ ਤੇ ਚਿੱਤਰਕਾਰੀ ਦੇ ਖੇਤਰ ਨਾਲ ਵੀ ਜੁੜੇ ਹੋਏ ਹਨ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਸਮਰੱਥ ਕਥਾਕਾਰ ਕਰਨਲ ਜਸਬੀਰ ਭੁੱਲਰ ਕਰਨਗੇ। ਮੁੱਖ ਮਹਿਮਾਨ ਵਜੋਂ ਸਿੱਖ ਚਾਵਲਾ ਸਮਾਗਮ 'ਚ ਸ਼ਾਮਲ ਹੋਣਗੇ। ਬੀਬਾ ਬਲਵੰਤ ਦੀ ਸ਼ਾਇਰੀ ਬਾਰੇ ਡਾ. ਰਵਿੰਦਰ ਅਤੇ ਡਾ. ਨਵਜੋਤ ਕੌਰ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਪ੍ਰੋਗਰਾਮ ਸੰਬੰਧੀ ਹੋਈ ਮੀਟਿੰਗ ਵਿੱਚ ਡਾ. ਰਾਮ ਮੂਰਤੀ ਅਤੇ ਇੰਜੀਨੀਅਰ ਕਰਮਜੀਤ ਸਿੰਘ ਵੀ ਸ਼ਾਮਲ ਸਨ।

ਬੀਬਾ ਬਲਵੰਤ ਨੂੰ ਮਹਾਕਵੀ ਯਾਦਗਾਰੀ ਪੁਰਸਕਾਰ

## ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵਲੋਂ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਅਪੀਲ

**ਬੰਗਾ (ਅਵਤਾਰ ਕਲੇਰ)**- ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੀ ਇਕਾਈ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਬਾਬਾ ਗੋਲਾ ਪਾਰਕ ਬੰਗਾ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਹੜ੍ਹ ਦੌਰਾਨ ਮਰਨ ਵਾਲੇ ਅਤੇ ਜਿਲ੍ਹੇ ਅੰਦਰ ਵਿੱਛੜ ਗਏ ਪੈਨਸ਼ਨਰ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਆਗੂਆਂ ਨੇ ਕਿਹਾ ਕਿ ਹੜ੍ਹ ਤੋਂ ਪ੍ਰਭਾਵਿਤ ਹਰ ਵਿਅਕਤੀ ਦੀ ਸਰਕਾਰ ਵਲੋਂ ਯੋਗ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਜਿੱਥੇ ਫ਼ਸਲਾਂ ਦਾ ਨੁਕਸਾਨ ਹੋਇਆ ਹੈ, ਉੱਥੇ ਕੁੱਝ ਲੋਕਾਂ ਦੇ ਮਕਾਨਾਂ ਦਾ ਵੀ ਨੁਕਸਾਨ ਹੋਇਆ ਹੈ।




ਮਜ਼ਦੂਰ ਵਰਗ ਦਾ ਰੁਜ਼ਗਾਰ ਵੀ ਪ੍ਰਭਾਵਿਤ ਹੋਇਆ ਹੈ। ਯੋਗ ਮੁਆਵਜ਼ਾ ਬਿਨਾਂ ਦੇਰੀ ਦਿੱਤਾ ਜਾਣਾ ਚਾਹੀਦਾ ਹੈ। ਹੜ੍ਹ ਪੀੜ੍ਹਤਾਂ ਦੀ ਮਦਦ ਲਈ ਪੈਨਸ਼ਨਰ ਸਾਥੀਆਂ ਨੂੰ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਆਪਣੇ ਪੱਧਰ ਤੇ ਸਹਿਯੋਗ ਕੀਤਾ ਜਾਵੇ। ਇਸ ਮੀਟਿੰਗ ਵਿੱਚ ਰਾਮ ਮਿੱਤਰ ਕੋਹਲੀ, ਪਰਮਜੀਤ ਸਿੰਘ ਜੌਹਰ, ਹਰਬਲਾਸ ਹੀਓ, ਜਸਵੀਰ ਸਿੰਘ ਮੋਰੋਂ, ਸ਼ੰਕਰ ਦਾਸ, ਰਾਮ ਰਤਨ, ਹਰਬੰਸ ਲਾਲ, ਤਰਲੋਕ ਸਿੰਘ ਫਲੋਰਾ, ਸੁਰਜੀਤ ਸਿੰਘ, ਨਿਰਮਲ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਗਈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕ ਵਾਸਤੇ ਅਗਾਊਂ ਪ੍ਰਬੰਧ ਕੀਤੇ ਜਾਣ।

# ਵਿਸ਼ਵ ਰੋਬੋਟਿਕਸ ਚੈਂਪੀਅਨਸ਼ਿਪ 2025, ਐੱਲ ਪੀ ਯੂ ਨੇ 60 ਤੋਂ ਵੱਧ ਦੇਸ਼ਾਂ ਦੀਆਂ 500 ਤੋਂ ਵੱਧ ਟੀਮਾਂ ਨੂੰ ਹਰਾ ਕੇ ਪ੍ਰਤਿਯੋਗਤਾ ਜਿੱਤੀ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ ਵਿਦਿਆਰਥੀਆਂ ਨੇ ਦਿੱਲੀ-ਐਨ ਸੀ ਆਰ (ਨੋਇਡਾ) ਵਿੱਚ ਆਯੋਜਿਤ ਵਿਸ਼ਵ ਰੋਬੋਟਿਕਸ ਚੈਂਪੀਅਨਸ਼ਿਪ 2025-ਟੈਕਨੋਕਸੀਅਨ ਵਰਲਡ ਕੱਪ 9.0 ਵਿੱਚ ਦਬਦਬਾ ਬਣਾਇਆ। ਆਲ ਇੰਡੀਆ ਕੌਂਸਲ ਫਾਰ ਰੋਬੋਟਿਕਸ ਐਂਡ ਆਟੋਮੇਸ਼ਨ (ਏ ਆਈ ਸੀ ਆਰ ਏ) ਦੁਆਰਾ ਆਯੋਜਿਤ ਦੁਨੀਆ ਦੀ ਸਭ ਤੋਂ ਵੱਡੀ ਰੋਬੋਟਿਕਸ ਚੈਂਪੀਅਨਸ਼ਿਪ ਵਿੱਚ ਕੈਨੇਡਾ, ਜਰਮਨੀ, ਘਾਨਾ, ਅਫਗਾਨਿਸਤਾਨ, ਬੰਗਲਾਦੇਸ਼, ਬ੍ਰਾਜ਼ੀਲ, ਈਰਾਨ, ਕੀਨੀਆ, ਮਲੇਸ਼ੀਆ, ਮੈਕਸੀਕੋ, ਮੋਰੋਕੋ, ਨਾਈਜੀਰੀਆ, ਨਾਰਵੇ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਸਮੇਤ 60 ਤੋਂ ਵੱਧ ਦੇਸ਼ਾਂ ਦੀਆਂ 22,000 ਤੋਂ ਵੱਧ ਭਾਗੀਦਾਰ ਅਤੇ 500 ਤੋਂ ਵੱਧ ਕੁਲੀਨ ਟੀਮਾਂ ਸ਼ਾਮਲ ਹੋਈਆਂ। ਰੋਬੋਸੋਕਰ ਤੋਂ ਲੈ ਕੇ ਡਰੋਨ ਲੜਾਈਆਂ ਅਤੇ ਉੱਚ-ਤਕਨੀਕੀ ਚੁਣੌਤੀਆਂ ਤੱਕ, ਅਖਾੜਾ ਰੋਬੋਟਿਕਸ ਅਤੇ ਏਆਈ ਵਿੱਚ ਸਭ ਤੋਂ ਚਮਕਦਾਰ ਪ੍ਰਤਿਭਾਵਾਂ ਲਈ ਆਪਣੇ ਆਪ ਨੂੰ ਸਾਬਤ ਕਰਨ ਲਈ ਇੱਕ ਵਧੀਆ ਪਲੇਟਫਾਰਮ ਬਣ ਗਿਆ, ਅਤੇ ਐਲ ਪੀ ਯੂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਸ਼ਵ ਪੱਧਰੀ ਮੁਕਾਬਲਾ ਨਵੀਨਤਾ ਅਤੇ ਉੱਨਤ ਹੁਨਰਾਂ ਦੁਆਰਾ ਜਿੱਤਿਆ ਗਿਆ। ਐਲਪੀਯੂ ਦੀ ਟੀਮ, ਕਰਮਯੋਧਾ ਬੋਟਸ ਨੇ ਆਰਸੀ ਇਲੈਕਟ੍ਰਿਕ ਕਾਰ ਵਿੱਚ ਸੋਨੇ ਦਾ ਤਗਮਾ ਅਤੇ ਰੋਬੋ ਰੋਬੋ ਹਾਕੀ ਵਿੱਚ ਚਾਂਦੀ ਦੇ ਤਗਮੇ ਜਿੱਤੇ, ਜਦੋਂ ਕਿ ਟੀਮ ਆਈਵੋਰਾ ਨੇ ਉਸੇ ਰੋਬੋ ਹਾਕੀ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਿਆ, ਅਤੇ ਟੀਮ ਫਾਲਕਨ ਨੇ ਡਰੋਨ ਸੌਕਰ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਇਹ ਸਮੂਹਿਕ ਸਫਲਤਾ ਮਨਦੀਪ ਸਿੰਘ ਅਤੇ ਰੁਹੁਲ ਅਮੀਨ ਚੌਧਰੀ ਦੇ ਮਾਹਰ ਮਾਰਗਦਰਸ਼ਨ ਹੇਠ ਪ੍ਰਾਪਤ ਕੀਤੀ ਗਈ, ਜਿਨ੍ਹਾਂ ਦਾ ਮਾਰਗਦਰਸ਼ਨ ਵਿਦਿਆਰਥੀਆਂ ਨੂੰ ਇਸ ਆਖਰੀ ਚੁਣੌਤੀ ਲਈ ਤਿਆਰ ਕਰਨ ਵਿੱਚ ਮਹੱਤਵਪੂਰਨ ਸੀ।



# ਡੀ ਟੀ ਐੱਫ ਦਾ ਵਫਦ ਏ ਡੀ ਸੀ ਨੂੰ ਮਿਲਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡੈਮੋਕਰੈਟਿਕ ਟੀਚਰਜ ਫਰੰਟ ਪੰਜਾਬ ਵੱਲੋਂ ਚੋਣ ਵੋਟਾਂ ਦੀ ਸਪੈਸ਼ਲ ਸੁਧਾਈ ਵਿੱਚ ਲੱਗੇ ਬੀ ਐਲ ਓਜ ਨੂੰ ਦਰਪੇਸ਼ ਸਮੱਸਿਆ ਬਾਰੇ ਏ ਡੀ ਸੀ ਓਇਸ਼ੀ ਮੰਡਲ ਨੂੰ ਮਿਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਡੀ ਟੀ ਐਫ ਦੇ ਸੂਬਾ ਸੰਯੁਕਤ ਸਕੱਤਰ ਮੁਕੇਸ਼ ਕੁਮਾਰ ਸੰਜੀਵ ਕਲਸੀ ਤੇ ਪੈਨਸ਼ਨਰ ਆਗੂ ਸਤਪਾਲ ਕਲੇਰ ਨੇ ਦੱਸਿਆ ਕਿ ਵਫਦ ਨੇ ਮੰਗ ਕੀਤੀ ਕਿ ਪੰਜਾਬ ਦੇ ਪੜੇ ਲਿਖੇ ਬੇਰੁਜ਼ਗਾਰਾਂ ਦਾ ਇੱਕ ਵਿਭਾਗ ਬਣਾ ਕੇ ਵੋਟਾਂ ਦਾ ਸਮੁੱਚਾ ਕੰਮ ਇਹਨਾਂ ਬੇਰੁਜ਼ਗਾਰਾਂ ਤੋਂ ਲਿਆ ਜਾਵੇ ਅਤੇ ਇਹਨਾਂ ਨੂੰ ਡੀ ਸੀ ਰੇਟਾਂ ਅਨੁਸਾਰ ਬਣਦਾ ਮਾਨ ਭੱਤਾ ਦਿੱਤਾ ਜਾਵੇ ਇਸ ਨਾਲ ਜਿੱਥੇ ਬੇਰੁਜ਼ਗਾਰੀ ਘਟੇਗੀ ਉੱਥੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਤੇ ਲੱਦਿਆ ਹੋਇਆ ਬੋਝ ਘਟੇਗਾ, ਸਤੰਬਰ ਟੈਸਟ ਅਤੇ ਬੱਚਿਆਂ ਦੀ ਪੜ੍ਹਾਈ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਅਧਿਆਪਕਾਂ ਤੋਂ ਵੋਟਾਂ ਬਾਰੇ ਕੰਮ ਨਾ ਲਿਆ ਜਾਵੇ, ਐਸ ਆਈ ਆਰ ਵਿੱਚ ਲੱਗੇ ਮੁਲਾਜ਼ਮਾਂ ਨੂੰ ਦਿੱਤੇ ਕੰਮ ਨੂੰ ਪੂਰਾ ਕਰਨ ਲਈ ਘੱਟੋ ਘੱਟ ਇੱਕ ਮਹੀਨੇ ਦਾ ਸਮਾਂ ਦਿੱਤਾ ਜਾਵੇ, ਸਮੂਹ ਸਰਕਾਰੀ ਅਫਸਰਸ਼ਾਹੀ ਦੇ ਬੱਚਿਆਂ ਦਾ ਸਰਕਾਰੀ ਸਕੂਲਾਂ ਵਿੱਚ ਦਾਖਲਾ ਲਾਜ਼ਮੀ ਕੀਤਾ ਜਾਵੇ। ਆਗੂਆਂ ਕਿਹਾ ਕਿ ਜੇਕਰ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਮਜਬੂਰਨ ਉਹਨਾਂ ਨੂੰ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪਵੇਗਾ।



## ਡਾ. ਮੀਰਾ ਨੇ ਸਹਾਇਕ ਸਿਹਤ ਅਫ਼ਸਰ ਦਾ ਅਹੁਦਾ ਸੰਭਾਲਿਆ

**ਜਲੰਧਰ (ਸ਼ੈਲੀ ਐਲਬਰਟ)**- ਡਾ. ਮੀਰਾ ਵਲੋਂ ਸਿਵਲ ਸਰਜਨ ਦਫ਼ਤਰ ਜਲੰਧਰ ਵਿਖੇ ਸਹਾਇਕ ਸਿਹਤ ਅਫ਼ਸਰ ਵਜੋਂ ਅਹੁਦਾ ਸੰਭਾਲਿਆ ਗਿਆ। ਉਨ੍ਹਾ ਵਲੋਂ ਸਿਹਤ ਵਿਭਾਗ ਪੰਜਾਬ 'ਚ ਸਾਲ 1998 ਵਿੱਚ ਸਿਵਲ ਹਸਪਤਾਲ ਲੁਧਿਆਣਾ ਵਿਖੇ ਮੈਡੀਕਲ ਅਫ਼ਸਰ ਵਜੋਂ ਆਪਣੀਆਂ ਸੇਵਾਵਾਂ ਦਾ ਸਫਰ ਸ਼ੁਰੂ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਸਾਲ 2014 ਤੋਂ 2022 ਤੱਕ ਸੀ ਐਚ ਸੀ ਪੀ ਏ ਪੀ ਵਿਖੇ ਵੀ ਬਤੌਰ ਮੈਡੀਕਲ ਅਫ਼ਸਰ ਸੇਵਾਵਾਂ ਨਿਭਾਈਆਂ ਗਈਆਂ। ਡਾ. ਮੀਰਾ 2022 ਤੋਂ ਸਿਵਲ ਹਸਪਤਾਲ ਜਲੰਧਰ ਦੇ ਪੀ ਪੀ ਯੂਨਿਟ ਵਿਖੇ ਹੀ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਸੇਵਾਵਾਂ ਨਿਭਾ ਰਹੇ ਸਨ।ਸਿਵਲ ਸਰਜਨ ਦਫ਼ਤਰ ਜਲੰਧਰ ਵਿਖੇ ਬਤੌਰ ਸਹਾਇਕ ਸਿਹਤ ਅਫ਼ਸਰ (ਏ.ਐਚ.ਓ.) ਦਾ ਅਹੁਦਾ ਸੰਭਾਲਣ ਮੌਕੇ ਡਾ. ਮੀਰਾ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਵੱਖ-ਵੱਖ ਕੌਮੀ ਸਿਹਤ ਸਕੀਮਾਂ ਤੇ ਪ੍ਰੋਗਰਾਮਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣਾ ਹੀ ਉਨ੍ਹਾਂ ਦੀ ਤਰਜੀਹ ਹੋਵੇਗੀ।



# ਝੋਨੇ ਦੀ ਖਰੀਦ ਸੰਬੰਧੀ ਕਿਸਾਨਾਂ ਤੇ ਆੜ੍ਹਤੀਆਂ ਨਾਲ ਮੀਟਿੰਗ

● ਨਿਰਧਾਰਤ ਨਮੀ ਵਾਲਾ ਝੋਨਾ ਲਿਆਉਣ ਦੀ ਅਪੀਲ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਖਰੀਫ ਸੀਜ਼ਨ 2025-26 ਦੇ ਮੱਦੇਨਜਰ ਮਾਰਕੀਟ ਕਮੇਟੀ ਵੱਲੋਂ ਨਵਾਂਸ਼ਹਿਰ ਦੇ ਆੜ੍ਹਤੀਆਂ ਨਾਲ ਮੀਟਿੰਗ ਕਰਕੇ ਖਰੀਦ ਪ੍ਰਬੰਧਾਂ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਗਿਆ। ਮਾਰਕੀਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ ਅਤੇ ਜ਼ਿਲ੍ਹਾ ਮੰਡੀ ਅਫਸਰ ਜਸ਼ਨਦੀਪ ਸਿੰਘ ਨੇ ਕਿਹਾ ਕਿ ਕਿਸਾਨਾਂ, ਆੜ੍ਹਤੀਆਂ ਅਤੇ ਮਜਦੂਰਾਂ ਨੂੰ ਝੋਨੇ ਦੀ ਖਰੀਦ ਦੌਰਾਨ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਗਗਨ ਅਗਨੀਹੋਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫਸਲ ਦੀ ਅਦਾਇਗੀ 24 ਘੰਟਿਆਂ ਦੇ ਅੰਦਰ-ਅੰਦਰ ਕਰਨੀ ਯਕੀਨੀ ਬਣਾਈ ਜਾਵੇਗੀ।ਜ਼ਿਲ੍ਹਾ ਮੰਡੀ ਅਫਸਰ ਜਸ਼ਨਦੀਪ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 3.88 ਲੱਖ ਮੀਟਰਿਕ ਟਨ ਝੋਨੇ ਦੀ ਆਮਦ ਦੀ ਸੰਭਾਵਨਾ ਹੈ ਤੇ ਮੰਡੀਆਂ ਪ੍ਰਬੰਧ ਯਕੀਨੀ ਬਣਾਏ ਗਏ ਹਨ। ਇਸ ਮੌਕੇ ਆੜ੍ਹਤੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਕਿਸਾਨਾਂ ਨੂੰ ਮੰਡੀਆਂ ਵਿੱਚ ਨਿਰਧਾਰਤ ਮਾਪਦੰਡ ਵਾਲਾ ਝੋਨਾ ਹੀ ਲਿਆਉਣ ਦੀ ਤਾਕੀਦ ਕਰਨ । ਚੇਅਰਮੈਨ ਗਗਨ ਅਗਨੀਹੋਤਰੀ ਨੇ ਦੱਸਿਆ ਕਿ ਮਾਰਕੀਟ ਕਮੇਟੀ ਅਧੀਨ ਆਉਂਦੀਆਂ ਸਾਰੀਆਂ ਮੰਡੀਆਂ ਦੀ ਐਂਟਰੀ 'ਤੇ ਨਮੀਂ ਚੈਕ ਕਰਨ ਲਈ ਸਟਾਫ ਤੈਨਾਤ ਕਰ ਦਿੱਤਾ ਗਿਆ ਹੈ ਅਤੇ ਝੋਨੇ ਦੀ ਸਰਕਾਰੀ ਖਰੀਦ ਲਈ ਨਮੀਂ ਦੀ ਮਾਤਰਾ 17 ਫੀਸਦੀ ਨਿਰਧਾਰਤ ਕੀਤੀ ਗਈ ਹੈ।



# ਮੱਕੀ ਦੇ ਨਵੇਂ ਬੀਜ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਗੇ : ਡਾ ਰਾਕੇਸ਼ ਸ਼ਰਮਾ

**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਗੁਲਪੁਰ ਦੇ ਅਗਾਂਹ ਵਧੂ ਕਿਸਾਨ ਜੁਝਾਰ ਸਿੰਘ ਬੈਂਸ ਦੇ ਫਾਰਮ ਤੇ ਐਡਵਾਂਟਾ ਇੰਡੀਆ ਵੱਲੋਂ ਮੱਕੀ ਦੀ ਫਸਲ ਨੂੰ ਉਤਸਾਹਤ ਕਰਨ ਲਈ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਅਨੁਮਾਨ ਤਹਿਤ ਸੈਮੀਨਾਰ ਲਗਾਇਆ ਗਿਆ ।ਇਸ ਮੌਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁੱਖ ਖੇਤੀਬਾੜੀ ਅਫਸਰ ਡਾਕਟਰ ਰਾਕੇਸ਼ ਸ਼ਰਮਾ ਨੇ ਕਿਹਾ ਝੋਨੇ ਦੀ ਫਸਲ ਦੇ ਬਦਲ ਵਜੋਂ ਮੱਕੀ ਦੀ ਕਾਸ਼ਤ (ਝੋਨੇ ਦੀ ਫਸਲ ਤੋਂ ਵੱਧ ਉਪਜ ਦੇਣ ਵਾਲੇ, ਮੱਕੀ ਦੇ ਬੀਜਾਂ ਦੀ ਖੋਜ) ਨੇ ਪੰਜਾਬ ਦੇ ਕਿਸਾਨ ਦੀ ਲੁੜਕੀ ਹੋਈ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਉਹਨਾਂ ਕਿਹਾ ਕਿ ਦੇਸ਼ ਨੂੰ ਇਸ ਸਮੇਂ ਈਥਾਨੋਲ ਦੀ ਸਖਤ ਲੋੜ ਹੈ ।ਮੱਕੀ ਦੇ ਨਵੇਂ ਬੀਜਾਂ ਪੀਏਸੀ 741 ਅਤੇ ਪੀਏਸੀ 765 ਵਿੱਚ ਇਥਾਨੋਲ ਵੱਧ ਮਾਤਰਾ ਵਿੱਚ ਪਾਇਆ ਜਾਂਦਾ ਹੈ ।ਇਸ ਮੌਕੇ ਡਾਕਟਰ ਵਿਵੇਕ ਸ਼ਰਮਾ ਜੀਐਮ ਐਡਵਾਂਟਾ ਇੰਡੀਆ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਕੰਪਨੀ ਨੇ ਨਵੇਂ ਯੁਗ ਦੀ ਸ਼ੁਰੂਆਤ ਵਜੋਂ ਅਜਿਹੇ ਮੱਕੀ ਬੀਜਾਂ ਦੀ ਖੋਜ ਕੀਤੀ ਹੈ ਜਿਹੜੇ ਝੋਨੇ ਦੀ ਫਸਲ ਦੀ ਆਮਦਨ ਤੋਂ ਵੱਧ ਮੁਨਾਫਾ ਦੇ ਸਕਦੇ ਹਨ। ਇਸ ਮੌਕੇ ਵਿਜੇ ਮਹੇਸ਼ੀ ਖੇਤੀਬਾੜੀ ਵਿਕਾਸ ਅਧਿਕਾਰੀ ਸ਼ਹੀਦ ਭਗਤ ਸਿੰਘ ਨਗਰ , ਪ੍ਰਮਿੰਦਰ ਸਿੰਘ ਬੀਜ ਵਿਕਾਸ ਅਧਿਕਾਰੀ,ਉੱਤਮ ਸਿੰਘ ਸੇਠੀ, ਅਗਾਂਹ ਵਧੂ ਕਿਸਾਨ ਦੀਦਾਰ ਸਿੰਘ ਸ਼ੇਤਰਾ, ਜੈ ਕ੍ਰਿਸ਼ਨ ਹੁਸ਼ਿਆਰਪੁਰ, ਅਭੀਸ਼ੇਕ ਰਾਣਾ, ਬਲਬੀਰ ਸਿੰਘ ਗੁੱਲਪੁਰ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਵੀ ਹਾਜ਼ਰ ਸਨ।




## ਜ਼ਿਲ੍ਹਾ ਪਰਵਾਰ ਭਲਾਈ ਅਫਸਰ ਵੱਲੋਂ ਤਿੰਨ ਅਲਟਰਾਸਾਊਂਡ ਸਕੈਨ ਸੈਂਟਰਾਂ ਦੀ ਅਚਨਚੇਤ ਚੈਕਿੰਗ

**ਨਵਾਂਸ਼ਹਿਰ (ਮਨੋਜ ਲਾਡੀ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਹਰੀਸ਼ ਕਿਰਪਾਲ ਨੇ ਬੁੱਧਵਾਰ ਨੂੰ ਨਵਾਂਸ਼ਹਿਰ ਦੇ ਤਿੰਨ ਨਿੱਜੀ ਅਲਟਰਾਸਾਊਂਡ ਸਕੈਨ ਸੈਂਟਰਾਂ ਦੀ ਅਚਨਚੇਤ ਚੈਕਿੰਗ ਕੀਤੀ। ਇਸ ਮੌਕੇ ਉਨ੍ਹਾਂ ਨੇ ਅਲਟਰਾਸਾਊਂਡ ਸਕੈਨ ਸੈਂਟਰਾਂ ਦੇ ਰਿਕਾਰਡ ਦੀ ਜਾਂਚ ਵੀ ਕੀਤੀ। - ਉਨ੍ਹਾਂ ਨਾਲ ਕਾਰਜਕਾਰੀ ਪੀ ਐੱਨ ਡੀ ਟੀ ਕੋਆਡੀਨੇਟਰ ਹਰਨੇਕ ਸਿੰਘ ਵੀ ਮੌਜੂਦ ਸਨ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਹਰੀਸ਼ ਕਿਰਪਾਲ ਨੇ ਦੱਸਿਆ ਕਿ ਪੀ ਸੀ-ਪੀ ਐਨ ਡੀ ਟੀ ਐਕਟ ਦਾ ਮੁੱਖ ਉਦੇਸ਼ ਜਨਮ ਤੋਂ ਪਹਿਲਾਂ ਦੇ ਲਿੰਗ 1 ਨਿਰਧਾਰਨ ਟੈਸਟਾਂ 'ਤੇ ਪਾਬੰਦੀ ਲਗਾ ਕੇ ਦੇ ਮਾਦਾ ਭਰੂਣ ਹੱਤਿਆ ਨੂੰ ਰੋਕਣਾ ਹੈ। ਉਨ੍ਹਾਂ ਨੇ ਨਿੱਜੀ ਅਲਟਰਾਸਾਊਂਡ ਸਕੈਨ ਸੈਂਟਰਾਂ ਪ੍ਰਤੀਨਿਧੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਐਕਟ ਦੀਆਂ ਧਾਰਾਵਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਐਕਟ ਨੂੰ ਸਖ਼ਤੀ ਨਾਲ ਲਾਗੂ ਕਰਕੇ ਭਰੂਣ ਹੱਤਿਆ ਵਰਗੀ ਅਲਾਮਤ ਨੂੰ ਨੱਥ ਪਾਈ ਜਾ ਰਹੀ ਹੈ।ਇਸ ਐਕਟ ਦਾ ਮੁੱਖ ਉਦੇਸ਼ ਭਰੂਣ ਦੇ ਲਿੰਗ ਨਿਰਧਾਰਨ 'ਤੇ ਪ੍ਰਭਾਵਸ਼ਾਲੀ ਨਿਯੰਤਰਣ ਲਗਾਉਣਾ ਹੈ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਜੋ ਵੀ ਕੋਈ ਐਕਟ ਦੀ ਉਲੰਘਣਾ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਤੇ ਜੱਦੀ ਘਰ ਹੋਵੇਗੀ ਦੀਪ ਮਾਲਾ ਤੇ ਵਿਚਾਰ-ਚਰਚਾ



**ਬੰਗਾ (ਅਵਤਾਰ ਕਲੇਰ)**- ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ 28 ਸਤੰਬਰ ਸ਼ਾਮ 7 ਵਜੇ ਉਸ ਦੇ ਜੱਦੀ ਘਰ ਉਪਰ ਖਟਕੜ ਕਲਾਂ ਹੋਏਗੀ ਦੀਪ ਮਾਲਾ। ਜ਼ਿਕਰਯੋਗ ਹੈ ਕਿ ਬੇਜ਼ਮੀਨੇ ਮਜ਼ਦੂਰ ਪਰਵਾਰ ਵਿਸ਼ੇਸ਼ ਤੌਰ ਤੇ ਦੋ ਤਿੰਨ ਦਿਨ ਪਹਿਲਾਂ ਇਸ ਸਮਾਗਮ ਦੀ ਤਿਆਰੀ ਵਿਚ ਜੁਟ ਜਾਣਗੇ। ਇਸ ਦਿਨ ਪਹਿਲਾਂ ਕਿਰਤੀ ਘਰਾਂ ਦੇ ਮੱਧ ਵਿਚ ਬਣੇ ਥੜ੍ਹੇ ਉੱਪਰ ਗੀਤ ਸੰਗੀਤ ਅਤੇ ਗੰਭੀਰ ਵਿਚਾਰ ਚਰਚਾ ਹੋਏਗੀ। ਗਰਚਾ ਸੰਗੀਤ ਅਕਾਦਮੀ ਬੰਗਾ ਤੋਂ ਇਲਾਵਾ ਇਲਾਕੇ ਦੇ ਕਵੀ ਅਤੇ ਗਾਇਕ ਆਪਣੀ ਕਲਾ ਰਾਹੀਂ ਸ਼ਹੀਦਾਂ ਨੂੰ ਸਿਜਦਾ ਕਰਨਗੇ।ਇਸ ਵਿਚਾਰ ਚਰਚਾ 'ਚ ਚਿੰਤਕ, ਲੇਖਕ ਅਤੇ ਜਮਹੂਰੀ ਹੱਕਾਂ ਦੇ ਝੰਡਾ ਬਰਦਾਰ ਬੂਟਾ ਸਿੰਘ ਮਹਿਮੂਦਪੁਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ ) ਦੇ ਪ੍ਰਧਾਨ ਅਮੋਲਕ ਸਿੰਘ, ਸ਼ਹੀਦ ਭਗਤ ਸਿੰਘ ਦੇ ਵਿਚਾਰਾਂ, ਕੁਰਬਾਨੀ ਅਤੇ ਅਜੋਕੇ ਸਮੇਂ ਦੇ ਭਖ਼ਦੇ ਅਹਿਮ ਮੁੱਦਿਆਂ ਉਪਰ ਵਿਚਾਰ ਚਰਚਾ ਕਰਨਗੇ। ਉਸ ਉਪਰੰਤ ਮਾਰਚ ਕਰਦੇ ਲੋਕ ਆਪਣੇ ਹੱਥਾਂ ਵਿੱਚ ਮੋਮਬੱਤੀਆਂ ਲੈ ਕੇ ਇਸ ਥੜ੍ਹੇ ਤੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਤੱਕ ਸੂਹਾ ਮਾਰਚ ਕਰਨਗੇ। ਖਟਕੜ ਕਲਾਂ ਵਿਖੇ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਸੱਦੇ ਤੇ ਹੋਈ ਮੀਟਿੰਗ ਚ ਤੀਰਥ ਰਸੂਲਪੁਰੀ, ਖੁਸ਼ੀ ਰਾਮ ਗੁਣਾਚੌਰ, ਦੇਵ ਰਾਜ ਗੁਣਾਚੌਰ, ਨੰਦ ਲਾਲ, ਬੂਟਾ ਸਿੰਘ ਮਹਿਮੂਦਪੁਰ ਅਤੇ ਰਣਜੀਤ ਕੌਰ ਮਹਿਮੂਦਪੁਰ, ਪਰਮਜੀਤ ਕੌਰ, ਹਰਪ੍ਰੀਤ ਕੌਰ, ਮਹਿੰਦਰ ਕੌਰ ਆਦਿ ਸ਼ਾਮਲ ਹੋਏ।

(ਸ਼ਫ਼ਾ 3 ਦੀ ਬਾਕੀ)

# ਤੇਜਾ ਸਿੰਘ ਸੁਤੰਤਰ

ਮੁੱਲਾ ਸਾਹਿਬ ਤਾਂ ਸਾਰੀ ਦੁਨੀਆ ਦੇ ਲਈ ਦੁਆ ਕਰਦੇ ਹੀ ਹਨ।

ਹਿੰਦੂ ਅਤੇ ਸਿੱਖ ਸੌਦਾਗਰਾਂ ਦੇ ਕਾਰੋਬਾਰੀ ਦਲਾਲ ਰਾਹ ਦੀਆਂ ਕਈ ਵੱਡੀਆਂ ਬਸਤੀਆਂ ਵਿੱਚ ਮੌਜੂਦ ਸਨ, ਸੁਤੰਤਰ ਦੇ ਕੋਲ਼ ਉਨ੍ਹਾਂ ਦੇ ਲਈ ਚਿੱਠੀਆਂ ਸਨ। ਇਕ ਖ਼ਤ ਹਿਰਾਤ ਦੇ ਇਕ ਹਿੰਦੂ ਹਕੀਮ ਦੇ ਨਾਮ ਸੀ। ਹਕੀਮ ਨੇ ਬੜੇ ਆਰਾਮ ਨਾਲ ਰੱਖਿਆ। ਹਕੀਮ ਯੋਗ ਵਸ਼ਿਸ਼ਠ ਪੜ੍ਹ ਰਿਹਾ ਸੀ, ਪਰ ਵਿਚਾਰੇ ਨੂੰ ਓਨਾ ਸਮਝ ਵਿੱਚ ਨਹੀਂ ਆਉਂਦਾ ਸੀ। ਸੁਤੰਤਰ ਨੇ ਹੁਣ ਯੋਗ ਵਸ਼ਿਸ਼ਠ ਦੀਆਂ ਡੂੰਘੀਆਂ ਗੱਲਾਂ ਨੂੰ ਸਮਝਾ ਦਿੱਤਾ, ਤਾਂ ਹਕੀਮ ਨੂੰ ਇਹ ਨੌਜਵਾਨ ਇਕ ਖਟ (ਛੇ) ਸ਼ਾਸਤਰੀ ਪੰਡਿਤ ਤੋਂ ਘੱਟ ਨਹੀਂ ਲੱਗਾ। ਉਸ ਨੇ ਹਿਰਾਤ ਦੇ ਗਵਰਨਰ ਦੇ ਵਿੱਤ ਮੰਤਰੀ ਦੀਵਾਨ ਹੁਕਮ ਚੰਦ ਕੋਲ਼ ਸੁਤੰਤਰ ਦੀ ਪ੍ਰਸ਼ੰਸਾ ਕੀਤੀ। ਸੁਤੰਤਰ ਨੇ ਦੀਵਾਨ ਸਾਹਿਬ ਦੇ ਲਈ ਗੀਤਾ ਅਤੇ ਯੋਗ ਵਸ਼ਿਸ਼ਠ ਦੀ ਕਥਾ ਕੀਤੀ। ਦੀਵਾਨ ਨੇ ਉਸ ਨੂੰ ਆਪਣਾ ਦਫ਼ਤਰ ਵਿਖਾਇਆ। ਇਧਰ-ਉੱਧਰ ਘੁੰਮ ਕੇ ਹਿਰਾਤ ਨੂੰ ਵੇਖਿਆ। ਸਮਾਂ ਜ਼ਿਆਦਾ ਲੱਗ ਗਿਆ ਸੀ ਅਤੇ ਸੋਵੀਅਤ ਵਿੱਚ ਵੜਨ ਦੀ ਤਾਰੀਖ਼ ਲੰਘ ਚੁੱਕੀ ਸੀ, ਇਸ ਲਈ ਸੋਵੀਅਤ ਕੌਂਸਲ ਤੋਂ ਪਾਸਪੋਰਟ ਉੱਤੇ ਲਿਖਵਾਉਣਾ ਪਿਆ ਅਤੇ ਪਿਸਤੌਲ ਆਦਿ ਦੀ ਆਗਿਆ ਵੀ ਲੈ ਲਈ। ਦੀਵਾਨ ਨੇ ਘੋੜਾ ਕਿਰਾਏ ਉੱਤੇ ਕਰ ਦਿੱਤਾ। ਸੁਤੰਤਰ ਕੁਸ਼ਕ ਦੇ ਲਈ ਰਵਾਨਾ ਹੋਇਆ। ਉਸ ਦੇ ਕੋਲ਼ ਦਵਾਈਆਂ ਬਹੁਤ ਸਨ ਅਤੇ ਯਾਤਰਾ ਵਿੱਚ ਦਵਾਈਆਂ ਦੇ ਮਹੱਤਵ ਨੂੰ ਉਹ ਚੰਗੀ ਤਰ੍ਹਾਂ ਸਮਝਦਾ ਸੀ। ਸਤੰਬਰ ਖ਼ਤਮ ਹੋ ਰਿਹਾ ਸੀ। ਇੱਥੇ ਪਹਿਲੀ ਵਾਰ ਉਸ ਨੇ ਆਕਾਸ਼ ਵਿੱਚੋਂ ਬਰਫ਼ ਪੈਂਦੀ ਵੇਖੀ। ਇਕ ਛੋਟਾ ਜਿਹਾ ਪਿੰਡ ਸੀ। ਸੁਤੰਤਰ ਇਕੱਲੇ-ਇਕੱਲੇ ਘਰ ਵਿੱਚ ਗਿਆ, ਪਰ ਕਿਸੇ ਨੇ ਬੈਠਣ ਦੇ ਲਈ ਜਗ੍ਹਾ ਨਹੀਂ ਦਿੱਤੀ। ਪਿੰਡ ਵਿੱਚ ਇਕ ਛੋਟੀ ਜਿਹੀ ਦਸ ਵਰਗ ਫੁੱਟ ਦੀ ਮਸਜਿਦ ਸੀ ਜਿਸ ਦੇ ਅੰਦਰ ਸੋਲ੍ਹਾਂ ਵਗਾਰ ਕਰਨ ਵਾਲੇ ਮਜ਼ਦੂਰ ਭਰੇ ਹੋਏ ਸਨ। ਘੋੜੇ ਦੀ ਲਗਾਮ ਫੜ ਕੇ ਸੁਤੰਤਰ ਇਕ ਖੂੰਜੇ ਵਿੱਚ ਬੈਠ ਗਿਆ। ਬਰਫ਼ ਦੇ ਪਿਘਲੇ ਪਾਣੀ ਨਾਲ਼ ਕਿਤਾਬਾਂ ਦੇ ਭਿੱਜ ਜਾਣ ਦਾ ਡਰ ਸੀ। ਖ਼ੁਰਜੀ (ਝੋਲ਼ਾ) ਖੋਲ੍ਹ ਕੇ ਕਿਤਾਬਾਂ ਵੇਖੀਆਂ। ਕਿਤਾਬਾਂ ਜ਼ਿਆਦਾਤਰ ਹਿੰਦੀ ਦੀਆਂ ਸਨ। ਮਜ਼ਦੂਰਾਂ ਉੱਤੇ ਕੁਝ ਪ੍ਰਭਾਵ ਪਿਆ। ਇਕ ਰੋਗੀ ਨੇ ਹੱਥ ਵਿਖਾਇਆ। ਸੁਤੰਤਰ ਨੇ ਨਬਜ਼ ਵੇਖੀ ਅਤੇ ਦਵਾਈ ਦੇ ਦਿੱਤੀ। ਦੋ ਚਾਰ ਹੋਰ ਮਰੀਜ਼ਾਂ ਨੇ ਹਕੀਮ ਤੋਂ ਦਵਾਈ ਲਈ। ਹੁਣ ਉੱਥੇ ਸੁਤੰਤਰ ਦੇ ਲਈ ਕਾਫ਼ੀ ਜਗ੍ਹਾ ਖ਼ਾਲੀ ਕਰ ਦਿੱਤੀ ਗਈ। ਉਨ੍ਹਾਂ ਵਿੱਚੋਂ ਕੁਝ ਨੇ ਦੌੜ ਕੇ ਪਿੰਡੋਂ ਬਾਲਣ ਲਿਆ ਕੇ ਅੱਗ ਬਾਲ਼ ਦਿੱਤੀ। ਹਕੀਮ ਸਾਹਿਬ ਦੇ ਕੱਪੜੇ ਸੁਕਾਏ ਜਾਣ ਲੱਗੇ। ਖਾਣ ਲਈ ਰੋਟੀਆਂ ਉਸ ਦੇ ਸਾਹਮਣੇ ਰੱਖੀਆਂ ਗਈਆਂ।

**ਅੱਗੇ ਚੱਲਣ ਉੱਤੇ ਚੇਚਲ**- ਦੁਖ਼ਤਰਾਨ ਨਾਮਕ ਆਖਰੀ ਪਿੰਡ ਆਇਆ, ਜਿੱਥੇ ਸੁਤੰਤਰ ਨੇ ਮੇਰਵ ਨਦੀ ਪਾਰ ਕੀਤੀ ਅਤੇ ਫਿਰ ਇਹ ਸੋਵੀਅਤ ਦੀ ਧਰਤੀ ਵਿੱਚ ਦਾਖ਼ਲ ਹੋ ਗਿਆ। ਗਾਰਡ ਨੇ ਪਾਸਪੋਰਟ ਵੇਖਿਆ, ਫਿਰ ਇਕ ਸਵਾਰ ਨਾਲ਼ ਦੇ ਦਿੱਤਾ ਗਿਆ ਅਤੇ ਉਸੇ ਦਿਨ ਉੱਥੋਂ ਅੱਠ ਮੀਲ ਚੱਲ ਕੇ ਉਹ ਕੁਸ਼ਕ ਪਹੁੰਚ ਗਏ।

**ਸੋਵੀਅਤ ਧਰਤੀ ਉੱਤੇ ਪਹਿਲੀ ਵਾਰ**- ਕੁਸ਼ਕ ਵਿੱਚ ਰੇਲਵੇ ਸਟੇਸ਼ਨ ਹੈ। ਉਸ ਨੇ ਹੁਣ ਕੈਸਪੀਅਨ ਤਟ ਉੱਤੇ ਜਾਣਾ ਸੀ। ਪਤਾ ਲੱਗਾ, ਰੇਲ ਹਫ਼ਤੇ ਵਿੱਚ ਸਿਰਫ਼ ਦੋ ਦਿਨ ਜਾਂਦੀ ਹੈ। ਪਾਸਪੋਰਟ ਵੇਖਣ ਵਾਲੀ ਰੂਸੀ ਔਰਤ ਨੇ ਸੁਤੰਤਰ ਦੇ ਰਹਿਣ ਦਾ ਪ੍ਰਬੰਧ ਕਰ ਦਿੱਤਾ। ਉਹ ਦੋ ਤਿੰਨ ਦਿਨ ਉੱਥੇ ਹੀ ਰਿਹਾ। ਇਥੋਂ ਦੇ ਪਹਾੜ ਓਨੇ ਉੱਚੇ ਨਹੀਂ ਸਨ। ਪਿੰਡ ਵੀ ਹਰੇ ਭਰੇ ਸਨ। ਸੁਤੰਤਰ ਇਨ੍ਹਾਂ ਦੋ ਦਿਨਾਂ ਦੇ ਨਿਵਾਸ ਦਾ ਵਧੇਰੇ ਆਨੰਦ ਨਹੀਂ ਮਾਣ ਸਕਿਆ, ਉਸ ਨੂੰ ਸਖ਼ਤ ਅਤੀਸਾਰ (ਪੇਚਿਸ) ਹੋ ਗਿਆ ਸੀ। ਕੁਸ਼ਕ ਤੋਂ ਰੇਲ ਫੜ ਕੇ ਉਹ ਮੇਰਵ ਪਹੁੰਚਿਆ। ਰੇਲ ਵਿੱਚ ਤੁਰਕਮਾਨਾਂ ਦੀ ਕੋਈ ਬਰਾਤ ਜਾ ਰਹੀ ਸੀ। ਵੱਖ-ਵੱਖ ਰੰਗਾਂ ਦੇ ਭਾਂਤ-ਭਾਂਤ ਦੇ ਕੱਪੜੇ ਪਹਿਨੇ ਹੋਏ ਬਰਾਤੀ ਅਤੇ ਉਨ੍ਹਾਂ ਦੇ ਸਿਰ ਉੱਤੇ ਵੱਡਾ ਟੋਪ ਵਚਿੱਤਰ ਜਿਹਾ ਲੱਗਦਾ ਸੀ। ਮੇਰਵ ਵਿੱਚ ਉਹ ਕੈਸਪੀਅਨ ਦੇ ਕੰਢੇ ਉੱਤੇ ਕਰਾਸਨਾਵੋਦਸਕ ਬੰਦਰਗਾਹ ਉੱਤੇ ਪਹੁੰਚਿਆ। ਹਾਲੇ ਬੰਦਰਗਾਹ ਵੀਰਾਨ ਜਿਹੀ ਸੀ। ਰਸਤੇ ਵਿੱਚ ਅਸ਼ਕਾਬਾਦ ਵਿੱਚ ਉਸ ਨੂੰ ਇਕ ਬਹਾਈ ਉਪਦੇਸ਼ਕ ਮਿਲਿਆ। ਉਸ ਨੇ ਆਪਣੇ ਧਰਮ ਦੇ ਤੱਤ ਸਮਝਾਉਣੇ ਸ਼ੁਰੂ ਕੀਤੇ। ਪਰ ਸੁਤੰਤਰ ਬਹੁਤ ਸਾਰੇ ਤੱਤ ਜਾਣਦਾ ਸੀ ਅਤੇ ਹੁਣ ਉਸ ਨੂੰ ਇਨ੍ਹਾਂ ਤੱਤਾਂ ਨਾਲ਼ ਕੁਝ ਅਕੇਵਾਂ ਹੋ ਰਿਹਾ ਸੀ। ਸਟੇਸ਼ਨ ਦੇ ਕੋਲ਼ ਬਹੁਤ ਸਬਜ਼ੀਆਂ ਵਿਕ ਰਹੀਆਂ ਸਨ। ਸੁਤੰਤਰ ਨੇ ਖ਼ੂਬ ਚੰਗੀ ਤਰ੍ਹਾਂ ਸਬਜ਼ੀ ਪਕਾਈ ਅਤੇ ਗਰਮਾ-ਗਰਮ ਰੋਟੀ ਵੀ, ਉਹ ਭੁੱਲ ਗਿਆ ਕਿ ਅਤੀਸਾਰ ਦਾ ਰੋਗੀ ਹੈ। ਜਹਾਜ਼ ਉੱਤੇ ਸਵਾਰ ਹੋਇਆ। ਸਤਾਰਾਂ-ਅਠਾਰਾਂ ਘੰਟੇ ਬਾਅਦ ਉਸ ਪਾਰ ਬਾਕੂ ਵਿੱਚ ਜਾ ਉਤਰਿਆ। ਸਬਜ਼ੀਆਂ ਨੇ ਆਪਣਾ ਰੰਗ ਵਿਖਾਇਆ। ਬਹੁਤ ਜ਼ੋਰ ਦੇ ਦਸਤ ਲੱਗ ਗਏ ਅਤੇ ਜਦੋਂ ਉਹ ਹੋਟਲ ਵਿੱਚ ਪਹੁੰਚਿਆ ਤਾਂ ਬਹੁਤ ਹੀ ਕਮਜ਼ੋਰ ਸੀ।

ਹੁਣ ਉਸ ਨੂੰ ਤਿਫ਼ਲਿਸ ਅਤੇ ਬਾਤੂਮ ਦੇ ਲਈ ਰਵਾਨਾ ਹੋਣਾ ਸੀ। ਰੇਲਵੇ ਸਟੇਸ਼ਨ ਉੱਤੇ ਆਪਣਾ ਸਾਮਾਨ ਲੱਦ ਕੇ ਪਹੁੰਚ ਗਿਆ। ਸਾਮਾਨ ਛੱਡ ਕੇ ਟਿਕਟ ਕਟਾਉਣ ਕਿਵੇਂ ਜਾਵੇ, ਇਹ ਸੋਚ ਹੀ ਰਿਹਾ ਸੀ ਕਿ ਇਕ ਆਦਮੀ ਉਸ ਦੇ ਕੋਲ ਆ ਕੇ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਲੱਗਾ। ਉਸੇ ਸਮੇਂ ਇਕ ਰੇਲਵੇ ਕਰਮਚਾਰੀ ਆ ਗਿਆ। ਉਸ ਨੇ ਉਸ ਆਦਮੀ ਨੂੰ ਆਵਾਰਾ ਦੱਸ ਕੇ ਅੱਗੇ ਤੋਂ ਸਾਵਧਾਨ ਰਹਿਣ ਲਈ ਕਿਹਾ ਅਤੇ ਆਪਣੇ ਆਪ ਹੀ ਟਿਕਟ ਲਿਆ ਦਿੱਤੀ। ਹਾਲੇ ਕ੍ਰਾਂਤੀ ਦੇ ਮੁਢਲੇ ਦਿਨ ਸਨ, ਪੁਰਾਣੇ ਚੋਰ-ਉਚੱਕਿਆਂ ਦਾ ਹਾਲੇ ਤੱਕ ਸਫ਼ਾਇਆ ਨਹੀਂ ਹੋ ਸਕਿਆ ਸੀ।

ਅਕਤੂਬਰ ਦਾ ਮਹੀਨਾ ਸੀ, ਜਦੋਂ ਕਿ ਸੁਤੰਤਰ ਸੋਵੀਅਤ ਦੇ ਹਿਮਾਲਿਆ 'ਕਾਕੇਸ਼' ਨੂੰ ਰੇਲ ਨਾਲ਼ ਪਾਰ ਕਰ ਰਿਹਾ ਸੀ। ਉਸ ਦੇ ਡੱਬੇ ਵਿੱਚ ਇਕ ਨਾਲ਼ ਸੈਨਾ ਦਾ ਅਫ਼ਸਰ ਸੀ ਜੋ ਹਿੰਦੀ ਦਾ ਵਿਦਿਆਰਥੀ ਸੀ। ਸੁਤੰਤਰ ਤੋਂ ਉਹ ਕਿੰਨੇ ਹੀ ਸ਼ਬਦਾਂ ਦੇ ਬਾਰੇ ਵਿੱਚ ਪੁੱਛਦਾ ਰਿਹਾ। ਯਾਤਰਾ ਦੇ ਲਈ ਇਕ ਚੰਗਾ ਸਾਥੀ ਮਿਲ ਗਿਆ ਸੀ, ਹਾਲਾਂਕਿ ਭਾਸ਼ਾ ਦੀ ਮੁਸ਼ਕਿਲ ਸੀ। ਸੁਤੰਤਰ ਨੂੰ ਕੋਹਕਾਫ਼ ਦੇ ਪਹਾੜੀ ਦ੍ਰਿਸ਼ ਉਂਞ ਹੀ ਲੱਗੇ ਜਿਵੇਂ ਚੰਬਾ ਵਿੱਚ ਹਿਮਾਲਿਆ। ਤਿਫ਼ਲਿਸ ਹੁੰਦੇ ਹੋਏ ਬਾਤੂਮ ਪਹੁੰਚਿਆ। ਸਾਰੀ ਜ਼ਿੰਦਗੀ ਵਿੱਚ ਬਹੁਤ ਸੁੰਦਰ ਨਜ਼ਾਰਾ ਵੇਖਣ ਨੂੰ ਮਿਲਿਆ ਸੀ। ਜਾਰਜੀਅਨ ਔਰਤ-ਮਰਦ ਹੋਰ ਵੀ ਸੁੰਦਰ ਲੱਗੇ। ਉਨ੍ਹਾਂ ਦੇ ਖ਼ੂਬਸੂਰਤ ਗੋਰੇ ਚਿਹਰੇ ਉੱਤੇ ਕਾਲੀਆਂ ਅੱਖਾਂ ਅਤੇ ਕਾਲੇ ਵਾਲ਼ ਬਹੁਤ ਸੁੰਦਰ ਲੱਗਦੇ ਸਨ। ਸੁਤੰਤਰ ਬਹੁਤ ਕਮਜ਼ੋਰ ਸੀ, ਪਰ ਹਿਮਾਲਿਆ ਦੇ ਇਸ ਸੁਹੱਪਣ ਤੋਂ ਉਹ ਖ਼ੁਦ ਨੂੰ ਵਾਂਝਾ ਨਹੀਂ ਰੱਖਣਾ ਚਾਹੁੰਦਾ ਸੀ। ਘੰਟਿਆਂ ਬੱਧੀ ਖੜ੍ਹਾ ਖੜੋਤਾ ਪ੍ਰਕਿਰਤੀ ਦੀ ਖ਼ੂਬਸੂਰਤੀ ਨੂੰ ਨਿਹਾਰ ਰਿਹਾ ਸੀ। ਉਸ ਸਮੇਂ ਉਸ ਨੂੰ ਖ਼ਿਆਲ ਆਇਆ ਕਿ ਮੈਂ ਬਿਮਾਰ ਅਤੇ ਕਮਜ਼ੋਰ ਹਾਂ। ਉਸ ਨੂੰ ਇਸ ਦੇ ਕਾਰਨ ਸਖ਼ਤ ਜ਼ੁਕਾਮ ਹੋ ਗਿਆ। ਬਾਤੂਮ ਵਿੱਚ ਉਹ ਇਸਲਾਮ ਹੋਟਲ ਵਿੱਚ ਠਹਿਰਿਆ। ਕਮਜ਼ੋਰ ਸੀ, ਇਸ ਲਈ ਉਸ ਨੇ ਇਕ ਭਾਰ ਚੁੱਕਣ ਵਾਲੇ ਨੂੰ ਨਾਲ਼ ਲੈ ਲਿਆ ਸੀ। ਭਾਰ ਚੁੱਕਣ ਵਾਲਾ ਦਸ ਰੂਬਲ ਮਜ਼ਦੂਰੀ ਮੰਗਣ ਲੱਗਾ। ਸੁਤੰਤਰ ਦੇ ਕੋਲ਼ ਰੂਬਲ ਸਾਰੇ ਸੋਨੇ ਦੇ ਸਨ ਅਤੇ ਉਹ ਸੋਨੇ ਦਾ ਰੂਬਲ ਸਮਝ ਰਿਹਾ ਸੀ। ਹੋਟਲ ਵਾਲੇ ਨੇ ਦੱਸਿਆ ਕਿ ਸੋਨੇ ਦਾ ਨਹੀਂ ਕਾਗ਼ਜ਼ ਦਾ ਰੂਬਲ। ਮਜ਼ਦੂਰੀ ਜ਼ਿਆਦਾ ਨਹੀਂ ਸੀ।

ਬਾਤੂਮ ਤੋਂ ਉਸ ਨੂੰ ਹੁਣ ਕਸਤੁਨਤੁਨੀਆ (ਇਸਤਾਨਬੁਲ) ਜਾਣਾ ਸੀ। ਜਹਾਜ਼ ਕਦੀ ਕਦਾਈਂ ਜਾਂਦੇ ਸਨ, ਇਸ ਲਈ ਸੁਤੰਤਰ ਨੂੰ ਬਾਤੂਮ ਵਿੱਚ ਵੀਹ ਦਿਨ ਰੁਕਣਾ ਪਿਆ। ਹੁਣ ਉਸ ਦੀ ਸਿਹਤ ਵੀ ਠੀਕ ਹੋ ਗਈ ਸੀ।

**ਤੁਰਕੀ ਵਿੱਚ**- ਪੰਜ ਜੁਲਾਈ ਨੂੰ ਸੁਤੰਤਰ ਨੇ ਅਲੂਣਾ ਛੱਡਿਆ ਸੀ, ਵੀਹ ਅਗਸਤ ਨੂੰ ਕਾਬੁਲ, ਹੁਣ 20 ਨਵੰਬਰ ਨੂੰ ਕਸਤੁਨਤੁਨੀਆ ਜਾਣ ਵਾਲਾ ਜਹਾਜ਼ ਉਸ ਨੂੰ ਮਿਲਿਆ। ਕਸਟਮ ਅਫ਼ਸਰਾਂ ਨਾਲ਼ ਕੁਝ ਮੁਸ਼ਕਿਲਾਂ ਜ਼ਰੂਰ ਆਈਆਂ ਸਨ। ਪਰ ਉਸੇ ਵੇਲ਼ੇ ਬਾਤੂਮ ਸਥਿਤ ਤੁਰਕੀ ਕੌਂਸਲ ਮਿਲ ਗਿਆ, ਜਿਸ ਨੇ ਬਹੁਤ ਸਹਾਇਤਾ ਕੀਤੀ। ਚਾਰ ਪੰਜ ਦਿਨ ਕਾਲਾ ਸਾਗਰ ਦੇ ਦੱਖਣ ਤਟ ਦੇ ਕੋਲ਼-ਕੋਲ਼ ਜਹਾਜ਼ ਚਲਦਾ ਰਿਹਾ। ਉਸ ਸਮੇਂ ਵਰਖਾ ਹੋ ਰਹੀ ਸੀ ਅਤੇ ਆਸਮਾਨ ਅਤੇ ਦੁਮੇਲ ਬਹੁਤ ਘੱਟ ਵਿਖਾਈ ਪੈ ਰਹੇ ਸਨ। ਕਸਤੁਨਤੁਨੀਆ ਵਿੱਚ ਉਹ ਸਟੇਸ਼ਨ ਦੇ ਕੋਲ਼ ਇਕ ਹੋਟਲ ਵਿੱਚ ਠਹਿਰਿਆ। ਖ਼ਰਚਾ ਬਹੁਤ ਜ਼ਿਆਦਾ ਸੀ। ਉਹ ਇਸ ਚਿੰਤਾ ਵਿੱਚ ਸੀ ਕਿ ਕਿੰਨੇ ਦਿਨਾਂ ਤੱਕ ਇਹ ਰੁਪਏ ਚੱਲਣਗੇ। ਇਕ ਦਿਨ ਉਸ ਨੂੰ ਮੌਲਾਨਾ ਉਬੇਦੁੱਲਾ ਸਿੰਧੀ ਦਾ ਭਤੀਜਾ ਮਿਲ ਗਿਆ, ਜਿਸ ਦੇ ਨਾਲ਼ ਉਸ ਦੀਆਂ ਮੁਸ਼ਕਿਲਾਂ ਹੱਲ ਹੋ ਗਈਆਂ। ਮੌਲਾਨਾ ਨੇ ਕੁਝ ਹੋਰ ਹਿੰਦੁਸਤਾਨੀਆਂ ਦੇ ਨਾਮ ਨਾਲ਼ ਪਛਾਣ ਪੱਤਰ ਦੇ ਦਿੱਤਾ। ਦਸੰਬਰ ਦੇ ਆਰੰਭ ਵਿੱਚ ਸੁਤੰਤਰ ਤੁਰਕੀ ਦੀ ਰਾਜਧਾਨੀ ਅੰਕਾਰਾ ਵਿੱਚ ਪਹੁੰਚ ਗਿਆ ਅਤੇ ਉੱਥੇ ਇਕ ਰਾਜਪੂਤਾਨੀ ਮੁਸਲਮਾਨ ਦੇ ਘਰ ਠਹਿਰਿਆ। ਜਿਨ੍ਹਾਂ ਜਿਨ੍ਹਾਂ ਦੇ ਨਾਮ ਚਿੱਠੀਆਂ ਸਨ, ਉਨ੍ਹਾਂ ਨੂੰ ਦੇ ਦਿੱਤੀਆਂ।

**ਫ਼ੌਜੀ ਕਾਲਜ ਵਿੱਚ**- ਦਸੰਬਰ ਵਿੱਚ ਸੁਤੰਤਰ ਫ਼ੌਜੀ ਕਾਲਜ ਵਿੱਚ ਭਰਤੀ ਹੋ ਗਏ। ਹਾਲਾਂਕਿ ਉੱਥੋਂ ਦੀ ਸਾਰੀ ਸਿੱਖਿਆ ਤੁਰਕੀ ਭਾਸ਼ਾ ਵਿੱਚ ਦਿੱਤੀ ਜਾਂਦੀ ਸੀ, ਪਰ ਸੁਤੰਤਰ ਨੇ ਸੱਤ ਮਹੀਨਿਆਂ ਦੀ ਮਿਹਨਤ ਦੇ ਬਾਅਦ ਕੰਮ ਚਲਾਊ ਤੁਰਕੀ ਸਿੱਖ ਲਈ। ਪੰਜ ਸਾਲ ਦਾ ਕੋਰਸ ਸੀ। ਉਸ ਨੇ ਬੜੀ ਲਗਨ ਨਾਲ਼ ਆਪਣੇ ਅਧਿਐਨ ਨੂੰ ਜਾਰੀ ਰੱਖਿਆ। ਤੁਰਕੀ ਵਿੱਚ ਜ਼ਿਆਦਾ ਕਿਤਾਬਾਂ ਫ਼ਰੈਂਚ ਵਿੱਚ ਹਨ, ਇਹ ਪਤਾ ਲੱਗਣ 'ਤੇ ਉਸ ਨੇ ਫ਼ਰੈਂਚ ਵੀ ਸਿੱਖੀ। ਕੇਸ ਕਿੰਨਾ ਹੀ ਸਮਾਂ ਰਹੇ, ਪਰ ਜਦ ਵੇਖਿਆ ਕਿ ਉਸ ਨੂੰ ਫ਼ੌਜੀ ਪੁਸ਼ਾਕ ਪਹਿਨਣ ਵਿੱਚ ਮੁਸ਼ਕਿਲ ਆ ਰਹੀ ਹੈ, ਤਾਂ ਸਿਰ ਮੁਨਾ ਦਿੱਤਾ। ਆਜ਼ਾਦ ਬੇਗ ਹੁਣ ਤੁਰਕ ਪ੍ਰਜਾ ਵੀ ਸੀ। ਸਾਰੇ ਸਾਥੀਆਂ ਦਾ ਇਸ ਭਾਰਤੀ ਦੇ ਨਾਲ਼ ਵਿਹਾਰ ਬਹੁਤ ਚੰਗਾ ਸੀ। ਸੈਨਾ ਦੇ ਜਨਰਲ ਵੀ ਉਸ ਨੂੰ ਬਹੁਤ ਮੰਨਦੇ ਸਨ। ਜਨਰਲ ਫ਼ਖ਼ਰੀ ਪਾਸ਼ਾ (ਤੁਰਕੀ ਦਾ ਸ਼ੇਰ) ਨੇ ਤਾਂ ਉਸ ਨੂੰ ਆਪਣਾ ਮੁੰਡਾ ਬਣਾ ਲਿਆ ਸੀ। ਉਹ ਜਨਰਲ ਦੇ ਘਰ ਵਿੱਚ ਖਾਣਾ ਖਾਂਦਾ। ਜਨਰਲ ਦੇ ਮੁੰਡੇ ਨਾਲ਼ ਸੁਤੰਤਰ ਦਾ ਬਹੁਤ ਪ੍ਰੇਮ-ਪਿਆਰ ਸੀ। ਇਕ ਦਿਨ ਕਮਾਂਡਰ ਇਨ ਚੀਫ਼ ਚਕਮਕ ਪਾਸ਼ਾ ਨੇ ਸੁਤੰਤਰ ਨੂੰ ਕੁਝ ਪ੍ਰਸ਼ਨ ਕੀਤੇ ਅਤੇ ਹਿੰਦੁਸਤਾਨ ਦੀ ਧਰਤੀ ਦਾ ਫ਼ੌਜੀ ਦ੍ਰਿਸ਼ਟੀ ਤੋਂ ਵਰਣਨ ਕਰਨ ਲਈ ਕਿਹਾ। ਸੁਤੰਤਰ ਦੇ ਜਵਾਬ ਤੋਂ ਉਹ ਬਹੁਤ ਸੰਤੁਸ਼ਟ ਹੋਇਆ। ਸੁਤੰਤਰ ਪੰਜ ਸਾਲ ਪੜ੍ਹ ਕੇ ਫ਼ੌਜੀ ਕਾਲਜ ਦੀ ਸਭ ਤੋਂ ਉਚੇਰੀ ਪ੍ਰੀਖਿਆ ਪਾਸ ਕੀਤੀ ਅਤੇ ਪ੍ਰੈਜ਼ੀਡੈਂਟ ਕਮਿਸ਼ਨ ਦਾ ਅਧਿਕਾਰੀ ਬਣਿਆ।

**ਅਮਰੀਕਾ ਵਿੱਚ**- ਅਗਸਤ 1929 ਵਿੱਚ ਸੁਤੰਤਰ ਅੱਗੇ ਦਾ ਕੰਮ ਵੇਖਣ ਲਈ ਹੁਣ ਸੁਤੰਤਰ ਸਨ। ਪਹਿਲਾਂ ਉਸ ਨੇ ਅਮਰੀਕਾ ਜਾਣਾ ਸੀ। ਬੁਲਗਾਰੀਆ, ਸਰਬੀਆ, ਇਟਲੀ, ਸਵਿਟਜ਼ਰਲੈਂਡ, ਫ਼ਰਾਂਸ ਅਤੇ ਬੈਲਜੀਅਮ ਹੁੰਦੇ ਉਹ ਜਰਮਨੀ ਪਹੁੰਚ ਗਿਆ। ਜਰਮਨੀ ਵਿੱਚ ਉਸ ਨੂੰ ਬਾਬਾ ਗੁਰਮੁੱਖ ਸਿੰਘ ਮਿਲੇ। ਉਨ੍ਹਾਂ ਤੋਂ ਕੰਮ ਦੇ ਬਾਰੇ ਵਿੱਚ ਬਹੁਤ ਸਾਰੀਆਂ ਹਿਦਾਇਤਾਂ ਲਈਆਂ, ਫਿਰ ਫਰਾਂਸ ਜਾ ਕੇ 29 ਨਵੰਬਰ 1929 ਵਿੱਚ "ਇਲ ਦੂ ਫ੍ਰਾਂਸ" ਜਹਾਜ਼ ਦੁਆਰਾ ਰਵਾਨਾ ਹੋਏ ਅਤੇ ਤਿੰਨ ਦਸੰਬਰ ਨੂੰ ਨਿਊਯਾਰਕ ਪਹੁੰਚ ਗਿਆ। ਨਿਊਯਾਰਕ ਤਿੰਨ ਚਾਰ ਦਿਨ ਰਹਿ ਨਿਆਗਰਾ ਫਾਲਜ਼ ਹੁੰਦੇ ਹੋਏ ਕਨੇਡਾ ਵਿੱਚੋਂ ਲੰਘਦੇ ਹੋਏ ਡੇਟਰਾਈਟ ਪਹੁੰਚ ਗਿਆ। ਇੱਥੇ ਉਸ ਨੂੰ ਅੱਛਰ ਸਿੰਘ ਛੀਨਾ ਮਿਲਿਆ। ਫਿਰ ਸਾਨਫਰਾਂਸਿਸਕੋ ਵਿੱਚ ਜਾ ਕੇ ਭਾਰਤੀ ਦੇਸ਼ ਭਗਤਾਂ ਨਾਲ਼ ਮੁਲਾਕਾਤ ਕੀਤੀ। ਉਸ ਸਮੇਂ ਦੇਸ਼ ਭਗਤਾਂ ਵਿੱਚ ਫੁੱਟ ਪੈ ਗਈ ਸੀ। ਸੁਤੰਤਰ ਨੇ ਜਾ ਕੇ ਉਨ੍ਹਾਂ ਦੀ ਹਾਲਤ ਸੁਧਾਰੀ, ਜਾਸੂਸਾਂ ਨੂੰ ਉਨ੍ਹਾਂ ਦੇ ਅੰਦਰੋਂ ਭਜਾ ਦਿੱਤਾ। ਉੱਥੋਂ ਦੇ ਕਰਮੀਆਂ ਵਿੱਚ ਹੁਣ ਇਕ ਨਵਾਂ ਜੋਸ਼ ਸੀ। ਉਨ੍ਹਾਂ ਨੇ ਆਪਣੇ ਸੰਗਠਨ ਨੂੰ ਬਹੁਤ ਮਜ਼ਬੂਤ ਕੀਤਾ। ਭਗਤਾਂ ਨੇ ਦਿਲ ਖੋਲ੍ਹ ਕੇ ਪੈਸਾ ਦਿੱਤਾ। ਪਾਰਟੀ ਦੇ ਕੋਲ਼ ਆਪਣੀ ਕਾਰ ਅਤੇ ਆਪਣੇ ਹਵਾਈ ਜਹਾਜ਼ ਸਨ। ਸੰਯੁਕਤ ਰਾਸ਼ਟਰ ਅਮਰੀਕਾ ਵਿੱਚ ਜਿੱਥੇ-ਜਿੱਥੇ ਹਿੰਦੁਸਤਾਨੀ ਸਨ, ਉੱਥੇ ਗਿਆ ਅਤੇ ਇਕ ਮਜ਼ਬੂਤ ਸੰਗਠਨ ਤਿਆਰ ਕੀਤਾ। ਉੱਥੋਂ ਦੀਆਂ ਰਿਆਸਤਾਂ ਅਤੇ ਕਰੀਬ-ਕਰੀਬ ਸਾਰੇ ਸ਼ਹਿਰਾਂ ਨੂੰ ਵੇਖਿਆ। ਹੁਣ ਸੁਤੰਤਰ ਗੁਰਦੁਆਰਾ ਤੇਜਾ ਵਾਲੇ ਫ਼ੌਜੀ ਸ਼ਾਸਤਰ ਤੋਂ ਅਣਜਾਣ ਇੱਕੀ ਸਾਲ ਦਾ ਅੱਲ੍ਹੜ ਨੌਜਵਾਨ ਨਹੀਂ ਸੀ। ਇਹ ਹਰ ਇਕ ਚੀਜ਼ ਨੂੰ ਫ਼ੌਜੀ ਦ੍ਰਿਸ਼ਟੀ ਨਾਲ਼ ਵੇਖਦਾ ਸੀ ਅਤੇ ਫ਼ੌਜੀ ਸਾਇੰਸ ਵਿੱਚ ਅਮਰੀਕਾ ਨੇ ਜੋ ਉੱਨਤੀ ਕੀਤੀ ਸੀ, ਉਸ ਵੱਲ ਖ਼ਾਸ ਤੌਰ 'ਤੇ ਨਜ਼ਰ ਰੱਖਦਾ ਸੀ। ਉਸ ਦਾ ਸਾਰਾ 1930 ਸੰਯੁਕਤ ਰਾਸ਼ਟਰ ਅਮਰੀਕਾ ਵਿੱਚ ਲੰਘਿਆ, ਹੁਣ ਬਾਹਰੋਂ ਜ਼ੋਰ ਪਿਆ ਅਤੇ 26 ਜਨਵਰੀ 1931 ਨੂੰ ਸੰਯੁਕਤ ਰਾਸ਼ਟਰ ਨੇ ਦੇਸ਼ ਵਿੱਚੋਂ ਨਿਕਲ ਜਾਣ ਦਾ ਨੋਟਿਸ ਦੇ ਦਿੱਤਾ।

ਮੈਕਸੀਕੋ ਹੁੰਦੇ ਹੋਏ ਉਹ ਪਨਾਮਾ ਪਹੁੰਚ ਗਿਆ। ਪਨਾਮਾ ਦਾ ਪਾਸਪੋਰਟ ਨਹੀਂ ਸੀ, ਪਰ ਉਸ ਦੇ ਸਾਥੀਆਂ ਨੇ ਉੱਥੇ ਉਤਾਰਨ ਦਾ ਪ੍ਰਬੰਧ ਕਰ ਲਿਆ ਸੀ। ਫਰਵਰੀ ਵਿੱਚ ਉਤਰ ਕੇ ਉਹ ਪੰਜ ਮਹੀਨੇ ਪਨਾਮਾ ਰਿਆਸਤ ਵਿੱਚ ਰਿਹਾ। ਪਨਾਮਾ ਵਿੱਚ ਤਿੰਨ ਹਜ਼ਾਰ ਦੇ ਕਰੀਬ ਭਾਰਤੀ (ਸਿੰਧੀ, ਪੰਜਾਬੀ ਵਪਾਰੀ - ਡਰਾਇਵਰ ਅਤੇ ਡੌਕ ਕਰਮਚਾਰੀ) ਰਹਿੰਦੇ ਹਨ। ਪਾਰਟੀ ਨੂੰ ਉੱਥੇ ਉਸ ਨੇ ਵੱਡੇ ਪੈਮਾਨੇ ਉੱਤੇ ਸੰਗਠਿਤ ਕੀਤਾ। ਦੋ ਤਿਹਾਈ ਪੰਜਾਬੀ ਡਰਾਇਵਰਾਂ ਨੇ ਮੋਟਰ ਬੱਸ ਦੀ ਹੜਤਾਲ ਕੀਤੀ ਅਤੇ ਉਨ੍ਹਾਂ ਨੂੰ ਸਫ਼ਲਤਾ ਵੀ ਮਿਲੀ। ਡਰਾਇਵਰਾਂ ਦੇ ਲਈ ਇਕ ਸਹਿਯੋਗ ਕਮੇਟੀ ਕਾਇਮ ਕੀਤੀ। ਹਿੰਦੁਸਤਾਨ ਦੇ ਅੰਦੋਲਨ ਦੇ ਲਈ ਲੋਕਾਂ ਨੇ ਰੁਪਈਏ-ਪੈਸੇ ਦਿੱਤੇ। ਹੁਣ ਤੱਕ ਸੁਤੰਤਰ ਨੇ ਮਾਰਕਸਵਾਦ ਦਾ ਬਹੁਤ ਅਧਿਐਨ ਕਰ ਲਿਆ ਸੀ, ਵਧੇਰੇ ਪੁਸਤਕਾਂ ਫਰੈਂਚ ਵਿੱਚ ਪੜ੍ਹੀਆਂ ਸਨ।

**ਦੱਖਣੀ ਅਮਰੀਕਾ**- ਹੁਣ ਉਹ ਸਪੈਨਿਸ਼ ਵੀ ਪੜ੍ਹ ਲੈਂਦਾ ਸੀ। ਜਹਾਜ਼ ਨਾਲ਼ ਉਹ ਪੇਰੂ ਦੇ ਲੀਮਾ ਸ਼ਹਿਰ ਵਿੱਚ ਗਿਆ। ਚਿਲੀ ਦੇ ਬਲਪਰੇਜੋ ਨਗਰ ਵਿੱਚ ਪਹੁੰਚ ਗਿਆ, ਉਸ ਦਿਨ ਦੁਕਾਨਾਂ ਜਲਦੀ-ਜਲਦੀ ਬੰਦ ਹੋ ਰਹੀਆਂ ਸਨ, ਉੱਥੇ ਦੰਗੇ ਹੋ ਗਏ ਸਨ। ਕਿਸੇ ਸਵਾਰਥੀ ਸ਼ਾਸਨ ਦੇ ਸੋਨੇ ਨੇ (ਖੋਟੇ ਸਿੱਕੇ ਨੇ) ਅਖ਼ਬਾਰਾਂ ਵਿੱਚ ਛਪਵਾਇਆ ਸੀ ਕਿ ਕੋਈ ਤੁਰਕੀ ਜਨਰਲ ਸਟਾਫ਼ ਦਾ ਅਫ਼ਸਰ, ਜੋ ਕਿ ਦਰਅਸਲ ਹਿੰਦੁਸਤਾਨੀ ਹੈ, ਕੋਮਿਨਤਰਨ (ਕਮਿਊਨਿਸਟ ਇੰਟਰਨੈਸ਼ਨਲ) ਦੁਆਰਾ ਦੱਖਣੀ ਅਮਰੀਕਾ ਵਿੱਚ ਭੇਜਿਆ ਗਿਆ ਹੈ। ਉਸ ਦੇ ਕੋਲ਼ ਬਹੁਤ ਸਾਰਾ ਮਾਸਕੋ ਦਾ ਸੋਨਾ ਹੈ। ਉਹ ਲਾਤੀਨੀ ਅਮਰੀਕਾ ਵਿੱਚ ਬਗ਼ਾਵਤ ਫੈਲਾ ਰਿਹਾ ਹੈ। ਸੁਤੰਤਰ ਨੇ ਜਲਦੀ-ਜਲਦੀ ਟਿਕਟ ਲੈ ਜਹਾਜ਼ ਫੜਿਆ ਅਤੇ ਚਿਲੀ ਦੇ ਸੈਂਟਿਆਗੋ ਨਗਰ ਵਿੱਚ ਪਹੁੰਚ ਗਿਆ। ਲਾਸਾਂ ਦੇਸ ਪਹਾੜ ਨੂੰ ਰੇਲ ਨਾਲ਼ ਪਾਰ ਕਰਦੇ ਵੇਲ਼ੇ ਹਿਮਾਲਿਆ ਯਾਦ ਆਉਣ ਲੱਗਾ। ਅੰਤ ਵਿੱਚ ਅਰਖਨਤੀਨ (ਅਰਜਨਟੀਨਾ) ਦੇ ਮੰਦੋਸਾ ਸ਼ਹਿਰ ਵਿੱਚ ਪਹੁੰਚ ਗਿਆ। ਅਰਖਨਤੀਨ ਵਿੱਚ ਬਹੁਤ ਸਾਰੇ ਭਾਰਤੀ, ਖ਼ਾਸ ਤੌਰ 'ਤੇ, ਪੰਜਾਬੀ ਰਹਿੰਦੇ ਹਨ, ਇਹ ਉਸ ਨੂੰ ਪਤਾ ਸੀ; ਇਸੇ ਦੇ ਲਈ ਉਹ ਉੱਥੇ ਪੁੱਜਾ ਸੀ। ਰੋਸਾਰਿਓ ਸਟੇਸ਼ਨ ਉੱਤੇ ਜਦ ਅਗਸਤ (1931) ਵਿੱਚ ਪੁੱਜਿਆ ਤਾਂ ਭਗਤ ਸਿੰਘ ਬਿਲਗਾ ਉੱਥੇ ਉਸ ਦੇ ਸਵਾਗਤ ਦੇ ਲਈ ਮੌਜੂਦ ਸੀ। ਅਰਖਨਤੀਨ ਦੀ ਜ਼ਮੀਨ ਬਹੁਤ ਹੀ ਉਪਜਾਊ ਹੈ। ਉੱਥੇ ਫਲ਼ਾਂ ਦੇ ਬਗ਼ੀਚੇ, ਖੰਡ ਦੇ ਕਾਰਖ਼ਾਨੇ ਬਹੁਤ ਹਨ। ਪੰਜਾਬੀ ਕਾਮੇ ਖੰਡ ਦੀਆਂ ਮਿਲਾਂ ਅਤੇ ਮੋਟਰਾਂ ਵਿੱਚ ਕੰਮ ਕਰਦੇ ਹਨ। ਉੱਥੇ ਰੰਗ ਭੇਦ ਨਹੀਂ ਹੈ। ਸਾਰਿਆਂ ਨੂੰ ਅਰਖਨਤੀਨ ਦੀ ਪਰਜਾ ਬਣਨ ਅਤੇ ਵੋਟ ਦੇਣ ਦਾ ਅਧਿਕਾਰ ਹੈ। ਮਜ਼ਦੂਰੀ ਵੀ ਬਹੁਤ ਜ਼ਿਆਦਾ ਹੈ। ਸੁਤੰਤਰ ਨੇ ਅਰਖਨਤੀਨ ਵਿੱਚ ਇਕ ਸਾਲ ਰਹਿ ਕੇ ਭਾਰਤੀਆਂ ਵਿੱਚ ਰਾਜਨੀਤਿਕ ਜਾਗ੍ਰਤੀ ਪੈਦਾ ਕੀਤੀ ਅਤੇ ਦੱਖਣ ਵਿੱਚ ਬਹੀਆ ਬਲੰਕਾ ਤੋਂ ਉੱਤਰ ਵਿੱਚ ਖੁਈ ਤੱਕ ਦਾ ਦੌਰਾ ਕੀਤਾ। ਮੰਦੋਸਾ (ਪੱਛਮ) ਤੋਂ ਬਿਊਨਿਸ ਆਇਰਸ (ਪੂਰਬ) ਤੱਕ ਜਾ ਕੇ ਸਾਰੇ ਦੇਸ਼ ਨੂੰ ਵੇਖਿਆ। ਸੁਤੰਤਰ ਦੇ ਆਉਣ ਨਾਲ਼ ਉੱਥੋਂ ਦੇ ਭਾਰਤੀਆਂ ਵਿੱਚ ਰਾਜਨੀਤਿਕ ਭਾਵਨਾ ਬਹੁਤ ਵਧ ਗਈ।

1931 ਦੀ ਮਈ ਵਿੱਚ ਸੁਤੰਤਰ ਬ੍ਰਾਜ਼ੀਲ ਗਿਆ। ਉੱਥੇ ਰੀਓ ਦ ਜਨੇਰੀਓ ਵਿੱਚ ਸਰਦਾਰ ਅਜੀਤ ਸਿੰਘ ਦੇ ਕੋਲ਼ ਰਿਹਾ। ਪਤਾ ਲੱਗਾ, ਸਾਓ ਪੋਲੋ ਤੋਂ ਅੱਗੇ ਹਿੰਦੁਸਤਾਨੀ ਰਹਿੰਦੇ ਹਨ, ਖੇਤੀ ਅਤੇ ਦੁਕਾਨ ਦਾ ਕੰਮ ਕਰਦੇ ਹਨ। ਸੁਤੰਤਰ ਰੇਲ ਦੇ ਆਖ਼ਰੀ ਹਿੱਸੇ ਤੱਕ ਗਿਆ। ਬ੍ਰਾਜ਼ੀਲ ਤੋਂ ਉਰੁਗਵੇ ਦੇ ਅੰਦਰੋਂ ਹੁੰਦੇ ਹੋਏ ਅਰਖਨਤੀਨ ਪਹੁੰਚ ਗਿਆ।

ਹੁਣ ਇੱਥੇ ਵੀ ਕੰਮ ਦ੍ਰਿੜ੍ਹ ਹੋ ਚੁੱਕਿਆ ਸੀ, ਚਾਰ ਆਦਮੀ ਵਿਸ਼ੇਸ਼ ਸਿੱਖਿਆ ਦੇ ਲਈ ਉੱਥੋਂ ਭੇਜੇ ਗਏ, ਜੋ ਭਾਰਤ ਵਿੱਚ ਜਾ ਕੇ ਸਾਰਾ ਸਮਾਂ ਦੇਸ਼ ਸੇਵਾ ਦੇ ਲਈ ਦੇਣਾ ਚਾਹੁੰਦੇ ਸਨ।

**ਸੋਵੀਅਤ ਰੂਸ ਵਿੱਚ**- ਜੁਲਾਈ (1932) ਵਿੱਚ ਸੁਤੰਤਰ ਬਿਊਨਿਸ ਆਇਰਸ ਤੋਂ ਜਹਾਜ਼ ਦੇ ਰਾਹੀਂ ਯੂਰਪ ਦੇ ਲਈ ਰਵਾਨਾ ਹੋ ਗਿਆ। ਪੁਰਤਗਾਲ ਅਤੇ ਸਪੇਨ ਹੁੰਦੇ ਹੋਏ ਬੋਰਦੋ ਤੋਂ ਪੈਰਿਸ ਪਹੁੰਚ ਗਿਆ। ਉੱਥੇ ਕੁਝ ਘੰਟੇ ਰਹਿ ਕੇ ਬਰਲਿਨ ਚਲੇ ਗਏ। ਹੁਣ ਸਾਥੀਆਂ ਨੂੰ ਮਿਲ ਕੇ ਉਸ ਨੂੰ ਸੋਵੀਅਤ ਜਾਣਾ ਸੀ। ਸੁਤੰਤਰ ਦਾ ਬਹੁਤ ਸਾਰਾ ਸਾਮਾਨ ਹਾਲੇ ਵੀ ਤੁਰਕੀ ਵਿੱਚ ਹੀ ਪਿਆ ਸੀ, ਜਿਸ ਦੇ ਲਈ ਉਹ ਉੱਥੇ ਗਿਆ ਅਤੇ ਦੋਸਤਾਂ ਨੂੰ ਮਿਲਿਆ। ਪੂਰਬੀ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਨੂੰ ਵੇਖਿਆ, ਫਿਰ ਬਰਲਿਨ ਪਹੁੰਚ ਗਿਆ, ਉੱਥੋਂ ਇਕ ਜਰਮਨ ਬੰਦਰਗਾਹ ਉੱਤੇ ਸੋਵੀਅਤ ਜਹਾਜ਼ ਵਿੱਚ ਚੜ੍ਹ ਕੇ 21 ਸਤੰਬਰ ਨੂੰ ਲੈਨਿਨਗ੍ਰਾਦ। ਉੱਥੇ ਉਹ ਇਕ ਦਿਨ ਹੀ ਰੁਕਿਆ ਅਤੇ 22 ਸਤੰਬਰ ਨੂੰ ਮਾਸਕੋ ਪਹੁੰਚ ਗਏ। ਅਗਲੇ ਦੋ ਸਾਲ (ਜੁਲਾਈ 1934 ਤੱਕ) ਉਸ ਨੂੰ ਸੋਵੀਅਤ ਵਿੱਚ ਗੁਜ਼ਾਰਨੇ ਪਏ। ਇਸ ਸਮੇਂ ਉਸ ਨੇ ਆਪਣੇ ਗਿਆਨ ਨੂੰ ਹੋਰ ਵਸੀਹ ਕੀਤਾ। ਰੂਸੀ ਭਾਸ਼ਾ ਵੀ ਪੜ੍ਹੀ। ਕਿੰਨੀਆਂ ਹੀ ਕਿਤਾਬਾਂ ਦਾ ਪੰਜਾਬੀ ਅਤੇ ਉਰਦੂ ਵਿੱਚ ਅਨੁਵਾਦ ਵੀ ਕੀਤਾ। ਲਾਲ ਸੈਨਾ ਨੂੰ ਉਸ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਅਤੇ ਉਹ ਉਸ ਤੋਂ ਬਹੁਤ ਪ੍ਰਭਾਵਿਤ ਹੋਇਆ। ਜਿੱਥੇ ਦੂਜੇ ਦੇਸ਼ਾਂ ਦੇ ਫ਼ੌਜ ਵਿਗਿਆਨ ਵਿੱਚ ਇਕ ਤਰ੍ਹਾਂ ਦੀ ਸਥਿਰਤਾ, ਜੜ੍ਹਤਾ, ਠਹਿਰਾਅ ਦਾ ਪਤਾ ਚਲਦਾ ਹੈ, ਉੱਥੇ ਸੋਵੀਅਤ ਦਾ ਫ਼ੌਜ ਵਿਗਿਆਨ ਹਰ ਵੇਲੇ ਅੱਗੇ ਵਧਣ, ਹਰ ਸਮੇਂ ਨਵੀਂ ਚੀਜ਼ ਨੂੰ ਅਪਣਾਉਣ ਵਿੱਚ ਤਿਆਰ ਲੱਗਿਆ। ਦੋ ਸਾਲ ਦਾ ਇਹ ਸੋਵੀਅਤ ਨਿਵਾਸ ਪੰਜ ਸਾਲਾ ਯੋਜਨਾ ਦੇ ਯੁਗ ਵਿੱਚ ਹੋਇਆ ਸੀ। ਉਸ ਨੇ ਆਪਣੀਆਂ ਅੱਖਾਂ ਨਾਲ਼ ਮਹਾਨ ਨਿਰਮਾਣ ਨੂੰ ਹੁੰਦੇ ਹੋਏ ਵੇਖਿਆ। ਖਾਰਕੋਫ਼, ਸਟਾਲਿਨੋ, ਕਰੀਮੀਆ ਅਤੇ ਦੂਜੇ ਬਹੁਤ ਸਾਰੇ ਉਦਯੋਗ ਕੇਂਦਰਾਂ ਨੂੰ ਸੁਤੰਤਰ ਨੇ ਵੇਖਿਆ। ਸਮੂਹਕ ਅਤੇ ਸਰਕਾਰੀ ਖੇਤੀ ਵਾਲੇ ਔਰਤ-ਮਰਦਾਂ ਦੇ ਨਾਲ਼ ਰਹਿ ਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਅਨੁਭਵ ਕੀਤਾ।

**ਬਾਰ੍ਹਾਂ ਸਾਲ ਬਾਅਦ ਭਾਰਤ ਵਿੱਚ**- ਸਿੱਖਿਆ ਖ਼ਤਮ ਹੋ ਗਈ ਸੀ। ਹੁਣ ਸੁਤੰਤਰ ਨੇ ਭਾਰਤ ਪਰਤਣਾ ਸੀ। ਅਗਸਤ 1934 ਵਿੱਚ ਅੱਠ ਘੰਟੇ ਦੀ ਹਵਾਈ ਯਾਤਰਾ ਤੋਂ ਬਾਅਦ ਉਹ ਬਰਲਿਨ ਵਿੱਚ ਉਤਰਿਆ। ਤੁਰੰਤ ਐਕਸਪ੍ਰੇਸ ਟ੍ਰੇਨ ਫੜੀ ਅਤੇ ਉਸੇ ਦਿਨ ਸ਼ਾਮ ਨੂੰ ਐਂਟਵਰਪ (ਬੈਲਜੀਅਮ) ਪਹੁੰਚ ਗਿਆ। ਕੁਝ ਦਿਨ ਰਹਿ ਕੇ ਪੈਰਿਸ ਗਿਆ। ਉੱਥੋਂ ਮਾਰਸਈ ਜਾ ਕੇ ਦੋ ਤਿੰਨ ਮਹੀਨੇ ਮਜ਼ਦੂਰ ਦਾ ਕੰਮ ਕੀਤਾ, ਫਿਰ ਪੰਜਾਬੀ ਕੱਪੜੇ ਪਾਏ ਅਤੇ ਪੰਜਾਬੀ ਮਜ਼ਦੂਰ ਬਣ ਕੇ ਪੂਰਬੀ ਅਫ਼ਰੀਕਾ ਦੇ ਮੋਂਬਾਸਾ ਨਗਰ ਵਿੱਚ ਅਕਤੂਬਰ 'ਚ ਪਹੁੰਚ ਗਿਆ। 17 ਨਵੰਬਰ ਨੂੰ ਉਹ ਬੰਬਈ ਜਾਣ ਵਾਲੇ ਜਹਾਜ਼ ਉੱਤੇ ਚੜ੍ਹਿਆ। ਮੂੰਹ ਉੱਤੇ ਵੱਡੀਆਂ-ਵੱਡੀਆਂ ਮੁੱਛਾਂ ਸਨ ਅਤੇ ਤੇੜ ਗੁਜਰਾਤੀ ਧੋਤੀ। ਬੰਬਈ ਉਤਰ ਕੇ ਸਾਥੀਆਂ ਨੂੰ ਮਿਲੇ। ਹੁਣ ਉਹ ਸਾਧੂ ਬਣ ਗਿਆ। ਸ਼ੇਖ਼ੂਪੁਰਾ, ਅੰਮ੍ਰਿਤਸਰ, ਲਾਹੌਰ, ਜਲੰਧਰ ਵਿੱਚ ਪਾਰਟੀ ਦਾ ਕੰਮ ਕਰਦਾ ਰਿਹਾ।

**ਜੇਲ੍ਹ ਵਿੱਚ**- ਡੇਢ ਸਾਲ ਇਸ ਤਰ੍ਹਾਂ ਅੰਤਰ ਧਿਆਨ ਰਹਿ ਕੇ ਕੰਮ ਕਰਦੇ-ਕਰਦੇ ਲੰਘ ਗਿਆ ਸੀ, ਜਦੋਂਕਿ ਜਨਵਰੀ 1936 ਵਿੱਚ ਪੁਲਿਸ ਨੇ ਮਾਟੁੰਗਾ (ਬੰਬਈ) ਵਿੱਚ ਉਸ ਨੂੰ ਫੜ ਲਿਆ। ਇਕਬਾਲ ਸਿੰਘ ਅਤੇ ਸੋਮਨਾਥ ਲਹਿਰੀ ਵੀ ਉਸੇ ਵੇਲੇ ਫੜੇ ਗਏ। ਪੁਲਿਸ ਉਨ੍ਹਾਂ ਨੂੰ ਲਾਹੌਰ ਕਿਲ੍ਹੇ ਵਿੱਚ ਲੈ ਗਈ। ਫਿਰ ਕਈ-ਕਈ ਰਾਤਾਂ ਜਗਾਈ ਰੱਖਣਾ, ਗਾਲ੍ਹਾਂ ਦੇਣੀਆਂ, ਚਿੜ੍ਹਾਉਣਾ ਆਦਿ ਸਾਰੇ ਹਥਿਆਰ ਵਰਤੇ ਗਏ। ਮੁਕੱਦਮਾ ਚਲਾਉਣ ਲਈ ਸਬੂਤ ਨਹੀਂ ਸੀ, ਇਸ ਲਈ ਦੋ ਮਹੀਨੇ ਕਿਲ੍ਹੇ ਵਿੱਚ ਰੱਖ 1818 ਦੇ ਰੈਗੂਲੇਸ਼ਨ ਦੇ ਅਨੁਸਾਰ ਰਾਜਕੈਦੀ ਬਣਾ ਕੈਂਬਲਪੁਰ ਜੇਲ੍ਹ ਵਿੱਚ ਭੇਜ ਦਿੱਤਾ, ਜਿੱਥੇ ਉਸ ਨੂੰ ਛੇ ਸਾਲ (ਜਨਵਰੀ 1936- ਮਈ 1942) ਰਹਿਣਾ ਪਿਆ।

ਸੁਤੰਤਰ ਚੁੱਪ ਬੈਠਣ ਵਾਲਾ ਨਹੀਂ ਸੀ। ਉਸੇ ਸਾਲ ਉਸ ਨੇ ਆਪਣੇ ਆਪ ਪੜ੍ਹ ਕੇ ਮੈਟ੍ਰਿਕ ਪਾਸ ਕੀਤੀ, ਫਿਰ ਐਫ਼.ਏ. ਅਤੇ 1939 ਵਿੱਚ ਬੀ.ਏ. ਪਾਸ ਕੀਤਾ। ਯੂਨੀਵਰਸਿਟੀ ਨੇ ਆਗਿਆ ਨਹੀਂ ਦਿੱਤੀ, ਨਹੀਂ ਤਾਂ ਐਮ.ਏ. ਵੀ ਕਰ ਲਈ ਹੁੰਦੀ। 1937 ਵਿੱਚ ਅਸੈਂਬਲੀ ਦੀਆਂ ਚੋਣਾਂ ਹੋ ਰਹੀਆਂ ਸਨ। ਉਸ ਸਮੇਂ ਸਾਥੀ ਸੁਤੰਤਰ ਨੂੰ ਵੀ ਇਕ ਚੋਣ ਖੇਤਰ ਤੋਂ ਖੜ੍ਹਾ ਕੀਤਾ ਗਿਆ। ਗੁਰਦੁਆਰਾ ਤੇਜਾ ਸਿੰਘ ਦੇ ਬਹਾਦੁਰ ਨੂੰ ਸਿੱਖ ਭੁੱਲ ਨਹੀਂ ਸਕਦੇ ਸਨ ਅਤੇ ਉਸ ਦੇ ਸਾਹਸ ਅਤੇ ਕੁਰਬਾਨੀਆਂ ਦੀਆਂ ਗਾਥਾਵਾਂ ਹੁਣ ਵੀ ਲੋਕਾਂ ਦੀ ਜ਼ੁਬਾਨ ਉੱਤੇ ਸਨ। ਵਿਰੋਧੀਆਂ ਨੇ ਨਾਮ ਵਾਪਸ ਲੈ ਲਏ ਅਤੇ ਸਾਥੀ ਸੁਤੰਤਰ ਬਿਨਾਂ ਵਿਰੋਧ ਐਮ.ਐਲ.ਏ. ਬਣ ਗਏ। ਪਰ ਤਦ ਵੀ ਸਰਕਾਰ ਉਸ ਨੂੰ ਛੱਡਣ ਦੇ ਲਈ ਤਿਆਰ ਨਹੀਂ ਸੀ। ਪੰਜ ਸਾਲ ਹੋਰ ਉਸ ਨੂੰ ਜੇਲ੍ਹ ਵਿੱਚ ਸੜਨਾ ਪਿਆ। ਮਈ 1942 ਵਿੱਚ ਉਹ ਜੇਲ੍ਹ ਤੋਂ ਛੁੱਟਿਆ, ਬਾਹਰ ਆਉਂਦੇ ਹੀ ਸੂਬਾਈ ਕਿਸਾਨ ਕਾਨਫਰੰਸ ਦੇ ਪ੍ਰਧਾਨ ਬਣ ਗਏ ਅਤੇ ਦੇਸ਼ ਦੇ ਕੰਮ ਵਿੱਚ ਅਜਿਹੇ ਲੱਗੇ ਕਿ ਸਿਰਫ਼ ਦੋ ਵਾਰ ਹੀ ਪਿੰਡ ਜਾ ਸਕੇ।

ਸੁਤੰਤਰ ਦਾ ਵਿਆਹ ਸ਼੍ਰੀ ਹਰਭਜਨ ਕੌਰ ਨਾਲ਼ 1917 ਵਿੱਚ ਹੋਇਆ ਸੀ। ਹਰਭਜਨ ਕੌਰ ਨੇ ਵੀ ਅਕਾਲੀ ਅੰਦੋਲਨ ਵਿੱਚ ਭਾਗ ਲਿਆ ਸੀ ਅਤੇ ਹੁਣ ਵੀ ਉਹ ਕੰਮ ਵਿੱਚ ਲੱਗੀ ਹੋਈ ਹੈ। ਉਸ ਦੇ ਦੋ ਭਰਾਵਾਂ ਵਿੱਚੋਂ ਇਕ ਸਰਦਾਰ ਵਾਸੁਦੇਵ ਸਿੰਘ ਦਸ ਸਾਲ ਤੱਕ ਰਾਜਕੈਦੀ ਬਣਾ ਕੇ ਜੇਲ੍ਹ ਵਿੱਚ ਬੰਦ ਰੱਖੇ ਗਏ ਸਨ। ਦੂਜੇ ਭਰਾ ਸਰਦਾਰ ਸਾਧੂ ਸਿੰਘ ਢਾਈ ਸਾਲ ਲਾਹੌਰ ਦੇ ਕਿਲ੍ਹੇ ਵਿੱਚ ਰੱਖੇ ਗਏ ਅਤੇ ਹੁਣ ਪਿੰਡ ਵਿੱਚ ਨਜ਼ਰਬੰਦ ਹੈ। ਸਾਥੀ ਸੁਤੰਤਰ ਦੇ ਸੱਤ ਮਹੀਨੇ ਦੀ ਇਕ ਬੱਚੀ ਹੈ। ਅੱਜ ਉਸ ਦੀ ਉਮਰ 42 ਸਾਲ ਦੀ ਹੈ, ਪਰ ਹੁਣ ਵੀ ਉਸ ਦਾ ਜੋਸ਼ ਪਹਿਲਾਂ ਤੋਂ ਘਟ ਨਹੀਂ ਹੋਇਆ, ਸਗੋਂ ਹੋਰ ਵਧਿਆ ਹੈ। ਜੇ ਉਹ ਤੁਰਕੀ ਦੀ ਫ਼ੌਜ ਵਿੱਚ ਸ਼ਾਮਿਲ ਹੋਇਆ ਹੁੰਦਾ ਤਾਂ ਅੱਜ ਆਪਣੇ ਪ੍ਰਤਿਭਾਸ਼ੀਲ ਸਹਿਪਾਠੀਆਂ ਵਾਂਗ ਜਰਨੈਲ ਆਜ਼ਾਦ ਬੇਗ ਹੁੰਦਾ, ਪਰ ਕੌਣ ਕਹਿ ਸਕਦਾ ਹੈ ਕਿ ਸਾਡੇ ਦੇਸ਼ ਨੂੰ ਜਿਵੇਂ ਦੇ ਜਰਨੈਲ ਦੀ ਲੋੜ ਹੈ, ਉਸ ਤਰ੍ਹਾਂ ਦਾ ਜਰਨੈਲ ਉਹ ਨਹੀਂ ਹੈ।

**- ਅਨੁਵਾਦ : ਪਵਨ ਟਿੱਬਾ**

## ਸਰਕਾਰੀ ਕੰਨਿਆ ਸਕੂਲ 'ਚ ਹਿੰਦੀ ਦਿਵਸ ਮਨਾਇਆ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਗੌਰਵ ਸ਼ਰਮਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਹਰਦੀਪ ਕੌਰ ਦੀ ਯੋਗ ਅਗਵਾਈ ਅਤੇ ਹਿੰਦੀ ਅਧਿਆਪਕ ਪ੍ਰਵੀਨ ਸ਼ਰਮਾ ਤੇ ਬਲਜੀਤ ਕੌਰ ਦੀ ਦੇਖ ਰੇਖ ਹੇਠ ਸਕੂਲ ਵਿੱਚ ਹਿੰਦੀ ਦਿਵਸ ਮਨਾਇਆ ਗਿਆ। ਅੱਜ ਦੇ ਇਸ ਖਾਸ ਦਿਨ ਤੇ ਹਿੰਦੀ ਭਾਸ਼ਾ ਨੂੰ ਮੁੱਖ ਰੱਖਦੇ ਹੋਏ ਵਿਦਿਆਰਥੀਆਂ ਨੇ ਕਵਿਤਾਵਾਂ, ਭਾਸ਼ਣ, ਸੁੰਦਰ ਲਿਖਾਈ, ਚਾਰਟ, ਮਾਡਲ ਬਣਾਉਣ ਆਦਿ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਹਰਦੀਪ ਕੌਰ ਨੇ ਪ੍ਰਤੀਭਾਗੀਆਂ ਨੂੰ ਇਨਾਮ ਵੰਡੇ ਅਤੇ ਸਾਰੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਅੱਜ ਦੇ ਇਸ ਖਾਸ ਦਿਨ 'ਤੇ ਵਿਦਿਆਰਥੀਆਂ ਨੇ ਹਿੰਦੀ ਭਾਸ਼ਾ ਬਾਰੇ ਆਪਣੇ ਗਿਆਨ ਵਿੱਚ ਵਾਧਾ ਕੀਤਾ ਤੇ ਬਹੁਤ ਆਨੰਦ ਮਾਣਿਆ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਦਸਮੇਸ਼ ਮਿਸ਼ਨ ਸਕੂਲ ਰੱਸਾਕਸ਼ੀ ਤੇ ਰਾਈਫਲ ਸ਼ੂਟਿੰਗ 'ਚ ਜ਼ਿਲ੍ਹਾ ਜੇਤੂ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਵਿੱਚ ਹੋ ਰਹੀਆਂ 69ਵੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡ ਮੁਕਾਬਲਿਆਂ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌ ਦੀਆਂ ਅੰਡਰ-17 ਲੜਕੀਆਂ ਨੇ ਰੱਸਾਕਸ਼ੀ ਅਤੇ ਅੰਡਰ-17 ਰਾਈਫਲ ਸ਼ੂਟਿੰਗ ਮੁਕਾਬਲਿਆਂ ਵਿੱਚ ਅਮਰਿੰਦਰ ਸਿੰਘ (ਗਿਆਰਵੀਂ), ਗੁਰਨੂਰਪਾਲ ਸਿੰਘ (ਦਸਵੀਂ) ਤੇ ਸ਼ਵਨਪ੍ਰੀਤ ਸਿੰਘ (ਗਿਆਰਵੀਂ) ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਜੇਤੂ ਖਿਡਾਰੀਆਂ ਨੂੰ ਗੋਲਡ ਮੈਡਲ ਨਾਲ ਸਨਮਾਨਤ ਕੀਤਾ। ਸਕੂਲ ਪਹੁੰਚਣ 'ਤੇ ਸਕੂਲ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਐੱਮ. ਡੀ. ਸ. ਬਲਜੀਤ ਸਿੰਘ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ। ਇਸ ਪ੍ਰਾਪਤੀ ਪਿੱਛੇ ਇੰਚਾਰਜ ਲਵਪ੍ਰੀਤ ਸ਼ਰਮਾ ਤੇ ਸਹਿਜਪ੍ਰੀਤ ਸਿੰਘ ਦੇ ਯਤਨਾਂ ਸਦਕਾ ਹੀ ਸੰਭਵ ਹੋ ਸਕੀਆਂ ਹਨ।

## ਗੁਰੂ ਨਾਨਕ ਨੈਸ਼ਨਲ ਕਾਲਜ 'ਚ ਹਿੰਦੀ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਹਿੰਦੀ ਵਿਭਾਗ ਦੁਆਰਾ 'ਹਿੰਦੀ ਦਿਵਸ' ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਹਿੰਦੀ ਵਿਭਾਗ ਦੁਆਰਾ ਡਾ. ਲਵਲੀਨ ਬੈਂਸ ਤੇ ਪ੍ਰੋ. ਨਵਨੀਤ ਕੌਰ ਦੀ ਅਗਵਾਈ ਵਿੱਚ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ ਅਤੇ 'ਹਿੰਦੀ ਭਾਸ਼ਾ ਕਾ ਵਰਤਮਾਨ ਸਵਰੂਪ' ਵਿਸ਼ੇ ਉੱਤੇ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਹਿੰਦੀ ਵਿਭਾਗ ਦੇ ਪ੍ਰਾਧਿਆਪਕ ਪ੍ਰੋ. ਨਵਨੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਹਿੰਦੀ ਭਾਸ਼ਾ ਦੀ ਵਰਤਮਾਨ ਸਥਿਤੀ ਦੇ ਨਾਲ ਨਾਲ ਅਜੋਕੇ ਤਕਨੀਕੀ ਯੁੱਗ ਵਿੱਚ ਹਿੰਦੀ ਭਾਸ਼ਾ ਦੀਆਂ ਕਿੰਤੂਆਂ ਸੰਭਾਵਨਾਵਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ। ਇਸ ਗਤੀਵਿਧੀ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਹਿੰਦੀ ਭਾਸ਼ਾ ਦੇ ਮਹੱਤਵ ਨੂੰ ਦਰਸਾਇਆ। ਇਸ ਗਤੀਵਿਧੀ ਵਿੱਚ ਬੀ. ਏ. ਭਾਗ ਪਹਿਲਾ, ਦੂਜਾ ਤੇ ਤੀਜਾ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਗਤੀਵਿਧੀ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਹਿੰਦੀ ਵਿਭਾਗ ਨੂੰ ਮੁਬਾਰਕਬਾਦ ਦਿੱਤੀ।

## ਮਹਾਰਾਜਾ ਅਗਰਸੈਨ ਜਯੰਤੀ ਧੂਮਧਾਮ ਨਾਲ ਮਨਾਈ ਜਾਵੇਗੀ : ਬਿੰਟਾ, ਗੁਪਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ਼ਹਿਰ ਦੇ ਬੁੜਾਗੁੱਜਰ ਰੋਡ 'ਤੇ ਸੋਮਵਾਰ ਦੀ ਦੇਰ ਸ਼ਾਮ ਚੇਅਰਮੈਨ ਭਾਰਤ ਭੂਸ਼ਣ ਬਿੰਟਾ ਤੇ ਪ੍ਰਧਾਨ ਅਜੇ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ ਅਗਰਵਾਲ ਸਭਾ ਦੀ ਮੀਟਿੰਗ ਦੌਰਾਨ ਮਹਾਰਾਜਾ ਅਗਰਸੈਨ ਜਯੰਤੀ ਧੂਮਧਾਮ ਤੇ ਸ਼ਰਧਾ-ਭਾਵ ਨਾਲ ਮਨਾਉਣ ਦਾ ਫੈਸਲਾ ਲਿਆ ਗਿਆ। ਇਹ ਜਯੰਤੀ ਸਮਾਰੋਹ 21 ਸਤੰਬਰ ਐਤਵਾਰ ਦੁਪਹਿਰ 12 ਵਜੇ 'ਤੋਂ ਸ਼ੁਰੂ ਹੋ ਕੇ ਪ੍ਰਭੂ ਇੱਛਾ ਤੱਕ ਚੱਲੇਗਾ। ਇਸ ਪ੍ਰੋਗਰਾਮ ਦੀ ਖਾਸੀਅਤ ਇਹ ਰਹੇਗੀ ਕਿ 50 ਸਾਲ ਤੋਂ ਵੱਧ ਸਮਾਂ ਪਹਿਲਾਂ ਗੋਲ੍ਡਨ ਜੁਬਲੀਆਂ ਪੂਰੀ ਕਰ ਚੁੱਕੇ ਸੀਨੀਅਰ ਸਿਟੀਜ਼ਨ ਨੂੰ ਸਨਮਾਨਤ ਕੀਤਾ ਜਾਵੇਗਾ, ਉੱਥੇ ਹੀ ਅਗਰਵਾਲ ਸਮਾਜ ਦੇ ਹੋਣਹਾਰ ਬੱਚਿਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਯੂਥ ਅਗਰਵਾਲ ਸਭਾ ਦੇ ਪ੍ਰਧਾਨ ਸੁਸ਼ੀਲ ਕੁਮਾਰ ਰੌਪੀ ਗਰਗ ਨੇ ਅਗਰਵਾਲ ਸਮਾਜ ਦੇ ਲੋਕਾਂ ਨੂੰ ਵੱਧ-ਚੜ੍ਹ ਕੇ ਸਮਾਰੋਹ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਬੱਬੂ ਬਾਂਸਲ, ਨਰਿੰਦਰ ਗਰਗ, ਸੁਮਿਤ ਗਰਗ, ਵਿਜੇ ਬਾਂਸਲ, ਸ਼ੈਰੀ ਗਰਗ, ਰਵੀ ਗਰਗ, ਵਿਨੋਦ ਗਰਗ, ਅਮ੍ਰਿਤਪਾਲ ਗਰਗ, ਐਡਵੋਕੇਟ ਜੀਵੇਂਦ ਗੁਪਤਾ, ਰਾਜੇਸ਼ ਗਰਗ, ਵਿਨੋਦ ਕੁਮਾਰ, ਕੌਂਸਲਰ ਮਨੀਸ਼ ਬਾਂਸਲ, ਰੀਸ਼ੂ ਬਾਂਸਲ, ਮੁਕੇਸ਼ ਗਰਗ, ਸੁਰੇਸ਼ ਗਰਗ, ਦੀਪਕ ਗਰਗ, ਰਾਜਨ ਬਾਂਸਲ, ਅਨਿਲ ਬਾਂਸਲ ਪੱਪੂ, ਕਮਲ ਗਰਗ, ਵਿਨੋਦ ਬਾਂਸਲ, ਵਿੱਕੀ ਗਰਗ, ਅਮ੍ਰਿਤ ਗਰਗ, ਮੋਨੂੰ ਗਰਗ, ਗੋਗੀ ਗਰਗ, ਮਨੀ ਗੋਇਲ, ਰਵਿੰਦਰ ਬਾਂਸਲ, ਲੱਕੀ ਸਿੰਗਲਾ, ਸੁਮਿਤ ਗਰਗ ਸ਼ੰਮੀ, ਸਮੇਤ ਵੱਡੀ ਗਿਣਤੀ 'ਚ ਅਗਰਵਾਲ ਸਮਾਜ ਦੇ ਲੋਕ ਮੌਜੂਦ ਸਨ।

## ਡਾ. ਅਮਰਜੀਤ ਕੌਰ ਨੇ ਬਤੌਰ ਸਿਵਲ ਸਰਜਨ ਅਹੁਦਾ ਸੰਭਾਲਿਆ



**ਸੁਨਾਮ/ਸੰਗਰੂਰ (ਅਸ਼ੋਕ ਬਾਂਸਲ, ਹਾਕਮ ਭੱਟੀ/ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਹੁਕਮਾਂ ਅਨੁਸਾਰ ਡਾ. ਅਮਰਜੀਤ ਕੌਰ ਨੇ ਜ਼ਿਲ੍ਹਾ ਸੰਗਰੂਰ ਵਿਖੇ ਬਤੌਰ ਸਿਵਲ ਸਰਜਨ ਆਪਣਾ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਡਾ. ਅਮਰਜੀਤ ਕੌਰ ਜ਼ਿਲ੍ਹਾ ਸਿਹਤ ਅਫ਼ਸਰ ਲੁਧਿਆਣਾ ਤੋਂ ਬਤੌਰ ਸਿਵਲ ਸਰਜਨ ਪਦ-ਉੱਨਤ ਹੋਏ ਹਨ। ਅਹੁਦਾ ਸੰਭਾਲਣ ਮੌਕੇ ਦਫ਼ਤਰ ਵਿਖੇ ਸਿਹਤ ਪ੍ਰੋਗਰਾਮ ਅਫ਼ਸਰਾਂ ਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਡਾ. ਅਮਰਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਸੰਗਰੂਰ ਜ਼ਿਲ੍ਹੇ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨੂੰ ਸਮੂਹ ਸਟਾਫ ਨੂੰ ਸਮੇਂ ਦੀ ਪਾਬੰਦੀ ਤੇ ਅਨੁਸ਼ਾਸਨ ਵਿੱਚ ਰਹਿਣ ਦੀ ਹਦਾਇਤ ਕੀਤੀ।

## ਠਾਠ ਨਾਨਕਸਰ ਵਿਖੇ ਸਾਲਾਨਾ ਸੰਤ ਸਮਾਗਮ ਸ਼ਰਧਾਭਾਵਨਾ ਨਾਲ ਕਰਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨਾਨਕਸਰ ਸੰਪਰਦਾਇ ਦੇ ਬਾਨੀ ਸੰਤ ਬਾਬਾ ਨੰਦ ਸਿੰਘ ਜੀ, ਸੰਤ ਬਾਬਾ ਈਸ਼ਰ ਸਿੰਘ ਜੀ ਦੀ ਯਾਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਤੇ ਪ੍ਰਕਾਸ਼ ਪੁਰਬ ਨੂੰ ਸਮਰਪਤ ਤ੍ਰਯੋਦਸ਼ੇ ਠਾਠ ਨਾਨਕਸਰ ਵਿਖੇ 60ਵਾਂ ਸਾਲਾਨਾ ਸੰਤ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਾਇਆ ਗਿਆ। ਇਸ ਮੌਕੇ ਪੰਜ ਸ੍ਰੀ ਸੰਪਟ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵੱਖ ਵੱਖ ਰਾਗੀ ਜਥਿਆਂ ਵੱਲੋਂ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ। ਇਸ ਮੌਕੇ ਸੰਤ ਬਾਬਾ ਕੇਹਰ ਸਿੰਘ ਸੰਤ ਬਾਬਾ ਗੁਰਮੀਤ ਸਿੰਘ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਨਾਨਕਸਰ ਸੰਪਰਦਾਇ ਦੇ ਬਾਨੀ ਸੰਤ ਬਾਬਾ ਨੰਦ ਸਿੰਘ ਜੀ, ਸੰਤ ਬਾਬਾ ਈਸ਼ਰ ਸਿੰਘ ਜੀ ਨੇ ਆਪਣੇ ਸਮੇਂ 'ਚ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਾ ਕੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਤੇ ਸਮਾਜ ਸੇਵਾ ਦੇ ਖੇਤਰ 'ਚ ਨਿਭਾਈਆਂ ਅਣਥੱਕ ਸੇਵਾਵਾਂ ਸਾਡੇ ਸਾਰਿਆਂ ਲਈ ਪ੍ਰੇਰਨਾਸ੍ਰੋਤ ਹਨ। ਇਸ ਮੌਕੇ ਸੰਤ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ, ਸੰਤ ਮੁਖਤਿਆਰ ਸਿੰਘ ਬੀੜ ਬਧਿਆਲ, ਸੰਤ ਤੇਜਾ ਸਿੰਘ ਉੱਚੇ ਵਾਲੇ, ਬਾਬਾ ਸੁਰਿੰਦਰ ਸਿੰਘ ਕਮਾਲਪੁਰਾ, ਬਾਬਾ ਲਵਪ੍ਰੀਤ ਸਿੰਘ ਪੰਜਗਰਾਈਆਂ, ਬਾਬਾ ਸਤਿਵੀਰ ਸਿੰਘ ਗੁ: ਸ਼ਹੀਦਾਂ, ਬਾਬਾ ਮੁਖਵਿੰਦਰ ਸਿੰਘ ਸਹਿਜੜਾ, ਬਾਬਾ ਬੇਅੰਤ ਸਿੰਘ ਸੁਨਾਮ, ਬਾਬਾ ਤਰਲੋਕ ਸਿੰਘ ਤਲਵੰਡੀ, ਭਾਈ ਪ੍ਰਗਟ ਸਿੰਘ ਮਨੀਲਾ, ਬਾਬਾ ਕੁਲਵੰਤ ਸਿੰਘ ਵਿਰਕਾਂ ਨੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਗੁਰਸਿੱਖੀ 'ਚ ਪ੍ਰਪੱਕ ਜੀਵਨ ਜਿਊਣ ਲਈ ਪ੍ਰੇਰਤ ਕੀਤਾ।

# ਥਾਣਾ ਠੁੱਲੀਵਾਲ ਮੂਹਰੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਰੋਸ ਧਰਨਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਪਿੰਡ ਠੁੱਲੀਵਾਲ ਵਿੱਚ ਹੋਏ ਦੋ ਧਿਰਾਂ ਵਿਚਕਾਰ ਝਗੜੇ ਨੂੰ ਲੈ ਕੇ ਇੱਕ ਧਿਰ ਵੱਲੋਂ ਪੁਲਸ ਥਾਣਾ ਠੁੱਲੀਵਾਲ ਮੂਹਰੇ ਭਾਕਿਯੂ ਡਕੌਂਦਾ (ਧਨੇਰ), ਭਾਕਿਯੂ ਸਿੱਧੂਪੁਰ ਤੇ ਭਾਕਿਯੂ ਉਗਰਾਹਾਂ ਦੀ ਅਗਵਾਈ ਹੇਠ ਰੋਸ ਧਰਨਾ ਦਿੱਤਾ ਗਿਆ। ਭਾਕਿਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਬਲਾਕ ਪ੍ਰਧਾਨ ਨਾਨਕ ਸਿੰਘ ਅਮਲਾ ਸਿੰਘਵਾਲਾ, ਸਿੱਧੂਪੁਰ ਦੇ ਬਲਾਕ ਪ੍ਰਧਾਨ ਜਗਪਾਲ ਸਿੰਘ ਸਹਿਜੜਾ, ਗਿਆਨ ਸਿੰਘ ਛਾਪਾ, ਭਾਕਿਯੂ ਉਗਰਾਹਾਂ ਦੇ ਕੁਲਜੀਤ ਸਿੰਘ ਵਜੀਦਕੇ, ਬੁਰਜ ਗਿੱਲ ਦੇ ਅਮਰਜੀਤ ਸਿੰਘ ਮਹਿਲ ਖ਼ੁਰਦ ਨੇ ਕਿਹਾ ਕਿ ਪੁਲਿਸ ਵੱਲੋਂ ਦੋ ਧਿਰਾਂ ਵਿਚਕਾਰ ਝਗੜੇ ਦੇ ਮਾਮਲੇ 'ਚ ਔਰਤਾਂ ਨੂੰ ਥਾਣੇ ਲਿਆ ਕੇ ਬੇਇੱਜ਼ਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਗ੍ਰਿਫ਼ਤਾਰ ਔਰਤਾਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਜਥੇਦਾਰ ਨਾਥ ਸਿੰਘ ਹਮੀਦੀ ਨੇ ਵੀ ਸੰਘਰਸ਼ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਥਾਣਾ ਠੁੱਲੀਵਾਲ ਦੇ ਮੁੱਖ ਅਫਸਰ ਬਲਵਿੰਦਰ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਸ਼ਾਤ ਰਹਿਣ ਦੀ ਅਪੀਲ ਕਰਦਿਆਂ ਦੱਸਿਆ ਕਿ ਡੀ ਐਸ ਪੀ ਮਹਿਲ ਕਲਾਂ ਜਤਿੰਦਰਪਾਲ ਸਿੰਘ, ਡੀ.ਐਸ.ਪੀ ਸਪੈਸ਼ਲ ਬਲਜੀਤ ਸਿੰਘ ਢਿੱਲੋਂ ਨਾਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕਰਕੇ ਸਹਿਮਤੀ ਬਣਾਈ ਕਿ ਮਾਮਲੇ ਵਿੱਚ ਲੋੜੀਂਦੇ ਵਿਅਕਤੀਆਂ ਨੂੰ 24 ਘੰਟਿਆਂ 'ਚ ਪੇਸ਼ ਕੀਤਾ ਜਾਵੇਗਾ। ਇਸ ਸਹਿਮਤੀ ਤੋਂ ਬਾਅਦ ਗ੍ਰਿਫਤਾਰ ਔਰਤਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਉਧਰ ਦੂਜੀ ਧਿਰ ਵੱਲੋਂ ਗੁਰਮੀਤ ਕੌਰ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਸੱਟਾਂ ਤਾਂ ਉਨ੍ਹਾਂ ਦੇ ਬੰਦਿਆਂ ਨੂੰ ਵੀ ਲੱਗੀਆਂ ਹਨ, ਪਰ ਧਰਨਾ ਉਨ੍ਹਾਂ ਦੇ ਖ਼ਿਲਾਫ਼ ਲਾਇਆ ਗਿਆ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਦਰਜ ਮਾਮਲੇ ਵਿੱਚ ਲੋੜੀਂਦੇ ਵਿਅਕਤੀ ਅਜੇ ਤੱਕ ਗ੍ਰਿਫਤ ਤੋਂ ਬਾਹਰ ਹਨ। ਜੇਕਰ ਉਨ੍ਹਾਂ ਨੂੰ ਜਲਦੀ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਹ ਵੀ ਸੰਘਰਸ਼ ਵਿੱਚ ਸ਼ੁਰੂ ਕਰਨਗੇ।

## ਸਹਾਇਕ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨਾਂ ਨਾਲ ਧੱਕਾ-ਮੁੱਕੀ ਦੀ ਡੀ.ਟੀ.ਐੱਫ. ਵੱਲੋਂ ਨਿੰਦਾ

**ਸੰਗਰੂਰ (ਪ੍ਰਵੀਨ ਸਿੰਘ)**-ਵੱਖ-ਵੱਖ ਸਰਕਾਰਾਂ ਦੇ ਪੰਜਾਬ ਵਿੱਚ ਉਚੇਰੀ ਸਿੱਖਿਆ ਪ੍ਰਤੀ ਅਪਣਾਏ ਨਾ-ਪੱਖੀ ਰਵੱਈਏ ਦਾ ਦੁਖਾਂਤ ਭੁਗਤ ਰਹੀ 1158 ਸਹਾਇਕ ਪ੍ਰੋਫੈਸਰ ਤੇ ਲਾਇਬ੍ਰੇਰੀਅਨ ਯੂਨੀਅਨ ਵੱਲੋਂ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਆਪਣੀ ਭਰਤੀ ਬਚਾਉਣ ਲਈ ਕੀਤੇ ਸੂਬਾਈ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀ ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਨਾਲ ਪੁਲਿਸ ਵੱਲੋਂ ਤਿੱਖੀ ਖਿੱਚ ਧੂਹ ਕਰਨ, ਔਰਤ ਅਧਿਆਪਕਾਂ ਦੀਆਂ ਚੁੰਨੀਆਂ ਰੋਲਣ, ਲਾਠੀਚਾਰਜ ਕਰਨ ਤੇ ਆਗੂਆਂ ਨੂੰ ਧਰਨੇ ਵਿੱਚੋਂ ਗ੍ਰਿਫਤਾਰ ਕਰਨ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ ਡੀਟੀਐੱਫ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ ਨੇ ਸਖਤ ਸ਼ਬਦਾਂ ਦੇ ਵਿੱਚ ਨਿਖੇਧੀ ਕੀਤੀ ਹੈ।

1158 ਪ੍ਰੋਫੈਸਰਾਂ ਦੇ ਧਰਨੇ ਵਿੱਚ ਹਮਾਇਤੀ ਸ਼ਮੂਲੀਅਤ ਕਰਨ ਪੁੱਜੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂਆਂ ਡਾ. ਰਾਮ ਸ਼ਰਨ ਤੇ ਡਾ. ਗੁਰਪ੍ਰੀਤ ਸਿੰਘ ਨਾਭਾ ਨੇ ਸੰਘਰਸ਼ ਦੀ ਹਮਾਇਤ ਕਰਦਿਆਂ ਪੰਜਾਬ ਸਰਕਾਰ ਤੋਂ ਅਧਿਆਪਕਾਂ 'ਤੇ ਪੁਲਸੀਆ ਤਸ਼ੱਦਦ ਢਾਹੁਣ ਦੀ ਥਾਂ ਕਾਨੂੰਨੀ ਚਾਰਜੋਈ ਕਰਕੇ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਬਚਾਉਣ ਤੇ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਵਿੱਚ ਲੱਗੇ ਇਹਨਾਂ ਅਧਿਆਪਕਾਂ ਦਾ ਭਵਿੱਖ ਸੁਰੱਖਿਤ ਕਰਨ ਲਈ ਸੁਹਿਰਦ ਯਤਨ ਕਰਨ ਦੀ ਮੰਗ ਕੀਤੀ ਹੈ।

## ਕਬੱਡੀ ਖਿਡਾਰੀ ਗੁਰਦੀਪ ਸਿੰਘ 'ਆਪ' ਦੇ ਹਲਕਾ ਯੂਥ ਪ੍ਰਧਾਨ ਬਣੇ



**ਲੌਂਗੋਵਾਲ (ਪ੍ਰਦੀਪ ਸੱਪਲ)**-ਆਮ ਆਦਮੀ ਪਾਰਟੀ ਵੱਲੋਂ ਵੱਖ-ਵੱਖ ਹਲਕਿਆਂ ਦੇ ਨਵੇਂ ਅਹੁਦੇਦਾਰ ਦਾ ਐਲਾਨ ਕੀਤਾ ਗਿਆ, ਜਿਸ ਹਲਕਾ ਸੁਨਾਮ ਦੇ ਉੱਘੇ ਖਿਡਾਰੀ ਗੁਰਦੀਪ ਸਿੰਘ ਤਕੀਪੁਰ ਨੂੰ ਹਲਕਾ ਸੁਨਾਮ ਦਾ ਨਵ-ਨਿਯੁਕਤ ਯੂਥ ਪ੍ਰਧਾਨ ਕੀਤਾ ਗਿਆ ਹੈ। ਗੁਰਦੀਪ ਸਿੰਘ ਪਹਿਲਾਂ ਵੀ ਕੋਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਹਨ ਅਤੇ ਛੋਟਾ ਭਰਾ ਜਸਪਾਲ ਪਿੰਡ ਤਕੀਪੁਰ ਦੇ ਸਰਪੰਚ ਹਨ। ਗੁਰਦੀਪ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਅਮਨ ਅਰੋੜਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਦਿੱਤੀ ਗਈ ਹੈ, ਉਸ ਨੂੰ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਯੂਥ ਨੂੰ ਨਸ਼ਿਆਂ ਦਾ ਤਿਆਗ ਕਰਵਾ ਕੇ ਮੁੜ ਖੇਡਾਂ ਵੱਲ ਪ੍ਰੇਰਿਤ ਕਰਨਗੇ ਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰਨਗੇ।

# ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਦਿਆਰਥੀਆਂ ਦਾ ਸ਼ੂਟਿੰਗ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ



**ਭੀਖੀ (ਗੁਰਿੰਦਰ ਸਿੰਘ ਔਲਖ)**

ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਦਿਆਰਥੀਆਂ ਦਾ ਸ਼ੂਟਿੰਗ ਚੈਂਪੀਅਨਸ਼ਿਪ ਦੌਰਾਨ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ। ਜ਼ਿਕਰਯੋਗ ਹੈ ਕਿ 60ਵੀਂ ਪੰਜਾਬ ਸਟੇਟ ਐੱਨ ਆਰ ਸ਼ੂਟਿੰਗ ਚੈਂਪੀਅਨਸ਼ਿਪ ਰੇਂਜ ਫੇਸ ਐੱਸਏਐੱਸ ਨਗਰ ਮੋਹਾਲੀ ਵਿਖੇ ਸੰਪੰਨ ਹੋਈ, ਜਿਸ ਵਿੱਚ ਵਿੱਦਿਆ ਮੰਦਰ ਦੇ ਕੁੱਲ ਛੇ ਵਿਦਿਆਰਥੀਆਂ ਨੇ ਭਾਗ ਲਿਆ ਸੀ। ਬੜੇ ਹੀ ਮਾਣ ਦੀ ਗੱਲ ਹੈ ਕਿ ਜਿਨ੍ਹਾਂ ਵਿੱਚੋਂ ਪਾਰਥਿਵ ਗਰਗ 344, ਏਕਮ ਜੋਤ ਕੌਰ 316, ਪ੍ਰਭਜੋਤ ਸ਼ਰਮਾ 349, ਜਸ਼ਨਪ੍ਰੀਤ ਸਿੰਘ 323, ਜਸਮੀਨ ਕੌਰ 309, ਐਸ਼ਰੀਤ ਕੌਰ 318 ਸਕੋਰ ਰਿਹਾ। ਇਹ ਦੱਸਦੇ ਹੋਏ ਬੜੀ ਹੀ ਖੁਸ਼ੀ ਮਹਿਸੂਸ ਕਰ ਰਹੇ ਹਾਂ ਕਿ ਸਕੂਲ ਦੇ ਚਾਰ ਵਿਦਿਆਰਥੀ ਹੁਣ ਪਿਸਟਲ ਦੀ ਪ੍ਰੀ ਨੈਸ਼ਨਲ ਨਾੱਰਥ ਜ਼ੋਨ, ਜੋ ਕਿ 04 ਤੋਂ 16 ਅਕਤੂਬਰ 2025 ਤ੍ਰਿਸ਼ੂਲ ਸ਼ੂਟਿੰਗ ਰੇਂਜ ਦੇਹਰਾਦੂਨ ਉੱਤਰਾਖੰਡ ਵਿਖੇ ਹੋਏ ਆਯੋਜਤ ਹੋਵੇਗੀ, ਭਾਗ ਲੈਣਗੇ। ਰਾਈਫ਼ਲ ਦੀ ਨਾੱਰਥ ਜ਼ੋਨ ਐੱਨ ਆਰ ਕੈਟਾਗਰੀ ਨਵੀਂ ਦਿੱਲੀ ਵਿਖੇ ਡਾਕਟਰ ਕਰਨੀ ਸਿੰਘ ਸ਼ੂਟਿੰਗ ਰੇਂਜ ਵਿੱਚ ਹੋਵੇਗੀ। ਇਸ ਸੰਬੰਧੀ ਬੱਚਿਆਂ ਨੂੰ ਤੇ ਸ਼ੂਟਿੰਗ ਕੋਚ ਨੂੰ ਵਧਾਈ ਦਿੰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲਿਆਂ ਦੌਰਾਨ ਜ਼ਿਲ੍ਹਾ ਰਾਈਫ਼ਲ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਅੰਮ੍ਰਿਤਪਾਲ ਸਿੰਘ ਨੇ ਵੀ ਸਕੂਲ ਦੇ ਵਿਦਿਆਰਥੀਆਂ ਨੂੰ ਦੋ ਸ਼ੂਟਿੰਗ ਕਿੱਟ ਪ੍ਰੈਕਟਿਸ ਲਈ ਦਿੱਤੀਆਂ। ਦੱਸਣਯੋਗ ਹੈ ਕਿ ਰਾਈਫਲ ਕਿੱਟ ਤੋਂ ਬਿਨਾਂ ਬੱਚੇ ਮੈਚ ਨਹੀਂ ਕਰ ਸਕਦੇ ਇਸ ਲਈ ਬੱਚਿਆਂ ਨੂੰ ਤੁਰੰਤ ਸਮੇਂ 'ਤੇ ਚੀਜ਼ ਮੁਹੱਈਆ ਕਰਵਾਉਣ ਲਈ ਸਕੂਲ ਵੱਲੋਂ ਜ਼ਿਲ੍ਹਾ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਦਾ ਵੀ ਧੰਨਵਾਦ ਕੀਤਾ ਗਿਆ। ਬੱਚਿਆਂ ਦੀ ਇਸ ਸ਼ਾਨਦਾਰ ਸਫਲਤਾ ਦੇ ਮੌਕੇ ਤੇ ਸਕੂਲ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰਸੀਪਲ ਤੇ ਸਮੂਹ ਸਟਾਫ ਵੱਲੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰੀ ਨੈਸ਼ਨਲ ਦੇ ਮੁਕਾਬਲਿਆਂ ਲਈ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਸ਼ਰਨਜੀਤ ਸਿੰਘ 'ਆਪ' ਦੇ ਨਸ਼ਾ ਮੁਕਤੀ ਮੋਰਚਾ ਦੇ ਬਲਾਕ ਕੋਆਰਡੀਨੇਟਰ ਨਿਯੁਕਤ

**ਨਸ਼ਿਆਂ ਦੇ ਖਾਤਮੇ ਲਈ ਘਰ-ਘਰ ਤੱਕ ਪਹੁੰਚਾਉਣਗੇ ਸੰਦੇਸ਼ : ਅਟਵਾਲ**



**ਕੋਟਕਪੂਰਾ (ਰਛਪਾਲ ਭੁੱਲਰ)**

ਆਮ ਆਦਮੀ ਪਾਰਟੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਨਾਲ 'ਨਸ਼ਾ ਮੁਕਤੀ ਮੋਰਚਾ' ਦਾ ਗਠਨ ਕੀਤਾ ਗਿਆ ਸੀ। ਇਸ ਮੋਰਚੇ ਵੱਲੋਂ ਪੰਜਾਬ ਦੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਅੱਜ ਜਾਰੀ ਕੀਤੀ ਗਈ ਇਕ ਹੋਰ ਸੂਚੀ ਵਿੱਚ ਸ਼ਰਨਜੀਤ ਸਿੰਘ ਅਟਵਾਲ ਬਾਬਾ ਦੀਪ ਸਿੰਘ ਨਗਰ (ਕੋਠੇ ਥੇਹ ਵਾਲੇ) ਹਲਕਾ ਕੋਟਕਪੂਰਾ (ਫ਼ਰੀਦਕੋਟ) ਨੂੰ ਨਸ਼ਾ ਮੁਕਤੀ ਮੋਰਚਾ ਦੇ ਬਲਾਕ ਕੋਆਰਡੀਨੇਟਰ ਨਿਯੁਕਤ ਕੀਤੇ ਜਾਣ 'ਤੇ ਪਾਰਟੀ ਵਰਕਰਾਂ 'ਚ ਖੁਸ਼ੀ ਪਾਈ ਜਾ ਰਹੀ ਹੈ। ਸ਼ਰਨਜੀਤ ਸਿੰਘ ਅਟਵਾਲ ਨੂੰ ਵਧਾਈ ਦੇਣ ਵਾਲਿਆਂ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ, ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਅਮੋਲਕ ਸਿੰਘ ਵਿਧਾਇਕ ਜੈਤੋ, ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ, ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ, ਜ਼ਿਲ੍ਹਾ ਪ੍ਰਧਾਨ ਗੁਰਤੇਜ ਸਿੰਘ ਖੋਸਾ, ਗਗਨਦੀਪ ਸਿੰਘ ਧਾਲੀਵਾਲ ਚੇਅਰਮੈਨ ਇੰਪਰੂਵਮੈਂਟ ਟਰੱਸਟ, ਸੁਖਵੰਤ ਸਿੰਘ ਪੱਕਾ ਜ਼ਿਲ੍ਹਾ ਯੂਥ ਪ੍ਰਧਾਨ, ਸੁਖਜੀਤ ਸਿੰਘ ਢਿੱਲਵਾਂ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਫਰੀਦਕੋਟ, ਅਮਨਦੀਪ ਸਿੰਘ ਸੰਧੂ ਪੀ.ਏ. ਸਪੀਕਰ ਸੰਧਵਾਂ, ਅਰਸ਼ ਸੱਚਰ ਸੀਨੀਅਰ 'ਆਪ' ਆਗੂ, ਸੰਦੀਪ ਸਿੰਘ ਕੰਮੇਆਣਾ ਬਲਾਕ ਪ੍ਰਧਾਨ, ਗੁਰਦੀਪ ਸ਼ਰਮਾ ਬਲਾਕ ਪ੍ਰਧਾਨ, ਬਲਾਕ ਪ੍ਰਧਾਨ ਹਰਵਿੰਦਰ ਸਿੰਘ ਨੱਥੇਵਾਲਾ, ਗੁਰਪ੍ਰੀਤ ਸਿੰਘ ਗੈਰੀ ਵੜਿੰਗ ਸੰਗਠਨ ਇੰਚਾਰਜ 'ਆਪ', ਡਾ. ਹਰਪਾਲ ਸਿੰਘ ਢਿੱਲਵਾਂ, ਮਨਜੀਤ ਸ਼ਰਮਾ, ਨਰੇਸ਼ ਸਿੰਗਲਾ, ਰਾਜਪਾਲ ਸਿੰਘ ਢੁੱਡੀ ਆਦਿ ਸ਼ਾਮਲ ਸਨ।

## ਈਸ਼ਵਰੀ ਸੇਵਾਵਾਂ 'ਚ 40 ਸਾਲ ਪੂਰੇ ਹੋਣ 'ਤੇ ਸਮਾਰੋਹ




**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬ੍ਰਹਮਕੁਮਾਰੀ ਸੰਸਥਾ ਦੀ ਕੇਂਦਰ ਸੰਚਾਲਿਕਾ ਬੀਕੇ ਮੀਰਾ ਬਹਿਨ ਜੀ ਵੱਲੋਂ ਈਸ਼ਵਰੀ ਸੇਵਾਵਾਂ ਵਿੱਚ 40 ਸਾਲ ਪੂਰੇ ਹੋਣ ਮੌਕੇ ਸੁਨਾਮ ਵਿੱਚ ਸ਼ਾਨਦਾਰ ਸਮਾਰੋਹ ਮਨਾਇਆ ਗਿਆ। ਇਸ ਮੌਕੇ ਸੰਸਥਾ ਵੱਲੋਂ ਅਲੌਕਿਕ ਜਨਮ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ ਤੇ ਆਧਿਆਤਮਿਕਤਾ ਤੇ ਜੀਵਨ ਮੁੱਲਾਂ ਲਈ ਉਨ੍ਹਾਂ ਦੇ ਯੋਗਦਾਨ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਬੀਕੇ ਮੀਰਾ ਬਹਿਨ ਜੀ ਨੇ ਚਾਰ ਦਹਾਕਿਆਂ ਤੋਂ ਰਾਜਯੋਗ, ਆਤਮਿਕ ਸ਼ਾਂਤੀ ਤੇ ਜੀਵਨ ਮੁੱਲਾਂ ਦੇ ਪ੍ਰਚਾਰ-ਪ੍ਰਸਾਰ ਲਈ ਨਿਰੰਤਰ ਸੇਵਾ ਕੀਤੀ ਹੈ। ਉਨ੍ਹਾਂ ਦੇ ਮਾਰਗਦਰਸ਼ਨ ਨਾਲ ਸੈਂਕੜੇ ਲੋਕਾਂ ਨੇ ਆਪਣੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਮਹਿਸੂਸ ਕੀਤਾ ਹੈ। ਇਸ ਮੌਕੇ ਭਗਤਜਨਾਂ ਤੇ ਸਥਾਨਕ ਸਮਾਜ ਸੇਵਕਾਂ ਨੇ ਉਨ੍ਹਾਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੇਵਾਭਾਵਨਾ ਨੂੰ ਸਰਾਹਿਆ। ਸਮਾਰੋਹ ਵਿੱਚ ਸਮਾਜਸੇਵੀ ਕ੍ਰਿਸ਼ਨ ਸੰਦੋਹਾ, ਕ੍ਰਿਸ਼ਨ ਸਿੰਗਲਾ, ਵਿਵੇਕ ਗੋਇਲ, ਦੀਪਕ ਸਿੰਗਲਾ, ਟਿੰਕੂ ਸਿੰਗਲਾ, ਮਨੋਹਰ ਗੋਇਲ, ਤਰਸੇਮ ਸਿੰਗਲਾ, ਸਿਮਰ ਗੋਇਲ, ਸ਼ਿਆਮ ਲਾਲ, ਸ਼ਿਆਮ ਅਰੋੜਾ, ਹਰਮਨ ਤੇ ਅਭਿਸ਼ੇਕ ਸਮੇਤ ਕਈ ਪਤਵੰਤਿਆਂ ਨੇ ਹਾਜ਼ਰੀ ਭਰੀ।

## ਬਾਰਸ਼ ਕਾਰਨ ਗਰੀਬ ਔਰਤ ਦੇ ਘਰ ਦੀ ਡਿੱਗੀ ਛੱਤ, ਮੁਆਵਜ਼ੇ ਦੀ ਮੰਗ



**ਲੌਂਗੋਵਾਲ (ਪ੍ਰਦੀਪ ਸੱਪਲ)**-ਕਸਬਾ ਲੌਂਗੋਵਾਲ ਦੇ ਵਾਰਡ ਨੰਬਰ 2 ਪੱਤੀ ਸੁਨਾਮੀ ਨੇੜੇ ਡਰੇਨ ਦੇ ਪੁਲ ਤੋਂ ਪਾਰ ਇੱਕ ਬੇਹੱਦ ਗਰੀਬ 70 ਸਾਲਾ ਵਿਧਵਾ ਔਰਤ ਮਾਤਾ ਗੁਰਮੇਲ ਕੌਰ ਦੇ ਘਰ ਦੀ ਟਾਇਲ ਬਾਲਿਆਂ ਨਾਲ ਬਣੀ ਛੱਤ ਭਾਰੀ ਮੀਂਹ ਕਾਰਨ ਡਿੱਗ ਗਈ ਅਤੇ ਘਰ ਦੇ ਦੂਸਰੇ ਕਮਰੇ ਦੇ ਬਾਲੇ ਵੀ ਬੁਰੀ ਤਰ੍ਹਾਂ ਟੁੱਟ ਗਏ ਹਨ ਅਤੇ ਇਹ ਛੱਤ ਕਿਸੇ ਟਾਇਮ ਵੀ ਡਿੱਗ ਸਕਦੀ ਹੈ। ਮਾਤਾ ਗੁਰਮੇਲ ਕੌਰ ਐੱਸ. ਸੀ. ਭਾਈਚਾਰੇ ਨਾਲ ਸੰਬੰਧਤ ਹੈ, ਜੋਕਿ ਬਹੁਤ ਗਰੀਬ ਹੈ ਇਸ ਕੋਲ ਆਮਦਨ ਦਾ ਵੀ ਕੋਈ ਸਾਧਨ ਨਹੀਂ ਹੈ। ਇਸ ਮੌਕੇ ਵਾਰਡ ਨੰਬਰ 2 ਦੇ ਕੌਂਸਲਰ ਬਲਵਿੰਦਰ ਸਿੰਘ ਕਾਲਾ, ਨਾਇਬ ਸਿੰਘ, ਗੁਰਪ੍ਰੀਤ ਸਿੰਘ ਤੇ ਮੁਹੱਲਾ ਨਿਵਾਸੀਆਂ ਨੇ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਵੱਲੋਂ ਮਾਤਾ ਗੁਰਮੇਲ ਕੌਰ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ।


## ਵਕਫ਼ ਬੋਰਡ ਪੰਜਾਬ ਤਕਨੀਕੀ ਸਹੂਲਤਾਂ ਨਾਲ ਲੈਸ ਮਾਡਲ ਸਕੂਲ ਬਣਾਏਗਾ : ਡਾ. ਅਨਵਰ ਭਸੌੜ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਵਕਫ਼ ਬੋਰਡ ਦੇ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ ਨੇ ਪਿੰਡ ਦੁਗਨੀ ਲਈ ਇੱਕ ਮਹੱਤਵਪੂਰਨ ਸਿੱਖਿਆ ਸੰਬੰਧੀ ਯੋਜਨਾ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਮੁਹੰਮਦ ਉਵੈਸ ਦੀਆਂ ਕੋਸ਼ਿਸ਼ਾਂ ਨਾਲ ਪਿੰਡ ਦੁਗਨੀ ਵਿੱਚ ਇੱਕ ਆਧੁਨਿਕ ਮਾਡਲ ਸਕੂਲ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਸਕੂਲ ਵਿੱਚ ਤਕਨੀਕੀ ਸੁਵਿਧਾਵਾਂ ਨਾਲ ਲੈਸ ਕਲਾਸਰੂਮ, ਸਾਇੰਸ ਤੇ ਕੰਪਿਊਟਰ ਲੈਬਾਂ, ਸਮਾਰਟ ਬੋਰਡਾਂ, ਡਿਜ਼ਿਟਲ ਲਾਇਬ੍ਰੇਰੀ ਅਤੇ ਹੋਰ ਅਧੁਨਿਕ ਸਿੱਖਿਆ ਸੰਦ ਉਪਲਬਧ ਕਰਾਏ ਜਾਣਗੇ। ਦੱਸਣਯੋਗ ਹੈ ਕਿ ਪੰਜਾਬ ਵਕਫ਼ ਬੋਰਡ ਵੱਲੋਂ ਧਾਰਮਿਕ, ਸਿੱਖਿਆ, ਪੈਨਸ਼ਨਾਂ, ਵਜ਼ੀਫ਼ੇ ਤੇ ਸਿਹਤ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਡਾ. ਭਸੌੜ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਵਿੱਚ ਵੱਡੇ ਪੱਧਰ 'ਤੇ ਸੁਧਾਰ ਲਿਆਉਣ ਲਈ ਵਚਨਬੱਧ ਹੈ। ਇਸੇ ਲੜੀ ਦੇ ਤਹਿਤ ਵਕਫ਼ ਬੋਰਡ ਵੱਲੋਂ ਇਹ ਮਾਡਲ ਸਕੂਲ ਇਕ ਮਿਸਾਲ ਬਣੇਗਾ। ਉਨ੍ਹਾਂ ਦੱਸਿਆ ਕਿ ਹਲਕੇ ਦੇ ਪਿੰਡਾਂ ਦੇ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਾਪਤ ਕਰਨ ਲਈ ਦੂਰ-ਦਰਾਜ਼ ਸ਼ਹਿਰਾਂ ਵੱਲ ਰੁਖ ਨਹੀਂ ਕਰਨਾ ਪਵੇਗਾ। ਦੁਗਨੀ ਪਿੰਡ ਵਿੱਚ ਬਣਨ ਵਾਲਾ ਇਹ ਸਕੂਲ ਪਿੰਡਾਂ ਦੇ ਗਰੀਬ ਅਤੇ ਮੱਧਵਰਗ ਪਰਵਾਰਾਂ ਦੇ ਬੱਚਿਆਂ ਲਈ ਵੀ ਉੱਚ ਪੱਧਰੀ ਸਿੱਖਿਆ ਦਾ ਦਰਵਾਜ਼ਾ ਖੋਲ੍ਹੇਗਾ। ਉਨ੍ਹਾਂ ਹੋਰ ਜੋੜਿਆ ਕਿ ਅਗਲੇ ਸੈਸ਼ਨ ਤੋਂ ਇਸ ਮਾਡਲ ਸਕੂਲ ਵਿੱਚ ਦਾਖਲੇ ਸ਼ੁਰੂ ਹੋ ਜਾਣਗੇ। ਸਕੂਲ ਵਿੱਚ ਵਿਦਿਆਰਥੀਆਂ ਨੂੰ ਸਿਰਫ਼ ਅਕਾਦਮਿਕ ਪਾਠ ਹੀ ਨਹੀਂ, ਸਗੋਂ ਤਕਨੀਕੀ ਤੇ ਵਿਵਸਾਇਕ ਸਿੱਖਿਆ ਵੀ ਦਿੱਤੀ ਜਾਵੇਗੀ ਤਾਂ ਜੁ ਉਹ ਭਵਿੱਖ ਦੇ ਚੁਣੌਤੀਆਂ ਦਾ ਸਾਹਮਣਾ ਆਸਾਨੀ ਨਾਲ ਕਰ ਸਕਣ। ਇਸ ਦੇ ਨਾਲ-ਨਾਲ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਤੇ ਨੈਤਿਕ ਸਿੱਖਿਆ 'ਤੇ ਵੀ ਖ਼ਾਸ ਧਿਆਨ ਦਿੱਤਾ ਜਾਵੇਗਾ। ਡਾ. ਅਨਵਰ ਭਸੌੜ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਨਾਲ ਸਿੱਖਿਆ ਪ੍ਰਨਾਲੀ ਨੂੰ ਨਵੀਂ ਦਿਸ਼ਾ ਮਿਲ ਰਹੀ ਹੈ। ਹਰ ਹਲਕੇ ਵਿੱਚ ਆਧੁਨਿਕ ਸਕੂਲਾਂ ਦੀ ਸਥਾਪਨਾ ਕਰਕੇ ਵਿਦਿਆਰਥੀਆਂ ਨੂੰ ਰੌਸ਼ਨ ਭਵਿੱਖ ਦੇ ਮੌਕੇ ਦਿੱਤੇ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਪਿੰਡ ਦੁਗਨੀ ਵਿੱਚ ਬਣਨ ਵਾਲਾ ਇਹ ਮਾਡਲ ਸਕੂਲ ਨਾ ਸਿਰਫ਼ ਇਲਾਕੇ ਦੇ ਸਿੱਖਿਆ ਪੱਧਰ ਨੂੰ ਉੱਚਾ ਕਰੇਗਾ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਇੱਕ ਨਵਾਂ ਮਾਪਦੰਡ ਸੈੱਟ ਕਰੇਗਾ।

# ਮੈਡੀਕਲ ਪ੍ਰੈਕਟੀਸ਼ਨਰਾਂ ਨੇ ਹੜ੍ਹ ਪੀੜਤਾਂ ਤੱਕ ਮੁੱਢਲੀਆਂ ਸਿਹਤ ਸੇਵਾਵਾਂ ਪਹੁੰਚਾ ਕੇ ਨਿਭਾਇਆ ਅਹਿਮ ਰੋਲ : ਗੋਇਲ

**ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਬੋਹਾ ਦੀ ਅਹਿਮ ਮੀਟਿੰਗ**



**ਬੋਹਾ (ਨਿਰੰਜਣ ਬੋਹਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਮਾਨਸਾ ਦੇ ਬਲਾਕ ਬੋਹਾ ਦੀ ਮਹੀਨਾਵਾਰ ਅਹਿਮ ਮੀਟਿੰਗ ਬਲਾਕ ਪ੍ਰਧਾਨ ਡਾ. ਸੁਖਪਾਲ ਸਿੰਘ ਹਾਕਮਵਾਲਾ ਦੀ ਪ੍ਰਧਾਨਗੀ ਹੇਠ ਦੀਪ ਰਿਜ਼ੋਰਟ ਵਿਖੇ ਹੋਈ, ਜਿਸ ਵਿੱਚ ਇਲਾਕੇ ਭਰ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ ਅਤੇ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਸੂਬਾ ਸਹਾਇਕ ਕੈਸ਼ੀਅਰ ਵੈਦ ਤਾਰਾ ਚੰਦ ਭਾਵਾ, ਜ਼ਿਲ੍ਹਾ ਪ੍ਰਧਾਨ ਡਾ. ਸੱਤਪਾਲ ਰਿਸ਼ੀ, ਚੇਅਰਮੈਨ ਡਾ. ਰਘਵੀਰ ਚੰਦ ਸ਼ਰਮਾ, ਸਕੱਤਰ ਡਾ. ਸਿਮਰਜੀਤ ਸਿੰਘ ਗਾਗੋਵਾਲ, ਕੈਸ਼ੀਅਰ ਡਾ. ਅਮਰੀਕ ਸਿੰਘ ਮਾਖਾ, ਸਹਾਇਕ ਕੈਸ਼ੀਅਰ ਡਾ. ਅਸ਼ੋਕ ਕੁਮਾਰ ਗਾਮੀਵਾਲਾ ਪਹੁੰਚੇ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਪਹੁੰਚੇ ਆਗੂਆਂ ਤੇ ਹਾਜ਼ਰੀਨ ਦਾ ਸਵਾਗਤ ਕੀਤਾ ਗਿਆ। ਪਿਛਲੇ ਦਿਨੀਂ ਵਾਪਰੀ ਮੰਦਭਾਗੀ ਘਟਨਾ, ਜਿਸ ਵਿੱਚ ਸਾਥੀ ਡਾ. ਬਲਜਿੰਦਰ ਸਿੰਘ ਦੇ ਨੌਜਵਾਨ ਬੇਟੇ ਅਰਸ਼ਦੀਪ ਸਿੰਘ ਦੀ ਹੋਈ ਬੇਵਕਤੀ, ਦੁਖਦਾਈ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਦੋ ਮਿੰਟ ਦਾ ਮੋਨ ਧਾਰਨ ਕਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਵੈਦ ਤਾਰਾ ਚੰਦ ਭਾਵਾ, ਜ਼ਿਲ੍ਹਾ ਪ੍ਰਧਾਨ ਡਾ. ਸੱਤਪਾਲ ਰਿਸ਼ੀ ਤੇ ਚੇਅਰਮੈਨ ਡਾ. ਰਘਵੀਰ ਚੰਦ ਸ਼ਰਮਾ ਨੇ ਸੰਬੋਧਨ ਕਰਦਿਆਂ ਸੂਬਾ ਭਰ ਵਿੱਚ ਹੜ੍ਹਾਂ ਤੇ ਹੋਈ ਬੇਤਹਾਸ਼ਾ ਬਾਰਸ਼ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਅਤੇ ਚਿੰਤਾ ਜ਼ਾਹਰ ਕੀਤੀ ਅਤੇ ਐਸੋਸੀਏਸ਼ਨ ਵੱਲੋਂ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਪੀੜਤ ਪਰਵਾਰਾਂ ਲਈ ਪਿਰਤ ਅਨੁਸਾਰ ਸਿਹਤ ਸੇਵਾਵਾਂ ਤੇ ਰਾਹਤ ਕਾਰਜਾਂ ਵਿੱਚ ਤਨਦੇਹੀ ਨਾਲ ਕੀਤੇ ਜਾ ਰਹੇ ਉਪਰਾਲਿਆਂ ਤੇ ਸਮੂਹ ਸਮਾਜਸੇਵੀ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।

ਉਨ੍ਹਾਂ ਪੰਜਾਬ ਦੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਇਸ ਤ੍ਰਾਸਦੀ ਵਿੱਚ ਨਿਭਾਏ ਜਾ ਰਹੇ ਸ਼ਲਾਘਾਯੋਗ ਰੋਲ ਤੇ ਤਸੱਲੀ ਪ੍ਰਗਟ ਕਰਦਿਆਂ ਧੰਨਵਾਦ ਵੀ ਕੀਤਾ ਤੇ ਇਸ ਕਾਰਜ ਨੂੰ ਹਾਲਾਤ ਸੁਖਾਵੇਂ ਹੋਣ ਤੱਕ ਜਾਰੀ ਰੱਖਣ ਦਾ ਸੱਦਾ ਵੀ ਦਿੱਤਾ। ਜ਼ਿਲ੍ਹਾ ਹੈੱਡਕੁਆਰਟਰ 'ਤੇ ਹੋਈ ਜ਼ਿਲ੍ਹਾ ਪੱਧਰੀ ਸਫ਼ਲ ਜਥੇਬੰਦਕ ਕਨਵੈਨਸ਼ਨ ਦਾ ਰੀਵਿਊ ਸਿੱਖਿਆਦਾਇਕ, ਸ਼ਲਾਘਾਯੋਗ ਉੱਦਮ ਵਜੋਂ ਕੀਤਾ ਗਿਆ ਅਤੇ ਅਜਿਹੇ ਪ੍ਰੋਗਰਾਮ ਭਵਿੱਖ ਵਿੱਚ ਵੀ ਜਾਰੀ ਰੱਖਣ ਦੀ ਲੋੜ ਮਹਿਸੂਸ ਕੀਤੀ ਗਈ। ਜਥੇਬੰਦਕ ਸਮੱਸਿਆਵਾਂ 'ਤੇ ਵੀ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ।

ਸੋਸ਼ਲ ਮੀਡੀਆ ਦੀ ਦੁਰਵਰਤੋਂ ਦੀ ਬਜਾਏ ਐਸੋਸੀਏਸ਼ਨ ਸਰਗਰਮੀਆਂ, ਮੰਗਾਂ ਤੇ ਨਿਭਾਏ ਜਾ ਰਹੇ ਸਮਾਜਿਕ ਰੋਲ਼ ਸਬੰਧੀ ਪੋਸਟਾਂ ਤੇ ਸਾਰਥਕ ਪ੍ਰਤੀਕਰਮ ਕਰਨ ਲਈ ਵੀ ਪ੍ਰੇਰਿਆ। ਸਮੂਹ ਸਾਥੀਆਂ ਵੱਲੋਂ ਭਵਿੱਖ ਵਿੱਚ ਜ਼ਾਬਤੇ ਵਿੱਚ ਰਹਿ, ਨਿੱਜਤਾ ਤੋਂ ਉੱਪਰ ਉੱਠ, ਇੱਕਜੁੱਟ ਹੋ ਕੇ ਜਥੇਬੰਦੀ ਦੀ ਬਿਹਤਰੀ ਲਈ ਤਨਦੇਹੀ ਨਾਲ ਉਪਰਾਲੇ ਕਰਨ ਦਾ ਅਹਿਦ ਵੀ ਕੀਤਾ ਗਿਆ। ਇਸ ਸਮੇਂ ਬਲਾਕ ਸਕੱਤਰ ਡਾ. ਹਰਬੰਸ ਸਿੰਘ, ਚੇਅਰਮੈਨ ਡਾ. ਕੁਲਵੰਤ ਸਿੰਘ, ਕੈਸ਼ੀਅਰ ਡਾ. ਕੇਵਲ ਸਿੰਘ ਆਦਿ ਮੌਜੂਦ ਸਨ।

## ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ ਦਾ ਸਨਮਾਨ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਲੋਕ ਸੰਪਰਕ ਵਿਭਾਗ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਦੇ ਤੌਰ 'ਤੇ ਸੇਵਾ ਨਿਭਾਅ ਰਹੇ ਪ੍ਰਭਦੀਪ ਸਿੰਘ ਨੱਥੋਵਾਲ ਨੂੰ ਉਨ੍ਹਾਂ ਦੀ ਕਾਬਲੀਅਤ ਤੇ ਨਿਸ਼ਠਾ ਦੇ ਆਧਾਰ 'ਤੇ ਡਿਪਟੀ ਡਾਇਰੈਕਟਰ ਦੇ ਅਹੁਦੇ 'ਤੇ ਤਰੱਕੀ ਮਿਲੀ ਹੈ। ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਤੇ ਸਮਰਪਣ ਨੂੰ ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਚੇਅਰਮੈਨ ਵਿਵੇਕ ਸਿੰਧਵਾਨੀ ਦੀ ਅਗਵਾਈ ਹੇਠ ਸਨਮਾਨਿਤ ਕਰਦਿਆਂ ਉਨ੍ਹਾਂ ਦੀ ਭੂਮਿਕਾ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਗਈ। ਜਥੇਬੰਦੀ ਦੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਕਿਹਾ ਕਿ ਪ੍ਰਭਦੀਪ ਸਿੰਘ ਨੱਥੋਵਾਲ ਨੇ ਹਮੇਸ਼ਾ ਲੋਕ ਸੰਪਰਕ ਵਿਭਾਗ ਦੇ ਅਕਸ਼ ਤੇ ਪਾਰਦਰਸ਼ੀ ਕਾਰਗੁਜ਼ਾਰੀ ਨੂੰ ਮਜ਼ਬੂਤ ਕੀਤਾ ਹੈ। ਉਨ੍ਹਾਂ ਦੀ ਕਾਰਜਸ਼ੈਲੀ ਨਵੀਂ ਪੀੜ੍ਹੀ ਦੇ ਅਧਿਕਾਰੀਆਂ ਲਈ ਪ੍ਰੇਰਨਾ ਸਰੋਤ ਹੈ। ਪ੍ਰੈੱਸ ਟਰੱਸਟ ਪੰਜਾਬ ਦੇ ਪ੍ਰਧਾਨ ਮਨੋਹਰ ਸਿੰਘ ਸੱਗੂ ਨੇ ਕਿਹਾ ਕਿ ਨੱਥੋਵਾਲ ਨੇ ਆਪਣੀ ਡਿਊਟੀ ਦੌਰਾਨ ਹਮੇਸ਼ਾ ਪੱਤਰਕਾਰ ਭਾਈਚਾਰੇ ਨਾਲ ਖੁੱਲ੍ਹੀ ਚਰਚਾ ਤੇ ਪਾਰਦਰਸ਼ੀ ਸਹਿਯੋਗ ਰੱਖਿਆ ਹੈ। ਉਨ੍ਹਾਂ ਦੀ ਸਾਫ਼-ਸੁਥਰੀ ਸੋਚ ਅਤੇ ਪ੍ਰਬੰਧਕੀ ਯੋਗਤਾ ਨੇ ਨਾ ਸਿਰਫ਼ ਵਿਭਾਗ ਨੂੰ ਨਵੀਂ ਉਚਾਈਆਂ 'ਤੇ ਪੁਚਾਇਆ ਹੈ, ਸਗੋਂ ਜਨਤਾ ਦੇ ਭਰੋਸੇ ਨੂੰ ਵੀ ਮਜ਼ਬੂਤ ਕੀਤਾ ਹੈ। ਸਮਾਰੋਹ ਵਿੱਚ ਜੱਥੇਬੰਦੀ ਦੇ ਸਕੱਤਰ ਅਮਨ ਗਰਗ ਨੇ ਵੀ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਨੱਥੋਵਾਲ ਦਾ ਨਵਾਂ ਅਹੁਦਾ ਕੇਵਲ ਉਨ੍ਹਾਂ ਦੀ ਨਿੱਜੀ ਉਪਲਬਧੀ ਨਹੀਂ ਹੈ, ਸਗੋਂ ਸਾਰੇ ਵਿਭਾਗ ਅਤੇ ਪੱਤਰਕਾਰ ਜਨਸੰਪਰਕ ਦੇ ਖੇਤਰ ਲਈ ਮਾਣ ਦੀ ਗੱਲ ਹੈ।

## ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਤ ਅੰਤਰ-ਸਕੂਲ ਗਰੁੱਪ ਮੁਕਾਬਲੇ ਹੋਏ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਤ ਅੰਤਰ-ਸਕੂਲ ਗਰੁੱਪ ਸ਼ਬਦ ਗਾਇਨ, ਕਵੀਸ਼ਰੀ ਗਾਇਨ, ਕਵਿਤਾ ਉਚਾਰਣ ਅਤੇ ਭਾਸ਼ਣ ਮੁਕਾਲਿਆਂ 'ਚ ਲਗਾਤਾਰ ਪਹਿਲਾ ਤੇ ਤੀਜਾ ਸਥਾਨ ਹਾਸਲ ਕਰਕੇ ਨਗਦ ਰਾਸ਼ੀ ਪ੍ਰਾਪਤ ਕੀਤੀ ਹੈ। ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕ ਨਵਨੀਤ ਕੌਰ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਫਾਰ ਗਰਲਜ਼, ਨਿੰਮ ਸਾਹਿਬ ਆਕੜ ਵਿਖੇ ਕਰਾਏ ਗਏ ਇਨ੍ਹਾਂ ਮੁਕਾਬਲਿਆਂ ਦੌਰਾਨ ਭਾਗ ਲੈਕੇ ਸ਼ਬਦ ਵਿੱਚ ਪਹਿਲਾ ਸਥਾਨ ਨਗਦ ਰਾਸ਼ੀ 1500 ਰੁਪਏ ਭਾਸ਼ਣ ਤੇ ਕਵਿਤਾ ਵਿੱਚ ਵੀ ਪਹਿਲਾ ਸਥਾਨ ਪ੍ਰਾਪਤ ਕਰਕੇ ਬੱਚਿਆਂ ਨੇ 900-900 ਰੁਪਏ ਦੇ ਇਨਾਮ ਹਾਸਲ ਕੀਤੇ। ਇਸੇ ਤਰ੍ਹਾਂ ਕਵੀਸ਼ਰੀ ਵਿੱਚ ਤੀਜਾ ਸਥਾਨ ਨਾਲ ਸਰਟੀਫਿਕੇਟ ਟਰਾਫੀ ਤੇ 900 ਰੁਪਏ ਦਾ ਇਨਾਮ ਜਿੱਤਿਆ। ਮਾਡਲ ਸਕੂਲ ਦੇ ਕਾਰਜਕਾਰੀ ਇੰਚਾਰਜ ਹਰਪ੍ਰੀਤ ਸਿੰਘ ਨੇ ਇਨ੍ਹਾਂ ਵਿਦਿਆਰਥੀਆਂ ਵੱਲੋਂ ਇਨਾਮ ਵਜੋਂ ਨਕਦ ਰਾਸ਼ੀ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਉਣ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਸ਼ਾਬਾਸ਼ੀ ਦਿੰਦੇ ਹੋਏ ਅਜਿਹੀਆਂ ਪ੍ਰਾਪਤੀਆਂ ਭਵਿੱਖ ਵਿੱਚ ਵੀ ਕਰਦੇ ਰਹਿਣ ਦਾ ਸੁਨੇਹਾ ਦਿੱਤਾ। ਉਨ੍ਹਾਂ ਇਨ੍ਹਾਂ ਵਿਦਿਆਰਥੀਆਂ ਨੂੰ ਤਿਆਰੀ ਕਰਵਾਉਣ ਵਾਲੇ ਸਕੂਲ ਦੇ ਅਧਿਆਪਕ ਨਵਨੀਤ ਕੌਰ ਦਾ ਵੀ ਧੰਨਵਾਦ ਕੀਤਾ ਹੈ।

## ਬਿਜਲੀ ਦੀ ਨਿਰਵਿਘਨ ਸਪਲਾਈ ਲਈ ਵਿਧਾਇਕ ਸੁਖਾਨੰਦ ਵੱਲੋਂ ਦੋ ਨਵੇਂ ਬਰੈਕਰਾਂ ਦਾ ਉਦਘਾਟਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਬਿਜਲੀ ਦੀ ਸਪਲਾਈ ਨਿਰਵਿਘਨ ਚਲਾਉਣ ਲਈ ਦੋ ਨਵੇਂ ਬਰੈਕਰਾਂ ਦਾ ਉਦਘਾਟਨ ਕੀਤਾ। ਦੱਸਿਆ ਜਾਂਦਾ ਹੈ ਕਿ ਇਸ 'ਤੇ ਟੋਟਲ 17 ਲੱਖ ਰੁਪਏ ਦਾ ਖਰਚ ਆਇਆ ਹੈ। ਇਸ ਸਮੇਂ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲੇ ਦਿਨ ਤੋਂ ਹੀ ਕਿਸਾਨਾਂ ਦੇ ਹੱਕ ਵਿੱਚ ਇਤਿਹਾਸਕ ਫੈਸਲੇ ਲਏ ਹਨ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਬਿਜਲੀ ਸਪਲਾਈ ਦਾ ਲੋਡ ਕਰਨ ਲਈ ਮਾਨ ਸਰਕਾਰ ਨੇ ਤਕਰੀਬਨ ਸਾਰੇ ਹੀ ਗਰਿੱਡ ਅੱਪਡੇਟ ਕਰ ਕੇ ਉਨ੍ਹਾਂ ਦੀ ਸਮਰੱਥਾ ਨੂੰ ਵਧਾਇਆ ਹੈ ਤਾਂ ਕਿ ਸਾਡੇ ਗਰਿੱਡ ਅੰਡਰਲੋਡ ਰਹਿਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖੇਤਾਂ ਲਈ ਦਿਨ ਸਮੇਂ ਪੂਰੀ ਬਿਜਲੀ ਸਪਲਾਈ ਦਿੱਤੀ ਗਈ ਤਾਂ ਕਿ ਸਾਡੇ ਕਿਸਾਨ ਰਾਤ ਨੂੰ ਆਰਾਮ ਨਾਲ ਆਪਣੇ ਪਰਵਾਰ ਵਿੱਚ ਰਹਿ ਸਕਣ, ਜਦਕਿ ਪਿਛਲੀਆਂ ਸਰਕਾਰਾਂ ਵੇਲੇ ਬਿਜਲੀ ਪੂਰੀ ਤਰ੍ਹਾ ਨਹੀਂ ਆਉਂਦੀ ਸੀ। ਵਿਧਾਇਕ ਸੁਖਾਨੰਦ ਨੇ ਕਿਹਾ ਕਿ ਇਸ ਵੇਲੇ ਪੰਜਾਬ ਦਾ ਜ਼ਿਆਦਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ ਹੈ, ਜਿਸ ਨਾਲ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਬਰਬਾਦ ਹੋ ਗਈ ਹੈ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੀ ਸਮੁੱਚੀ ਕੈਬਨਿਟ, ਵਿਧਾਇਕ, ਆਪ ਵਲੰਟੀਅਰਾਂ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਭੇਜਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਇਨਸਾਨੀਅਤ ਦੇ ਨਾਤੇ ਉਹ ਵੀ ਆਪਣੇ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮੱਗਰੀ ਭੇਜ ਰਹੇ ਹਨ। ਇਸ ਮੌਕੇ ਐਕਸੀਅਨ ਜਸਵੀਰ ਸਿੰਘ, ਐੱਸ.ਡੀ.ਓ. ਗੁਰਪ੍ਰੀਤ ਸਿੰਘ, ਚੇਅਰਮੈਨ ਮਨਦੀਪ ਸਿੰਘ ਮਾਨ, ਪ੍ਰਧਾਨ ਪਵਨ ਗੁਪਤਾ, ਗੁਰਪ੍ਰੀਤ ਸਿੰਘ ਗੋਦਾਰਾ ਲਧਾਈ ਕੇ, ਅੰਤਰਜੀਤ ਸਿੰਘ ਟਿੱਕੂ ਮੱਲਕੇ ਪ੍ਰਧਾਨ, ਅਰਸ਼ਪ੍ਰੀਤ ਸਿੰਘ, ਅਵਤਾਰ ਸਿੰਘ, ਉਪ ਪ੍ਰਧਾਨ ਰਣਜੀਤ ਸਿੰਘ ਟੀਟੂ, ਮਾ. ਮਨਜੀਤ ਸਿੰਘ ਰਾਜੇਆਣਾ ਹਾਜ਼ਰ ਸਨ।

## ਝਾੜ ਸਾਹਿਬ ਕਾਲਜ ਵੱਲੋਂ ਫੈਸ਼ਨ ਡਿਜ਼ਾਈਨਿੰਗ ਦੀ ਪ੍ਰਦਰਸ਼ਨੀ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦੇ ਹੋਮ ਸਾਇੰਸ ਤੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਗੁਰਦੁਆਰਾ ਚਰਨ ਕੰਵਲ ਮਾਛੀਵਾੜਾ ਸਾਹਿਬ ਵਿਖੇ ਇੱਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਹੋਮ ਸਾਇੰਸ ਵਿਭਾਗ ਦੇ ਮੁਖੀ ਡਾ. ਰਣਜੀਤ ਕੌਰ, ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁਖੀ ਪ੍ਰੋ. ਹਰਪ੍ਰੀਤ ਕੌਰ ਤੇ ਪ੍ਰੋ. ਸੁਖਨਪ੍ਰੀਤ ਕੌਰ ਦੀ ਨਿਗਰਾਨੀ ਹੇਠ ਕਾਲਜ ਵਿਦਿਆਰਥਣਾਂ ਨੂੰ ਸਮੇਂ ਦੇ ਹਾਣੀ ਬਣਾਉਣ ਹਿੱਤ ਵਿਦਿਆਰਥਣਾਂ ਨੇ ਅਚਾਰ, ਔਰਗੈਨਿਕ, ਗੁੜ, ਬਿਸਕੁਟ, ਟੀ ਮਸਾਲਾ, ਹੈਂਡ ਪੇਂਟਿੰਗ, ਸਕਰੀਨ ਪ੍ਰਿੰਟਿਡ, ਪ੍ਰਿੰਟਿਡ ਦੁਪੱਟੇ ਤੇ ਸੂਟ, ਟੇਬਲ ਰਨਰ, ਵੱਖ ਵੱਖ ਤਰ੍ਹਾਂ ਦੇ ਬਿਸਕੁਟ, ਟਾਈ ਐਂਡ ਡਾਈ ਦੁਪੱਟੇ, ਹੈਂਡ ਬੈਗ, ਚਾਬੀ ਛੱਲੇ ਆਦਿ ਹੱਥੀ ਤਿਆਰ ਕਰਕੇ ਸਟਾਲ ਦੇ ਰੂਪ ਵਿੱਚ ਪ੍ਰਦਰਸ਼ਨੀ-ਕਮ-ਸੇਲ ਲਗਾਈ। ਇਲਾਕੇ ਦੇ ਲੋਕਾਂ ਵੱਲੋਂ ਇਸ ਪ੍ਰਦਰਸ਼ਨੀ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਵਿਦਿਆਰਥਣਾਂ ਨੂੰ ਆਪਣੇ ਸ਼ੌਕ ਦਿਲਚਸਪੀ ਤੇ ਝੁਕਾਅ ਦੇ ਮੱਦੇਨਜ਼ਰ ਕਿਸੇ ਹੁਨਰ ਦੀ ਚੋਣ ਕਰਨੀ ਚਾਹੀਦੀ ਹੈ। ਕਿੱਤਾ ਮੁਖੀ ਸਿੱਖਿਆ ਦਾ ਖੇਤਰ ਵਿਸ਼ਾਲ ਸਮੁੰਦਰ ਵਾਂਗ ਹੈ। ਇਸ ਲਈ ਝਾੜ ਸਾਹਿਬ ਕਾਲਜ ਵੱਲੋਂ ਵਿਦਿਆਰਥਣਾਂ ਨੂੰ ਇੱਕ ਚੰਗਾ ਪਲੇਟਫਾਰਮ ਮੁਹੱਈਆ ਕਰਨ ਦੇ ਟੀਚੇ ਨੂੰ ਮੁੱਖ ਰੱਖ ਕੇ ਇਸ ਤਰ੍ਹਾਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸਟਾਫ਼ ਤੇ ਵਿਦਿਆਰਥਣਾਂ ਨੂੰ ਇਸ ਪ੍ਰਦਰਸ਼ਨੀ ਦੀ ਸਫਲਤਾ ਦੀ ਵਧਾਈ ਦਿੰਦਿਆਂ ਕਿਹਾ ਕਿ ਕਾਲਜ ਵੱਲੋਂ ਕੀਤਾ ਗਿਆ ਇਹ ਉਪਰਾਲਾ ਵਿਦਿਆਰਥਣਾਂ ਅੰਦਰ ਕੁੱਝ ਨਵਾਂ ਸਿੱਖਣ, ਕਮਾਉਣ ਦੀ ਦਿਲਚਸਪੀ ਪੈਦਾ ਕਰਨ ਦਾ ਰਾਹ ਹੈ। ਭਵਿੱਖ ਵਿੱਚ ਕਿੱਤਾ ਮੁਖੀ ਸਿੱਖਿਆ ਹਾਸਲ ਕਰਕੇ ਵਿਦਿਆਰਥੀ ਨਾ ਸਿਰਫ਼ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ, ਸਗੋਂ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਨ ਤੇ ਆਪਣੇ ਕੌਸ਼ਲ, ਹੁਨਰ ਤੇ ਤਜਰਬੇ ਨਾਲ ਦੇਸ਼ ਦੀ ਵੱਡਮੁਲੀ ਸੇਵਾ ਵੀ ਕਰ ਸਕਦਾ ਹੈ।

## ਪੰਜਾਬ ਕਿਸਾਨ ਯੂਨੀਅਨ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਵੱਲੋਂ ਵੱਖ ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਭਾਰਤ ਸਰਕਾਰ, ਮੁੱਖ ਮੰਤਰੀ ਦੇ ਨਾਂ ਹੜ੍ਹ ਪੀੜਤਾਂ ਨਾਲ ਸੰਬੰਧਤ ਮੰਗਾਂ ਲਈ ਮੰਗ ਪੱਤਰ ਸੌਂਪੇ ਗਏ। ਜਥੇਬੰਦੀ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਦੀ ਅਗਵਾਈ ਹੇਠ ਮਾਨਸਾ ਵਿਖੇ ਵਫਦ ਡਿਪਟੀ ਕਮਿਸ਼ਨਰ ਮਾਨਸਾ ਨੂੰ ਮਿਲਿਆ। ਵਫ਼ਦ 'ਚ ਰਾਮਫਲ ਚੱਕ ਅਲੀਸ਼ੇਰ, ਗੋਰਾ ਸਿੰਘ ਭੈਣੀਬਾਘਾ, ਭੋਲਾ ਸਿੰਘ ਸਮਾਓਂ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਦੱਸਿਆ ਕਿ ਮੰਗ ਪੱਤਰ 'ਚ ਹੜ੍ਹਾਂ ਨਾਲ ਪੰਜਾਬ ਭਰ ਵਿੱਚ ਤਬਾਹ ਹੋਈਆਂ ਫਸਲਾਂ, ਨੁਕਸਾਨੀਆਂ ਗਈਆਂ ਜ਼ਮੀਨਾਂ, ਮਕਾਨਾਂ, ਪਸ਼ੂ ਧਨ, ਬੋਰ, ਖੇਤੀ ਮਸ਼ੀਨਰੀ, ਡੇਅਰੀ ਤੇ ਪੋਲਟਰੀ ਫਾਰਮ, ਭੇਡ, ਬੱਕਰੀ ਆਦਿ ਦੇ ਹੋਏ ਨੁਕਸਾਨ ਦੀ ਮੁਕੰਮਲ ਭਰਪਾਈ ਦੀ ਮੰਗ ਕੀਤੀ ਗਈ। ਕਿਸਾਨਾਂ-ਮਜ਼ਦੂਰਾਂ ਦਾ ਪੂਰਾ ਕਰਜ਼ਾ ਮਾਫ ਕਰਨ ਦੀ ਫਸਲਾਂ ਦਾ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਅਤੇ ਅਗਲੀ ਫਸਲ ਨਾ ਬੀਜੇ ਜਾਣ ਦੀ ਸੂਰਤ ਵਿੱਚ ਇਹ ਮੁਆਵਜ਼ਾ ਦੋਗੁਣਾ ਕਰਨ ਆਦਿ ਮੁੱਖ ਤੌਰ 'ਤੇ ਉਭਾਰੀਆਂ ਗਈਆਂ। ਉਨ੍ਹਾਂ ਕਿਹਾ ਕਿ ਗੰਨੇ ਦੀ ਫਸਲ ਲਈ 1 ਲੱਖ ਰੁਪਏ ਪ੍ਰਤੀ ਏਕੜ ਦਿੱਤੇ ਜਾਣ, ਬੇਜ਼ਮੀਨੇ ਕਿਰਤੀ ਪਰਵਾਰਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਤੇ ਭੋਜਨ ਪਦਾਰਥ-ਦਵਾਈਆਂ ਆਦਿ ਮੁਫ਼ਤ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਹੜ੍ਹਾਂ ਉਪਰੰਤ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਦੇ ਪ੍ਰਬੰਧ ਕੀਤੇ ਜਾਣ, ਮਰੀਆਂ ਫਸਲਾਂ ਪਸ਼ੂ ਧਨ, ਮਕਾਨ, ਜ਼ਮੀਨ ਆਦਿ ਨੁਕਸਾਨੀ ਦੀ ਪੂਰੀ ਜਾਂਚ ਕਰਕੇ ਹੱਕ ਦਿੱਤਾ ਜਾਵੇ, ਪ੍ਰਭਾਵਤ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਕਾਨੂੰਨੀ, ਆਰਥਿਕ, ਸਹਾਇਤਾ ਦਿੱਤੀ ਜਾਵੇ। ਜ਼ਮੀਨ ਨੂੰ ਮੁੜ ਖੇਤੀਯੋਗ ਬਣਾਉਣ ਲਈ ਕਿਸਾਨਾਂ ਨੂੰ ਰੇਤਾ ਮਿੱਟੀ ਚੁੱਕਣ ਦਾ ਹੱਕ ਦਿੱਤਾ ਜਾਵੇ, ਇਸ 'ਤੇ ਆਉਂਦਾ ਕੁੱਲ ਖਰਚ ਵੀ ਸਰਕਾਰ ਅਦਾ ਕਰੇ। ਇਸ ਸਮੇਂ ਮਾਨਸਾ ਜ਼ਿਲ੍ਹੇ ਨਾਲ ਸੰਬੰਧਤ ਪਿੰਡ ਘੁੱਦੂਵਾਲਾ ਦੀ 200 ਏਕੜ ਨਰਮੇ ਦੀ ਫਸਲ ਵਿੱਚ ਖੜ੍ਹੇ ਬਰਸਾਤੀ ਪਾਣੀ ਦੀ ਫੌਰੀ ਨਿਕਾਸੀ ਦੀ ਗੁਹਾਰ ਲਗਾਈ ਗਈ। ਇਸ ਸਮੇਂ ਅਮਰੀਕ ਸਿੰਘ ਕੋਟਧਰਮੂੰ, ਗੁਰਤੇਜ ਸਿੰਘ ਵਰੇ, ਦਰਸ਼ਨ ਮੰਘਾਣੀਆਂ, ਕਰਨੈਲ ਸਿੰਘ ਮਾਨਸਾ ਆਦਿ ਹਾਜ਼ਰ ਸਨ।

# ਤਿਉਹਾਰਾਂ ਦੇ ਦਿਨਾਂ 'ਚ ਪਟਾਕੇ ਚਲਾਉਣ ਲਈ ਦਿਸ਼ਾ ਨਿਰਦੇਸ਼ ਜਾਰੀ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਮਾਣਯੋਗ ਸੁਪਰੀਮ ਕੋਰਟ ਵੱਲੋਂ ਜਾਰੀ ਹੁਕਮਾਂ ਤਹਿਤ ਤਿਉਹਾਰਾਂ ਦੇ ਦਿਨਾਂ ਵਿੱਚ ਪਟਾਕੇ ਚਲਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਇਸ ਤਹਿਤ ਦੀਵਾਲੀ ਤੇ ਗੁਰਪੁਰਬ ਦੇ ਮੌਕੇ ਪਟਾਕਿਆਂ ਦੀ ਵਿਕਰੀ ਲਈ ਜ਼ਿਲ੍ਹੇ ਅੰਦਰ ਜਾਰੀ ਕੀਤੇ ਜਾਣ ਵਾਲੇ ਆਰਜ਼ੀ ਲਾਇਸੰਸ ਅਤੇ ਇਸ ਤੋਂ ਬਿਨ੍ਹਾਂ ਮਾਣਯੋਗ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਅੰਦਰ ਦੀਵਾਲੀ, ਭਗਵਾਨ ਵਾਲਮੀਕਿ ਪ੍ਰਗਟ ਦਿਵਸ, ਗੁਰਪੁਰਬ, ਕ੍ਰਿਸਮਿਸ ਤੇ ਨਵੇਂ ਸਾਲ ਵਾਲੇ ਦਿਨ ਪਟਾਕੇ ਚਲਾਉਣ ਲਈ ਸਮਾਂ ਵੀ ਨਿਰਧਾਰਤ ਕੀਤਾ ਗਿਆ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਪਾਬੰਦੀ ਸ਼ੁਦਾ ਪਟਾਕਿਆਂ ਦੀ ਵਿਕਰੀ ਦੀ ਮਨਾਹੀ ਹੈ ਕੇਵਲ ਗਰੀਨ ਪਟਾਕੇ ਹੀ ਵੇਚੇ ਅਤੇ ਚਲਾਏ ਜਾ ਸਕਣਗੇ।ਉਨ੍ਹਾਂ ਦੱਸਿਆ ਕਿ ਦੀਵਾਲੀ ਅਤੇ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਵਾਲੇ ਦਿਨ ਪਟਾਕੇ ਰਾਤ 8 ਵਜੇ ਤੋਂ ਰਾਤ 10 ਵਜੇ ਤੱਕ, ਗੁਰਪੁਰਬ ਵਾਲੇ ਦਿਨ ਸਵੇਰੇ 4 ਵਜੇ ਤੋਂ 5 ਵਜੇ ਤੱਕ ਅਤੇ ਰਾਤ ਨੂੰ 9 ਵਜੇ ਤੋਂ 10 ਵਜੇ ਤੱਕ ਪਟਾਕੇ ਚਲਾਏ ਜਾ ਸਕਦੇ ਹਨ। ਇਸੇ ਤਰ੍ਹਾਂ ਕ੍ਰਿਸਮਿਸ ਦੀ ਪੂਰਵ ਸੰਧਿਆ 'ਤੇ ਰਾਤ 11.55 ਤੋਂ ਅਗਲੀ ਸਵੇਰ 12.30 ਵਜੇ ਤੱਕ ਅਤੇ ਨਵੇਂ ਸਾਲ ਦੀ ਪੂਰਵ ਸੰਧਿਆ 'ਤੇ ਰਾਤ 11.55 ਤੋਂ ਅਗਲੀ ਸਵੇਰ 12.30 ਵਜੇ ਤੱਕ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੋਈ ਵੈਬਸਾਈਟ, ਈ ਕਾਮਰਸ ਸਾਈਟ ਆਦਿ ਪਟਾਕੇ ਨਹੀਂ ਵੇਚ ਸਕਣਗੇ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਮਾਣਯੋਗ ਸੁਪਰੀਮ ਕੋਰਟ ਅਤੇ ਪੰਜਾਬ ਤੇ ਹਰਿਆਣਾ ਉਚ ਅਦਾਲਤ ਦੇ ਹੁਕਮਾਂ ਮੁਤਾਬਕ ਹੀ ਆਮ ਲੋਕ ਪਟਾਕੇ ਕੇਵਲ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਹੀ ਚਲਾਉਣ।

# ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਅਣਗੌਲਿਆਂ ਕਰਨ ਵਿਰੁੱਧ ਪ੍ਰਦਰਸ਼ਨ


ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਅਜਨਾਲਾ ਇਲਾਕੇ ਭਰ ਦੇ ਸੈਂਕੜੇ ਕਿਸਾਨਾਂ , ਮਜਦੂਰਾਂ, ਨੌਜਵਾਨਾਂ, ਔਰਤਾਂ ਤੇ ਹੋਰ ਮਿਹਨਤਕਸ਼ਾਂ ਵੱਲੋਂ ਅਜਨਾਲਾ ਵਿਖੇ ਪੰਜਾਬ ਤੇ ਕੇਂਦਰ ਸਰਕਾਰਾਂ ਵੱਲੋਂ ਜਿਹੜੀ ਨਿਗੂਣੀ ਰਾਹਤ ਦਾ ਐਲਾਨ ਕੀਤਾ ਹੈ ਜਿਸ ਵਿਚ ਮਜ਼ਦੂਰਾਂ ਨੂੰ ਬਿਲਕੁਲ ਅਣਗੌਲਿਆਂ ਕਰ ਦਿੱਤਾ ਹੈ ਉਸ ਵਿਰੁੱਧ ਅੱਜ ਇਥੇ ਨਾਅਰੇਬਾਜੀ ਕਰਦਿਆਂ ਡਾਢਾ ਗੁੱਸਾ ਜ਼ਾਹਿਰ ਕੀਤਾ ! ਇਸ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਤੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਮੱਲੂਨੰਗਲ , ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ , ਸਕੱਤਰ ਸੁੱਚਾ ਸਿੰਘ ਘੋਗਾ ਤੇ ਮੀਤ ਪ੍ਰਧਾਨ ਗਾਇਕ ਗੁਰਪਾਲ ਗਿੱਲ ਸੈਦਪੁਰ ਨੇ ਰੋਹ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਜਿਹੜਾ ਕਿਸਾਨਾਂ ਦੀਆਂ ਮਾਰੀਆਂ ਗਈਆਂ ਫਸਲਾਂ ਲਈ 20 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਇਸ ਵਿੱਚ ਵੀ ਸ਼ਰਤ ਲਾ ਦਿੱਤੀ ਹੈ ਕਿ 75 ਫੀਸਦੀ ਤੱਕ ਦੇ ਖ਼ਰਾਬੇ ਲਈ ਸਿਰਫ 10 ਹਜ਼ਾਰ ਰੁਪਏ ਹੀ ਦਿੱਤੇ ਜਾਣਗੇ। ਕਿਸਾਨਾਂ ਦੀ ਮੰਗ ਹੈ ਕਿ 50 ਫੀਸਦੀ ਤੋਂ ਵੱਧ ਖ਼ਰਾਬੇ ਲਈ ਪੂਰਾ ਮੁਆਵਜ਼ਾ 70 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤੇ ਜਾਣ ਅਤੇ ਇਸ ਦੇ ਨਾਲ 10 ਹਜ਼ਾਰ ਰੁਪਏ ਪ੍ਰਤੀ ਏਕੜ ਮਜ਼ਦੂਰਾਂ ਲਈ ਵੱਖਰਾ ਦਿੱਤਾ ਜਾਵੇ ! ਇਕੱਠ ਵਿੱਚ ਫੈਸਲਾ ਕੀਤਾ ਗਿਆ ਕਿ ਹੜ੍ਹ



ਪੀੜਿਤ ਮਜ਼ਦੂਰਾਂ ਕਿਸਾਨਾਂ ਛੋਟੇ ਦੁਕਾਨਦਾਰਾਂ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਢੁਕਵਾਂ ਮੁਆਵਜ਼ਾ ਦਿਵਾਉਣ, ਹੜ੍ਹਾਂ ਨਾਲ ਢਹਿ ਗਏ ਘਰਾਂ ਵਾਸਤੇ 10 ਲੱਖ ਰੁਪਏ, ਮਾਰੇ ਗਏ ਡੰਗਰਾਂ ਲਈ 1 ਲੱਖ ਰੁਪਏ ਅਤੇ ਹੜ੍ਹਾਂ ਵਿੱਚ ਮਰ ਗਏ ਵਿਅਕਤੀਆਂ ਲਈ ਵੀ 10 ਲੱਖ ਰੁਪਏ ਮੁਆਵਜ਼ਾ ਪ੍ਰਾਪਤ ਕਰਨ ਲਈ 26 ਸਤੰਬਰ ਨੂੰ ਜਿਹੜੀ ਆਰ ਐਮ ਪੀ ਆਈ ਵੱਲੋਂ ਡੀ. ਸੀ. ਅੰਮ੍ਰਿਤਸਰ ਦੇ ਦਫਤਰ ਸਾਹਮਣੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ ਉਸ ਵਿੱਚ ਇਸ ਇਲਾਕੇ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਹੜ੍ਹ ਪੀੜਤ ਲੋਕ ਪਹੁੰਚਣਗੇ । ਇਹ ਵੀ ਫੈਸਲਾ ਕੀਤਾ ਗਿਆ ਕਿ ਗ਼ਦਰੀ ਬੀਬੀ ਗੁਲਾਬ ਕੌਰ ਦੀ ਯਾਦ ਵਿੱਚ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਔਰਤ ਮੁਕਤੀ ਮੋਰਚਾ ਵੱਲੋਂ ਸੈਮੀਨਾਰ ਕੀਤਾ ਜਾ ਰਿਹਾ ਹੈ ਉਸ ਵਿੱਚ ਅਜਨਾਲਾ ਖੇਤਰ ਵਿੱਚੋਂ 50 ਔਰਤਾਂ ਸ਼ਾਮਿਲ ਹੋਣਗੀਆਂ ਅਤੇ ਇਸ ਤਰ੍ਹਾਂ ਸ਼ਹੀਦ ਭਗਤ ਨੌਜ਼ਵਾਨ ਸਭਾ ਵੱਲੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਜਿਹੜਾ ਪੰਜ ਰੋਜ਼ਾ ਦਿਨ ਰਾਤ ਦਾ ਧਰਨਾ ਆਯੋਜਿਤ ਕੀਤਾ ਜਾ ਰਿਹਾ ਉਸ ਵਿੱਚ ਨੌਜਵਾਨ 2 ਅਕਤੂਬਰ ਨੂੰ ਵੱਡੀ ਗਿਣਤੀ ਵਿਚ ਪਹੁੰਚਣਗੇ! ਹੋਰਨਾਂ ਤੋਂ ਇਲਾਵਾ ਟਹਿਲ ਸਿੰਘ ਚੇਤਨਪੁਰਾ, ਤਰਸੇਮ ਸਿੰਘ ਕਾਮਲਪੁਰਾ, ਰਸ਼ਪਾਲ ਸਿੰਘ ਸਾਹੋਵਾਲ, ਦੇਸਾ ਸਿੰਘ ਭਿੰਡੀ ਔਲਖ, ਸਰਪੰਚ ਹਰਦਿਆਲ ਸਿੰਘ ਤੇ ਬਲਵਿੰਦਰ ਸਿੰਘ ਡਿਆਲ ਭੱਟੀ, ਜਸਵਿੰਦਰ ਸਿੰਘ ਮੋਹਨ ਭੰਡਾਰੀ, ਗੁਰਤੇਜ ਸਿੰਘ ਮਾਕੋਵਾਲ, ਹਰਦੀਪ ਸਿੰਘ ਬੱਗਾ ਛੀਨਾਂ, ਥਾਣੇਦਾਰ ਲਖਬੀਰ ਸਿੰਘ ਤੇੜਾਂ ਰਾਜਪੂਤਾਂ, ਸਤਨਾਮ ਸਿੰਘ ਡਿਆਲ ਭੱਟੀ, ਸਾਹਿਬ ਸਿੰਘ ਮੱਲੂਨੰਗਲ, ਰਸ਼ਪਾਲ ਸਿੰਘ ਬੱਲ ਲੱਬੇ ਦਰਿਆ, ਸਾਹਿਬ ਸਿੰਘ ਅਜਨਾਲਾ,ਹਰਨੇਕ ਸਿੰਘ ਨੇਪਾਲ, ਮਾਹਣੀ ਕੌਰ - ਅਮਰਜੀਤ ਕੌਰ - ਪਰਮਜੀਤ ਕੌਰ - ਅਜਨਾਲਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ

# ਡਿਪਟੀ ਕਮਿਸ਼ਨਰ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦਾ ਅੱਜ ਮਿਲੇਗਾ ਵਫਦ

ਤਰਨ ਤਾਰਨ-ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਮਾੜੇ ਪ੍ਰਬੰਧਾਂ ਕਾਰਨ ਆਏ ਹੜ੍ਹਾਂ ਨਾਲ ਹੋਈ ਭਾਰੀ ਤਬਾਹੀ ਨਾਲ ਲੋਕਾਂ ਦੀਆਂ ਫਸਲਾਂ, ਘਰਾਂ, ਪਸ਼ੂਆਂ ਦੇ ਹੋਏ ਨੁਕਸਾਨ ਤੋਂ ਇਲਾਵਾ ਹੜ੍ਹਾਂ ਵਿੱਚ ਰੁੜ੍ਹ ਗਈਆਂ ਕੀਮਤੀ ਜ਼ਿੰਦਗੀਆਂ ਦਾ ਯੋਗ ਮੁਆਵਜ਼ਾ ਦੇਣ ਦੀ ਮੰਗ ਲਈ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ



ਫਰੰਟ ਦੇ ਸੂਬਾ ਪੱਧਰੀ ਸੱਦੇ 'ਤੇ ਅੱਜ ਸਥਾਨਕ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਦੇ ਨਾਂਅ 'ਤੇ ਮੰਗ ਪੱਤਰ ਦੇਣ ਲਈ ਜ਼ਿਲ੍ਹੇ ਨਾਲ ਸੰਬੰਧਤ ਜ਼ਿਲ੍ਹਾ ਅਤੇ ਸੂਬਾ ਆਗੂਆਂ ਦਾ ਵਫਦ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਪੰਜਾਬ ਸਰਕਾਰ ਨੂੰ ਹੜ੍ਹਾਂ ਦੇ ਪਾਣੀ ਨਾਲ ਖਰਾਬ ਹੋਈਆਂ ਫ਼ਸਲਾਂ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਬਰਬਾਦ ਹੋਈਆਂ ਫਸਲਾਂ ਦਾ ਅਤੇ ਹੋਰ ਹੋਏ ਜਾਨੀ ਮਾਲੀ ਨੁਕਸਾਨ ਦਾ ਯੋਗ ਮੁਆਵਜ਼ਾ ਦੇਣ ਅਤੇ ਪੀੜਤ ਲੋਕਾਂ ਦੇ ਮੁੜ ਵਸੇਬੇ ਲਈ ਮੁਕੰਮਲ ਯੋਜਨਾਬੰਦੀ ਦੀ ਮੰਗ ਕਰੇਗਾ। ਇਸ ਵਿਉਂਤਬੰਦੀ ਲਈ ਸਾਂਝਾ ਫਰੰਟ ਦੇ ਆਗੂਆਂ ਦੀ ਸਥਾਨਕ ਗਾਂਧੀ ਪਾਰਕ ਵਿਖੇ ਪੈਨਸ਼ਨਰ ਆਗੂ ਸਤਪਾਲ ਸਰਮਾਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 19 ਸਤੰਬਰ ਨੂੰ ਸਵੇਰੇ 11 ਵਜੇ ਡਿਪਟੀ ਕਮਿਸ਼ਨਰ ਨੂੰ ਵਫਦ ਦੇ ਤੌਰ ਤੇ ਮਿਲ ਕੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤਾ ਜਾਵੇਗਾ । ਮੀਟਿੰਗ ਵਿੱਚ ਸਾਂਝਾ ਫਰੰਟ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ, ਜਗਤਾਰ ਸਿੰਘ ਆਸਲ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਗੁਰਪ੍ਰੀਤ ਸਿੰਘ ਮੰਨਣ , ਬਲਜਿੰਦਰ ਸਿੰਘ ਦੋਬਲੀਆ, ਕਰਮ ਸਿੰਘ ਲਾਲਪੁਰਾ, ਪੂਰਨ ਦਾਸ, ਕੁਲਵਿੰਦਰ ਸਿੰਘ ਬਾਗੜੀਆਂ, ਲਖਬੀਰ ਸਿੰਘ ਰੈਸੀਆਣਾ, ਸਤਨਾਮ ਸਿੰਘ , ਮਾਸਟਰ ਸਤਵਿੰਦਰ ਸਿੰਘ, ਸਵਰਨ ਸਿੰਘ ਕੁਹਾੜਕਾ, ਬਲਵਿੰਦਰ ਸਿੰਘ ਪਲਾਸੌਰ, ਪ੍ਰਿਸੀ : ਦਲਬੀਰ ਸਿੰਘ ਦਿਉਲ ਆਦਿ ਨੇ ਹਿੱਸਾ ਲਿਆ । ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਨੂੰ ਜਾਣਬੁੱਝ ਕੇ ਪਿਛਲੇ ਸਾਢੇ ਤਿੰਨ ਸਾਲ ਤੋਂ ਅਣਗੌਲਿਆ ਕਰਨ ਖਿਲਾਫ਼ 11 ਅਕਤੂਬਰ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿੱਚ ਸਾਂਝਾ ਫਰੰਟ ਵੱਲੋਂ ਕੀਤੀ ਜਾ ਰਹੀ ਮਹਾਂ ਰੈਲੀ ਨੂੰ ਕਾਮਯਾਬ ਕਰਨ ਲਈ ਜ਼ਿਲ੍ਹੇ ਤੋਂ ਬੱਸਾਂ ਦੇ ਵੱਡੇ ਕਾਫਲੇ ਰਾਹੀਂ ਭਰਵੀਂ ਸ਼ਮੂਲੀਅਤ ਕਰਨ ਦਾ ਆਗੂਆਂ ਨੇ ਅਹਿਦ ਲਿਆ।

# ਗਰੀਬ ਕਿਸਾਨ ਪਰਵਾਰ ਦਾ ਬਾਰਸ਼ ਕਾਰਨ ਮਕਾਨ ਡਿੱਗਾ, ਮਦਦ ਦੀ ਗੁਹਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਵਿੱਚ ਇਸ ਸਾਲ ਹੋਈ ਭਾਰੀ ਬਰਸਾਤ ਦੇ ਨਾਲ ਬਹੁਤ ਸਾਰੇ ਲੋਕਾਂ ਦੇ ਘਰ ਬਰਬਾਦ ਹੋ ਗਏ ਹਨ। ਅਜਿਹਾ ਹੀ ਇੱਕ ਮਾਮਲਾ ਹਲਕਾ ਕਾਦੀਆਂ ਦੇ ਬਲਾਕ ਕਾਹਨੂੰਵਾਨ ਅਧੀਨ ਪੈਂਦੇ ਪਿੰਡ ਲਾਧੂਪੁਰ ਵਿੱਚ ਦੇਖਣ ਨੂੰ ਮਿਲਿਆ ਜਿੱਥੇ ਬਹੁਤ ਥੋੜ੍ਹੀ ਜ਼ਮੀਨ ਵਾਲੇ ਮਿਹਨਤਕਸ਼ ਕਿਸਾਨ ਪਰਵਾਰ ਦਾ ਘਰ ਵੀ ਬਰਸਾਤ ਕਾਰਨ ਢਹਿ ਢੇਰੀ ਹੋ ਗਿਆ। ਇਸ ਸਬੰਧੀ ਪੀੜਤ ਵਿਅਕਤੀ ਜਗੀਰ ਸਿੰਘ ਪੁੱਤਰ ਮਿਲਖਾ ਸਿੰਘ ਅਤੇ ਉਸ ਦੀ ਪਤਨੀ ਸੁਖਜਿੰਦਰ ਕੌਰ ਨੇ



ਦੱਸਿਆ ਕਿ ਉਹ ਤਿੰਨ ਕਮਰਿਆਂ ਦੇ ਮਕਾਨ ਵਿੱਚ ਪਰਵਾਰ ਸਮੇਤ ਰਹਿੰਦੇ ਹਨ, ਜਿਹਦੇ ਵਿੱਚ ਉਹਨਾਂ ਦੇ ਦੋ ਬੱਚੇ ਇੱਕ ਪੁੱਤਰ ਅਤੇ ਇੱਕ ਧੀ ਹਨ। ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਮਕਾਨ ਦੀ ਹਾਲਤ ਪਹਿਲਾਂ ਹੀ ਕਾਫੀ ਜਰਜਰ ਹੋ ਚੁੱਕੀ ਸੀ ਪਰ ਪਿਛਲੇ ਦਿਨੀਂ ਹੋਈ ਬਰਸਾਤ ਕਾਰਨ ਉਹਨਾਂ ਦੇ ਘਰ ਦੇ ਦੋ ਕਮਰਿਆਂ ਦੀਆਂ ਛੱਤਾਂ ਡਿੱਗ ਗਈਆਂ ਅਤੇ ਜੋ ਇੱਕ ਕਮਰਾ ਬਚਿਆ ਹੈ ਉਸ ਦੀ ਛੱਤ ਵੀ ਕਈ ਥਾਵਾਂ ਤੋਂ ਡਿੱਗਣ ਵਾਲੀ ਹੈ। ਉਹਨਾਂ ਕਿਹਾ ਕਿ ਥੋੜ੍ਹੀ ਜ਼ਮੀਨ ਹੋਣ ਕਾਰਨ ਪਰਵਾਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲ ਰਿਹਾ ਹੈ। ਉਹਨਾਂ ਦੀ ਮਾਲੀ ਹਾਲਤ ਇੰਨੀ ਵਧੀਆ ਨਹੀਂ ਕਿ ਉਹ ਇਹਨਾਂ ਮਕਾਨਾਂ ਦੀ ਮੁੜ ਉਸਾਰੀ ਕਰ ਸਕਣ ਜਾਂ ਇਹਨਾਂ ਦੀਆਂ ਛੱਤਾਂ ਬਦਲ ਸਕਣ। ਪਰਵਾਰ ਨੇ ਪੰਜਾਬ ਸਰਕਾਰ ਅਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਦੇ ਘਰ ਦੀਆਂ ਛੱਤਾਂ ਦੀ ਉਸਾਰੀ ਲਈ ਬਣਦੀ ਮਦਦ ਕੀਤੀ ਜਾਵੇ। ਇਸ ਮੌਕੇ ਰਿਟਾਇਰਡ ਮੁੱਖ ਅਧਿਆਪਕ ਮਾਸਟਰ ਬਲਵੰਤ ਸਿੰਘ ਨੇ ਕਿਹਾ ਕਿ ਜਗਜੀਤ ਸਿੰਘ ਬਹੁਤ ਮਿਹਨਤੀ ਅਤੇ ਨੇਕ ਵਿਅਕਤੀ ਹੈ ਅਤੇ ਦਸਾਂ ਨੌਂਵਾਂ ਦੀ ਕਿਰਤ ਨਾਲ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਅਤੇ ਘਰ ਦਾ ਗੁਜ਼ਾਰਾ ਚਲਾ ਰਿਹਾ ਹੈ। ਉਸ ਦੀ ਪਤਨੀ ਇੱਕ ਸਰਕਾਰੀ ਸਕੂਲ ਵਿੱਚ ਮਿਡ ਡੇ ਮੀਲ ਵਰਕਰ ਹੈ। ਇਸ ਲਈ ਇਸ ਪਰਵਾਰ ਦੀ ਮਾਲੀ ਹਾਲਤ ਦੇਖਦੇ ਹੋਏ ਸਰਕਾਰ ਨੂੰ ਜ਼ਰੂਰ ਮਦਦ ਕਰਨੀ ਚਾਹੀਦੀ ਹੈ। ਬਲਾਕ ਵਿਕਾਸ ਅਧਿਕਾਰੀ ਸੁਖਜੀਤ ਸਿੰਘ ਬਾਜਵਾ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਪ੍ਰਭਾਵਤ ਪਰਵਾਰ ਸੰਬੰਧਤ ਸਰਪੰਚ ਅਤੇ ਬੀ ਡੀ ਪੀ ਓ ਦਫਤਰ ਕੋਲ ਲਿਖਤੀ ਅਰਜ਼ੀ ਦੇਣ।

# ਠੱਗੀ ਮਾਰਨ ਵਾਲੇ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਪੀੜਤ ਵਲੋਂ ਕੀਤੀ ਗਈ ਸ਼ਿਕਾਇਤ 'ਤੇ ਕੀਤੀ ਜਾਂਚ ਦੌਰਾਨ ਪਾਇਆ ਕਿ ਬਲਬੀਰ ਮਸੀਹ ਪੁੱਤਰ ਯੂਨਸ ਮਸੀਹ ਵਾਸੀ ਗੁਝੀਆਂ ਬੇਟ, ਪ੍ਰਵੇਸ਼ ਤੁੰਗ ਵਾਸੀ ਸਹਿਜ਼ਾਦਾ ਨੰਗਲ ਥਾਣਾ ਸਿਟੀ ਗੁਰਦਾਸਪੁਰ, ਰੂਬਲ ਰਾਣਾ ਵਾਸੀ ਤੋਂ ਇਲਾਵਾ ਕੁਝ ਅਣਪਛਾਤੇ ਵਿਅਕਤੀਆਂ ਨੇ ਸ਼ਿਕਾਇਤ ਕਰਤਾ ਦੇ ਛੋਟੇ ਭਰਾ ਹਰਵਿੰਦਰ ਸਿੰਘ ਉਮਰ 19 ਸਾਲ ਨੂੰ ਵਿਦੇਸ਼ ਜਰਮਨ ਭੇਜਣ ਦਾ ਝਾਂਸਾ ਦੇ ਕੇ 9 ਲੱਖ 34 ਹਜ਼ਾਰ 600 ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਠੱਗੀ ਮਾਰਨ ਵਾਲੇ ਦੋਵਾਂ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ 420 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅੰਰਭ ਕਰ ਦਿੱਤੀ ਹੈ।

# ਟੈਕਨੋ ਪੋਵਾ ਸਲਿਮ 5ਜੀ ਦੀ ਵਿਕਰੀ ਸ਼ੁਰੂ

ਚੰਡੀਗੜ੍ਹ : ਟੈਕਨੋ ਮੋਬਾਈਲ ਇੰਡੀਆ, ਨੇ ਆਪਣੇ ਨਵੀਨਤਮ ਇਨੋਵੇਸ਼ਨ-ਦੁਨੀਆਂ ਦੇ ਸਭ ਤੋਂ ਸਲਿਮ 3ਡੀ ਕਰਵਡ ਸਮਾਰਟਫੋਨ, ਟੈਕਨੋ ਪੋਵਾ ਸਲਿਮ 5ਜੀ ਦੀ ਵਿਕਰੀ ਦਾ ਐਲਾਨ ਕੀਤਾ। ਇਹ ਡਿਵਾਇਸ 8 ਸਤੰਬਰ ਤੋਂ ਪੂਰੇ ਭਾਰਤ ਦੇ ਰਿਟੇਲ ਸਟੋਰਸ 'ਤੇ ਵਿਕਰੀ ਲਈ ਉਪਲਬਧ ਹੋਣਗੇ। 16 ਜੀਬੀ ਰੈਮ (8ਜੀਬੀ+8ਜੀਬੀ) ਅਤੇ 128 ਜੀਬੀ ਸਟੋਰੇਜ ਨਾਲ, ਇਹ ਗੇਮਿੰਗ, ਮਨੋਰੰਜਨ ਅਤੇ ਉਤਪਾਦਕਤਾ ਦੇ ਲਈ ਬਿਨਾਂ ਕਿਸੇ ਰੁਕਾਵਟ ਦੇ ਵਰਤੋਂ ਦੀ ਗਾਰੰਟੀ ਦਿੰਦਾ ਹੈ। ਪੋਵਾ ਸਲਿਮ 5 ਜੀ ਤਿੰਨ ਸ਼ਾਨਦਾਰ ਰੰਗਾਂ-ਸਕਾਈ ਬਲੂ, ਸਲਿਮ ਵ੍ਹਾਈਟ, ਅਤੇ ਕੂਲ ਬਲੈਕ- ਵਿੱਚ ਉਪਲਬਧ ਹੋਵੇਗਾ, ਜਿਸ ਦੀ ਕੀਮਤ ਪੂਰੇ ਭਾਰਤ ਵਿੱਚ ਰੁ. 19,999 ਹੈ।

# ਧਾਲੀਵਾਲ ਨੇ ਪ੍ਰਭਾਵਤ ਪਿੰਡਾਂ 'ਚ ਮੁਆਵਜ਼ੇ ਸੰਬੰਧੀ ਕਿਸਾਨਾਂ-ਮਜ਼ਦੂਰਾਂ ਦੀਆਂ ਸੁਣੀਆਂ ਸਮੱਸਿਆਵਾਂ


ਅੰਮ੍ਰਿਤਸਰ/ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਅਜਨਾਲਾ ਖੇਤਰ 'ਚ ਹੜ੍ਹਾਂ ਤੋਂ ਪ੍ਰਭਾਵਿਤ ਪਿੰਡਾਂ ਗੁਝਾਪੀਰ, ਡਿਆਲ ਭੱਟੀ, ਸੰਮੋਵਾਲ ਤੇ ਲੰਗੋਮਾਹਲ ਆਦਿ ਪਿੰਡਾਂ ਦਾ ਅੱਜ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਦੌਰਾ ਕਰਕੇ ਹੜ੍ਹਾਂ ਤੇ ਭਾਰੀ ਬਾਰਿਸ਼ਾਂ ਕਾਰਨ ਨੁਕਸਾਨੀਆਂ ਗਈਆਂ ਫਸਲਾਂ ਤੇ ਹੋਰ ਤਬਾਹੀ ਦੇ ਮੰਜ਼ਰ ਦਾ ਜਾਇਜ਼ਾ ਲਿਆ ਅਤੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ ਹੜ੍ਹ ਪੀੜਤ ਕਿਸਾਨਾਂ ਤੇ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਲਈ ਵਚਨਬੱਧ ਹੈ। ਉਪਰੰਤ ਗੱਲਬਾਤ ਦੌਰਾਨ ਧਾਲੀਵਾਲ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਦੇ ਸਿਖਰਲੇ ਆਗੂ ਰਾਹੁਲ ਗਾਂਧੀ ਵਲੋਂ ਪੰਜਾਬ 'ਚ ਆਏ ਭਿਅੰਕਰ ਹੜ੍ਹਾਂ ਦੀ ਬਰਬਾਦੀ ਦਾ ਸੰਤਾਪ ਭੋਗ ਰਹੇ ਹੜ੍ਹ ਪੀੜਤਾਂ ਦੀ ਸੁੱਧ ਲੈਣ ਲਈ ਬੀਤੇ ਦਿਨ ਕਰੀਬ 2 ਮਹੀਨਿਆਂ ਬਾਅਦ ਪਹੁੰਚਣ ਨੂੰ ਜਿੱਥੇ ਸਿਰਫ ਇਕ ਰਸਮੀ (ਫਰਜ਼ੀ) ਸਿਆਸੀ ਕਸਰਤ ਦੱਸਿਆ, ਉਥੇ ਰਾਹੁਲ ਗਾਂਧੀ ਵੱਲੋਂ ਪੰਜਾਬ 'ਚ ਹੜ੍ਹਾਂ ਦੀ ਭਿਅੰਕਰ ਤਬਾਹੀ ਵਜੋਂ ਮੋਦੀ ਸਰਕਾਰ ਦੇ ਪੰਜਾਬ ਨੂੰ 1600 ਕਰੋੜ ਰੁਪਏ ਰਾਹਤ ਪੈਕੇਜ ਦੇਣ ਦੇ ਕੀਤੇ ਗਏ ਐਲਾਨ ਨੂੰ ਵੀ ਨਾਕਾਫੀ ਹੋਣ ਦਾ ਮੁੱਦਾ ਸੰਸਦ ਵਿੱਚ ਉਠਾਏ ਜਾਣ ਦੇ ਫੈਸਲੇ ਤੇ ਅਸੰਤੁਸ਼ਟੀ ਪ੍ਰਗਟ ਕੀਤੀ। ਧਾਲੀਵਾਲ ਨੇ ਕਿਹਾ ਕਿ ਜੇਕਰ ਕਾਂਗਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਪੰਜਾਬ ਦੇ ਹੜ੍ਹ ਪੀੜਤਾਂ ਦੀ ਦਿਲੋਂ ਸਾਰ ਲੈਣ ਲਈ ਗੰਭੀਰ ਹਨ, ਤਾਂ ਕੁਦਰਤੀ ਕਰੋਪੀ ਤੋਂ ਇਲਾਵਾ ਹੜ੍ਹਾਂ ਲਈ ਬਰਾਬਰ ਦੋਸ਼ਾਂ ਦੇ ਕਟਹਿਰੇ 'ਚ ਖੜ੍ਹੇ ਕੀਤੇ ਜਾ ਰਹੇ ਭਾਖੜਾ ਬਿਆਸ ਮੈਨਜਮੈਂਟ ਬੋਰਡ ਦਾ ਪ੍ਰਬੰਧ, ਜਿਸ ਨੂੰ ਉਨ੍ਹਾਂ (ਰਾਹੁਲ ਗਾਂਧੀ ) ਦੀ ਦਾਦੀ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸਿੱਧੇ ਤੇ ਅਸਿੱਧੇ ਤੌਰ ਤੇ ਪੰਜਾਬ ਕੋਲੋਂ ਖੋਹ ਕੇ ਕੇਂਦਰੀ ਸਰਕਾਰ ਨੂੰ ਸੌਂਪ ਦਿੱਤਾ ਗਿਆ ਸੀ, ਨੂੰ ਪੰਜਾਬ ਦੇ ਮੁੜ ਹਵਾਲੇ ਕਰਨ ਲਈ ਅਤੇ ਪੰਜਾਬ ਦੇ ਹੱਕ 'ਚ ਦਰਿਆਈ ਪਾਣੀਆਂ ਦੇ ਚੱਲ ਰਹੇ ਸੁਪਰੀਮ ਕੋਰਟ 'ਚ ਕੇਸ ਨੂੰ ਪੰਜਾਬ ਦੀ ਕਾਂਗਰਸ ਸਰਕਾਰ ਕੋਲੋਂ ਸਾਲ



1982 'ਚ ਵਾਪਸ ਕਰਵਾ ਕੇ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਹੀ ਪੰਜਾਬ ਦੇ ਦਰਿਆਈ ਪਾਣੀਆਂ ਤੇ ਡਾਕਾ ਮਾਰਨ ਲਈ ਸਤਲੁਜ ਜਮਨਾ ਲਿੰਕ ਨਹਿਰ (ਐਸ ਵਾਈ ਐਲ) ਦੀ ਉਸਾਰੀ ਦੇ ਦਿੱਤੇ ਅਵਾਰਡ ਨੂੰ ਵੀ ਰੱਦ ਕਰਵਾਉਣ ਲਈ ਆਪਣੀ ਦਾਦੀ ਇੰਦਰਾ ਗਾਂਧੀ ਦੇ ਪੰਜਾਬ ਵਿਰੋਧੀ ਫੈਸਲਿਆਂ 'ਤੇ ਪਛਤਾਵਾ ਕਰਨ ਹਿੱਤ ਇਨ੍ਹਾਂ ਗੰਭੀਰ ਮੁੱਦਿਆਂ 'ਤੇ ਮਤੇ ਲਿਆ ਕੇ ਸੰਸਦ 'ਚ ਕੇਂਦਰੀ ਮੋਦੀ ਸਰਕਾਰ ਨੂੰ ਮਤਿਆਂ ਦੇ ਹੱਕ 'ਚ ਫੈਸਲਾ ਲੈਣ ਲਈ ਮਜਬੂਰ ਕੀਤਾ ਜਾਵੇ। ਧਾਲੀਵਾਲ ਨੇ ਇਹ ਵੀ ਕਿਹਾ ਕਿ ਰਾਹੁਲ ਗਾਂਧੀ, ਪੰਜਾਬ ਦੇ ਹੜ੍ਹ ਪੀੜਤਾਂ ਦਾ ਦੁੱਖ ਵੰਡਾਉਣ 'ਚ ਸੁਹਿਰਦ ਹੁੰਦੇ ਤਾਂ ਲੋਕ ਸਭਾ ਤੇ ਰਾਜ ਸਭਾ ਦੇ ਆਪਣੇ ਕੁੱਲ 150 ਦੇ ਕਰੀਬ ਸੰਸਦ ਮੈਂਬਰਾਂ ਦੇ ਖਾਤਿਆਂ 'ਚੋਂ 2-2 ਕਰੋੜ ਰੁਪਏ ਭਾਵ 300 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਸਕਦੇ ਸਨ।

# ਸੱਪ ਲੜਨ ਨਾਲ ਲੜਕੇ ਦੀ ਮੌਤ


ਗੁਰਦਾਸਪੁਰ (ਜਨਕ ਮਹਾਜਨ)- ਬੀਤੇ ਦਿਨੀਂ ਹੜ੍ਹ ਪੀੜਤਾਂ ਦੀ ਸੇਵਾ ਕਰਨ ਗਏ ਪਿੰਡ ਵਿਰਕ ਤਲਵੰਡੀ ਜ਼ਿਲ੍ਹਾ ਗੁਰਦਾਸਪੁਰ ਦੇ ਇਕ ਨੌਜਵਾਨ ਦੀ ਸੱਪ ਲੜਨ ਨਾਲ ਮੌਤ ਹੋ



ਗਈ ਜਿਸ ਤੋਂ ਬਾਅਦ ਪੀੜਤ ਪਰਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਹੈ। ਮ੍ਰਿਤਕ ਲੜਕੇ ਦੇ ਵੱਡੇ ਭਰਾ ਦੀ ਵੀ ਦੋ ਮਹੀਨੇ ਪਹਿਲਾਂ ਸ੍ਰੀਨਗਰ ਵਿਚ ਮੌਤ ਹੋ ਗਈ ਸੀ ਜਿਸ ਦਾ ਗਮ ਅਜੇ ਪਰਵਾਰ ਦੇ ਦਿਲ ਵਿਚੋਂ ਗਿਆ ਨਹੀਂ ਸੀ ਕਿ ਹੁਣ ਫ਼ਿਰ ਇਕ ਲੜਕੇ ਦੀ ਮੌਤ ਹੋ ਜਾਣ ਨਾਲ ਪਰਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਆ ਹੈ। ਦੁੱਖ ਭਰੀ ਦਾਸਤਾਨ ਸੁਣਾਉਂਦੇ ਹੋਏ ਲੜਕੇ ਦੀ ਮਾਤਾ ਨੇ ਦੱਸਿਆ ਕਿ ਉਸ ਦੇ ਤਿੰਨ ਪੁੱਤਰ ਸਨ, ਜਿਨ੍ਹਾਂ ਵਿਚ ਇਕ ਲੜਕੇ ਦੀ ਦੋ ਮਹੀਨੇ ਪਹਿਲਾਂ ਸ੍ਰੀਨਗਰ ਵਿਚ ਮੌਤ ਹੋ ਗਈ ਸੀ ਜਦੋਂ ਕਿ ਦੂਸਰੇ ਲੜਕੇ ਦੀ ਹੁਣ ਹੜ੍ਹ ਪੀੜਤਾਂ ਦੀ ਸੇਵਾ ਕਰਨ ਸਮੇਂ ਦੋਰਾਂਗਲਾ ਨਜ਼ਦੀਕ ਸੱਪ ਲੜਨ ਨਾਲ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਹੁਣ ਉਨ੍ਹਾਂ ਦਾ ਇਕ ਲੜਕਾ ਹੀ ਰਹਿ ਗਿਆ ਹੈ। ਮਾਤਾ ਨੇ ਦੱਸਿਆ ਕਿ ਦੋ ਲੜਕਿਆਂ ਦੀ ਹੋਈ ਮੌਤ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਨਾਲ ਝਿੰਜੋੜ ਕੇ ਰੱਖ ਦਿੱਤਾ ਹੈ। ਮ੍ਰਿਤਕ ਆਪਣੇ ਪਿੱਛੇ ਵਿਧਵਾ ਪਤਨੀ ਅਤੇ ਦੋ ਛੋਟੀਆਂ-ਛੋਟੀਆਂ ਬੱਚੀਆਂ ਨੂੰ ਰੋਂਦੇ ਕੁਰਲਾਉਂਦੇ ਛੱਡ ਗਿਆ ਹੈ। ਇਸ ਦੌਰਾਨ ਪਿੰਡ ਦੇ ਮੋਹਤਵਰ ਲੋਕਾਂ ਨੇ ਪ੍ਰਸ਼ਾਸਨ ਅਤੇ ਲੋਕਾਂ ਨੂੰ ਗਰੀਬ ਪਰਵਾਰ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਅਪੀਲ ਕੀਤੀ।

# ਪੰਧੇਰ ਨਰਸਿੰਗ ਕਾਲਜ 'ਚ ਵਿਸ਼ਵ ਰੋਗੀ ਸੁਰੱਖਿਆ ਦਿਵਸ 'ਤੇ ਜਾਗਰੂਕਤਾ ਸੈਮੀਨਾਰ


ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸ੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟਿਟਿਊਟ ਪੰਧੇਰ ਵਿਖੇ ਵਿਸ਼ਵ ਰੋਗੀ ਸੁਰੱਖਿਆ ਦਿਵਸ 'ਤੇ ਜਾਗਰੂਕਤਾ ਸੈਮੀਨਾਰ ਕਾਲਜ ਦੇ ਸੈਮੀਨਾਰ ਹਾਲ ਵਿੱਚ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਮਰੀਜ਼ਾਂ ਦੀ ਸੁਰੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸੈਮੀਨਾਰ ਵਿਚ ਸੰਸਥਾ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਹਰਜਿੰਦਰਪਾਲ ਕੌਰ ਵੱਲੋਂ ਕੀਤੀ ਗਈ। ਪ੍ਰਬੰਧਕ ਨਿਰਦੇਸ਼ਕ ਅਤੇ ਸੈਮੀਨਾਰ ਦੇ ਮੁੱਖ ਮਹਿਮਾਨ ਅਵਤਾਰ ਸਿੰਘ ਨੇ ਵਿਸ਼ਵ ਰੋਗੀ ਸੁਰੱਖਿਆ ਦਿਵਸ ਬਾਰੇ ਦੱਸਿਆ ਕਿ ਵਿਸ਼ਵ ਰੋਗੀ ਸੁਰੱਖਿਆ ਦਿਵਸ ਪਹਿਲੀ ਵਾਰ 2019 ਵਿੱਚ ਮਨਾਇਆ ਗਿਆ ਸੀ ਅਤੇ ਉਦੋਂ ਤੋਂ ਹਰ ਸਾਲ ਮਨਾਇਆ ਜਾਂਦਾ ਹੈ। ਇਹ ਮੁਹਿੰਮ ਵਿਸ਼ਵ ਸਿਹਤ ਸੰਗਠਨ ਦੁਆਰਾ 2019 ਵਿੱਚ ਲੋਕਾਂ 'ਚ ਮਰੀਜ਼ਾਂ ਦੀ ਸੁਰੱਖਿਆ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸ਼ੁਰੂ ਕੀਤੀ ਗਈ ਸੀ। ਇਸ ਦਿਨ ਮਰੀਜ਼ਾਂ ਦੀ ਸੁਰੱਖਿਆ ਲਈ ਕਈ ਸਿਹਤ ਉਤਪਾਦ ਲਾਂਚ ਕੀਤੇ ਜਾਂਦੇ ਹਨ ਅਤੇ ਵੈਬੀਨਾਰਾਂ ਅਤੇ ਸੈਮੀਨਾਰਾਂ ਰਾਹੀਂ ਉਨ੍ਹਾਂ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਕੀਤਾ ਜਾਂਦਾ ਹੈ।ਇਸ ਦਿਨ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਸਿਹਤ



ਸੇਵਾਵਾਂ ਅਤੇ ਸੁਰੱਖਿਆ ਵਿੱਚ ਵੀ ਸੁਧਾਰ ਕੀਤੇ ਜਾਂਦੇ ਹਨ। ਇਸ ਮੌਕੇ ਵਿਦਿਆਰਥੀਆਂ ਨੇ ਚਾਰਟ ਅਤੇ ਭਾਸ਼ਣ ਰਾਹੀਂ ਜਾਗਰੂਕਤਾ ਪੈਦਾ ਕੀਤੀ ਅਤੇ ਵਿਸ਼ਵ ਰੋਗੀ ਦਿਵਸ ਬਾਰੇ ਸਾਰੀ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸ਼ੈਫਾਲੀ ਵਾਇਸ ਪ੍ਰਿੰਸੀਪਲ, ਐਡਵੋਕੇਟ ਮਨਦੀਪ ਸਿੰਘ ਬੋਪਾਰਾਏ, ਕਵਿਤਾ ਕਲਿਆਣ, ਅਰਪਨਦੀਪ ਕੌਰ, ਪ੍ਰਭਜੋਤ ਕੌਰ, ਹਰਮਨਪ੍ਰੀਤ ਕੌਰ, ਨੇਹਾ, ਮਨਿੰਦਰ ਕੌਰ, ਅਮਨਦੀਪ ਕੌਰ ਰੰਧਾਵਾ, ਜੈਸਮੀਨ ਕੌਰ, ਸੁਖਮਨ ਕੌਰ, ਜਗਦੀਸ਼ ਕੌਰ, ਸਿਮਰਨ ਰੰਧਾਵਾ, ਮਨਿੰਦਰ ਕੌਰ, ਦਮਨਪ੍ਰੀਤ ਕੌਰ, ਗਗਨਦੀਪ ਕੌਰ, ਉਸਤਤ ਕੌਰ, ਸੁਖਮਨੀ ਗਿੱਲ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਖੇਤੀਬਾੜੀ ਦਫਤਰ ਕਾਦੀਆਂ ਵੱਲੋਂ ਦਈਆ ਵਿਖੇ ਪਰਾਲੀ ਨੂੰ ਨਾ ਸਾੜਨ ਸੰਬੰਧੀ ਲਗਾਇਆ ਕੈਂਪ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ )- ਪਰਾਲੀ ਨੂੰ ਨਾ ਸਾੜਨ ਸਬੰਧੀ ਕੀਤੀ ਗਈ ਸਖਤੀ ਦੇ ਚਲਦਿਆਂ ਲਗਾਤਾਰ ਕਿਸਾਨਾਂ ਨੂੰ ਜਾਗਰੂਕ ਕਰਦੇ ਹੋਏ ਖੇਤੀਬਾੜੀ ਮੁੱਖ ਅਫਸਰ ਜ਼ਿਲ੍ਹਾ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਖੇਤੀਬਾੜੀ ਦਫਤਰ ਕਾਦੀਆਂ ਸਰਕਲ ਕੰਡੀਲਾ ਵੱਲੋਂ ਪਿੰਡ ਦਈਆ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਿੰਡ ਦੇ ਕਿਸਾਨਾਂ ਅਤੇ ਹੋਰਨਾਂ ਮੋਹਤਬਰਾਂ ਨੇ ਹਿੱਸਾ ਲਿਆ। ਇਸ ਮੌਕੇ ਗੱਲਬਾਤ ਕਰਦਿਆਂ ਖੇਤੀਬਾੜੀ ਦਫਤਰ ਕਾਦੀਆਂ ਤੋਂ ਹਰਪ੍ਰੀਤ ਸਿੰਘ ਬੋਪਾਰਾਏ ਖੇਤੀਬਾੜੀ ਵਿਸਥਾਰ ਅਫਸਰ ਸਰਕਲ ਕੰਡੀਲਾ ਅਤੇ ਅਫਸਰ ਮੈਡਮ ਨਵਜੋਤ ਕੌਰ ਖੇਤੀਬਾੜੀ ਇੰਸਪੈਕਟਰ ਵੱਲੋਂ ਸਾਂਝੇ ਤੌਰ 'ਤੇ ਕਿਸਾਨਾਂ ਨੂੰ ਝੋਨੇ ਦੀ ਬਿਮਾਰੀ ਕਾਲਾ ਤੇਲਾ, ਪੀਲੀ ਕੁੰਗੀ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਇਸ ਦੇ ਨਾਲ ਹੀ ਦਵਾਈਆਂ ਬਾਰੇ ਵੀ ਗੱਲਬਾਤ ਕੀਤੀ ਗਈ। ਇਸ ਦੀ ਕਿਵੇਂ ਰੋਕਥਾਮ ਕੀਤੀ ਜਾ ਸਕਦੀ ਹੈ ਉਸ ਸਬੰਧੀ ਕਿਸਾਨਾਂ ਨੂੰ ਦੱਸਿਆ । ਖੇਤੀਬਾੜੀ ਮਾਹਰਾਂ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਦੇ ਨਾਲ ਜਿੱਥੇ ਵਾਤਾਵਰਨ ਦੂਸ਼ਿਤ ਹੁੰਦਾ ਹੈ ਉਥੇ ਹੀ ਜਮੀਨੀ ਅੰਦਰਲੇ ਉਪਜਾਊ ਤੱਤ ਮਿੱਤਰ ਕੀੜੇ ਖਤਮ ਹੋ ਜਾਂਦੇ ਹਨ, ਜਿਸ ਨਾਲ ਉਪਜਾਊ ਸ਼ਕਤੀ ਜ਼ਮੀਨ ਦੀ ਘਟ ਜਾਂਦੀ ਹੈ ਅਤੇ ਅਗਲੀ ਫਸਲ ਨੂੰ ਬੀਜਣ ਵਿੱਚ ਅਤੇ ਉਸ ਦੇ ਝਾੜ



ਵਿੱਚ ਵੀ ਕਮੀ ਆਉਂਦੀ ਹੈ ਜਿਸ ਨਾਲ ਕਿਸਾਨਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਨਾ ਲਗਾ ਕੇ ਅਸੀਂ ਸਾਰੇ ਇੱਕਜੁੱਟ ਹੋ ਕੇ ਹੰਭਲਾ ਮਾਰੀਏ ਅਤੇ ਵਾਤਾਵਰਨ ਪ੍ਰੇਮੀ ਬਣੀਏ।ਇਸ ਮੌਕੇ ਹਰਪ੍ਰੀਤ ਸਿੰਘ ਬੋਪਾਰਾਏ ਖੇਤੀਬਾੜੀ ਵਿਸਥਾਰ ਅਫਸਰ ਤੇ ਇੰਸਪੈਕਟਰ ਮੈਡਮ ਨਵਜੋਤ ਕੌਰ ਤੋਂ ਇਲਾਵਾ ਸਰਪੰਚ ਮਨਦੀਪ ਸਿੰਘ, ਸਰਬਜੀਤ ਸਿੰਘ, ਬਲਦੇਵ ਸਿੰਘ, ਸਤਿੰਦਰ ਸਿੰਘ, ਬੂਟਾ ਸਿੰਘ, ਗਿਆਨ ਸਿੰਘ, ਝਿਰਮਲ ਸਿੰਘ, ਗੁਰਨਾਮ ਸਿੰਘ, ਸ਼ਿਵ ਸਿੰਘ, ਰਸ਼ਪਾਲ ਸਿੰਘ ਧਰਮ ਸਿੰਘ ਪਿੰਡ ਦੇ ਮੈਂਬਰ ਲੰਬਰਦਾਰ ਆਦਿ ਹਾਜ਼ਰ ਸਨ।

# ਦੋ ਨਸ਼ਾ ਤਸ਼ਕਰਾਂ ਖ਼ਿਲਾਫ਼ ਮਾਮਲਾ ਦਰਜ


ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਭੈਣੀ ਮੀਆਂ ਖਾਂ ਦੇ ਏ.ਐਸ.ਆਈ. ਅਵਤਾਰ ਸਿੰਘ ਨੇ ਸਮੇਤ ਪੁਲਸ ਪਾਰਟੀ ਆਲਮਾ ਤੋਂ ਕਿੰਦਰ ਸਿੰਘ ਉਰਫ ਡੱਡੂ ਪੁੱਤਰ ਸਾਬਾ ਸਿੰਘ ਵਾਸੀ ਮੱਲ੍ਹਪੁਰ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਉਸ ਦੀ ਤਲਾਸ਼ੀ ਕੀਤੀ। ਖੱਬੀ ਜੇਬ ਵਿਚੋਂ ਇਕ ਮੋਮੀ ਲਿਫਾਫਾ ਬਰਾਮਦ ਹੋਇਆ ਜਿਸ ਵਿਚੋਂ 35 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆ ਹਨ।

ਇਸੇ ਤਰ੍ਹਾਂ ਥਾਣਾ ਭੈਣੀ ਮੀਆਂ ਖਾਂ ਦੇ ਏ ਐਸ ਆਈ. ਨਿਰਮਲ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਚੱਕ ਯਕੂਬ ਤੋਂ ਸੁਮਿਤ ਕੁਮਾਰ ਪੁੱਤਰ ਸੁਸ਼ੀਲ ਕੁਮਾਰ ਵਾਸੀ ਕੋਟਲੀ ਰੋਲਾਂ ਜੋ ਲੁਕ ਛਿਪ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ, ਪਾਸੋਂ ਮੌਕੇ ਤੋਂ ਇਕ ਸਿਲਵਰ ਪੇਪਰ, ਲਾਇਟਰ ਅਤੇ 10 ਰੁਪਏ ਦਾ ਨੋਟ ਬ੍ਰਾਮਦ ਹੋਇਆ ਹੈ।

ਪੁਲਸ ਦੋਵਾਂ ਨਸ਼ਾ ਤਸ਼ਕਰਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਪੰਚਾਇਤ ਬਚਾਓ ਸੰਘਰਸ਼ ਕਮੇਟੀ ਕਲਾਨੌਰ ਦਾ ਵਫਦ ਵਿਧਾਇਕ ਰੰਧਾਵਾ ਨੂੰ ਮਿਲਿਆ


ਕਲਾਨੌਰ (ਮਨਦੀਪ ਕੋਹਲੀ)- ਜ਼ਮੀਨ ਅਤੇ ਪੰਚਾਇਤ ਬਚਾਓ ਸੰਘਰਸ਼ ਕਮੇਟੀ ਕਲਾਨੌਰ ਦਾ ਵਫਦ ਗੁਰਦੀਪ ਸਿੰਘ ਰੰਧਾਵਾ ਐਮ ਐਲ ਏ ਹਲਕਾ ਡੇਰਾ ਬਾਬਾ ਨਾਨਕ ਨੂੰ ਮਿਲਿਆ ਤੇ ਵਫਦ ਨੇ ਰੰਧਾਵਾ ਨੂੰ ਮੰਗ ਪੱਤਰ ਰਾਹੀਂ ਬੇਨਤੀ ਕੀਤੀ ਕਿ ਕਲਾਨੌਰ ਪੰਚਾਇਤ ਦੀ 406 ਏਕੜ ਜ਼ਮੀਨ ਜੋ ਸੋਲਰ ਪ੍ਰੋਜੈਕਟ ਲਈ ਦਿੱਤੀ ਜਾ ਰਹੀ ਹੈ ਉਸ 'ਤੇ ਰੋਕ ਲਗਾਈ ਜਾਵੇ ਕਿਉਂਕਿ ਇਹ 406 ਜ਼ਮੀਨ ਬਹੁਤ ਹੀ ਉਪਜਾਊ ਤੇ ਵਾਹੀਯੋਗ ਹੈ ਜਿਸ ਤੋਂ ਬਹੁਤ ਸਾਰੇ ਕਿਸਾਨ ਇਸ ਨੂੰ ਠੇਕੇ 'ਤੇ ਲੈ ਕੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੇ ਹਨ। ਇਹ ਜ਼ਮੀਨ ਸੋਲਰ ਪ੍ਰੋਜੈਕਟ ਨੂੰ ਦਿੱਤੇ ਜਾਣ ਨਾਲ ਕਿਸਾਨਾਂ ਨਾਲ ਬਹੁਤ ਵੱਡਾ ਧੋਖਾ ਹੋਵੇਗਾ



ਦੂਸਰਾ ਇਸ ਪ੍ਰੋਜੈਕਟ ਨਾਲ ਕਲਾਨੌਰ ਦੀ ਜਨਤਾ ਅਤੇ ਇਲਾਕੇ ਦੇ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਣ ਵਾਲਾ। ਅਜਿਹੇ ਪ੍ਰੋਜੈਕਟ ਕੇਵਲ ਜ਼ਮੀਨ ਪ੍ਰਾਪਤ ਕਰਨ ਲਈ ਹੀ ਬਣਾਏ ਜਾਂਦੇ ਹਨ। ਗੁਰਦੀਪ ਸਿੰਘ ਰੰਧਾਵਾ ਨੇ ਵਫਦ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਆਖਿਆ ਇਹ ਪ੍ਰੋਜੈਕਟ ਕਲਾਨੌਰ ਤੇ ਇਲਾਕੇ ਦੀ ਜਨਤਾ ਦੀ ਸਹਿਮਤੀ ਤੋਂ ਬਗੈਰ ਨਹੀਂ ਲੱਗੇਗਾ। ਉਹਨਾਂ ਨੇ ਮੌਕੇ 'ਤੇ ਹੀ ਬੀ ਡੀ ਪੀ ਓ ਕਲਾਨੌਰ ਨੂੰ ਇਸ ਕਾਰਵਾਈ ਨੂੰ ਤੁਰੰਤ ਬੰਦ ਕਰਨ ਲਈ ਆਖਿਆ। ਇਸ ਵਫਦ ਵਿੱਚ ਸਰਪੰਚ ਰਣਜੀਤ ਸਿੰਘ, ਹਰਜੀਤ ਸਿੰਘ ਕਾਹਲੋਂ, ਗੁਰਿੰਦਰ ਪਾਲ ਸਿੰਘ ਸੇਠ, ਨਰਿੰਦਰ ਵਿਜ, ਜਨਕ ਰਾਜ, ਕੁਲਵੰਤ ਸਿੰਘ ਭਿੰਡਰ, ਅਮਰਜੀਤ ਸਿੰਘ ਸ਼ਾਹ, ਰਮੇਸ਼ ਚੰਦਰ, ਸੁਖਵਿੰਦਰ ਸਿੰਘ ਮੱਲ੍ਹੀ, ਅਸ਼ੋਕ ਕੋਹਲੀ, ਗੁਰਮੇਜ ਸਿੰਘ ਪੱਡਾ, ਡਾਕਟਰ ਬਲਵਿੰਦਰ ਸਿੰਘ, ਨੰਨੀ ਸ਼ਰਮਾ, ਰਜੇਸ਼ ਕੁਮਾਰ ਸੱਚਰ, ਦਲਜੀਤ ਸਿੰਘ ਸੱਬਰਵਾਲ, ਪ੍ਰਿੰਸੀਪਲ ਸੁਰਿੰਦਰ ਵਰਧਨ ਸ਼ਾਮਲ ਸਨ।

# ਝੂਠਾ ਪਰਚਾ ਰੱਦ ਨਾ ਹੋਇਆ ਤਾਂ ਸੰਘਰਸ਼ ਵਿੱਢਿਆ ਜਾਵੇਗਾ : ਆਗੂ

ਪੱਟੀ (ਬਲਦੇਵ ਸਿੰਘ ਸੰਧੂ)-ਬੀਤੇ ਦਿਨੀ ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਰਸੂਲਪੁਰ ਦੇ ਕਿਸਾਨਾਂ ਉਪਰ ਵਿਧਾਇਕ ਤੇ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਤੇ ਉਸ ਦੇ ਪੀ ਏ ਦਿਲਬਾਗ ਸਿੰਘ ਵੱਲੋਂ ਕਿਸਾਨਾਂ ਉੱਪਰ ਝੂਠਾ ਪਰਚਾ ਦਰਜ ਕੀਤਾ ਗਿਆ।ਇਸ ਨਜਾਇਜ਼ ਪਰਚੇ ਖਿਲਾਫ਼ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਪੰਜਾਬ ਵੱਲੋਂ ਸਖਤ ਵਿਰੋਧ ਕਰਦਿਆਂ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਪਰਚਾ ਰੱਦ ਨਾ ਕੀਤਾ ਗਿਆ ਤਾਂ ਵੱਡਾ




ਸੰਘਰਸ਼ ਵਿੱਢਿਆ ਜਾਵੇਗਾ ਜਿਸ 'ਤੇ ਡੀ ਐਸ ਪੀ ਦੇ ਭਰੋਸੇ ਤੋਂ ਬਾਅਦ ਇਸ ਪਰਚੇ ਦੀ ਇਨਕੁਆਰੀ ਕਰਕੇ ਰੱਦ ਕਰਵਾਉਣ ਲਈ ਕਿਸਾਨਾਂ ਦੇ ਵਫ਼ਦ ਵੱਲੋਂ ਡੀ ਐਸ ਪੀ ਲਵਕੇਸ਼ ਨੂੰ ਮੰਗ ਪੱਤਰ ਦਿੱਤਾ ਗਿਆ।ਡੀ ਐਸ ਪੀ ਨੇ ਭਰੋਸਾ ਦਿਵਾਇਆ ਕਿ ਐਸ ਐਸ ਪੀ ਤਰਨਤਾਰਨ ਦੇ ਨਿਰਦੇਸ਼ਾਂ ਤੋਂ ਬਾਅਦ ਜਲਦੀ ਹੀ ਜਾਂਚ ਕਰਵਾ ਕੇ ਪਰਚਾ ਰੱਦ ਕੀਤਾ ਜਾਵੇਗਾ। ਕਿਸਾਨ ਆਗੂ ਸੁੱਚਾ ਸਿੰਘ ਲੱਧੂ, ਸੂਬਾ ਆਗੂ ਸੁਖਵੰਤ ਸਿੰਘ ਦੁੱਬਲੀ ਸਾਹਿਬ ਸਿੰਘ ਸਭਰਾ ਤੇ ਜਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਪਰਿੰਗੜੀ ਨੇ ਕਿਹਾ ਹੈ ਕਿ ਜੇਕਰ ਪੁਲਿਸ ਵੱਲੋਂ ਕੋਈ ਇਨਸਾਫ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਇੱਕ ਵੱਡਾ ਸੰਘਰਸ਼ ਵਿੱਢੇਗੀ ਜਿਸ ਦੀ ਜਿੰਮੇਵਾਰ ਥਾਣਾ ਸਦਰ ਪੱਟੀ ਪੁਲਿਸ ਅਤੇ ਮੌਕੇ ਦਾ ਵਿਧਾਇਕ ਹੋਵੇਗਾ ।

ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਹਲਕਾ ਵਿਧਾਇਕ ਅਤੇ ਥਾਣਾ ਸਦਰ ਪੱਟੀ ਪੁਲਿਸ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕੀ ਹਥਾੜ ਏਰੀਆ ਪਹਿਲਾਂ ਪਾਣੀ ਦੀ ਮਾਰ ਹੇਠ ਆਣ ਕੇ ਕਾਫੀ ਦੁਖੀ ਹੈ ਉੱਤੋਂ ਪੁਲਿਸ ਨੇ ਇਹ ਝੂਠਾ ਮੁਕਦਮਾ ਦਰਜ ਕਰਕੇ ਉਹਨਾਂ ਦੇ ਜਖਮਾਂ 'ਤੇ ਲੂਣ ਪਾਇਆ ਹੈ ਜੋ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਕਦੇ ਬਰਦਾਸ਼ਤ ਨਹੀਂ ਕਰੇਗੀ ।

# ਤਰਸਿੱਕਾ ਬਲਾਕ ਬਚਾਓ ਮੋਰਚੇ ਨੇ ਆਪ ਦੇ ਖੋਖਲੇ ਦਾਅਵਿਆਂ ਦਾ ਕੀਤਾ ਪਰਦਾਫਾਸ਼

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਬਲਾਕ ਤਰਸਿੱਕਾ ਬਚਾਓ ਮੋਰਚੇ ਨੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ 'ਤੇ ਸਖ਼ਤ ਦੋਸ਼ ਲਾਏ ਹਨ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਆਪ ਆਗੂਆਂ ਵੱਲੋਂ ਤਰਸਿੱਕਾ ਬਲਾਕ ਨੂੰ ਖਤਮ ਨਾ ਕਰਨ ਬਾਰੇ ਕੀਤੇ ਗਏ ਪ੍ਰਚਾਰ ਦਾ ਝੂਠ ਬੇਪਰਦ ਹੋ ਚੁੱਕਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਪ ਨੇ ਲੋਕਾਂ ਨਾਲ ਬਲਾਕ ਤਰਸਿੱਕਾ ਖਤਮ ਨਾ ਹੋਣ ਸਬੰਧੀ ਝੂਠ ਜੱਗ ਜ਼ਾਹਰ ਹੋਣ ਕਾਰਨ




ਲੋਕਾਂ ਦਾ ਪਾਰਟੀ ਤੋਂ ਵਿਸ਼ਵਾਸ ਉੱਠ ਗਿਆ ਹੈ।ਇਸ ਦੌਰਾਨ ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਅਧਿਕਾਰਤ ਵੈੱਬਸਾਈਟ ਤੋਂ ਸਬੂਤ ਪ੍ਰਾਪਤ ਕੀਤੇ ਹਨ, ਜੋ ਸਪੱਸ਼ਟ ਕਰਦੇ ਹਨ ਕਿ ਸਰਕਾਰ ਨੇ ਬਲਾਕ ਤਰਸਿੱਕਾ ਨੂੰ ਭੰਗ ਕਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਇਸ ਜਾਣਕਾਰੀ ਨੂੰ ਜਨਤਾ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ।ਮੋਰਚੇ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੂੰ ਇਸ ਫੈਸਲੇ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਉਨ੍ਹਾਂ ਕਿਹਾ ਕਿ ਬਲਾਕ ਤਰਸਿੱਕਾ ਨੂੰ ਭੰਗ ਕਰਨਾ ਉਨ੍ਹਾਂ ਦੀ ਇੱਕ ਵੱਡੀ ਰਾਜਨੀਤਿਕ ਗਲਤੀ ਸਾਬਤ ਹੋਵੇਗੀ। ਆਗੂਆਂ ਨੇ ਸਵਾਲ ਉਠਾਇਆ ਕਿ ਬਲਾਕ ਤਰਸਿੱਕਾ ਭੰਗ ਕਰਨ ਦੇ ਫੈਸਲੇ ਤੋਂ ਬਾਅਦ ਉਹ ਲੋਕਾਂ ਦੀ ਕਚਹਿਰੀ ਵਿੱਚ ਕਿਸ ਮੂੰਹ ਨਾਲ ਜਾਣਗੇ।8 ਅਗਸਤ ਨੂੰ ਜਾਰੀ ਹੋਏ ਨੋਟੀਫਿਕੇਸ਼ਨ ਵਿੱਚ ਬਲਾਕ ਤਰਸਿੱਕਾ ਨੂੰ ਖਤਮ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਲਾਕੇ ਦੇ ਲੋਕਾਂ ਨੇ ਇਸ ਸਰਕਾਰੀ ਧੱਕੇਸ਼ਾਹੀ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਬਲਾਕ ਤਰਸਿੱਕਾ ਬਚਾਓ ਮੋਰਚਾ ਦਾ ਗਠਨ ਕੀਤਾ। ਇਸ ਮੋਰਚੇ ਨੂੰ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਕਾਮਰੇਡ ਜਥੇਬੰਦੀਆਂ ਦਾ ਵੀ ਸਮਰਥਨ ਪ੍ਰਾਪਤ ਹੈ। ਇਹ ਮੋਰਚਾ ਤਰਸਿੱਕੇ ਬਲਾਕ ਦੀ ਬਹਾਲੀ ਦੇ ਨੋਟੀਫਿਕੇਸ਼ਨ ਤੱਕ ਜਾਰੀ ਰਹੇਗਾ ਅਤੇ ਇਸ ਨੂੰ ਹੋਰ ਤਿੱਖਾ ਕੀਤਾ ਜਾਵੇਗਾ ।

# ਮਾਲ ਵਿਭਾਗ ਦੀ ਗਲਤੀ ਕਾਰਨ ਪੀੜਤ ਕਿਸਾਨ ਨੂੰ ਹੋਣਾ ਪੈ ਰਿਹਾ ਖੱਜਲ ਖੁਆਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਬਲਾਕ ਧਾਰੀਵਾਲ ਅਧੀਨ ਪੈਂਦੇ ਪਿੰਡ ਕਲਿਆਣਪੁਰ ਦੇ ਵਾਸੀ ਸੱਤਪਾਲ ਸਿੰਘ ਪੁੱਤਰ ਤਾਰਾ ਸਿੰਘ ਨੇ ਧਾਰੀਵਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦੀ




ਪਤਨੀ ਕਸਮੀਰ ਕੌਰ ਦੀ ਜ਼ਿਲ੍ਹਾ ਗੁਰਦਾਸਪੁਰ ਦੀ ਸਬ ਤਹਿਸੀਲ ਨੌਸ਼ਿਹਰਾ ਮੱਝਾ ਸਿੰਘ ਦੇ ਪਿੰਡ ਚੂਹੜ ਚੱਕ ਵਿਖੇ ਜਮੀਨ ਹੈ। ਉਸ ਨੇ ਮਰਨ ਤੋਂ ਪਹਿਲਾਂ ਸਬ ਰਜਿਸਟਰਾਰ ਧਾਰੀਵਾਲ ਵਿੱਚ ਮੇਰੇ (ਸੱਤਪਾਲ ਸਿੰਘ) ਨਾਮ 'ਤੇ ਮਿਤੀ 21-12-2021 ਨੂੰ ਰਜਿਸਟਰਡ ਵਸੀਅਤ ਕਰ ਦਿੱਤੀ ਸੀ। ਪਰ ਮਾਲ ਵਿਭਾਗ ਵਲੋਂ ਮਾਨਯੋਗ ਹਾਈਕੋਰਟ ਦਾ ਗਲਤ ਫਾਇਦਾ ਉਠਾਇਆ ਜਾ ਰਿਹਾ ਹੈ,ਜਦ ਕਿ ਇਸ ਜਮੀਨ 'ਤੇ ਕਿਸੇ ਦਾ ਕੋਈ ਮਾਲਕੀ ਸਟੇਅ ਨਹੀਂ ਹੋਇਆ ਹੈ। ਪੀੜਤ ਸੱਤਪਾਲ ਸਿੰਘ ਨੇ ਦੱਸਿਆ ਕਿ ਇਸ ਜਮੀਨ 'ਤੇ ਕਿਸੇ ਦਾ ਕੋਈ ਮਾਲਕੀ ਸਟੇਅ ਨਹੀਂ ਹੋਇਆ ਅਤੇ ਨਾ ਹੀ ਕੋਈ ਹੁਕਮ ਹੋਏ ਸਨ। ਪੀੜਤ ਸੱਤਪਾਲ ਸਿੰਘ ਨੇ ਦੋਸ਼ ਲਗਾਇਆ ਕਿ ਮਾਲ ਵਿਭਾਗ ਨੇ ਜਾਣਬੁੱਝ ਕੇ ਦੂਜੀ ਧਿਰ ਨਾਲ ਸਹਿਮਤੀ ਕਰਕੇ ਗਲਤ ਰਿਪੋਰਟ ਪੇਸ਼ ਕੀਤੀ ਹੈ ਅਤੇ ਸਾਡੀ ਜਮੀਨ ਦੀ ਲੱਖਾਂ ਰੁਪਏ ਦੀ ਆਮਦਨ ਖਾ ਰਹੇ ਹਨ ਅਤੇ ਮੈਨੂੰ ਕੋਈ ਨਿਆਂ ਨਹੀਂ ਦਿੱਤਾ ਜਾ ਰਿਹਾ। ਸਬੰਧਿਤ ਸਬ ਤਹਿਸੀਲ ਨੌਸ਼ਿਹਰਾ ਮੱਝਾ ਸਿੰਘ ਦੇ ਚੂਹੜ ਚੱਕ ਮੌਜੂਦਾ ਪਟਵਾਰੀ ਸਤਬੀਰ ਸਿੰਘ ਬਾਜਵਾ ਨਾਲ ਗੱਲ ਕਰਨ 'ਤੇ ਉਸ ਨੇ ਦੱਸਿਆ ਮੇਰੇ ਤੋਂ ਪਹਿਲਾਂ ਤੱਤਕਾਲੀ ਸਮੇਂ ਦੇ ਕਿਸੇ ਪਟਵਾਰੀ ਨੇ ਇਹ ਪੜਤਾਲ ਰਿਪੋਰਟ ਦਰਜ ਕੀਤੀ ਹੋਈ ਹੈ, ਜਿਸ ਵਿੱਚ ਉੱਚ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਹੀ ਕੋਈ ਬਦਲਾਅ ਹੋ ਸਕਦਾ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਵਿਖੇ ਦੋ ਰੋਜ਼ਾ ਮੁਫਤ ਮੈਡੀਕਲ ਕੈਂਪ ਲੱਗਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਚੀਫ ਖਾਲਸਾ ਦੀਵਾਨ ਨਰਸਿੰਗ ਕਾਲਜ ਅੰਮ੍ਰਿਤਸਰ ਦੇ ਡਾਕਟਰਾਂ ਅਤੇ ਟੀਮ ਦੇ ਸਹਿਯੋਗ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਵਿਖੇ ਦੋ ਰੋਜ਼ਾ 17 ਅਤੇ 18 ਸਤੰਬਰ ਮੁਫਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਦਾ ਉਦਘਾਟਨ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਦੁਆਰਾ ਕੀਤਾ ਗਿਆ। ਇਸ ਦੌਰਾਨ ਪੱਤਰਕਾਰ ਭਾਈਚਾਰੇ ਨਾਲ ਗੱਲਬਾਤ ਕਰਦਿਆਂ ਹੋਇਆਂ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੁਕਤਾ ਤ੍ਰਹੇਨ ਅਤੇ ਚੇਅਰਮੈਨ ਆਫ ਨਰਸਿੰਗ ਸ. ਆਤਮਜੀਤ ਸਿੰਘ ਬਸਰਾ ਵੱਲੋਂ ਦੱਸਿਆ ਗਿਆ ਕਿ ਇਸ ਦੋ ਰੋਜ਼ਾ ਮੈਡੀਕਲ ਕੈਂਪ ਤੋਂ ਇਲਾਵਾ ਸਾਡੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਸਹੂਲਤ ਲਈ ਮੁਫਤ ਮੈਡੀਕਲ ਕੈਂਪ ਲਗਾਏ ਜਾਣਗੇ। ਜਿਸ ਵਿੱਚ ਹੜਾਂ ਦਾ ਸੰਤਾਪ ਭੋਗ ਰਹੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

ਇਸੇ ਦੌਰਾਨ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਦੁਆਰਾ ਦੱਸਿਆ ਗਿਆ ਕਿ ਜਦੋਂ ਤੋਂ ਹੜਾਂ ਦੀ ਕੁਦਰਤੀ ਆਫਤ ਆਈ ਹੈ ਉਸੇ ਦਿਨ ਤੋਂ ਹੀ ਚੀਫ ਖਾਲਸਾ ਦੀਵਾਨ ਦੇ ਸਹਿਯੋਗ ਨਾਲ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਦੀ ਮੈਨੇਜਮੈਂਟ ਪ੍ਰਿੰਸੀਪਲ ਸਾਹਿਬ ਅਤੇ ਸਟਾਫ ਦੀ ਬਣੀ ਹੋਈ ਟੀਮ ਵੱਲੋਂ ਦਿਨ ਰਾਤ ਇਸ ਮੁਸ਼ਕਿਲ ਦੀ ਘੜੀ ਵਿੱਚ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਲੋੜਵੰਦਾਂ ਨੂੰ ਖਾਣਾ ਮੁਹੱਈਆ ਕਰਵਾਉਣਾ, ਸੁੱਕਾ ਰਾਸ਼ਨ ਪਹੁੰਚਾਉਣਾ, ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਕਰਨਾ ਆਦਿ ਕੰਮ ਕੀਤੇ ਜਾ ਰਹੇ ਹਨ। ਇਸ ਮੌਕੇ ਐਡੀ. ਆਨ. ਸਕੱਤਰ ਸ. ਜਸਪਾਲ ਸਿੰਘ ਢਿੱਲੋਂ



ਐਡੀ.ਆਨ. ਸਕੱਤਰ (ਮੁੱਖ ਦਫਤਰ ਮੈਂਬਰ) ਸ. ਹਰਵਿੰਦਰ ਪਾਲ ਸਿੰਘ ਚੁੱਗ, ਪ੍ਰਿੰਸੀਪਲ ਆਫ ਨਰਸਿੰਗ ਕਾਲਜ ਡਾ. ਯਸ਼ਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਆਫ ਨਰਸਿੰਗ ਕਾਲਜ ਡਾ. ਹਰਲੀਨ ਕੌਰ, ਹਰਤੇਜ ਹਸਪਤਾਲ ਤੋਂ ਡਾ.ਅਨਸੀ, ਡਾ. ਪ੍ਰੀਆ, ਸਕੂਲ ਮੈਂਬਰ ਇੰਚਾਰਜ ਸਰਦਾਰ ਦਰਸ਼ਨ ਸਿੰਘ ਨਿਜਰ ਐਡਵੋਕੇਟ ਸ. ਇੰਦਰਜੀਤ ਸਿੰਘ ਅੜੀ, ਸ.ਗੁਰਭੇਜ ਸਿੰਘ , ਸ. ਭਰਪੂਰ ਸਿੰਘ , ਸਕੂਲ ਸਟਾਫ ਸੁਪਰਵਾਈਜ਼ਰ ਜੁਗਰਾਜ ਸਿੰਘ ਰਿਆੜ, ਟ੍ਰਾਂਸਪੋਰਟ ਇੰਚਾਰਜ ਅਵਤਾਰ ਸਿੰਘ, ਅਕਾਊਂਟੈਂਟ ਸ਼ੇਰ ਬਹਾਦਰ ਪੰਜਾਬੀ ਅਧਿਆਪਕਾ ਅਤੇ ਧਾਰਮਿਕ ਇੰਚਾਰਜ ਮਨਦੀਪ ਕੌਰ ਰਿਆੜ, ਕਵਲਜੀਤ ਕੌਰ, ਹਰਿੰਦਰ ਕੌਰ ਅਤੇ ਮੈਡਮ ਪੂਜਾ ਹਾਜ਼ਰ ਸਨ।


# ਡਿਪਟੀ ਡਾਇਰੈਕਟਰ ਵੱਲੋਂ ਹੜ੍ਹ ਪ੍ਰਭਾਵਤ ਪਿੰਡ ਘਣੀਏ ਕੇ ਬੇਟ 'ਚ ਫ਼ੌਗਿੰਗ ਕਰਾਉਣ ਦਾ ਕੰਮ ਸ਼ੁਰੂ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਸਿਹਤ ਵਿਭਾਗ ਦੇ ਸੈਕਟਰੀ ਵੱਲੋਂ ਡੇਰਾ ਬਾਬਾ ਨਾਨਕ ਅਤੇ ਕਲਾਨੌਰ ਦੇ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਡਾਕਟਰ ਸ਼ਰਨਜੀਤ ਕੌਰ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ । ਅੱਜ ਡਿਪਟੀ ਡਾਇਰੈਕਟਰ ਡਾਕਟਰ ਸ਼ਰਨਜੀਤ ਕੌਰ ਵੱਲੋਂ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਦੇ ਸਮੂਹ ਸਟਾਫ ਸਮੇਤ ਡੇਰਾ ਬਾਬਾ ਨਾਨਕ ਦੇ ਸਭ ਤੋਂ ਵੱਧ ਹੜ੍ਹ ਪ੍ਰਭਾਵਤ ਪਿੰਡ ਘਣੀਏ ਕੇ ਬੇਟ ਪੁੱਜੇ, ਜਿੱਥੇ ਉਨ੍ਹਾਂ ਵੱਲੋਂ ਇਸ ਪਿੰਡ ਵਿੱਚ ਫੋਗਿੰਗ ਮਸ਼ੀਨ ਰਾਹੀਂ ਸਪਰੇਅ ਕਰਨ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਗਿਆ । ਇਸ ਮੌਕੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਸਹਿਯੋਗ ਕਰਦੇ ਹੋਏ ਲਾਹੌਰ ਗਦਰ ਲਹਿਰ ਨੂੰ ਸਮਰਪਤ ਸਿੰਘ ਸਭਾ ਪਿੰਡ ਜੈਮਲ ਸਿੰਘ ਵਾਲਾ ਜ਼ਿਲ੍ਹਾ ਬਰਨਾਲਾ ਦੇ ਸਮਾਜ ਸੇਵੀ ਨੌਜਵਾਨਾਂ ਵੱਲੋਂ ਪਿੰਡ ਘਣੀਏ ਕੇ ਬੇਟ ਅਤੇ ਪਿੰਡ ਪੱਖੋਕੇ ਟਾਹਲੀ ਸਾਹਿਬ ਦੇ ਹੜ੍ਹ ਪ੍ਰਭਾਵਤ ਲੋੜਵੰਦ ਪਰਵਾਰਾਂ ਨੂੰ ਹੈਲਥ ਕਿੱਟਾਂ ਵੀ ਵੰਡੀਆਂ ਗਈਆਂ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਸ਼ਰਨਜੀਤ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਮੱਛਰ ਦੇ ਕੱਟਣ ਤੋਂ ਬਚਣ ਲਈ ਫੋਗਿੰਗ ਮਸ਼ੀਨਾਂ ਰਾਹੀ ਸਪਰੇਅ ਕਰਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਲੋਕਾਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਅ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕੋਲੋਰੀਨ ਗੋਲੀਆਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।ਇਸ ਮੌਕੇ ਮੌਜੂਦਾ ਸਟਾਫ਼ ਐਸ ਐਮ ਓ.ਡਾਕਟਰ ਪ੍ਰਗਤੀ ਸਿੰਘ, ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ, ਮੈਡੀਕਲ ਅਫ਼ਸਰ ਡੈਂਟਲ ਡਾਕਟਰ ਸਾਹਿਲ ਮਹਾਜਨ, ਮਾਸਟਰ ਪਲਵਿੰਦਰ ਸਿੰਘ, ਜਗਸੀਰ ਸਿੰਘ ਬਰਨਾਲਾ ਸਮੇਤ ਲਾਹੌਰ ਗਦਰ ਲਹਿਰ ਨੂੰ ਸਮਰਪਤ ਸਿੰਘ ਸਭਾ ਪਿੰਡ ਜੈਮਲ ਸਿੰਘ ਵਾਲਾ ਜ਼ਿਲ੍ਹਾ ਬਰਨਾਲਾ ਦੀ ਸਮੁੱਚੀ ਟੀਮ, ਮੈਡੀਕਲ ਅਫ਼ਸਰ ਡਾਕਟਰ ਖੁਸ਼ਮਿੰਦਰ ਸਿੰਘ, ਰਾਜਵਿੰਦਰ ਕੌਰ, ਹੈਲਥ ਇੰਸਪੈਕਟਰ ਚੁੰਨੀ ਲਾਲ, ਮਨਜਿੰਦਰ ਸਿੰਘ ਹੈਲਥ ਵਰਕਰ ਆਦਿ ਹਾਜ਼ਰ ਸਨ।

# ਚੇਅਰਮੈਨ ਬਲਵਿੰਦਰ ਸਿੰਘ ਕੋਟ ਨੇ ਦਾਣਾ ਮੰਡੀ ਝਬਾਲ ਵਿਖੇ ਖਰੀਦ ਕਰਵਾਈ ਸ਼ੁਰੂ

ਝਬਾਲ,(ਹਰਜਿੰਦਰ ਸਿੰਘ ਸੋਨੀ)-ਦਾਣਾ ਮੰਡੀ ਝਬਾਲ ਵਿਖੇ 1509 ਬਾਸਮਤੀ ਦੀ ਆਮਦ ਤਾਹਿਤ ਮਾਰਕੀਟ ਝਬਾਲ ਦੇ ਚੇਅਰਮੈਨ ਸ੍ਰ: ਬਲਵਿੰਦਰ ਸਿੰਘ ਦਿਉਲ ਕੋਟ ਸਿਵਿਆਂ ਵੱਲੋਂ 1509



ਬਾਸਮਤੀ ਦੀ ਖਰੀਦ ਸ਼ੁਰੂ ਕਰਵਾਈ ਗਈ।ਦਾਣਾ ਮੰਡੀ ਝਬਾਲ ਵਿਖੇ ਸਥਿਤ ਆੜਤੀ ਹਰਜੀਤ ਸਿੰਘ ਪੰਜਵੜ,ਆੜਤੀ ਸਿਮਰਨ ਸਿੰਘ ਪੰਜਵੜ ਦੀ ਦੁਕਾਨ 'ਤੇ ਆਈ 1509 ਬਾਸਮਤੀ ਦੀ ਢੇਰੀ ਆੜਤੀ ਸੰਜੀਵ ਕੁਮਾਰ ਸੂਦ ਨੇ ਆਰ ਕੇ ਟਰੇਡਰਜ ਦੁਆਰਾ ਖ਼ਰੀਦ ਕੀਤੀ ਗਈ।ਇਸ ਮੌਕੇ ਚੈਅਰਮੈਨ ਬਲਵਿੰਦਰ ਸਿੰਘ ਦਿਉਲ ਤੇ ਮਾਰਕੀਟ ਕਮੇਟੀ ਝਬਾਲ ਦੇ ਸਕੱਤਰ ਸਤਿੰਦਰ-ਰੂਪ ਸਿੰਘ ਸਾਂਝੇ ਤੌਰ ਤੇ ਜ਼ਿਮੀਂਦਾਰ ਭਰਾਵਾਂ ਨੂੰ ਅਪੀਲ ਕੀਤੀ ਕਿ ਸੁੱਕੀ ਫਸਲ ਹੀ ਮੰਡੀ ਵਿੱਚ ਲਿਆਂਦੀ ਜਾਵੇ ਤਾਂ ਜੋ ਖੱਜਲ ਖ਼ੁਆਰੀ ਤੋਂ ਬਚਿਆ ਜਾਂ ਸਕੇ।ਇਸ ਸਮੇਂ ਮੰਡੀ ਸੁਪਰਵਾਈਜ਼ਰ ਭੁਪਿੰਦਰਜੀਤ ਸਿੰਘ, ਆਕਸਨ ਰਿਕਾਰਡਰਡ, ਸਤਿੰਦਰਬੀਰ ਸਿੰਘ ਬੰਟੀ, ਮਨਜਿੰਦਰ ਸਿੰਘ ਸੰਧੂ,ਹਰਚੰਦ ਸਿੰਘ,ਗੁਰਪ੍ਰੀਤ ਸਿੰਘ ਗੋਲਡੀ ਬੀ ਐੱਸ ਰਾਈਸ ਮਿੱਲਜ ਝਬਾਲ, ਸਰਵਣ ਸਿੰਘ ਸਾਹ ਕੋਟ ਜੈ ਐੱਸ ਟਰੇਡਿੰਗ ਕੰਪਨੀ, ਸਰੂਪ ਸਿੰਘ ਕੋਟ ਸਮੇਤ ਕਿਸਾਨ ਵੀ ਹਾਜਰ ਸਨ।

# ਕਿਸਾਨਾਂ ਨੂੰ ਦਾਣਾ ਮੰਡੀ 'ਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਮਾਨਿਕ ਮਹਿਤਾ


**ਬਟਾਲਾ, ( ਡਾਕਟਰ ਮਲਵਿੰਦਰ ਸਿੰਘ)** - ਮਾਨਿਕ ਮਹਿਤਾ, ਚੇਅਰਮੈਨ ਮਾਰਕਿਟ ਕਮੇਟੀ ਬਟਾਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਕਾਰਜਕਾਰੀ ਪ੍ਰਧਾਨ ਪੰਜਾਬ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਦਿੱਤੀ ਜ਼ਿੰਮੇਵਾਰੀ ਤਹਿਤ ਬਟਾਲਾ ਦਾਣਾ ਮੰਡੀ ਵਿਖੇ ਬਾਸਮਤੀ 1509 ਦੀ ਬੋਲੀ ਕਰਵਾਈ ਗਈ ਅਤੇ ਬੋਲੀ ਦਾ ਰੇਟ 3250 ਰੁਪਏ ਪ੍ਰਤੀ ਕੁਇੰਟਲ ਲਗਵਾ ਕੇ ਕਿਸਾਨ ਭਰਾਵਾਂ ਨੂੰ ਉਨ੍ਹਾ ਦੀ ਫ਼ਸਲ ਦਾ ਸਹੀ ਤੇ ਉਚਿਤ ਮੁੱਲ ਦਿਵਾਇਆ ਗਿਆ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਝੋਨੇ ਦੇ ਸ਼ੀਜਨ ਨੂੰ ਮੁੱਖ ਰੱਖਦਿਆਂ ਖਰੀਦ ਪ੍ਰਬੰਧਾਂ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਅਤੇ ਮੰਡੀ ਵਿੱਚ ਫਸਲ ਦੀ ਆਮਦ ਸ਼ੁਰੂ ਹੋ ਗਈ ਹੈ।ਉਨਾਂ ਅੱਗੇ ਕਿਹਾ ਕਿ ਦਾਣਾ ਮੰਡੀ ਬਟਾਲਾ ਵਿੱਚ ਆਉਣ ਵਾਲੇ ਹਰ ਕਿਸਾਨ ਦੀ ਫਸਲ ਬਿਨਾਂ ਦੇਰੀ ਦੇ ਨਿਰਧਾਰਤ ਸਮੇਂ ਅੰਦਰ ਖਰੀਦ ਅਤੇ ਚੁਕਾਈ ਨੂੰ ਯਕੀਨੀ ਬਣਾਇਆ ਗਿਆ ਹੈ ਅਤੇ ਇਸ ਬਾਬਤ ਸਬੰਧਤ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਸੁਚਾਰੂ ਢੰਗ ਨਾਲ ਪ੍ਰਬੰਧਾਂ ਵਿੱਚ ਕੋਈ ਢਿੱਲਮੱਠ ਨਾ ਵਰਤੀ ਜਾਵੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਖਿਡਾਰੀਆਂ ਵੱਲੋਂ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ ਦੀ ਯੋਗ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਖੇਡਾਂ 2025 ਜ਼ਿਲਾ ਪੱਧਰੀ ਵਾਲੀਬਾਲ ਅਤੇ ਫੈਂਸਿੰਗ ਟੂਰਨਾਮੈਂਟ ਵਿੱਚ ਹਿੱਸਾ ਲਿਆ ਅਤੇ ਵਧੀਆ ਖੇਡ ਪ੍ਰਦਰਸ਼ਨ ਕਰਦਿਆਂ ਹੋਇਆਂ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ।ਸਕੂਲ ਦੇ ਵਿਦਿਆਰਥੀਆਂ ਨੇ ਬੀੜ ਬਾਬਾ ਬੁੱਢਾ ਸਾਹਿਬ ਜੋਨ ਵੱਲੋਂ ਖੇਡਦਿਆਂ ਹੋਇਆਂ ਅੰਡਰ- 14 ਵਾਲੀਬਾਲ ਟੂਰਨਾਮੈਂਟ ਜੋ ਕਿ 15 ਸਤੰਬਰ, ਨੂੰ ਤਰਨ ਤਾਰਨ ਵਿਖੇ ਕਰਵਾਇਆ ਗਿਆ, ਵਿੱਚ ਸਕੂਲ ਦੇ ਛੇ ਵਿਦਿਆਰਥੀਆਂ ਜਸਪ੍ਰੀਤ ਸਿੰਘ, ਅਭੀਨੂਰ ਸਿੰਘ, ਕਰਮਵੀਰ ਸਿੰਘ,ਪ੍ਰਿੰਮਲ ਸਿੰਘ, ਅਰਵੰਸ਼ ਸਿੰਘ, ਵੀਰਪ੍ਰਤਾਪ ਸਿੰਘ ਨੇ ਭਾਗ ਲਿਆ ਅਤੇ ਪਹਿਲਾ ਸਥਾਨ ਹਾਸਿਲ ਕੀਤਾ। ਫੈਂਸਿੰਗ ਅੰਡਰ -14 ਅਤੇ ਅੰਡਰ -19 ਓਵਰ ਆਲ ਵਿੱਚ ਵਿਦਿਆਰਥੀਆਂ ਨੇ ਪਹਿਲਾ ਸਥਾਨ ਅਤੇ ਅੰਡਰ -17 ਓਵਰਆਲ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ। ਸਕੂਲ ਦੇ ਮੈਂਬਰ ਇੰਚਾਰਜ ਸ. ਮਨਜੀਤ ਸਿੰਘ ਢਿੱਲੋਂ, ਸ. ਆਦਰਸ਼ਪਿੰਦਰ ਸਿੰਘ ਮਾਨ, ਸ. ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਸ੍ਰੀਮਤੀ ਅਨੂਰੀਤ ਬਾਵਾ ਨੇ ਇਹਨਾਂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਜਿੱਤ 'ਤੇ ਵਧਾਈ ਦਿੰਦਿਆਂ ਅੱਗੇ ਹੋਰ ਮਿਹਨਤ ਕਰਕੇ ਜ਼ਿੰਦਗੀ ਦੀਆਂ ਬੁਲੰਦੀਆਂ ਨੂੰ ਛੂਹਣ ਦਾ ਅਸ਼ੀਰਵਾਦ ਦਿੱਤਾ।

# ਵਿਧਾਇਕ ਸਰਵਨ ਧੁੰਨ ਤੇ ਹੋਰਨਾਂ ਨੇ ਮੁੱਖ ਮੰਤਰੀ ਦਾ ਹਾਲ ਚਾਲ ਜਾਣਿਆ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਹਲਕਾ ਖੇਮਕਰਨ ਤੋਂ ਵਿਧਾਇਕ ਸਰਵਨ ਸਿੰਘ ਧੁੰਨ ਨੇ ਚੰਡੀਗੜ੍ਹ ਪਹੁੰਚ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਹਾਲ ਚਾਲ ਜਾਣਿਆ।

ਮੁਲਾਕਾਤ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਵਨ ਸਿੰਘ ਧੁੰਨ ਨੇ ਕਿਹਾ ਕਿ ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਮੁੱਖ ਮੰਤਰੀ ਪੰਜਾਬ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਹੈ । ਧੁੰਨ ਨੇ ਕਿਹਾ ਕਿ ਮੁੱਖ ਮੰਤਰੀ ਹੜ੍ਹਾਂ ਦੀ ਮਾਰ ਹੇਠਾਂ ਆਏ ਕਿਸਾਨਾਂ ਪ੍ਰਤੀ ਚਿੰਤਤ ਹਨ । ਇਸ ਮੌਕੇ ਸ਼ੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ,ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ,ਅਮਰਗੜ੍ਹ ਤੋਂ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ,ਬਲਾਚੌਰ ਤੋਂ ਵਿਧਾਇਕਾ ਸੰਤੋਸ਼ ਕੁਮਾਰੀ ਕਟਾਰੀਆ ਤੇ ਹਲਕਾ ਮਜੀਠਾ ਤੋਂ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਵੀ ਮੁੱਖ ਮੰਤਰੀ ਨੂੰ ਮਿਲ ਕੇ ਉਨ੍ਹਾਂ ਦਾ ਹਾਲ ਜਾਣਿਆ।

19 Sep Page 12.qxd 9/18/2025 10:06 PM Page 1



# ਸ੍ਰੀ ਚਰਨਛੋਹ ਗੰਗਾ ਨੂੰ ਇੱਕ ਪਰਵਾਰ ਤੋਂ ਮੁਕਤ ਕਰਾਉਣ ਲਈ ਸੰਤ ਸਮਾਜ ਦੀ ਸਾਂਝੀ ਕਮੇਟੀ ਦਾ ਗਠਨ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**- ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਛੋਹ ਇਤਿਹਾਸਕ ਅਸਥਾਨ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਵਿਖੇ ਸਿੱਖਿਆ, ਸਿਹਤ ਲਈ ਵੱਡੇ ਪ੍ਰੋਜੈਕਟਾਂ ਦੀ ਉਸਾਰੀ ਅਤੇ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਨੂੰ ਇਕ ਪਰਿਵਾਰ ਤੋਂ ਮੁਕਤ ਕਰਾਉਣ ਲਈ ਅਤੇ ਇਤਿਹਾਸਕ ਤੀਰਥ ਅਸਥਾਨ ਬਣਾਉਣ ਅਤੇ ਸਾਰੇ ਕਾਰਜਾਂ ਨੂੰ ਸੰਗਤਾਂ ਦੀ ਰਹਿਨੁਮਾਈ ਹੇਠ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਉਸਾਰੂ ਪ੍ਰੋਗਰਾਮ ਉਲੀਕਣ ਸਬੰਧੀ ਇੱਕ ਸਾਂਝੀ ਮੀਟਿੰਗ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਹੋਈ। ਇਸ ਮੌਕੇ ਹਾਜਰ ਸੰਤਾਂ ਮਹਾਂਪੁਰਸ਼ਾਂ ਵੱਲੋਂ ਇਨਾਂ ਪ੍ਰੋਗਰਾਮਾਂ ਦੇ ਸ਼ੁਭਾਰੰਭ ਅਤੇ ਨੇਪਰੇ ਚਾੜਨ ਲਈ ਗੁਰੂ



ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਸੰਤ ਸਮਾਜ ਦੀ ਸਾਂਝੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਭਵਿੱਖ ਵਿਚ ਆਰੰਭ ਹੋਣ ਵਾਲੇ ਅੰਦੋਲਨ ਦੀ ਰੂਪ ਰੇਖਾ ਤਿਆਰ ਕਰਨਗੇ। ਇਸ ਮੌਕੇ ਸੰਤ ਸਰਵਣ ਦਾਸ ਜੀ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਸ੍ਰੀ ਖੁਰਾਲਗੜ ਸਾਹਿਬ ਵਿਖੇ ਪੰਜਾਬ ਅਤੇ ਵੱਖ ਵੱਖ ਰਾਜਾਂ ਦੇ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਦਾ ਇਕ ਵਿਸ਼ਾਲ ਇਕੱਠ ਹੋਵੇਗਾ ਜਿਸ ਵਿਚ ਸ੍ਰੀ ਗੁਰੂ ਰਵਿਦਾਸ ਸਦਨ ਅਤੇ ਸ੍ਰੀ ਚਰਨਛੋਹ ਗੰਗਾ ਸਬੰਧੀ ਸੰਤ ਸਮਾਜ ਵੱਲੋਂ ਨਵੇਂ ਪ੍ਰੋਗਰਾਮ ਐਲਾਨ ਕੀਤੇ ਜਾਣਗੇ।ਇਸ ਮੌਕੇ ਸੰਤ ਸੰਤੋਖ ਦਾਸ ਭਾਰਟਾ, ਓਮ ਪ੍ਰਕਾਸ਼ ਰਾਣਾ, ਲਵਪ੍ਰੀਤ ਲੱਭਾ ਤੋਂ ਇਲਾਵਾ ਕੌਮ ਦੇ ਪ੍ਰਚਾਰਕ, ਬੁੱਧੀਜੀਵੀ ਸਖਸ਼ੀਅਤਾਂ ਵੀ ਹਾਜ਼ਰ ਸਨ।

# ਸਿਹਤ ਵਿਭਾਗ ਨੇ ਲਗਾਇਆ ਮੈਡੀਕਲ ਕੈਂਪ



**ਕਰਤਾਰਪੁਰ (ਹਰਮੇਸ਼ ਦੱਤ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਤਵਾਰ ਤੋਂ ਸਿਹਤ ਬਲਾਕ ਕਰਤਾਰਪੁਰ ਦੇ ਪਿੰਡ ਕਰਾੜੀ ਵਿੱਚ ਵਿਸ਼ੇਸ਼ ਮੈਡੀਕਲ ਕੈਂਪ ਸ਼ੁਰੂ ਕੀਤਾ ਗਿਆ ਹੈ । ਸਿਵਲ ਸਰਜਨ ਡਾ. ਰਮਨ ਗੁਪਤਾ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਸੁਖਵਿੰਦਰ ਸਿੰਘ ਦੀ ਦੇਖਰੇਖ ਹੇਠ ਮੈਡੀਕਲ ਕੈਂਪ ਦੇ ਨਾਲ-ਨਾਲ ਡੋਰ-ਟੂ-ਡੋਰ ਸਰਵੇ ਤੇ ਪਿੰਡ ਵਿੱਚ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਮੱਛਰਾ ਦੀ ਰੋਕਥਾਮ ਲਈ ਫੋਗਿੰਗ ਵੀ ਕੀਤੀ ਗਈ । ਇਸ ਮੌਕੇ ਡਾ. ਵਿਜੇ ਕੁਮਾਰ, ਐੱਲ ਐਚ ਵੀ. ਰਾਜਵਿੰਦਰ ਕੌਰ, ਸੀ ਐਚ ਓ ਸਪਨਾ, ਏ ਐਨ ਐਮ ਸੁਨੀਤਾ, ਸਿਹਤ ਵਰਕਰ ਕੁਲਬੀਰ ਸਿੰਘ, ਫਾਰਮਾਸਿਸਟ ਨੀਲਮ, ਪੰਚ ਜਸਵੀਰ ਕੌਰ ਤੇ ਆਸ਼ਾ ਮੌਜੂਦ ਸਨ। ਡਾ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਬਰਸਾਤਾਂ ਤੋਂ ਬਾਅਦ ਬਿਮਾਰੀਆਂ ਦਾ ਖਦਸ਼ਾ ਵੱਧ ਗਿਆ ਹੈ। ਇਸ ਸੀਜ਼ਨ 'ਚ ਮੱਛਰਾਂ, ਗੰਦੇ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਅਤੇ ਚਮੜੀ ਦੀ ਲਾਗ ਦਾ ਖਤਰਾ ਵੱਧ ਹੁੰਦਾ ਹੈ। ਇਸ ਲਈ ਜਿੱਥੇ ਮੈਡੀਕਲ ਕੈਂਪ 'ਚ ਡਾਕਟਰ ਬਿਮਾਰੀ ਨਾਲ ਪੀੜਤ ਮਰੀਜ਼ ਲਈ ਦਵਾਈ ਦੇ ਰਹੇ ਹਨ, ਉੱਥੇ ਹੀ ਏ ਐਨ ਐਮ, ਮਲਟੀਪਰਪਜ਼ ਹੈਲਥ ਵਰਕਰ ਅਤੇ ਆਸ਼ਾ ਵਰਕਰ ਘਰ-ਘਰ ਜਾ ਕੇ ਸਰਵੇ ਕਰ ਰਹੇ ਹਨ।

# ਪਰਾਲੀ ਨਾ ਸਾੜ ਕੇ ਵਾਤਾਵਰਣ ਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਚਾਇਆ ਜਾਵੇ : ਡਿਪਟੀ ਕਮਿਸ਼ਨਰ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਜ਼ਿਲ੍ਹੇ ਵਿੱਚ ਸ਼ੁਰੂ ਹੋਈ ਝੋਨੇ ਦੀ ਕਟਾਈ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਦੇ ਰੁਝਾਨ ਨੂੰ ਤਿਆਗਣਾ ਸਮੇਂ ਦੀ ਮੁੱਖ ਮੰਗ ਹੈ ਜਿਸ ਨਾਲ ਵਾਤਾਵਰਣ ਦੀ ਸਾਂਭ ਸੰਭਾਲ ਦੇ ਨਾਲ-ਨਾਲ ਮਨੁੱਖੀ ਸਿਹਤ 'ਤੇ ਪੈਂਦੇ ਮਾੜੇ ਪ੍ਰਭਾਵ ਤੋਂ ਵੀ ਬਚਿਆ ਜਾ ਸਕਦਾ ਹੈ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਪਰਾਲੀ ਸਾੜਨ ਦੇ ਰੁਝਾਨ ਦੀ ਰੋਕਥਾਮ ਲਈ ਅਹਿਮ ਵਿਚਾਰਾਂ ਕਰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਪਰਾਲੀ ਨਾ ਸਾੜ ਕੇ ਖੇਤਾਂ ਦੀ ਉਪਜਾਊ ਸ਼ਕਤੀ, ਮਿੱਟੀ ਦੀ ਸਿਹਤ, ਮਿੱਤਰ ਕੀੜਿਆਂ ਨੂੰ ਬਚਾਉਣ ਦੇ ਨਾਲ-ਨਾਲ ਕੁਦਰਤੀ ਵਸੀਲਿਆਂ ਦੀ ਸੁਰੱਖੀ ਸੰਭਾਲ ਯਕੀਨੀ ਬਣਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ



105 ਵਿਲੇਜ ਨੋਡਲ ਅਫ਼ਸਰ ਅਤੇ 44 ਕਲਸਟਰ ਅਫ਼ਸਰ ਤਾਇਨਾਤ ਕੀਤੇ ਗਏ ਹਨ ਜਿਹੜੇ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲਿਆਂ 'ਤੇ ਨਜ਼ਰ ਰੱਖਦਿਆਂ ਤੁਰੰਤ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਉਣਗੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੇ ਬਹੁਤ ਘੱਟ ਮਾਮਲੇ ਸਾਹਮਣੇ ਆਏ ਸਨ ਜਿਸ ਲਈ ਹੁਣ ਅੱਗੋਂ ਤੋਂ ਵੀ ਖਰੀਫ ਸੀਜ਼ਨ 2025-26 ਦੌਰਾਨ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਜ਼ੀਰੋ ਟੀਚਾ ਮਿਥਿਆ ਗਿਆ ਹੈ ਜੋ ਕਿ ਜਾਗਰੂਕਤਾ ਅਤੇ ਕਿਸਾਨਾਂ ਦੇ ਸਹਿਯੋਗ ਨਾਲ ਸਰ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਉਹ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਅਜਿਹੇ ਮਾਮਲੇ ਰਿਪੋਰਟ ਹੋਣ 'ਤੇ ਸਬੰਧਤ ਡੀ.ਐਸ.ਪੀਜ਼ ਨਾਲ ਤਾਲਮੇਲ ਕਰਕੇ ਅਗਲੀ ਕਾਰਵਾਈ ਕਰਨਗੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ, ਬਲਾਚੌਰ ਦੇ ਐਸ.ਡੀ.ਐਮ. ਕ੍ਰਿਤਿਕਾ ਗੋਇਲ, ਐਸ.ਪੀ.(ਡੀ) ਸਰਬਜੀਤ ਸਿੰਘ ਬਾਹੀਆ, ਐਸ ਡੀ ਐਮ ਅਨਮਜਯੋਤ ਕੌਰ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਡਾ. ਨਿਰਮਲ ਕੁਮਾਰ ਨੇ ਸੀਨੀਅਰ ਮੈਡੀਕਲ ਅਫ਼ਸਰ ਦਾ ਅਹੁਦਾ ਸੰਭਾਲਿਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਇਥੋਂ ਦੇ ਨਜਦੀਕ ਸੀ ਐਚ ਸੀ ਬੀਨੇਵਾਲ ਵਿਖੇ ਡਾ. ਨਿਰਮਲ ਕੁਮਾਰ ਨੇ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਅਹੁਦਾ ਸੰਭਾਲ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ ਐਚ ਸੀ ਬੀਨੇਵਾਲ ਦੇ ਸਟਾਫ਼ ਮੈਂਬਰਾਂ ਨੇ ਦੱਸਿਆ ਕਿ



ਇਸ ਤੋਂ ਪਹਿਲਾ ਡਾ. ਸੁਦੇਸ਼ ਬਤੌਰ ਐਸ ਐਮ ਓ ਸੇਵਾਵਾਂ ਦੇ ਰਹੇ ਸਨ।ਜ਼ਿਕਰਯੋਗ ਹੈ ਕਿ ਡਾ ਨਿਰਮਲ ਕੁਮਾਰ ਇਸ ਤੋਂ ਪਹਿਲਾ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਬਤੌਰ ਮੈਡੀਕਲ ਅਫ਼ਸਰ ਸੇਵਾ ਨਿਭਾ ਰਹੇ ਸਨ ਹਾਲ ਹੀ ਵਿਚ ਪੰਜਾਬ ਸਰਕਾਰ ਦੁਆਰਾ ਕੀਤੀਆਂ ਅਹੁਦਿਆਂ ਵਿਚ ਤਰੱਕੀਆਂ ਅਤੇ ਤਬਦਲੀਆਂ ਦੌਰਾਨ ਉਹਨਾ ਨੂੰ ਸੀ ਐਚ ਸੀ ਬੀਨੇਵਾਲ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਤਾਇਨਾਤ ਕੀਤਾ ਗਿਆ ਹੈ। ਇਸ ਮੌਕੇ ਤੇ ਉਹਨਾਂ ਦੀ ਧਰਮ ਪਤਨੀ ਡਾ. ਹਰਪ੍ਰੀਤ ਕੌਰ, ਕਮਲਦੀਪ ਸਿੰਘ ਲੈਬ ਟੈਕਨੀਸ਼ੀਅਨ ਸਰੋਆ ਤੋਂ ਇਲਾਵਾ ਡਾ ਸੁਦੇਸ਼ ਕੁਮਾਰ ਸੀਨੀਅਰ ਮੈਡੀਕਲ ਅਫ਼ਸਰ, ਡਾ. ਤਰਨਵੀਰ ਸਿੰਘ ਮੈਡੀਕਲ ਅਫ਼ਸਰ, ਮਿਸ ਨਮਰਤਾ ਫਾਰਮੇਸੀ ਅਫ਼ਸਰ, ਮਿਸ ਪ੍ਰੀਤੀ ਫਾਰਮੇਸੀ ਅਫ਼ਸਰ ਆਦਿ ਮੌਜੂਦ ਸਨ।

## ਮੁਫਤ ਮੈਡੀਕਲ ਕੈਂਪ ਲਗਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੰਗੋਵਾਲ)**- ਸਿੱਧ ਜੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡੇਰਾ ਬਾਬਾ ਦਿਆਲ ਦਾਸ ਪਿੰਡ ਮੈਲੀ ਵਿਖੇ ਹੋਏ ਧਾਰਮਿਕ ਸਮਾਗਮ ਦੌਰਾਨ ਤਿੰਨ ਦਿਨ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਅਤੇ ਸ਼ੂਗਰ ਟੈਸਟਿੰਗ ਕੀਤੀ ਗਈ। ਕੈਂਪ ਦਾ ਉਦਘਾਟਨ ਸੰਤ ਮਨੋਹਰ ਦਾਸ ਨੇ ਕੀਤਾ। ਇਸ ਮੌਕੇ ਉਹਨਾਂ ਨਾਲ ਸੰਤ ਸੁਰਜੀਤ ਦਾਸ ਵੀ ਹਾਜਰ ਸਨ। ਸਮਾਗਮ ਦੌਰਾਨ ਅੱਖਾਂ ਦਾ ਫ੍ਰੀ ਚੈੱਕ ਅਪ ਡਾਕਟਰ ਜੰਗ ਬਹਾਦਰ ਰਾਏ ਹਸਪਤਾਲ ਗੜਸ਼ੰਕਰ ਵੱਲੋਂ ਡਾ. ਸੰਤੋਸ਼ ਕੁਮਾਰ ਦੀ ਰਹਿਨੁਮਾਈ ਹੇਠ ਕੀਤਾ ਗਿਆ ਅਤੇ ਲੋੜ



ਮੁਤਾਬਿਕ ਮਰੀਜ਼ਾਂ ਨੂੰ ਐਨਕਾਂ ਵੀ ਦਿੱਤੀਆਂ ਗਈਆਂ। ਡਾ. ਜਸਵੰਤ ਸਿੰਘ ਥਿੰਦ ਐਸ ਐਮ ਓ ਸਿਵਲ ਹਸਪਤਾਲ ਮਾਹਿਲਪੁਰ ਦੇ ਭਰਪੂਰ ਸਹਿਯੋਗ ਸਦਕਾ ਲਗਾਏ ਗਏ। 108 ਸੰਤ ਮਨੋਹਰ ਦਾਸ ਜੀ ਮਹਾਰਾਜ ਤੇ ਸੰਤ ਸੁਰਜੀਤ ਦਾਸ ਜੀ ਦੀ ਰਹਿਨੁਮਾਈ ਹੇਠ ਸਾਰਾ ਪ੍ਰੋਗਰਾਮ ਕੀਤਾ ਗਿਆ। ਸੰਤ ਮਨੋਹਰ ਦਾਸ ਜੀ ਮਹਾਰਾਜ ਜੀ ਨੇ ਸ਼ਬਦ ਕੀਰਤਨ ਵੀ ਕੀਤਾ, ਸੰਗਤਾਂ ਨੂੰ ਸਤਸੰਗ ਨਾਲ ਜੋੜਦਿਆਂ ਜੀਵਨ ਦਾ ਅਸਲ ਮਕਸਦ ਦੱਸਿਆ। ਗੁਰੂ ਕਾ ਲੰਗਰ ਅਟੁੱਟ ਚੱਲਿਆ।

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਵਿਧਾਇਕ ਰਾਜਾ ਗਿੱਲ ਨਾਲ ਕੀਤਾ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ



**ਟਾਂਡਾ/ਹੁਸ਼ਿਆਰਪੁਰ (ਓ ਪੀ ਰਾਣਾ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਦੀ ਮੌਜੂਦਗੀ ਵਿਚ ਹੜ੍ਹ ਪ੍ਰਭਾਵਿਤ ਪਿੰਡਾਂ ਰੜਾ, ਫੱਤਾ ਕੁੱਲਾ, ਬਹਾਦਰਪੁਰ ਤੇ ਰਾਜੋਆ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਮੌਕੇ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਹਾਦਰਪੁਰ ਅਤੇ ਰਾਜੋਆ ਪਿੰਡ ਗੁਰਦਾਸਪੁਰ ਜ਼ਿਲ੍ਹੇ ਦੀ ਹੱਦ ਵਿਚ ਆਉਂਦੇ ਹਨ, ਪਰ ਇਹ ਪਿੰਡ ਟਾਂਡਾ ਦੇ ਪਿੰਡਾਂ ਦੇ ਨਾਲ ਲੱਗੇ ਹੋਏ ਹਨ। ਬਿਆਸ ਦਰਿਆ ਦਾ ਪਾਣੀ ਇਨ੍ਹਾਂ ਪਿੰਡਾਂ ਦੀ ਖੇਤੀਬਾੜੀ ਵਾਲੀ ਜ਼ਮੀਨ ਵਿਚ ਦਾਖ਼ਲ ਹੋਣ ਕਾਰਨ ਫ਼ਸਲਾਂ ਨੂੰ ਨੁਕਸਾਨ ਹੋ ਰਿਹਾ ਹੈ। ਬਹਾਦਰਪੁਰ ਅਤੇ ਰਾਜੋਆ ਵਿਚ ਦਰਿਆ ਕੰਢਿਆਂ ਨੂੰ ਢਾਹ ਲਗਾ ਕੇ ਅੱਗੇ ਵੱਧ ਰਿਹਾ ਹੈ, ਜਿਸ ਕਾਰਨ ਟਾਂਡਾ ਖੇਤਰ ਦੇ ਪਿੰਡ ਵੀ ਖ਼ਤਰੇ ਵਿਚ ਹਨ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਸਾਂਝੇ ਤੌਰ 'ਤੇ ਰਾਹਤ ਅਤੇ ਸੁਰੱਖਿਆ ਕਾਰਜ ਚਲਾ ਰਹੇ ਹਨ। ਦੋਵਾਂ ਜ਼ਿਲ੍ਹਿਆਂ ਦੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੂੰ ਦਰਿਆਵਾਂ ਦੇ ਕੰਢਿਆਂ 'ਤੇ ਢਾਅ ਨੂੰ ਰੋਕਣ ਅਤੇ ਖੇਤੀਬਾੜੀ ਵਾਲੀ ਜ਼ਮੀਨ ਨੂੰ ਬਚਾਉਣ ਲਈ ਤੁਰੰਤ ਸਾਰੇ ਜ਼ਰੂਰੀ ਉਪਾਅ ਕਰਨ ਦੇ ਸਪੱਸ਼ਟ ਨਿਰਦੇਸ਼ ਦਿੱਤੇ ਗਏ ਹਨ।

# ਮਨਵੀਰ ਝਾਵਰ ਜ਼ਿਲ੍ਹਾ ਪ੍ਰਧਾਨ ਤੇ ਅਮਰਜੀਤ ਸਿੰਘ ਹਲਕਾ ਪ੍ਰਧਾਨ ਨਿਯੁਕਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਆਮ ਆਦਮੀ ਪਾਰਟੀ ਵੱਲੋਂ ਬਣਾਏ ਗਏ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਵੀਰ ਝਾਵਰ ਅਤੇ ਹਲਕਾ ਪ੍ਰਧਾਨ ਅਮਰਜੀਤ ਸਿੰਘ ਤੋਂ ਇਲਾਵਾ ਗੌਰਮੈਂਟ ਕਾਲਜ ਟਾਂਡਾ ਸਟੂਡੈਂਟਸ ਯੂਨੀਅਨ ਦੇ ਚੁਣੇ ਗਏ ਪ੍ਰਧਾਨ ਗੁਰਮੁਖ ਸਿੰਘ ਨੂੰ ਸਨਮਾਨਤ ਕਰਨ ਲਈ ਮੋਬਾਇਲ ਐਸੋਸੀਏਸ਼ਨ ਟਾਂਡਾ ਦੇ ਪ੍ਰਧਾਨ ਜਸਵਿੰਦਰ ਜੱਸੀ ਦੀ ਅਗਵਾਈ ਵਿੱਚ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁਖ ਮਹਿਮਾਨ ਵਜੋਂ 'ਆਪ' ਦੇ ਸੀਨੀਅਰ ਨੇਤਾ ਸੋਨੂੰ ਖੰਨਾ ਅਤੇ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ ਸ਼ਾਮਿਲ ਹੋਏ। ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਸੋਨੂੰ ਖੰਨਾ ਅਤੇ ਜਸਵਿੰਦਰ ਜੱਸੀ ਨੇ ਕਿਹਾ ਕਿ ਮਨਵੀਰ ਝਾਵਰ ਨੂੰ ਆਪ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਅਮਰਜੀਤ ਸਿੰਘ ਹਲਕਾ ਪ੍ਰਧਾਨ ਨਿਯੁਕਤ ਕਰਨ ਨਾਲ ਹਲਕਾ ਟਾਂਡਾ ਅਤੇ ਨੌਜਵਾਨ ਵਰਗ ਵਿੱਚ ਖੁਸ਼ੀ ਦੀ ਲਹਿਰ ਹੈ। ਮਨਵੀਰ ਝਾਵਰ ਅਤੇ ਅਮਰਜੀਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਕਾਰਗੁਜ਼ਾਰੀਆਂ ਨੂੰ ਘਰ ਘਰ ਤੱਕ ਪਹੁੰਚਾਉਣਾ ਅਤੇ ਨੌਜਵਾਨਾਂ ਨੂੰ ਜਾਗ੍ਰਿਤ ਕਰਕੇ ਪਾਰਟੀ ਨਾਲ ਜੋੜ ਕੇ ਪਾਰਟੀ ਨੂੰ ਹੋਰ ਮਜਬੂਤ ਕਰਕੇ ਉਜੜ ਰਹੇ ਪੰਜਾਬ ਨੂੰ ਫਿਰ ਤੋਂ ਖੁਸ਼ਹਾਲ ਬਣਾਉਣਾ ਸਾਡਾ ਅਸਲ ਮਕਸਦ ਹੈ। ਸਮਾਰੋਹ ਦੇ ਆਖਰ ਵਿੱਚ ਸੋਨੂੰ ਖੰਨਾ ਅਤੇ ਜਸਵਿੰਦਰ ਜੱਸੀ ਨੇ ਪ੍ਰਧਾਨ ਮਨਵੀਰ ਝਾਵਰ ਪ੍ਰਧਾਨ ਅਮਰਜੀਤ ਸਿੰਘ ਅਤੇ ਪ੍ਰਧਾਨ ਗੁਰਮੁਖ ਸਿੰਘ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ।ਇਸ ਮੌਕੇ ਤੇ ਨਿੰਦਰ ਢੱਟ, ਤੇਜਨ ਪ੍ਰੀਤ, ਇੰਦਰਪਾਲ ਇੰਦੂ, ਪ੍ਰਿੰਸ ਪਲਾਚੱਕ, ਕਰਨ ਸੰਘੇੜਾ, ਜਗਦੀਪ ਸਿੰਘ ਕੁਰਾਲਾ, ਸ਼ਿਵ ਸੈਨਾ ਹਿੰਦੁਸਤਾਨ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ ਤੇ ਹੋਰ ਹਾਜ਼ਰ ਸਨ।



# ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੋਮ ਲਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਾਬਕਾ ਡੀ ਈ ਓ ਗੁਰਮੇਲ ਸਿੰਘ, ਪ੍ਰਿੰ. ਧਰਮ ਪਾਲ ਦੀ ਭੈਣ ਜਸਪਾਲ ਕੌਰ, ਹਰਬੰਸ ਸਿੰਘ ਜੱਬੋਵਾਲ ਅਤੇ ਹੜ੍ਹਾਂ ਵਿਚ ਵਿਛੜ ਚੁੱਕੇ ਸਾਥੀਆਂ ਨੂੰ ਦੋ ਮਿੰਟ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ।ਜੀਤ ਲਾਲ ਗੋਹਲੜੋਂ, ਅਸ਼ੋਕ ਕੁਮਾਰ, ਕਰਨੈਲ ਸਿੰਘ ਰਾਹੋਂ, ਜੋਗਾ ਸਿੰਘ, ਸੋਹਣ ਸਿੰਘ, ਰਾਮ ਪਾਲ, ਰੇਸ਼ਮ ਲਾਲ, ਪ੍ਰਿੰ. ਈਸ਼ਵਰ ਚੰਦਰ, ਸੁੱਚਾ ਰਾਮ, ਹਰਭਜਨ ਸਿੰਘ, ਹਰਮੇਸ਼ ਲਾਲ, ਆਦਿ ਨੇ ਮੌਸਮ ਵਿਭਾਗ ਦੀ ਚੇਤਾਵਨੀ ਦੇ ਬਾਵਜੂਦ ਡੈਮਾਂ ਵਿਚ ਨਿਸ਼ਚਿਤ ਮਾਤਰਾ ਤੋਂ ਵੱਧ ਪਾਣੀ ਇਕੱਠਾ ਕਰਨ, ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਸਰਕਾਰ ਵੱਲੋਂ ਬਚਾਅ ਦੇ ਪੁਖਤਾ ਪ੍ਰਬੰਧ ਨਾ ਕਰਨ ਦੀ ਪੁਰਜੋਰ ਸ਼ਬਦਾਂ ਵਿਚ ਨਿਖੇਧੀ ਕੀਤੀ।ਉਨ੍ਹਾਂ ਸਮੁੱਚੇ ਪੰਜਾਬੀਆਂ, ਹਰਿਆਣਾ, ਰਾਜਸਥਾਨ ਸਮੇਤ ਵੱਖ ਵੱਖ ਰਾਜਾਂ ਤੋਂ ਹੜ੍ਹ ਪੀੜਤਾਂ ਦੀ ਕੀਤੀ ਜਾ ਰਹੀ ਮਦਦ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਦਰਸ਼ਾਉਂਦਾ ਸ਼ਲਾਘਾਯੋਗ ਕਦਮ ਦੱਸਿਆ। ਮੀਟਿੰਗ ਵਿਚ ਪੈਨਸ਼ਨਰਾਂ ਵੱਲੋਂ ਇੱਕ ਦਿਨ ਦੀ ਪੈਨਸ਼ਨ ਹੜ੍ਹ ਪੀੜਤਾਂ ਲਈ ਮਦਦ ਦੇਣ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ। ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ 11 ਅਕਤੂਬਰ ਦੀ ਸੰਗਰੂਰ ਰੈਲੀ ਵਿਚ ਭਰਵੀਂ ਸ਼ਮੂਲੀਅਤ ਕਰਨ ਲਈ ਹੁਣ ਤੋਂ ਹੀ ਤਿਆਰੀਆਂ ਵਿਢਣ ਦੀ ਅਪੀਲ ਕੀਤੀ।

## ਵਿਸ਼ਵਕਰਮਾ ਪੂਜਾ ਦੇ ਆਯੋਜਨ 'ਚ ਠੇਕੇਦਾਰਾਂ ਨੇ ਕੀਤੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ

**ਮੋਹਾਲੀ (ਗੁਰਜੀਤ ਬਿੱਲਾ)**- ਸ੍ਰੀ ਵਿਸ਼ਵਕਰਮਾ ਕਮੇਟੀ ਮਟੌਰ ਦੀ ਵੱਲੋਂ ਸ੍ਰੀ ਵਿਸ਼ਵਕਰਮਾ ਪੂਜਾ ਨਾਲ ਸਬੰਧਤ ਸਮਾਗਮ ਦਾ ਆਯੋਜਨ ਕੀਤਾ ਗਿਆ, ਇਸ ਪੂਜਾ ਪ੍ਰੋਗਰਾਮ ਦੇ ਵਿੱਚ



ਮੋਹਾਲੀ ਹਲਕੇ ਨਾਲ ਸੰਬੰਧਤ ਵੱਡੀ ਗਿਣਤੀ ਵਿੱਚ ਠੇਕੇਦਾਰ ਭਰਾਵਾਂ ਨੇ ਹਿੱਸਾ ਲਿਆ। ਇਸ ਪੂਜਾ ਵਿੱਚ ਵਿਧਾਇਕ ਕੁਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਸ੍ਰੀ ਵਿਸ਼ਵਕਰਮਾ ਇੱਕ ਮਹਾਨ ਸ਼ਿਲਪਕਾਰ ਸਨ, ਸ੍ਰੀ ਵਿਸ਼ਵਕਰਮਾ ਦੀ ਬਦੌਲਤ ਹੀ ਵੱਡੀਆਂ ਇਮਾਰਤਾਂ ਅਤੇ ਪੁਲਾਂ ਦਾ ਨਿਰਵਾਣ ਸੰਭਵ ਹੋ ਸਕਿਆ ਹੈ ਅਤੇ ਸ੍ਰੀ ਵਿਸ਼ਵਕਰਮਾ ਜੀ ਦੀ ਕਿਰਤੀਆਂ ਨੂੰ ਦੇਣ ਦੇ ਚਲਦਿਆਂ ਹੀ ਸਮੁੱਚੀ ਕਾਇਨਾਤ ਦੇ ਅੰਦਰ ਵੱਡੀਆਂ ਇਮਾਰਤਾਂ ਦਾ ਨਿਰਮਾਣ ਸੰਭਵ ਹੋ ਸਕਿਆ ਹੈ, ਵਿਧਾਇਕ ਕੁਲਵੰਤ ਸਿੰਘ ਨੇ ਪੂਜਾ ਵਿੱਚ ਹਿੱਸਾ ਲੈਂਦੇ ਹੋਏ ਸ੍ਰੀ ਵਿਸ਼ਵਕਰਮਾ ਕਮੇਟੀ ਦੇ ਸੱਦੇ ਤੇ ਇਸ ਪੂਜਾ ਵਿੱਚ ਸ਼ਾਮਿਲ ਹੋਣ ਵਾਲੇ ਸਭਨਾ ਠੇਕੇਦਾਰਾਂ ਨੂੰ ਮੁਬਾਰਕਬਾਦ ਦਿੱਤੀ।

# ਆਦਮਪੁਰ ਹਵਾਈ ਅੱਡੇ 'ਤੇ ਯਾਤਰੀ ਸੇਵਾ ਦਿਵਸ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- 17 ਸਤੰਬਰ ਨੂੰ ਭਾਰਤੀ ਹਵਾਈ ਅੱਡਾ ਅਥਾਰਟੀ ਦੁਆਰਾ ਯਾਤਰੀ ਸੇਵਾ ਦਿਵਸ ਵਜੋਂ ਮਨਾਇਆ ਗਿਆ।ਸ਼ਰਧਾਲੂਆਂ ਵਿੱਚ ਸਦਭਾਵਨਾ ਵਧਾਉਣ ਲਈ, ਉਨ੍ਹਾਂ ਦੇ ਸਨਮਾਨ ਵਿੱਚ ਭਾਰਤੀ ਸੱਭਿਆਚਾਰ ਹੇਠ ਟਿੱਕਾ ਲਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ, ਕਲੱਬ ਨੇ ਇੱਕ ਚੈੱਕ-ਅੱਪ ਕੈਂਪ ਲਗਾਇਆ, ਜਿਸ ਵਿੱਚ ਲਗਭਗ 80 ਲੋਕਾਂ ਨੇ ਲਾਭ ਉਠਾਇਆ। ਯਾਤਰੀ ਸੇਵਾ ਦਿਵਸ ਦੇ ਮੌਕੇ 'ਤੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਮਪੁਰ ਹਵਾਈ ਅੱਡੇ 'ਤੇ ਇੱਕ ਸੈਲਫੀ ਬੂਥ ਬਣਾਇਆ, ਜਿੱਥੇ ਲਗਭਗ 700 ਲੋਕਾਂ ਨੇ ਸੈਲਫੀ ਲਈ। ਏਅਰਪੋਰਟ ਅਥਾਰਟੀ ਆਫ਼ ਇੰਡੀਆ ਦੇ



11ਵੀਂ ਅਤੇ 12ਵੀਂ ਜਮਾਤ ਦੇ ਲਗਭਗ 100 ਵਿਦਿਆਰਥੀਆਂ ਨੇ ਪਾਰਕ ਦੇ ਖੇਤਰ ਵਿੱਚ ਸਿੱਖਿਆ ਅਤੇ ਰੁਜ਼ਗਾਰ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਹਵਾਈ ਅੱਡੇ ਦਾ ਦੌਰਾ ਕੀਤਾ। ਇਸ ਤੋਂ ਬਾਅਦ, ਇਨ੍ਹਾਂ ਵਿਦਿਆਰਥੀਆਂ ਵਿਚਕਾਰ ਇੱਕ ਕੁਇਜ਼ ਮੁਕਾਬਲਾ ਕਰਵਾਇਆ ਗਿਆ ਤੇ ਇਨਾਮ ਦਿੱਤੇ ਗਏ। ਇਸ ਤੋਂ ਇਲਾਵਾ, ਵਿਦਿਆਰਥੀਆਂ ਦੀਆਂ ਛੋਟੀਆਂ ਕਲਾਸਾਂ ਡਰਾਇੰਗ ਸੁਨੇਹ ਇੱਕ ਡਰਾਇੰਗ ਮੁਕਾਬਲਾ ਕਰਵਾਇਆ ਗਿਆ ਤੇ ਇਨਾਮ ਵੀ ਵੰਡੇ ਗਏ। ਯਾਤਰੀਆਂ ਨੇ ਪੰਜਾਬ ਦੇ ਭੰਗੜਾ ਅਤੇ ਵਿਦਿਆ ਪ੍ਰੋਗਰਾਮ ਵਿੱਚ ਹਿੱਸਾ ਲਿਆ। ਅਮਿਤ ਕੁਮਾਰ, ਸਹਾਇਕ ਜਨਰਲ ਮੈਨੇਜਰ (ਸਿਵਲ), ਸੂਰਜ ਯਾਦਵ ਮੈਨੇਜਰ (ਬਿਜਲੀ), ਸੂਰਿਆ ਪ੍ਰਤਾਪ ਸਿੰਘ ਸੀਨੀਅਰ ਮੈਨੇਜਰ (ਓਪਰੇਸ਼ਨ), ਮੋਹਨ ਪਵਾਰ ਮੁੱਖ ਸੁਰੱਖਿਆ ਅਧਿਕਾਰੀ, ਡੀ ਐਸ ਪੀ ਜਸਵੰਤ ਕੌਰ, ਇੰਸਪੈਕਟਰ ਸ਼ਰਨਜੀਤ, ਸ਼ੁਭਮ ਕਪੂਰ ਮੈਨੇਜਰ (ਇੰਡੀਗੋ) ਇਸ ਮੌਕੇ ਤੇ ਮੌਜੂਦ ਸਨ।

ਡਾ. ਸੁਰਜੀਤ ਲਾਲ ਦੀ ਨਿਗਰਾਨੀ ਹੇਠ ਯਾਤਰੀਆਂ ਦੇ ਸਾਹਮਣੇ ਪੰਜਾਬ ਦਾ ਮਸ਼ਹੂਰ ਗਿੱਧਾ ਤੇ ਭੰਗੜਾ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਖ਼ੂਨਦਾਨ ਕੈਂਪ ਜਲੰਧਰ ਮੈਡੀਕਲ ਕਾਲਜ ਨੇ ਇਸ ਸਮਾਗਮ ਵਿੱਚ ਰੁੱਖ ਲਗਾਉਣ ਦੇ ਨਾਲ-ਨਾਲ ਖ਼ੂਨਦਾਨ ਕੈਂਪ ਤੇ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਜਿਸ ਵਿੱਚ 30 ਯੂਨਿਟ ਖ਼ੂਨਦਾਨ ਕੀਤਾ ਗਿਆ ਅਤੇ 50 ਲੋਕਾਂ ਦੀ ਸਿਹਤ ਜਾਂਚ ਕੀਤੀ ਗਈ।ਲਾਇਨਜ਼

## ਈ ਵੀ ਐਮ ਵੋਟ ਪੱਤਰਾਂ ਨੂੰ ਵੱਧ ਪੜ੍ਹਨਯੋਗ ਬਣਾਉਣ ਲਈ ਚੋਣ ਕਮਿਸ਼ਨ ਨੇ ਦਿਸ਼ਾ-ਨਿਰਦੇਸ਼ਾਂ 'ਚ ਕੀਤੀ ਸੋਧ : ਏ. ਸ਼੍ਰੀਨਿਵਾਸ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਏ ਸ਼੍ਰੀਨਿਵਾਸ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ (ਈ ਸੀ ਆਈ) ਨੇ ਈ ਵੀ ਐਮ ਵੋਟ ਪੱਤਰਾਂ ਦੀ ਸਪਸ਼ਟਤਾ ਅਤੇ ਪੜਨਯੋਗਤਾ ਨੂੰ ਵਧਾਉਣ ਲਈ ਚੋਣ ਸੰਚਾਲਨ ਨਿਯਮ, 1961 ਦੇ ਨਿਯਮ 49ਵੀਂ ਤਹਿਤ ਈ ਵੀ ਐਮ ਵੋਟ ਪੱਤਰਾਂ ਦੇ ਡਿਜ਼ਾਇਨ ਅਤੇ ਪ੍ਰਿੰਟਿੰਗ ਤਹਿਤ ਮੌਜੂਦਾ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧ ਕੀਤਾ ਹੈ।ਉਨ੍ਹਾਂ ਨੇ ਦਸਿਆ ਕਿ ਇਹ ਪਹਿਲ ਚੋਣ ਪ੍ਰਕ੍ਰਿਆਵਾਂ ਨੂੰ ਸਹੀ ਢੰਗ ਅਤੇ ਬਿਹਤਰ ਬਨਾਉਣ ਅਤੇ ਵੋਟਰਾਂ ਦੀ ਸਹੂਲਤ ਵਧਾਉਣ ਲਈ ਪਿਛਲੇ 6 ਮਹੀਨਿਆਂ ਵਿੱਚ ਈ ਸੀ ਆਈ ਵੱਲੋਂ ਪਹਿਲਾਂ ਹੀ ਕੀਤੀ ਜਾ ਚੁੱਕੀ 28 ਪਹਿਲਾਂ ਦੇ ਅਨੁਰੂਪ ਹੈ। ਹੁਣ ਤੋਂ, ਈਵੀਐਮ ਵੋਟ ਪੱਤਰ 'ਤੇ ਉਮੀਦਵਾਰਾਂ ਦੀ ਤਸਵੀਰ ਰੰਗੀਨ ਛਪੀ ਹੋਵੇਗੀ ਅਤੇ ਬਿਹਤਰ ਵਿਜੀਬਿਲਿਟੀ ਲਹੀ ਉਮੀਦਵਾਰ ਦਾ ਚਿਹਰਾ ਫੋਟੋ ਦੇ ਤਿੰਨ-ਚੌਥਾਈ ਹਿੱਸੇ ਤੇ ਹੋਵੇਗਾ। ਸ੍ਰੀ ਏ. ਸ਼੍ਰੀਨਿਵਾਸ ਨੇ ਦਸਿਆ ਕਿ ਉਮੀਦਵਾਰਾਂ/ਨੋਟਾ ਦੇ ਕ੍ਰਮ ਭਾਰਤੀ ਨੰਬਰਾਂ ਦੇ ਕੌਮਾਂਤਰੀ ਰੂਪ ਵਿੱਚ ਪ੍ਰਿੰਟ ਕੀਤੇ ਜਾਣਗੇ ਅਤੇ ਸਪਸ਼ਟਾ ਲਈ ਫਾਂਟ ਦਾ ਆਕਾਰ 30 ਹੋਵੇਗਾ ਅਤੇ ਬੋਲਡ ਵਿੱਚ ਹੋਵੇਗਾ।

# ਵਿਧਾਇਕ ਨੇ ਅਨਾਜ ਮੰਡੀਆਂ ਵਿਖੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਦੀ ਧਨੌਨੀ ਅਤੇ ਅਮਲਾਲਾ ਅਨਾਜ ਮੰਡੀ ਵਿੱਖੇ ਪਹੁੰਚ ਕੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ। ਉਨ੍ਹਾਂ ਕਿਸਾਨ ਭਰਾਵਾਂ ਨੂੰ ਨਵੀਂ ਫ਼ਸਲ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਰਕਾਰ ਦੁਆਰਾ ਹਰ ਤਰ੍ਹਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਸਰਕਾਰ ਦਾ ਵਾਅਦਾ ਹੈ ਕਿ ਮੰਡੀਆਂ ਵਿੱਚ ਫ਼ਸਲ ਵੇਚਣ ਲਈ ਆਏ, ਕਿਸੇ ਵੀ ਕਿਸਾਨ ਨੂੰ ਖੱਜਲ ਖੁਆਰ ਨਹੀ ਹੋਣ ਦਿੱਤਾ ਜਾਵੇਗਾ। ਵਿਧਾਇਕ ਰੰਧਾਵਾ ਨੇ ਕਿਹਾ ਕਿ ਇਸ ਸਾਲ ਝੋਨੇ ਦੀ ਖਰੀਦ ਪਿਛਲੇ ਸਾਲਾਂ ਨਾਲੋਂ ਪਹਿਲਾਂ ਸ਼ੁਰੂ ਹੋ ਗਈ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਹੋਰ ਦਿਨ ਮਿਲ ਸਕਣ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਉਦੋਂ ਹੀ ਵਾਢੀ ਕਰਨ ਜਦੋਂ ਫਸਲ ਪੂਰੀ ਤਰ੍ਹਾਂ ਪੱਕ ਜਾਵੇ ਤਾਂ ਜੋ ਨਿਰਧਾਰਤ 17 ਪ੍ਰਤੀਸ਼ਤ ਸੀਮਾ ਤੋਂ ਵੱਧ ਨਮੀ ਦੀ ਮਾਤਰਾ ਤੋਂ ਬਚਿਆ ਜਾ ਸਕੇ ਅਤੇ ਮੰਡੀ ਵਿੱਚ ਵਿਕਣ ਲਈ ਸੁੱਕਾ ਝੋਨਾ ਹੀ ਲਿਆਂਦਾ ਜਾਵੇ ਤਾਂ ਜੋ ਫਸਲ ਬਿਨਾਂ ਕਿਸੇ ਖੱਜਲ ਖੁਆਰੀ ਦੇ ਸਮੇਂ ਸਿਰ ਵਿਕ ਸਕੇ।

## ਜੇਲ੍ਹ ਮੰਤਰੀ ਨੇ ਕੀਤਾ ਜ਼ਿਲ੍ਹਾ ਜੇਲ੍ਹ ਨਾਰਨੌਲ ਦਾ ਅਚਾਨਕ ਨਿਰੀਖਣ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਜੇਲ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਜ਼ਿਲ੍ਹਾ ਜੇਲ ਨਾਰਨੌਲ ਦਾ ਅਚਾਨਕ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਜੇਲ੍ਹ ਪ੍ਰਸਾਸ਼ਨ ਦੀ ਕਾਰਜਪ੍ਰਣਾਲੀ ਅਤੇ ਕੈਦੀਆਂ ਨੂੰ ਦਿੱਤੀ ਜਾ ਰਹੀ ਸਹੂਲਤਾਂ ਦਾ ਜਾਇਜਾ ਲਿਆ। ਉਨ੍ਹਾਂ ਨੇ ਸੇਵਾ ਪਰਵ ਤਹਿਤ ਜੇਲ ਪਰਿਸਰ ਵਿੱਚ ਬੂਟੇ ਲਗਾ ਕੇ ਵਾਤਾਵਰਣ ਬਚਾਓ ਦਾ ਸੰਦੇਸ਼ ਦਿੱਤਾ।ਨਿਰੀਖਣ ਦੌਰਾਨ ਡਾ. ਸ਼ਰਮਾ ਨੇ ਜੇਲ ਸੁਪਰਡੈਂਟ ਤੋਂ ਕੈਦੀਆਂ ਲਈ ਉਪਲਬਧ ਕਰਾਈ ਜਾ ਰਹੀ ਸਹੂਲਤਾਂ ਦੇ ਬਾਰੇ ਵਿੱਚ ਵਿਸਤਾਰ ਨਾਲ ਜਾਣਕਾਰੀ ਲਈ। ਉਨ੍ਹਾਂ ਨੇ ਵਿਸ਼ੇਸ਼ ਰੂਪ ਨਾਲ ਖਾਣ ਦੀ ਗੁਣਵੱਤਾ, ਸਵੱਛਤਾ ਅਤੇ ਸਿਹਤ ਸੇਵਾਵਾਂ 'ਤੇ ਜੋਰ ਦਿੱਤਾ।

## ਪ੍ਰੇਮ ਲਾਲ ਬਾਹੋਵਾਲ ਨੂੰ ਹੰਝੂ ਭਰੀਆਂ ਅੱਖਾਂ ਨਾਲ ਵਿਦਾਇਗੀ

**ਮਾਹਿਲਪੁਰ (ਸ਼ਫ਼ਰੀ)**- ਪ੍ਰੇਮ ਸਿੰਘ ਬਾਹੋਵਾਲ ਜੋ ਪਿਛਲੇ ਕੁੱਝ ਸਾਲ ਪਹਿਲਾ ਜਲੰਧਰ ਤੋ ਡੀ ਆਈ ਦੇ ਰੀਡਰ ਵਜੋ ਰਿਟਾਇਰ ਹੋਏ ਸਨ ਕੁਝ ਸਮੇ ਤੋ ਬਿਮਾਰ ਚਲਦੇ ਆ ਰਹੇ ਸਨ। ਬੀਤੇ ਕੱਲ ਸਿਹਤ ਜਿਆਦਾ ਖ਼ੁਰਾਬ ਹੋਣ ਕਾਰਨ ਆਪਣੇ ਸਵਾਸਾ ਦੀ ਪੂਜੀ ਭੋਗਦੇ ਹੋਏ ਵਾਹਿਗੁਰੂ ਦੇ ਚਰਨਾ ਵਿੱਚ ਲੀਨ ਹੋ ਗਏ । ਉਨਾ ਦਾ ਅੰਤਮ ਸੰਸਕਾਰ ਪਿੰਡ ਦੇ ਸਮਸ਼ਾਨ ਘਾਟ ਵਿੱਚ



ਕਰ ਦਿੱਤਾ ਗਿਆ ।ਉਨ੍ਹਾਂ ਦੀ ਚੀਖਾ ਨੂੰ ਅਗਨੀ ਉਨਾ ਦੇ ਭਰਾ ਦਵਿੰਦਰ ਸਿੰਘ ਬਸਪਾ ਆਗੂ ਨੇ ਦਿਤੀ । ਪ੍ਰੇਮ ਲਾਲ ਬਾਹੋਵਾਲ ਨੂੰ ਸੰਤ ਹਰਮੇਸ਼ ਦਾਸ ਗੱਦੀ ਨਸ਼ੀਨ ਡੇਰਾ ਸੇਰਪੁਰ ਕੱਲਰਾ, ਬਸਪਾ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ, ਡਾ ਪਰਮਿੰਦਰ ਸਿੰਘ, ਅਵਤਾਰ ਸਿੰਘ, ਸੁਰਿੰਦਰ ਸਿੰਘ ਪਿੰਕੀ ਕੈਂਡੋਵਾਲ, ਰਾਕੇਸ਼ ਕੁਮਾਰ ਕਿੱਟੀ, ਰਾਮ ਸਰੂਪ ਬਿਲਾਸਪੁਰ, ਸੁਖਦੇਵ ਸਿੰਘ ਐਸ ਡੀ ਓ, ਕੁਲਵਿੰਦਰ ਸਿੰਘ ਹੀਰਾ, ਅਸ਼ੋਕ ਕੁਮਾਰ, ਅਵਤਾਰ ਸਿੰਘ, ਪਿੰਕੀ ਖਾਨਪੁਰ ,ਵੱਡੀ ਗਿਣਤੀ ਵਿੱਚ ਰਿਟਾਇਰ ਪੁਲਸ ਮੁਲਾਜ਼ਮ, ਵਾਟਰ ਸਪਲਾਈ ਵਰਕਰ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਪ੍ਰੇਮ ਲਾਲ ਨੂੰ ਹੰਝੂ ਭਰੀਆਂ ਅੱਖਾਂ ਨਾਲ ਵਿਦਾਇਗੀ ਦਿਤੀ।

# ਕਿਸਾਨਾਂ ਨੂੰ ਹੜ੍ਹਾਂ ਤੋਂ ਪ੍ਰਭਾਵਤ ਖੇਤਾਂ ਤੋਂ ਰੇਤ-ਸਿਲਟ ਹਟਾਉਣ ਦੀ ਮਨਜ਼ੂਰੀ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਓ ਪੀ ਰਾਣਾ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਜ਼ਿਲ੍ਹੇ ਦੇ ਬਹੁਤ ਸਾਰੇ ਕਿਸਾਨਾਂ ਦੀ ਖੇਤੀਬਾੜੀ ਜ਼ਮੀਨ 'ਤੇ ਸਿਲਟ, ਰੇਤ ਅਤੇ ਹੋਰ ਦਰਿਆਈ ਪਦਾਰਥ ਜਮ੍ਹਾਂ ਹੋ ਗਏ ਹਨ, ਜਿਸ ਕਾਰਨ ਉਨ੍ਹਾਂ ਦੀ ਅਗਲੀ ਫ਼ਸਲ ਦੀ ਬਿਜਾਈ ਪ੍ਰਭਾਵਿਤ



ਹੋ ਸਕਦੀ ਹੈ। ਇਸ 'ਤੇ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਹਿੱਤ ਵਿਚ 'ਜਿਸ ਦਾ ਖੇਤ, ਉਸਦੀ ਰੇਤ' ਨਾਮਕ ਇਕ ਵਿਸ਼ੇਸ਼ ਸਮਾਂਬੱਧ ਯੋਜਨਾ ਦਾ ਐਲਾਨ ਕੀਤਾ ਹੈ, ਜਿਸ ਦੇ ਤਹਿਤ ਕਿਸਾਨਾਂ ਨੂੰ ਆਪਣੇ ਖੇਤਾਂ ਵਿਚੋਂ ਰੇਤ, ਸਿਲਟ ਜਾਂ ਹੋਰ ਦਰਿਆਈ ਸਮੱਗਰੀ ਹਟਾਉਣ ਦੀ ਆਗਿਆ ਦਿੱਤੀ ਗਈ ਹੈ। ਇਹ ਸਹੂਲਤ 31 ਦਸੰਬਰ 2025 ਤੱਕ ਇਕ ਵਾਰ ਲਈ ਉਪਲਬੱਧ ਹੋਵੇਗੀ ਅਤੇ ਇਸ ਲਈ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦਾ ਪਰਮਿਟ ਜਾਂ ਵਿਭਾਗੀ ਇਜਾਜ਼ਤ (ਐਨ ਓ ਸੀ) ਲੈਣ ਦੀ ਲੋੜ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਵਿਵਸਥਾ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 90 ਅਧੀਨ ਲਾਗੂ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਯੋਜਨਾ ਬਾਰੇ ਜਾਣਕਾਰੀ ਸਾਰੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਤੱਕ ਵਿਆਪਕ ਪੱਧਰ 'ਤੇ ਪਹੁੰਚਾਈ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਖੇਤਾਂ ਵਿਚੋਂ ਰੇਤ ਜਾਂ ਗਾਰ ਕੱਢਣ ਦੀ ਇਸ ਗਤੀਵਿਧੀ ਨੂੰ 'ਮਾਈਨਿੰਗ' ਨਹੀਂ ਮੰਨਿਆ ਜਾਵੇਗਾ।

# ਕੁਸ਼ਤੀ ਅਕੈਡਮੀ ਵੱਲੋਂ ਸੂਰਜ ਭਲਵਾਨ ਦਾ 50 ਹਜ਼ਾਰ ਰੁਪਏ ਨਾਲ ਸਨਮਾਨ

**ਗੁਰਾਇਆ (ਬਿੰਦਰ ਸੁੰਮਨ)**- ਵਾਈ ਐਫ ਸੀ ਕੁਸ਼ਤੀ ਅਕੈਡਮੀ ਰੁੜਕਾ ਕਲਾਂ ਦਾ ਸੂਰਜ ਭਲਵਾਨ ਜਿਸ ਨੇ 11 ਸਾਲ ਦੀ ਉਮਰ ਵਿੱਚ ਇਸ ਅਕੈਡਮੀ ਚ ਮਿਹਨਤ ਲਾਉਣੀ ਸ਼ੁਰੂ ਕੀਤੀ ਸੀ



ਉਸ ਮਿਹਨਤ ਦੇ ਸਦਕਾ ਸੂਰਜ ਕਈ ਵਾਰ ਸਟੇਟ ਅਤੇ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਮੈਡਲ ਲੈ ਕੇ ਵਾਈ ਐਫ ਸੀ ਦੀ ਝੋਲੀ ਪਾਇਆ। ਇੱਕ ਵੱਡਾ ਮੀਲ ਪੱਥਰ ਸਥਾਪਿਤ ਹੋਇਆ ਹੈ ਜਦੋਂ ਸੂਰਜ ਭਲਵਾਨ ਦੀ ਚੋਣ ਲਖਨਊ ਵਿਖੇ ਸਪੋਰਟਸ ਅਥਾਰਟੀ ਆਫ ਇੰਡੀਆ ਵੱਲੋਂ ਲਗਾਏ ਜਾ ਰਹੇ ਕੈਂਪ ਲਈ ਹੋਈ ਹੈ ਜਿਸ ਵਿੱਚ ਪੂਰੇ ਹਿੰਦੁਸਤਾਨ ਵਿੱਚੋਂ ਕੁੱਲ 40 ਭਲਵਾਨ 10 ਕੈਟਾਗਰੀਆਂ ਦੇ ਵਿੱਚ ਚੁਣੇ ਗਏ ਹਨ ਜਿਨਾਂ ਵਿੱਚ 70 ਕਿਲੋਗ੍ਰਾਮ ਕੈਟਾਗਰੀ ਦੇ ਵਿੱਚ ਸੂਰਜ ਚੁਣਿਆ ਗਿਆ ਹੈ ਜੋ ਕਿ ਪੰਜਾਬ ਦਾ ਇਕਲੌਤਾ ਭਲਵਾਨ ਹੈ ਇਸ ਦੇ ਨਾਲ ਹੀ ਨਾਲ ਹੀ ਪੰਜਾਬ ਦੇ ਕੁੱਲ ਚਾਰ ਭਲਵਾਨ ਵੱਖ-ਵੱਖ ਕੈਟਾਗਰੀ, ਹਰਿਆਣੇ ਦੇ 13 ਭਲਵਾਨ ਚੁਣੇ ਗਏ ਹਨ। ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਦੱਸਿਆ ਕਿ ਸੂਰਜ ਦੀ ਹੌਸਲਾ ਅਫਜਾਈ ਦੇ ਵਾਸਤੇ ਜੋ ਕਿ ਕੁਝ ਡਾਇਟ ਲਈ 50 ਹਜ਼ਾਰ ਰੁਪਏ ਨਾਲ ਸਨਮਾਨਤ ਕੀਤਾ ਗਿਆ ਤੇ ਇਹ ਵੀ ਐਲਾਨ ਕੀਤਾ ਕਿ ਜੇ ਸੂਰਜ ਇੰਡੀਆ ਟੀਮ ਵਿੱਚ ਭਾਗੇਦਾਰੀ ਕਰਕੇ ਵੀ ਆਉਂਦਾ ਹੈ ਤਾਂ ਉਸ ਨੂੰ ਵਾਈ.ਐਫ.ਸੀ. ਕਲੱਬ ਵੱਲੋਂ 1 ਲੱਖ ਰੁਪਏ ਨਾਲ ਸਨਮਾਨਤ ਕੀਤਾ ਜਾਵੇਗਾ ਅਤੇ ਰੁੜਕਾ ਕਲਾਂ ਦੇ ਹੋਰ ਐਨ.ਆਰ. ਆਈ ਵੀਰਾਂ ਵੱਲੋਂ ਵੀ ਸਨਮਾਨ ਕੀਤਾ ਜਾਵੇਗਾ।

# 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਲਗਾਏ ਵੱਖ-ਵੱਖ ਕਿਸਮਾਂ ਦੇ ਬੂਟੇ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ, ਨਿਰਮਲ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਵਿਖੇ 'ਈਕੋ ਕਲੱਬ' ਦੇ ਵਿਦਿਆਰਥੀਆਂ ਵੱਲੋਂ ਕਾਲਜ ਦੇ ਮੈਦਾਨ ਵਿੱਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਗਏ। ਇਸ ਮੌਕੇ ਈਕੋ-ਕਲੱਬ ਦੇ ਇੰਚਾਰਜ ਪ੍ਰੋ: ਬਬੀਤਾ ਕੁਮਾਰੀ ਨੇ ਕਾਲਜ ਦੇ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਦੀ ਅਗਵਾਈ ਅਧੀਨ ਈਕੋ-ਕਲੱਬ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਸੁਖਚੈਨ, ਸੁਹਾਂਜਣਾ, ਅਮਲਤਾਸ, ਟਾਹਲੀ, ਅਰਜਨ ਆਦਿ ਦੇ ਬੂਟੇ ਲਗਾਏ ਗਏ। ਬੂਟੇ ਲਗਾਉਣ ਦੀ ਇਹ ਰਸਮ ਈਕੋ ਕਲੱਬ ਦੇ ਅਧੀਨ ' ਏਕ ਪੇੜ ਮਾਂ ਕੇ ਨਾਮ ' ਮੁਹਿੰਮ ਤਹਿਤ ਅਦਾ ਕੀਤੀ ਗਈ। ਇਸ ਸਮੇਂ ਵਿਦਿਆਰਥੀਆਂ ਵੱਲੋਂ ਖਾਲੀ ਪਲਾਸਟਿਕ ਬੋਤਲਾਂ ਤੋਂ ਸਜਾਵਟੀ ਗਮਲੇ ਤਿਆਰ ਕੀਤੇ ਗਏ, ਜਿਹਨਾਂ ਨੂੰ ਵਿਦਿਆਰਥੀਆਂ ਨੇ ਆਪਣੇ ਹੱਥੀਂ ਗਮਲਿਆਂ ਦਾ ਰੂਪ ਦੇ ਕੇ, ਰੰਗ-ਬਰੰਗੇ ਰੰਗਾਂ ਨਾਲ ਸਜਾ ਕੇ ਤਿਆਰ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਸਾਨੂੰ ਸ਼ੁੱਧ ਹਵਾ ਵਿੱਚ ਸਾਹ ਲੈਂਦੇ ਰਹਿਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤਾਂ ਕਿ ਸਾਡੇ ਆਲੇ-ਦੁਆਲੇ ਦਾ ਵਾਤਾਵਰਨ ਸ਼ੁੱਧ ਤੇ ਸਾਫ ਰਹੇ। ਇਸ ਮੌਕੇ ਕਾਲਜ ਦੇ ਪ੍ਰੋ: ਰੁਪਿੰਦਰ ਸਿੰਘ, ਪ੍ਰੋ: ਵਿਸ਼ਾਲੀ, ਪ੍ਰੋ: ਜਸਪ੍ਰੀਤ ਕੌਰ, ਪ੍ਰੋ: ਬਲਰਾਜ ਆਦਿ ਸ਼ਾਮਿਲ ਸਨ।

# ਝੋਨੇ ਦੀ ਖਰੀਦ ਲਈ ਮੰਡੀਆਂ 'ਚ ਢੁੱਕਵੇਂ ਪ੍ਰਬੰਧ ਕੀਤੇ : ਡਿਪਟੀ ਕਮਿਸ਼ਨਰ

**ਕਿਸਾਨਾਂ ਨੂੰ ਸੁੱਕਾ ਝੋਨਾ ਲਿਆਉਣ ਦੀ ਅਪੀਲ**

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਖਰੀਫ ਸੀਜ਼ਨ 2025-26 ਦੌਰਾਨ ਝੋਨੇ ਦੀ ਖਰੀਦ ਸ਼ੁਰੂ ਹੋ ਗਈ ਹੈ ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੰਡੀਆਂ ਵਿੱਚ ਢੁੱਕਵੇਂ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕੀ ਹੋਈ ਫਸਲ ਨੂੰ ਖਰੀਦ ਲਈ ਮੰਡੀਆਂ ਵਿੱਚ ਲਿਆਉਣ ਤਾਂ ਜੋ ਸੁਚੱਜੇ ਢੰਗ ਨਾਲ ਨਿਰਧਾਰਤ ਸਮੇਂ ਵਿੱਚ ਖਰੀਦ ਪ੍ਰਕਿਰਿਆ ਪੂਰੀ ਹੋ ਸਕੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 40 ਮੰਡੀਆਂ ਵਿਖੇ ਝੋਨੇ ਦੀ ਖਰੀਦ ਕੀਤੀ ਜਾਵੇਗੀ ਜਿਥੇ ਹਰ ਤਰ੍ਹਾਂ ਦੇ ਲੋੜੀਂਦੇ ਇੰਤਜਾਮ ਲਈ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਐਸ ਡੀ ਐਮਜ਼ ਨੂੰ ਸੁਪਰਵਾਇਜ਼ਿੰਗ ਅਧਿਕਾਰੀ ਨਿਯੁਕਤ ਕਰਕੇ ਖਰੀਦ ਕੇਂਦਰਾਂ ਵਿਖੇ ਸਮੇਂ-ਸਮੇਂ ਸਿਰ ਚੈਕਿੰਗ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਕਿਸਾਨਾਂ, ਮਜਦੂਰਾਂ ਅਤੇ ਆੜਤੀਆਂ ਦੀ ਸਹੂਲਤ ਅਨੁਸਾਰ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪਹਿਲਾਂ ਹੀ ਅਪੀਲ ਕੀਤੀ ਜਾ ਚੁੱਕੀ ਹੈ ਕਿ ਜ਼ਿਲ੍ਹੇ ਅੰਦਰ ਕੰਬਾਇਨ ਮਾਲਕਾਂ, ਜ਼ਮੀਂਦਾਰਾਂ/ਕਿਸਾਨਾਂ ਵੱਲੋਂ ਝੋਨੇ ਦੀ ਕਟਾਈ ਵੇਲੇ ਕੰਬਾਇੰਨਾਂ ਦੇ ਸੁਪਰ ਐਸ ਐਮ ਐਸ ਵਿੱਚ ਲੱਗੇ ਪੱਖਿਆ ਨੂੰ ਚਾਲੂ ਹਾਲਤ ਵਿੱਚ ਰੱਖਿਆ ਜਾਵੇ ਅਤੇ ਬਿਨ੍ਹਾਂ ਸੁਪਰ ਐਸ ਐਮ ਐਸ ਲੱਗੀਆਂ ਕੰਬਾਇੰਨਾਂ ਨਾ ਚਲਾਇਆਂ ਜਾਣ। ਉਨ੍ਹਾਂ ਕਿਹਾ ਕਿ ਕੰਬਾਇਨ ਮਾਲਕਾਂ ਨੂੰ ਵੀ ਜਾਣੂ ਕਰਵਾਇਆ ਜਾ ਚੁੱਕਾ ਹੈ ਕਿ ਝੋਨੇ ਦੀ ਕਟਾਈ ਲਈ ਕੰਬਾਇੰਨਾਂ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਨਹੀਂ ਚਲਾਈਆਂ ਜਾਣਗੀਆਂ ।

# ਇੰਜੀਨੀਅਰਿੰਗ ਦਿਵਸ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਦੋਆਬਾ ਗਰੁੱਪ ਆਫ ਕਾਲਜਿਜ਼ ਨੇ ਮਹਾਨ ਇੰਜੀਨੀਅਰ ਅਤੇ ਭਾਰਤ ਰਤਨ ਪੁਰਸਕਾਰ ਜੇਤੂ ਸਰ ਮੋਕਸ਼ਗੁੰਡਮ ਵਿਸ਼ਵੇਸ਼ਵਰਾਇਆ ਦੇ ਜਨਮ ਦਿਨ ਦੇ ਸਨਮਾਨ ਵਿੱਚ ਰਾਸ਼ਟਰੀ ਇੰਜੀਨੀਅਰਿੰਗ ਦਿਵਸ ਮਨਾਇਆ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਅਤੇ ਰਾਸ਼ਟਰ ਨਿਰਮਾਣ ਅਤੇ ਤਕਨੀਕੀ ਤਰੱਕੀ ਵਿੱਚ ਇੰਜੀਨੀਅਰਿੰਗ ਦੀ ਮਹੱਤਤਾ ਨੂੰ ਉਜਾਗਰ ਕਰਨਾ ਸੀ।ਇਹ ਜਸ਼ਨ ਫੈਕਲਟੀ ਵੱਲੋਂ ਨਿੱਘਾ ਸਵਾਗਤ ਅਤੇ ਸਰ ਵਿਸ਼ਵੇਸ਼ਵਰਾਇਆ ਨੂੰ ਫੁੱਲਾਂ ਦੀ ਭੇਟ ਚੜ੍ਹਾਉਣ ਨਾਲ ਸ਼ੁਰੂ ਹੋਇਆ। ਵਿਸ਼ੇਸ਼ ਬੁਲਾਰਿਆਂ ਨੇ ਇਕੱਠ ਨੂੰ ਸੰਬੋਧਨ ਕੀਤਾ, ਇੱਕ ਟਿਕਾਊ ਅਤੇ ਨਵੀਨਤਾਕਾਰੀ ਭਵਿੱਖ ਨੂੰ ਆਕਾਰ ਦੇਣ ਵਿੱਚ ਇੰਜੀਨੀਅਰਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਵੱਖ-ਵੱਖ ਇੰਜੀਨੀਅਰਿੰਗ ਸਟ੍ਰੀਮਾਂ ਦੇ ਵਿਦਿਆਰਥੀਆਂ ਨੇ ਤਕਨੀਕੀ ਪੇਸ਼ਕਾਰੀਆਂ, ਨਵੀਨਤਾਕਾਰੀ ਪ੍ਰੋਜੈਕਟ ਪ੍ਰਦਰਸ਼ਨੀਆਂ ਅਤੇ ਮਾਡਲ ਪ੍ਰਦਰਸ਼ਨਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਦੋਆਬਾ ਗਰੁੱਪ ਆਫ਼ ਕਾਲਜਿਜ਼ ਦੇ ਡਾਇਰੈਕਟਰ ਡਾ. ਰਾਜੇਸ਼ਵਰ ਸਿੰਘ ਨੇ ਵਿਦਿਆਰਥੀਆਂ ਨੂੰ ਆਧੁਨਿਕ ਤਕਨਾਲੋਜੀ ਨਾਲ ਅਪਡੇਟ ਰਹਿਣ ਅਤੇ ਅਸਲ-ਸੰਸਾਰ ਦੀਆਂ ਚੁਣੌਤੀਆਂ ਲਈ ਨਵੀਨਤਾਕਾਰੀ ਹੱਲਾਂ ਵੱਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਇਕੋਤਰੀ ਸਮਾਗਮ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਤੇ ਮਹਾਂਪੁਰਸ਼ਾਂ ਨੇ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਿਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਕਾਰ ਸਿੰਘ)**- ਵਿਸ਼ਵ ਪ੍ਰਸਿੱਧ ਮਹਾਨ ਸਾਲਾਨਾ ਇਕੋਤਰੀ ਸਮਾਗਮ ਦੀ ਆਰੰਭਤਾ ਉਪਰੰਤ ਇੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਨੇ ਹਾਜ਼ਰੀ ਭਰੀ। 101 ਸ੍ਰੀ ਅਖੰਡ ਪਾਠ ਸਾਹਿਬ ਦੀ ਪਹਿਲੀ ਲੜੀ ਮੌਕੇ ਤਪ ਅਸਥਾਨ ਬਾਬਾ ਬਲਵੰਤ ਸਿੰਘ ਵਿਖੇ ਉਸਾਰੇ ਗਏ ਮਨਮੋਹਰ ਦੀਵਾਨ ਹਾਲ 'ਚ ਕਰਵਾਏ। ਇਸ ਪਹਿਲੇ ਦਿਨ ਦੇ ਗੁਰਮਤਿ ਸਮਾਗਮ ਦੌਰਾਨ ਜਿੱਥੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ ਉੱਥੇ ਪਿਛਲੇ 40 ਸਾਲਾਂ ਤੋਂ ਚੱਲੇ ਆ ਰਹੇ ਇਸ ਸਮਾਗਮ ਨੂੰ ਮਾਨ ਸਰੋਵਰ ਦੱਸਿਆ। 23 ਦਿਨਾਂ ਤੱਕ ਨਿਰੰਤਰ ਚੱਲਣ ਵਾਲੇ ਇਸ ਸਮਾਗਮ ਦੀ ਲੜੀ ਤਹਿਤ ਪੰਜਾਬ ਭਰ ਤੋਂ ਕਈ ਸੰਤਾਂ ਮਹਾਂਪੁਰਸ਼ਾਂ ਜਿਨਾਂ ਵਿੱਚ ਬਾਬਾ ਅਮਰੀਕ ਸਿੰਘ ਪੜੈਣ, ਬਾਬਾ ਮਨਵੀਰ ਸਿੰਘ ਨਾਨਕਸਰ, ਬਾਬਾ ਹਰਜਿੰਦਰ ਸਿੰਘ ਬਰਾੜ ਬਲਾਚੌਰ ਵਾਲੇ, ਬਾਬਾ ਰਜਿੰਦਰ ਸਿੰਘ ਜਗਰਾਉਂ, ਬਾਬਾ ਜਗਦੀਪ ਸਿੰਘ ਪੁਲ ਪੁਖਤਾ ਵਾਲੇ, ਬਾਬਾ ਪਵਨਦੀਪ ਸਿੰਘ ਘੜਿਆਲ ਵਾਲਿਆਂ ਨੇ ਵੀ ਸੰਗਤਾਂ ਨੂੰ ਪਾਵਨ ਬਾਣੀ ਨਾਲ ਜੋੜਿਆ। ਵਰਨਣ ਯੋਗ ਹੈ ਕਿ 23 ਦਿਨ ਤੱਕ ਨਿਰੰਤਰ ਹਰ ਰੋਜ਼ ਸ਼ਾਮ 7 ਵਜੇ ਤੋਂ 10 ਵਜੇ ਤੱਕ ਸੰਤ ਬਾਬਾ ਗੁਰਦਿਆਲ ਸਿੰਘ ਸੰਤ ਮਹਾਂਪੁਰਸ਼, ਪੰਥਕ ਸ਼ਖਸੀਅਤਾਂ, ਸਿੰਘ ਸਾਹਿਬਾਨ ਰੋਜ਼ਾਨਾ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ।



# ਮੁੱਖ ਮੰਤਰੀ ਨੇ ਕੈਂਸਰ ਜਾਂਚ ਵੈਨ ਨੂੰ ਝੰਡੀ ਦਿਖਾ ਕੇ ਕੀਤਾ ਰਵਾਨਾ




**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਚਕੂਲਾ ਦੇ ਪਰੇਡ ਗਰਾਊਂਡ ਸੈਕਟਰ-5 ਤੋਂ 9 ਬ੍ਰੇਸਟ ਕੈਂਸਰ ਜਾਂਚ ਵੈਨ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਵੈਨ ਲਗਭਗ 75 ਹਜ਼ਾਰ ਮਾਤਾਵਾਂ ਅਤੇ ਭੈਣਾਂ ਦੇ ਸਿਹਤ ਦੀ ਜਾਂਚ ਕਰੇਗੀ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਵੈਨ ਸਿਹਤ ਜਾਂਚ ਦੇ ਨਾਲ-ਨਾਲ ਜਾਗਰੂਕਤਾ ਦਾ ਇੱਕ ਚੱਲਦਾ-ਫਿਰਦਾ ਕੇਂਦਰ ਹੈ। ਇਹ ਉਨ੍ਹਾਂ ਹਜਾਰਾਂ ਮਹਿਲਾਵਾਂ ਤੱਕ ਪਹੁੰਚੇਗੀ, ਜੋ ਕਿਸੇ ਕਾਰਨ, ਚਾਹੇ ਉਹ ਸਮਾਜਿਕ ਸੰਕੋਚ ਹੋਵੇ ਜਾਂ ਸਰੋਤਾਂ ਦੀ ਕਮੀ, ਹਸਪਤਾਲ ਤੱਕ ਨਹੀਂ ਪਹੁੰਚ ਪਾਉਂਦੀਆਂ ਹਨ। ਇਹ ਵੈਨ ਮਹਿਲਾ ਸਿਹਤ ਦੀ ਦਿਸ਼ਾ ਵਿੱਚ ਇੱਕ ਬਹੁਤ ਵੱਡਾ ਅਤੇ ਮਹਤੱਵਪੂਰਨ ਕਦਮ ਹੈ।

## ਡਰੱਗ ਕੰਟਰੋਲ ਅਧਿਕਾਰੀ ਨੂੰ ਕੀਤਾ ਸਨਮਾਨਤ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਲੰਬਾ ਸਮਾਂ ਗੁਰੂ ਨਗਰੀ ਵਿੱਚ ਬਤੌਰ ਡਰੱਗ ਅਧਿਕਾਰੀ ਰਹਿਤ ਸ਼ਰਮਾ ਜੋ ਕਿ ਇੱਕ ਇਮਾਨਦਾਰ ਅਫਸਰ ਵਜੋਂ ਜਾਣਿਆ ਜਾਂਦੇ ਸਨ, ਨੂੰ ਸਰਕਾਰ ਵੱਲੋਂ ਕੁਝ ਸਮੇਂ ਲਈ ਪਠਾਨਕੋਟ ਬਦਲ ਦਿੱਤਾ ਗਿਆ ਸੀ। ਬੀਤੇ ਦਿਨ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਉਹਨਾਂ ਨੂੰ ਮੁੜ ਬਤੌਰ ਡਰੱਗ ਕੰਟਰੋਲ ਅਫਸਰ ਅੰਮ੍ਰਿਤਸਰ ਵਿੱਚ ਨਿਯੁਕਤ ਕਰ ਦਿੱਤਾ ਗਿਆ, ਜਿਸ ਕਾਰਨ ਸਮੂਹ ਡਰੱਗ ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ ਅਤੇ ਜ਼ਿਲ੍ਹਾ ਸਿਵਲ ਸਰਜਨ ਦਫਤਰ ਦੇ ਨਾਲ ਸੰਬੰਧਤ ਵਿਅਕਤੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਨਿਯੁਕਤੀ ਮੌਕੇ ਅਧਿਕਾਰੀ ਨੇ ਕਿਹਾ ਕਿ ਉਹ ਸਰਕਾਰ ਦਾ ਧੰਨਵਾਦ ਕਰਦੇ ਹਨ ਕਿ ਉਹਨਾਂ ਨੂੰ ਮੁੜ ਗੁਰੂ ਨਗਰੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਅਤੇ ਉਹ ਤਨਦੇਹੀ ਦੇ ਨਾਲ ਆਪਣੀਆਂ ਸੇਵਾਵਾਂ ਵਿਭਾਗ ਨੂੰ ਦੇਣਗੇ। ਇਸ ਮੌਕੇ ਸੀਨੀਅਰ ਡਰੱਗ ਕੰਟਰੋਲ ਅਫਸਰ ਸੁਖਦੀਪ ਸਿੰਘ, ਪੰਡਿਤ ਅਖਲੇਸ਼ ਸ਼ਰਮਾ ਅਤੇ ਵਿਭਾਗ ਦੇ ਹੋਰ ਅਧਿਕਾਰੀਆਂ ਕਰਮਚਾਰੀਆਂ ਵੱਲੋਂ ਉਹਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਸਨਮਾਨਤ ਕੀਤਾ ਗਿਆ। ਡੀ ਸੀ ਓ ਰੋਹਿਤ ਨੂੰ ਸਨਮਾਨਤ ਕਰਦੇ ਹੋਏ ਸੁਖਦੀਪ ਸਿੰਘ, ਅਖਲੇਸ਼ ਆਦਿ ਹਾਜ਼ਰ ਸਨ।



## ਕਿਸਾਨ ਜਥੇਬੰਦੀ ਨੇ ਹੜ੍ਹ ਪੀੜਤਾਂ ਦੀ ਮਦਦ ਤੇ ਉਨ੍ਹਾਂ ਦੀਆਂ ਮੰਗਾਂ ਸੰਬੰਧੀ ਕੀਤੀ ਮੀਟਿੰਗ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਖਡੂਰ ਸਾਹਿਬ, ਇਕਾਈ ਲਾਲਪੁਰਾ ਵੱਲੋਂ ਗੁਰਦੁਆਰਾ ਬਾਬਾ ਰਾਇਆਂ ਦੇ ਸਥਾਨ 'ਤੇ ਮੀਟਿੰਗ ਕੀਤੀ ਗਈ।ਕਿਸਾਨ ਆਗੂ ਪਾਖਰ ਸਿੰਘ ਲਾਲਪੁਰਾ ਨੇ ਕਿਹਾ ਕਿ ਹੜ੍ਹ ਪੀੜਤ ਪਰਿਵਾਰਾਂ ਵਾਸਤੇ ਪਿੰਡ ਵਿੱਚੋਂ [illegible] ਰਣਜੀਤ ਸਿੰਘ ਨੇ ਕਿਹਾ ਕਿ ਹੜ੍ਹਾਂ ਵਿੱਚ ਜਾਨ ਗਵਾਉਣ ਵਾਲਿਆਂ ਨੂੰ ਇਕ ਕਰੋੜ ਰੁਪਏ ਮੁਆਵਜ਼ਾ ਦਿੱਤਾ ਜਾਵੇ। ਘਰਾਂ ਲਈ ਹੋਏ ਨੁਕਸਾਨ ਭਾਵ ਪੂਰੀ ਤਰ੍ਹਾਂ ਢਹਿ ਗਏ ਜਾਂ ਪਾਣੀ ਪੈ ਚੁੱਕੇ ਘਰਾਂ ਦੇ ਨੁਕਸਾਨ ਨੂੰ 100% ਨੁਕਸਾਨ ਮੰਨ ਕੇ ਮੁਆਵਜ਼ਾ ਦਿੱਤਾ ਜਾਵੇ। ਵਲੰਟੀਅਰ ਹਰਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਅਗਲੀ ਫ਼ਸਲ ਦੀ ਬਿਜਾਈ ਲਈ ਮੁਫ਼ਤ ਬੀਜ ਅਤੇ ਖਾਦ ਦਿੱਤੀ ਜਾਵੇ। ਹੜ੍ਹ ਪ੍ਰਭਾਵਤ ਮਜ਼ਦੂਰਾਂ ਕਿਸਾਨਾਂ ਦਾ ਪੂਰਾ ਕਰਜ਼ਾ ਮਾਫ਼ ਕੀਤਾ ਜਾਵੇ। ਕਿਸਾਨ ਆਗੂ ਹਰਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜਿਸ ਦਾ ਖੇਤ ਉਸ ਦੀ ਰੇਤ ਨੀਤੀ ਨੂੰ ਬੰਦ ਨਾ ਕੀਤਾ ਜਾਵੇ ਉਗਰਾਹੀ ਕਰਕੇ ਉਹਨਾਂ ਦੀ ਮਦਦ ਕੀਤੀ ਜਾਵੇਗੀ, ਹੜ੍ਹ ਪੀੜਤ ਆਪਣੀਆਂ ਜ਼ਮੀਨਾਂ 'ਚ ਰੇਤ ਚੁੱਕ ਕੇ ਕਣਕ ਬੀਜ ਸਕਣ, ਹੜ੍ਹਾਂ ਦੇ ਕਾਰਨਾਂ ਦੀ ਜਾਂਚ ਲਈ ਸਿਟਿੰਗ ਜੱਜਾਂ ਦੇ ਅਧਾਰ ਤੇ ਜੁਡੀਸ਼ੀਅਲ ਕਮਿਸ਼ਨ ਦਾ ਗਠਨ ਕੀਤਾ ਜਾਵੇ, ਇਸ ਦੇ ਨਾਲ ਵਾਤਾਵਰਨ ਮਾਹਰ, ਇੱਕ ਨੁਮਾਇੰਦਾ ਸਰਕਾਰੀ ਧਿਰ ਦਾ ਜੋੜਿਆ ਜਾਵੇ, ਦੋਸ਼ੀ ਸਾਬਤ ਹੋਣ ਵਾਲੇ ਸਿਆਸੀ ਲੋਕਾਂ ਅਤੇ ਵੱਡੇ ਤੋਂ ਛੋਟੇ ਅਧਿਕਾਰੀਆਂ ਤੱਕ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।ਇਸ ਮੌਕੇ ਇਕਾਈ ਪ੍ਰਧਾਨ ।ਜਿਸ ਕਿਸਾਨ ਦੀ ਜ਼ਮੀਨ ਹੜ੍ਹਾਂ ਨਾਲ ਰੁੜ੍ਹ ਗਈ ਹੈ, ਜ਼ਮੀਨ ਨੇ ਖੱਡਿਆਂ ਦਾ ਰੂਪ ਧਾਰ ਲਿਆ ਹੈ, ਉਸ ਜ਼ਮੀਨ ਨੂੰ ਪੱਧਰ ਕਰਨ ਦਾ ਸਾਰਾ ਖਰਚਾ ਸਰਕਾਰੀ ਖਜ਼ਾਨੇ ਵਿੱਚੋਂ ਕੀਤਾ ਜਾਵੇ । ਇਸ ਮੌਕੇ ਹਰਜੀਤ ਸਿੰਘ, ਸੁਰਜੀਤ ਸਿੰਘ, ਰਿੰਕੂ ਫੌਜੀ, ਦੁਰਗਾ ਸਿੰਘ, ਬੀਰਾ ਸਿੰਘ, ਵਿਰਸਾ ਸਿੰਘ, ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ,ਪਰਮਜੀਤ ਸਿੰਘ,ਜਗਜੀਤ ਸਿੰਘ, ਮਿਸਤਰੀ ਸਰਵਣ ਸਿੰਘ ਸੰਦੀਪ ਸਿੰਘ, ਭੈਜੂ, ਲੱਡੂ, ਕਾਲਾ, ਸੋਨੀ, ਆਦਿ ਆਗੂ ਹਾਜ਼ਰ ਸਨ।



## ਸਿੱਖਿਆ ਮੰਚ ਵੱਲੋਂ ਪ੍ਰਧਾਨ ਮੰਤਰੀ ਦੇ ਜਨਮ ਦਿਨ ਨੂੰ ਸਮਰਪਤ ਕਵਿਤਾ ਸੰਮੇਲਨ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਦੇ ਮੌਕੇ ਮਹਿਲਾ ਕਵਿਤਾ ਮੰਚ ਸੈੱਲ ਦੀ ਸਿੱਖਿਆ ਮੰਚ ਇਕਾਈ ਨੇ ਔਨਲਾਈਨ ਇੱਕ ਕਵਿਤਾ ਸਮਾਰੋਹ ਦਾ ਆਯੋਜਨ ਕੀਤਾ।ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਡਾ. ਬ੍ਰਿਜੇਸ਼ ਪਾਠਕ ਨੂੰ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਸੀ। ਸੰਮੇਲਨ ਦੀ ਪ੍ਰਧਾਨਗੀ ਡਾ. ਰਾਮਨਿਵਾਸ ਮਾਨਵ ਨੇ ਕੀਤੀ। ਮਹਿਲਾ ਕਵਿਤਾ ਮੰਚ ਦੇ ਸੰਸਥਾਪਕ ਡਾ. ਨਰੇਸ਼ ਨਾਜ਼ ਦੀ ਮੌਜੂਦਗੀ ਵਿੱਚ ਦੇਸ਼ ਭਰ ਤੋਂ ਸਿੱਖਿਆ ਮੰਚ ਦੇ 20 ਰਾਜ ਪ੍ਰਧਾਨਾਂ ਨੇ ਆਪਣੀ ਕਵਿਤਾ ਪੇਸ਼ ਕੀਤੀ, ਜਿਸ ਦਾ ਮੁੱਖ ਵਿਸ਼ਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਨ। ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦੇ ਲੀਡਰਸ਼ਿਪ ਗੁਣਾਂ, ਦੂਰਦਰਸ਼ੀ, ਮਿਹਨਤ ਅਤੇ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਉਨ੍ਹਾਂ ਦੀ ਲੰਬੀ ਉਮਰ ਲਈ ਪ੍ਰਾਰਥਨਾ ਕੀਤੀ ਗਈ। ਸੈਮੀਨਾਰ ਵਿੱਚ ਪ੍ਰੋਗਰਾਮ ਡਾਇਰੈਕਟਰ ਡਾ. ਰਸ਼ਮੀ ਸ਼੍ਰੀਵਾਸਤਵ ਨੇ ਮੋਦੀ ਦੇ 2007 ਵਿੱਚ ਲਿਖੇ ਅਤੇ ਅੰਜਨਾ ਸੰਧੀਰ ਦੁਆਰਾ 2015 ਵਿੱਚ ਹਿੰਦੀ ਵਿੱਚ ਅਨੁਵਾਦ ਕੀਤੇ ਗਏ ਨਰੇਂਦਰ ਮੋਦੀ ਦੇ ਕਾਵਿ ਸੰਗ੍ਰਹਿ ਆਂਖ ਧਨਿਆ ਹੈ ਵਿੱਚੋਂ ਕਵਿਤਾਵਾਂ ਵੀ ਸੁਣਾਈਆਂ।ਸੈਮੀਨਾਰ ਵਿੱਚ ਡਾ. ਰਾਜਲਕਸ਼ਮੀ ਕ੍ਰਿਸ਼ਨਨ, ਵਿਭਾ ਸਿੰਘ ਪ੍ਰਾਣੀ, ਡਾ. ਜਗੀਰੀ ਪੰਚੀ, ਡਾ. ਪ੍ਰਵੀਨ ਸ਼ਰਮਾ, ਡਾ. ਕਨਕਲਤਾ ਤਿਵਾੜੀ, ਡਾ. ਊਸ਼ਾ ਪਾਂਡੇ ਸ਼ੁਭਾਂਗੀ, ਡਾ. ਸਮ੍ਰਿਤੀ ਦਾਸ, ਡਾ. ਦੇਵਿਕਾ ਅਰੋੜਾ, ਡਾ. ਨੀਸ਼ੂ ਦੂਬੇ, ਡਾ.ਰਸ਼ਮੀਲਤਾ ਮਿਸ਼ਰਾ, ਡਾ. ਰਾਜਸ਼੍ਰੀ ਜਯੰਤੀ, ਡਾ. ਮੰਜੂ ਚੌਹਾਨ, ਡਾ. ਕਸ਼ਮਾ ਕੌਸ਼ਿਕ, ਡਾ. ਸ਼ਬਨਮ, ਡਾ.ਜੇ.ਆਰ.ਆਈ., ਡਾ.ਬੀ.ਆਰ.ਆਈ. ਦਾਸ, ਡਾ. ਰਾਜਸ਼੍ਰੀ ਰਾਵਤ ਨੇ ਕਵਿਤਾਵਾਂ ਰਾਹੀਂ ਪ੍ਰਧਾਨ ਮੰਤਰੀ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।



## ਮੋਦੀ ਪੰਜਾਬ ਦੇ ਸੱਚੇ ਹਮਦਰਦ ਹਨ : ਤਰੁਣ ਚੁੱਘ

**ਛੇਹਰਟਾ (ਮਨੋਜ ਕੁਮਾਰ)**- ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਵਧਾਈ ਦੇਂਦਿਆਂ ਕਿਹਾ ਕਿ ਨਰਿੰਦਰ ਮੋਦੀ ਨੇ ਆਪਣੇ ਜਨਮ ਦਿਨ 'ਤੇ ਵੀ ਸੇਵਾ 'ਤੇ ਸੰਕਲਪ ਦੀ ਭਾਵਨਾ ਨੂੰ ਮੁੱਖ ਰੱਖਦੇ ਹੋਏ 'ਸਵਸਥ ਨਾਰੀ ਸਸ਼ਕਤ ਪਰਿਵਾਰ' ਤੇ ਅੱਠਵੇਂ ਰਾਸ਼ਟਰੀ ਪੋਸ਼ਣ ਮਹੀਨੇ ਮੁਹਿੰਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਦੇਸ਼ ਭਰ ਦੇ ਸਿਹਤ ਕੇਂਦਰਾਂ ਤੇ ਹਸਪਤਾਲਾਂ ਵਿੱਚ ਲੱਖਾਂ ਮਹਿਲਾਵਾਂ ਤੇ ਬੱਚਿਆਂ ਲਈ ਸਿਹਤ ਸੰਬੰਧੀ ਜਾਂਚਾਂ ਅਤੇ ਇਲਾਜ ਸਹੂਲਤਾਂ ਦੇ ਕੈਂਪ ਲਗਾਏ ਗਏ। ਪ੍ਰਧਾਨ ਮੰਤਰੀ ਮਾਤ੍ਰ ਵੰਦਨਾ ਯੋਜਨਾ ਹੇਠ 10 ਲੱਖ ਮਹਿਲਾਵਾਂ ਦੇ ਬੈਂਕ ਖਾਤਿਆਂ ਵਿਚ ਸਿੱਧੀ ਸਹਾਇਤਾ ਭੇਜੀ ਗਈ। ਚੁੱਘ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਵੀ ਪ੍ਰਧਾਨ ਮੰਤਰੀ ਨੇ ਹਮੇਸ਼ਾ ਸੰਵੇਦਨਸ਼ੀਲਤਾ ਅਤੇ ਤੱਤਪਰਤਾ ਦਿਖਾਈ ਹੈ। ਇਸ ਸਾਲ ਆਏ ਭਿਆਨਕ ਹੜ੍ਹ ਦੌਰਾਨ ਉਨ੍ਹਾਂ ਨੇ 1600 ਕਰੋੜ ਰੁਪਏ ਦੀ ਤੁਰੰਤ ਸਹਾਇਤਾ ਜਾਰੀ ਕੀਤੀ, ਜੋ ਪਹਿਲਾਂ ਹੀ ਦਿੱਤੇ ਗਏ 12,000 ਕਰੋੜ ਐਸ.ਡੀ.ਆਰ.ਐਫ. ਫੰਡ ਤੋਂ ਵੱਖਰੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬੁਨਿਆਦੀ ਢਾਂਚੇ ਤੇ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਗਈ।

## ਸਾਰਾਗੜ੍ਹੀ ਸ਼ਹੀਦਾਂ ਦੀ ਬਰਸੀ ਧੁੰਨ ਢਾਏ ਵਾਲਾ ਵਿਖੇ ਮਨਾਈ



**ਚੋਹਲਾ ਸਾਹਿਬ (ਰਮਨ ਚੱਢਾ)**- ਇਥੋਂ ਨਜ਼ਦੀਕੀ ਪਿੰਡ ਧੁੰਨ ਢਾਏ ਵਾਲਾ ਵਿਖੇ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਬਰਸੀ ਬੀਤੇ ਦਿਨੀਂ ਮਨਾਈ ਗਈ। ਇਸ ਸਮੇਂ ਮੇਜਰ ਜਨਰਲ ਆਰ ਐਸ ਮਨਰਾਲ ਐਸ ਐਮ, ਵੀ ਐਸ ਐਮ, ਜੀ ਓ ਸੀ 7 ਡਵੀਜ਼ਨ ਫਿਰੋਜ਼ਪੁਰ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ, ਸਾਬਕਾ ਸੈਨਿਕਾਂ ਅਤੇ ਸ਼ਹੀਦ ਨਾਇਕ ਲਾਲ ਸਿੰਘ ਦੇ ਪਰਵਾਰ ਦੇ ਸਹਿਯੋਗ ਨਾਲ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਬਰਸੀ ਸਮਾਗਮ ਬੀਤੇ ਦਿਨੀਂ ਪਿੰਡ ਧੁੰਨ ਢਾਏ ਵਾਲਾ ਵਿਖੇ ਮਨਾਏ ਗਏ ਜਿਸ ਵਿੱਚ ਫੌਜ ਦੀ ਟੁਕੜੀ ਨੇ ਸ਼ਹੀਦਾਂ ਨੂੰ ਸਲਾਮੀ ਦਿੱਤੀ। ਉਹਨਾਂ ਦੱਸਿਆ ਕਿ ਇਸ ਸਮਾਗਮ ਦੀ ਦੇਖ ਰੇਖ ਸਾਰਾਗੜ੍ਹੀ ਫਾਊਂਡੇਸ਼ਨ ਅਮਰੀਕਾ ਮੇਜਰ ਜਨਰਲ ਰਿਟਾਇਰਡ ਬਲਵਿੰਦਰ ਸਿੰਘ ਅਤੇ ਡਾਕਟਰ ਬਲਜੀਤ ਕੌਰ ਵੱਲੋਂ ਕੀਤੀ ਗਈ। ਇਸ ਸਮੇਂ ਚੇਅਰਮੈਨ ਸੁਬੇਗ ਸਿੰਘ ਧੁੰਨ, ਬਲਰਾਜ ਸਿੰਘ, ਸੁਰਜੀਤ ਸਿੰਘ ਧੁੰਨ, ਹੰਸਾ ਸਿੰਘ, ਜੁਗਰਾਜ ਸਿੰਘ, ਮਨਜਿੰਦਰ ਸਿੰਘ, ਚਮਕੌਰ ਸਿੰਘ, ਸੂਬੇਦਾਰ ਰਛਪਾਲ ਸਿੰਘ, ਚਰਨਜੀਤ ਸਿੰਘ, ਪਰਮਿੰਦਰ ਸਿੰਘ ਧੁੰਨ, ਗੁਰਜੀਤ ਸਿੰਘ ਧੁੰਨ, ਪਲਵਿੰਦਰ ਸਿੰਘ, ਸਰਪੰਚ ਜਗਰੂਪ ਸਿੰਘ, ਸੋਹਣ ਸਿੰਘ, ਹਰਭਜਨ ਸਿੰਘ ਧੁੰਨ, ਨਿਰਵੈਲ ਸਿੰਘ, ਸੂਬੇਦਾਰ ਲਖਮੀਰ ਸਿੰਘ ਆਦਿ ਹਾਜ਼ਰ ਸਨ।

## ਐੱਨ ਡੀ ਆਰ ਐੱਫ ਟੀਮ ਵੱਲੋਂ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਵਾਸਤੇ ਇੱਕ ਰੋਜ਼ਾ ਟ੍ਰੇਨਿੰਗ ਕੈਂਪ

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰ. ਅਨੀਤਾ ਅਰੋੜਾ ਦੀ ਅਗਵਾਈ ਵਿੱਚ 7ਵੀਂ ਐਨ.ਡੀ.ਆਰ.ਐਫ ਬਟਾਲੀਅਨ ਬਠਿੰਡਾ ਵੱਲੋਂ ਮਨੁੱਖੀ ਅਤੇ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਇੱਕ ਰੋਜ਼ਾ ਟ੍ਰੇਨਿੰਗ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਨ.ਡੀ.ਆਰ.ਐਫ ਟੀਮ ਦੇ ਇੰਚਾਰਜ ਸਬ ਇੰਸਪੈਕਟਰ ਆਸ਼ੀਸ਼ ਕੁਮਾਰ ਸਮੇਤ 10 ਮੈਂਬਰਾਂ ਨੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਭੂਚਾਲ ਆਉਣ 'ਤੇ ਕਿਵੇਂ ਬਚਾਅ ਕਰਨਾ ਹੈ ਅਤੇ ਹਾਰਟ ਅਟੈਕ ਆਉਣ 'ਤੇ ਮਰੀਜ਼ ਨੂੰ ਬਨਾਉਟੀ ਸਾਹ ਕਿਵੇਂ ਦੇਣੇ ਹਨ, ਸਬੰਧੀ ਟ੍ਰੇਨਿੰਗ ਦਿੱਤੀ। ਉਨ੍ਹਾਂ ਵੱਲੋਂ ਅਜੋਕੇ ਸਮੇਂ ਬਣੇ ਹਾਲਾਤ ਨੂੰ ਮੁੱਖ ਰੱਖਦਿਆਂ ਹੜ੍ਹਾਂ ਨਾਲ ਨਜਿੱਠਣ ਦੀ ਟ੍ਰੇਨਿੰਗ ਅਤੇ ਵਿਦਿਆਰਥਣਾਂ ਨੂੰ ਘਰੇਲੂ ਸਮਾਨ ਨਾਲ ਪਾਣੀ ਵਿੱਚ ਤੈਰ ਕੇ ਆਪਣਾ ਬਚਾ ਕਰਨ ਦੇ ਵੱਖ-ਵੱਖ ਤਰੀਕੇ ਦੱਸੇ। ਇਨ੍ਹਾਂ ਤਰੀਕਿਆਂ ਤੋਂ ਇਲਾਵਾ ਜੇਕਰ ਕਿਸੇ ਨੂੰ ਸੱਪ ਲੜ ਜਾਵੇ ਤਾਂ ਉਸ ਤੋਂ ਬਚਾ ਅਤੇ ਉਪਾਅ ਕਿਵੇਂ ਕਰਨਾ ਹੈ, ਦੀ ਟ੍ਰੇਨਿੰਗ ਵੀ ਵਿਦਿਆਰਥਣਾਂ ਨੂੰ ਦਿੱਤੀ। ਇਸ ਮੌਕੇ ਐਨ.ਸੀ.ਸੀ ਵਿੰਗ ਦੇ ਇੰਚਾਰਜ ਕੈਪਟਨ ਅਮਰਬੀਰ ਸਿੰਘ ਰੰਧਾਵਾ ਮੁਰੀਦਕੇ ਨੇ ਐਨ.ਡੀ.ਆਰ.ਐਫ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰ. ਅਨੀਤਾ ਅਰੋੜਾ ਅਤੇ ਸਮੂਹ ਸਟਾਫ਼ ਵੱਲੋਂ ਆਈ ਹੋਈ ਟੀਮ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਵਿਜੇ ਕੁਮਾਰ, ਕਮਲਜੀਤ ਕੌਰ, ਕਰਮਜੀਤ ਕੌਰ, ਮਿਨਾਕਸ਼ੀ, ਰਕੇਸ਼ ਕੁਮਾਰ, ਰੀਟਾ ਰਾਣੀ, ਨਵਨੀਤ ਦੁੱਗਲ, ਸੁਖਵਿੰਦਰ ਸਿੰਘ, ਅਮਨਦੀਪ ਕੌਰ ਸਮੇਤ ਸਮੂਹ ਸਟਾਫ਼ ਹਾਜ਼ਰ ਰਿਹਾ।




## ਜਿਤਿਨ ਪ੍ਰਸਾਦ ਵੱਲੋਂ ਸੈਕਟਰ ਹੈੱਡਕੁਆਰਟਰ ਗੁਰਦਾਸਪੁਰ ਦਾ ਦੌਰਾ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਭਾਰਤ ਸਰਕਾਰ ਦੇ ਵਣਜ ਅਤੇ ਉਦਯੋਗ, ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ ਮਾਨਯੋਗ ਸ਼੍ਰੀ ਜਿਤਿਨ ਪ੍ਰਸਾਦ ਨੇ ਅੱਜ ਸੈਕਟਰ ਹੈੱਡਕੁਆਰਟਰ, ਗੁਰਦਾਸਪੁਰ ਦਾ ਦੌਰਾ ਕੀਤਾ। ਇਸ ਫੇਰੀ ਦੌਰਾਨ ਕੇਂਦਰੀ ਰਾਜ ਮੰਤਰੀ ਨੂੰ ਸ਼੍ਰੀ ਜਸਵਿੰਦਰ ਕੁਮਾਰ ਵਿਰਦੀ, ਡੀ ਆਈ ਜੀ, ਸੈਕਟਰ ਹੈੱਡਕੁਆਰਟਰ, ਗੁਰਦਾਸਪੁਰ ਨੇ 'ਆਪ੍ਰੇਸ਼ਨ ਸਿੰਦੂਰ' ਬਾਰੇ ਜਾਣਕਾਰੀ ਦਿੱਤੀ, ਜੋ ਕਿ ਸੀਮਾ ਸੁਰੱਖਿਆ ਬਲ ਦੀ ਬਹਾਦਰੀ, ਹਿੰਮਤ ਅਤੇ ਸਰਵਉੱਚ ਸਮਰਪਣ ਦਾ ਇੱਕ ਸ਼ਾਨਦਾਰ ਅਧਿਆਇ ਹੈ।ਡੀ ਆਈ ਜੀ ਨੇ ਮਾਨਯੋਗ ਮੰਤਰੀ ਨੂੰ ਸਰਹੱਦੀ ਖੇਤਰ ਵਿੱਚ ਹਾਲ ਹੀ ਵਿੱਚ ਆਏ ਹੜ੍ਹ ਦੀ ਸਥਿਤੀ, ਲਗਾਤਾਰ ਬਾਰਸ਼ ਦੌਰਾਨ ਸਰਹੱਦੀ ਚੌਕੀਆਂ 'ਤੇ ਤਾਇਨਾਤ ਬੀ ਐਸ ਐਫ ਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਪ੍ਰਤੀਕੂਲ ਹਾਲਾਤਾਂ ਦੇ ਬਾਵਜੂਦ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਦੇ ਉਨ੍ਹਾਂ ਦੇ ਅਟੁੱਟ ਇਰਾਦੇ ਬਾਰੇ ਜਾਣੂ ਕਰਵਾਇਆ । ਇਸ ਤੋਂ ਬਾਅਦ ਕੇਂਦਰੀ ਰਾਜ ਮੰਤਰੀ ਨੇ ਜਵਾਨਾਂ ਨਾਲ ਨਾਸ਼ਤਾ ਕੀਤਾ । ਇਸ ਮੌਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ, ਐੱਸ.ਡੀ.ਐੱਮ ਦੀਨਾਨਗਰ ਸ੍ਰੀ ਜਦਪਿੰਦਰ ਸਿੰਘ ਭੁੱਲਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



## ਹਲਕਾ ਮਜੀਠਾ 'ਚ ਦੋ ਬਲਾਕ ਬਣਨ ਨਾਲ ਲੋਕਾਂ ਨੂੰ ਕੰਮ ਕਰਵਾਉਣ ਚ ਹੋਵੇਗੀ ਅਸਾਨੀ : ਗੁਰਪ੍ਰੀਤ ਹਾਂਸ

**ਮਜੀਠਾ (ਸੋਇਮ ਆਨੰਦ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਵੱਡੀ ਗਿਣਤੀ ਵਿਚ ਲੋਕ ਪੱਖੀ ਫੈਸਲੇ ਲਏ ਗਏ ਹਨ ਤੇ ਪ੍ਰਸ਼ਾਸਨਿਕ ਸੁਧਾਰ ਕਰਕੇ ਲੋਕਾਂ ਦੇ ਜੀਵਨ ਨੂੰ ਹੋਰ ਸੁਖਾਲਾ ਬਣਾ ਦਿੱਤਾ ਗਿਆ ਹੈ। ਵਿਧਾਨ ਸਭਾ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵਲੋਂ ਹਲਕਾ ਮਜੀਠਾ 'ਚ ਦੋ ਬਲਾਕਾਂ ਮਜੀਠਾ 1 ਅਤੇ ਮਜੀਠਾ 2 ਨੂੰ ਸਰਕਾਰ ਤੋਂ ਪ੍ਰਵਾਨਗੀ ਦਿਵਾ ਕੇ ਹਲਕਾ ਮਜੀਠਾ ਦੇ ਲੋਕਾਂ ਦੀ ਵੱਡੀ ਮੰਗ ਨੂੰ ਪੂਰਾ ਕਰਦਿਆਂ ਪੰਚਾਇਤਾਂ ਤੇ ਇਨ੍ਹਾਂ ਪਿੰਡਾਂ ਦੇ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਸਥਾਈ ਹੱਲ ਕਰ ਦਿੱਤਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਤੋਂ ਆਪ ਦੇ ਸੀਨੀਅਰ ਆਗੂ ਤੇ ਸਰਪੰਚ ਗੁਰਪ੍ਰੀਤ ਸਿੰਘ ਹਾਂਸ ਨੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕੀਤਾ ।ਉਹਨਾਂ ਅੱਗੇ ਕਿਹਾ ਕਿ ਹਲਕਾ ਮਜੀਠਾ ਦੇ 42 ਪਿੰਡਾਂ ਨੂੰ ਤਰਸਿੱਕਾ ਬਲਾਕ ਨਾਲ ਜੋੜਿਆ ਹੋਇਆ ਸੀ ਜਿਸ ਨਾਲ ਪੰਚਾਇਤਾਂ ਤੇ ਇਨ੍ਹਾ ਪਿੰਡਾਂ ਦੇ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਤਰਸਿੱਕਾ ਬਲਾਕ 'ਚ ਜਾਣਾ ਪੈਂਦਾ ਸੀ। ਇਸ ਸਮੇਂ ਦੌਰਾਨ ਕਈ ਸਰਕਾਰਾਂ ਆਈਆਂ ਪਰ ਇਨ੍ਹਾਂ ਸਰਕਾਰਾਂ ਨੇ ਲੋਕਾਂ ਦੀ ਇਸ ਜਾਇਜ਼ ਮੰਗ ਵੱਲ ਕਦੇ ਧਿਆਨ ਨਹੀਂ ਦਿੱਤਾ । ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਧਿਆਨ 'ਚ ਇਹ ਮਸਲਾ ਆਇਆ ਤਾਂ ਉਹਨਾਂ ਨੇ ਸਰਕਾਰ ਪੱਧਰ 'ਤੇ ਇਹ ਤਜਵੀਜ਼ ਭੇਜ ਕੇ ਇਹ ਮਸਲਾ ਹੱਲ ਕਰਵਾਇਆ। ਉਹਨਾਂ ਦੱਸਿਆ ਕਿ ਹਲਕਾ ਮਜੀਠਾ ਦੇ ਹੁਣ 2 ਬਲਾਕ ਬਣਾ ਦਿੱਤੇ ਗਏ ਹਨ ਜਿਸ ਨਾਲ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਵਿਚ ਅਸਾਨੀ ਹੋ ਜਾਵੇਗੀ। ਹਲਕਾ ਮਜੀਠਾ ਦੇ 2 ਬਲਾਕ ਬਣਨ ਨਾਲ ਲੋਕਾਂ ਵਲੋਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਅਤੇ ਆਪ ਸਰਕਾਰ ਦੀ ਭਰਪੂਰ ਸ਼ਲਾਂਘਾ ਕੀਤੀ ਜਾ ਰਹੀ ।ਉਸ ਮੌਕੇ ਤੇ ਓਹਨਾਂ ਦੇ ਨਾਲ ਨੰਬਰਦਾਰ ਜਸਪਾਲ ਸਿੰਘ ਮਾਂਗਾ ਸਰਾਏ, ਸਰਬਜੀਤ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਮਿਸ ਸ਼ਾਲੂ ਹਰਚੰਦ ਨੇ ਸਹਾਇਕ ਟਰਾਂਸਪੋਰਟ ਅਫਸਰ ਦਾ ਸੰਭਾਲਿਆ ਚਾਰਜ



**ਪਠਾਨਕੋਟ (ਦਵਿੰਦਰ ਸਿੰਘ)**- ਮਿਸ ਸ਼ਾਲੂ ਹਰਚੰਦ ਨੇ ਜ਼ਿਲ੍ਹਾ ਪਠਾਨਕੋਟ ਵਿਖੇ ਸਹਾਇਕ ਟਰਾਂਸਪੋਰਟ ਅਫਸਰ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਅਰਸ਼ਦੀਪ ਸਿੰਘ ਆਰ ਟੀ ਓ ਨੇ ਨਵਨਿਯੁਕਤ ਸਹਾਇਕ ਟਰਾਂਸਪੋਰਟ ਅਫਸਰ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਸ਼ਾਲੂ ਹਰਚੰਦ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਹ ਦਫਤਰ ਆਰ.ਟੀ.ਓ. ਅੰਮ੍ਰਿਤਸਰ ਵਿਖੇ ਸੇਵਾਵਾਂ ਨਿਭਾ ਰਹੇ ਸਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਅੰਦਰ ਅਪਣੇ ਅਹੁਦੇ 'ਤੇ ਰਹਿੰਦਿਆਂ ਅਪਣੀ ਜਿੰਮੇਦਾਰੀ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣਗੇ।

## ਖ਼ੂਨ ਦਾਨ ਸਭ ਤੋਂ ਉਤਮ ਦਾਨ : ਡਾ. ਜਸਵਿੰਦਰ

**ਗੁਰਦਾਸਪੁਰ (ਦਿਨੇਸ਼ ਕੁਮਾਰ)** – ਸਿਹਤ ਵਿਭਾਗ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਸਹਿਯੋਗ ਦੇ ਨਾਲ ਅਰਬਨ ਸੀ ਐਚ ਸੀ ਗੁਰਦਾਸਪੁਰ ਵਿਖੇ ਸਿਵਲ ਸਰਜਨ ਡਾਕਟਰ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਖ਼ੂਨਦਾਨ ਕੈਂਪ ਲਾਇਆ ਗਿਆ। ਇਸ ਮੌਕੇ ਸੰਸਥਾ ਦੇ ਮੈਂਬਰਾਂ ਵੱਲੋਂ 75 ਯੂਨਿਟ ਖ਼ੂਨ ਦਾਨ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾਕਟਰ ਜਸਵਿੰਦਰ ਸਿੰਘ ਨੇ ਕਿਹਾ ਕਿ ਖ਼ੂਨ ਦਾਨ ਸਭ ਤੋਂ ਉਤਮ ਦਾਨ ਹੈ ਕਿਉਕਿ ਕਿਸੇ ਵਿਅਕਤੀ ਦੁਆਰਾ ਦਾਨ ਕੀਤੇ ਗਏ ਖ਼ੂਨ ਨਾਲ ਕਿਸੇ ਦੂਸਰੇ ਵਿਅਕਤੀ ਨੂੰ ਨਵਾਂ ਜੀਵਨ ਮਿਲਦਾ ਹੈ ਅਤੇ ਖ਼ੂਨ ਦਾਨ ਕਰਨ ਵਾਲੇ ਵਿਅਕਤੀ ਨੂੰ ਆਤਮਿਕ ਸਾਂਤੀ ਮਿਲਦੀ ਹੈ ਜੋ ਕਿਸੇ ਹੋਰ ਦਾਨ ਨਾਲ ਨਹੀਂ ਮਿਲ ਸਕਦੀ। ਉਨ੍ਹਾਂ ਨੇ ਖ਼ੂਨ ਦੇਣ ਦੇ ਅਨੇਕ ਫਾਇਦੇ ਦੱਸਦਿਆਂ ਕਿਹਾ ਕਿ ਇਸ ਨਾਲ ਸਾਡੇ ਸਰੀਰ ਵਿਚ ਨਵਾਂ ਖ਼ੂਨ ਜਲਦੀ ਬਣਦਾ ਹੈ ਅਤੇ ਅਸੀ ਅਨੇਕਾਂ ਹੀ ਖਤਰਨਾਕ ਬਿਮਾਰੀਆਂ ਤੋ ਬੱਚ ਸਕਦੇ ਹਾਂ।ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਜਿਲਾ ਪ੍ਰਧਾਨ ਬਘੇਲ ਸਿੰਘ ਨੇ ਕਿਹਾ ਕਿ ਉਹ ਬਹੁਤ ਜਲਦ ਸਿਹਤ ਵਿਭਾਗ ਨਾਲ ਤਾਲਮੇਲ ਕਰਕੇ ਹੋਰ ਖ਼ੂਨ ਦਾਨ ਕੈਂਪ ਲਾਉਣਗੇ। ਇਸ ਮੌਕੇ ਏ.ਸੀ.ਐਸ ਡਾਕਟਰ ਪ੍ਰਭਜੋਤ ਕੌਰ ਕਲਸੀ, ਜਿਲਾ ਪਰਿਵਾਰ ਭਲਾਈ ਅਫ਼ਸਰ ਡਾਕਟਰ ਤੇਜਿੰਦਰ ਕੌਰ ਤੇ ਸੇਵਾ ਭਾਰਤੀ ਦੇ ਅਹੁਦੇਦਾਰ ਮੌਜੂਦ ਸਨ।



## ਕੱਥੂ ਨੰਗਲ ਟੋਲ ਪਲਾਜ਼ਾ ਕਰ ਰਿਹਾ ਹੈ ਜ਼ਿਲ੍ਹਾ ਪ੍ਰਸ਼ਾਸਨ ਦੇ ਨਿਰਦੇਸ਼ਾਂ ਦੀ ਅਣਦੇਖੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯੈਲੋ ਕਾਰਡ ਧਾਰਕਾਂ ਨੂੰ ਕਥੂ ਨੰਗਲ ਟੋਲ ਫ੍ਰੀ ਕੀਤਾ ਗਿਆ ਹੈ। ਪਰ ਵੇਖਣ ਚ ਆ ਰਿਹਾ ਹੈ ਕਿ ਅਕਸਰ ਟੋਲ ਪਲਾਜ਼ਾ ਵਿਖੇ ਤਾਇਨਾਤ ਟੋਲ ਕਰਮੀਂ ਜਬਰੀ ਪੱਤਰਕਾਰਾਂ ਤੋਂ ਟੋਲ ਵਸੂਲ ਕਰ ਕੇ ਸਰਕਾਰੀ ਨਿਰਦੇਸ਼ਾਂ ਦੀ ਅਣਦੇਖੀ ਕਰ ਰਹੇ ਹਨ। ਸ਼੍ਰੀ ਜੋਗਿੰਦਰ ਕੁਮਾਰ ਅੰਗੁਰਾਲਾ ਨੇ ਕਥੂ ਨੰਗਲ ਟੋਲ ਪਲਾਜ਼ਾ ਦੇ ਕਰਮੀਆਂ ਵੱਲੋਂ ਜਬਰੀ ਟੋਲ ਵਸੂਲਣ ਦੀ ਨਿਖੇਧੀ ਕੀਤੀ ਹੈ। ਕਰਮਚਾਰੀਆਂ ਦਾ ਕਹਿਣਾ ਹੈ ਕਿ ਪੱਤਰਕਾਰਾਂ ਨੂੰ ਟੋਲ ਦੀ ਛੋਟ ਨਹੀਂ ਹੈ। ਦੂਜੇ ਪਾਸੇ ਪੱਤਰਕਾਰ ਯੂਨੀਅਨ ਨੇ ਏ ਡੀ ਪੀ ਆਰ ਓ ਬਟਾਲਾ ਅਤੇ ਡੀ ਪੀ ਆਰ ਓ ਪੰਜਾਬ ਸਰਕਾਰ ਨੂੰ ਪੱਤਰਕਾਰਾਂ ਨਾਲ ਹੋ ਰਹੀ ਧੱਕੇਸ਼ਾਹੀ ਦੀ ਸ਼ਿਕਾਇਤ ਵੀ ਕਰ ਦਿੱਤੀ ਹੈ। ਜ਼ਿਲ੍ਹੇ ਦੇ ਪੱਤਰਕਾਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਇਸ ਮਾਮਲੇ ਚ ਤੁਰੰਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ।



## ਪੱਧਰੀ ਖੇਤੀਬਾੜੀ ਕੈਂਪ 'ਚ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ




**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਮਾਣਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਤੇਜਬੀਰ ਸਿੰਘ ਭੰਗੂ ਦੀ ਪ੍ਰਧਾਨਗੀ ਅਤੇ ਬਲਾਕ ਖਡੂਰ ਸਾਹਿਬ ਖੇਤੀਬਾੜੀ ਅਫਸਰ ਡਾ ਨਵਤੇਜ ਸਿੰਘ ਦੀ ਅਗਵਾਈ ਹੇਠ ਆਈ ਈ ਸੀ ਐਕਟੀਵਿਟੀ ਅਧੀਨ ਪਿੰਡ ਪੱਧਰੀ ਕੈਂਪ ਪਿੰਡ- ਦੇਊ, ਬਲਾਕ – ਖਡੂਰ ਸਾਹਿਬ ਵਿਖੇ ਲਗਾਇਆ ਗਿਆ। ਇਸ ਮੌਕੇ ਸ੍ਰੀ ਸਤਨਾਮ ਸਿੰਘ ਖੇਤੀਬਾੜੀ ਸਬ-ਇੰਸਪੈਕਟਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਅਤੇ ਇਸ ਦੇ ਨਾਲ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ- ਕੀੜੇ ਮਰ ਜਾਂਦੇ ਹਨ ਅਤੇ ਜਮੀਨ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ।ਇਸ ਮੌਕੇ ਸਿਮਰਨਜੀਤ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਝੋਨੇ ਸਬੰਧੀ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਖੇਤੀਬਾੜੀ ਮਹਿਕਮੇ ਵਿੱਚ ਚੱਲ ਰਹੀਆਂ ਗਤੀਵਿਧੀਆਂ ਬਾਰੇ ਦੱਸਿਆ । ਸ੍ਰੀ ਸਿਮਰਨਜੀਤ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਪੀ ਐਮ ਕਿਸਾਨ ਨਿਧੀ ਯੋਜਨਾ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਸੁਖਦੇਵ ਸਿੰਘ, ਜਗਤਾਰ ਸਿੰਘ, ਪ੍ਰਿਥੀਪਾਲ ਸਿੰਘ, ਜਗਬੀਰਸਿੰਘ, ਸੁਖਵਿੰਦਰ ਸਿੰਘ, ਲਸ਼ਕਰ ਸਿੰਘ, ਆਦਿ ਹਾਜ਼ਰ ਸਨ।

## ਐਸ ਸੀ/ਬੀ ਸੀ ਅਧਿਆਪਕ ਤੇ ਮੁਲਾਜ਼ਮ ਯੂਨੀਅਨ ਗੁਰਦਾਸਪੁਰ ਦੇ ਬਲਾਕ ਪ੍ਰਧਾਨਾਂ ਦੀ ਸਰਬਸੰਮਤੀ ਨਾਲ ਚੋਣ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਐਸ ਸੀ ਬੀ ਸੀ ਅਧਿਆਪਕ ਅਤੇ ਮੁਲਾਜ਼ਮ ਯੂਨੀਅਨ ਗੁਰਦਾਸਪੁਰ ਦੀ ਇੱਕ ਹੰਗਾਮੀ ਮੀਟਿੰਗ ਸੁਭਾਸ਼ ਚੰਦਰ ਪਾਰਕ ਬਟਾਲਾ ਵਿਖੇ ਕੀਤੀ ਗਈ ਜਿਸ ਵਿੱਚ ਬਲਾਕ ਬਟਾਲਾ ਅਤੇ ਕਾਦੀਆਂ ਦੇ ਅਹੁੱਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਦੌਰਾਨ ਪਰਮਿੰਦਰ ਸਿੰਘ ਕੋਠੇ ਘਰਾਲਾ ਚੀਫ ਆਰਗੇਨਾਇਜਰ ਅਤੇ ਮਾਸਟਰ ਰਛਪਾਲ ਸਿੰਘ ਭੁੰਬਲੀ ਜ਼ਿਲ੍ਹਾ ਪ੍ਰਧਾਨ ਐਸ ਸੀ ਬੀ ਸੀ ਅਧਿਆਪਕ ਅਤੇ ਮੁਲਾਜ਼ਮ ਯੂਨੀਅਨ ਗੁਰਦਾਸਪੁਰ ਵਿਸ਼ੇਸ ਤੌਰ 'ਤੇ ਹਾਜ਼ਰ ਰਹੇ। ਇਸ ਦੌਰਾਨ ਸਵਿੰਦਰ ਸਿੰਘ ਜੈਤੋਸਰਜਾ ਮੀਤ ਪ੍ਰਧਾਨ ਪੰਜਾਬ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਬਲਾਕ ਬਟਾਲਾ ਦੇ ਸਾਂਝੇ ਤੌਰ 'ਤੇ ਸ੍ਰੀ ਜਸਪਾਲ ਸਿੰਘ ਭੱਟੀ ਨੂੰ ਬਲਾਕ ਬਟਾਲਾ ਦਾ ਪ੍ਰਧਾਨ ਅਤੇ ਪਵਨ ਕੁਮਾਰ ਨੂੰ ਬਟਾਲਾ ਬਲਾਕ ਦਾ ਜਨਰਲ ਸਕੱਤਰ, ਦਲਬੀਰ ਸਿੰਘ ਸੱਖੋਵਾਲੀਆ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ।ਇਸ ਤੋਂ ਇਲਾਵਾ ਸਤਨਾਮ ਸਿੰਘ ਹਰਪੁਰਾ ਨੂੰ ਬਲਾਕ ਕਾਦੀਆਂ ਦਾ ਪ੍ਰਧਾਨ, ਅਜਮੇਰ ਸਿੰਘ ਲੈਕਚਰਾਰ ਨੂੰ ਜਨਰਲ ਸਕੱਤਰ ,ਅਜੇ ਕੁਮਾਰ ਢਡਿਆਲਾ ਨੂੰ ਉਪ ਪ੍ਰਧਾਨ,ਮਨਜਿੰਦਰ ਸਿੰਘ ਲੈਕਚਰਾਰ ਵਿੱਤ ਸਕੱਤਰ,ਸਰਬਜੀਤ ਸਿੰਘ ਪ੍ਰੈਸ ਸਕੱਤਰ ਨਿਯੁਕਤ ਕੀਤੇ ਗਏ। ਇਸ ਦੌਰਾਨ ਚੀਫ਼ ਆਰਗੇਨਾਈਜਰ ਪਰਮਿੰਦਰ ਸਿੰਘ ਨੇ ਅਧਿਆਪਕਾ ਤੇ ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 22 ਤਰੀਕ ਨੂੰ ਜਾਗਰੂਕਤਾ ਕੈਡਰ ਕੈਂਪ ਗੁਰਦਾਸਪੁਰ ਵਿਖੇ ਲਗਾਇਆ ਜਾ ਰਿਹਾ ਹੈ ਉਸ ਵਿੱਚ ਸਾਰੇ ਸਾਥੀ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਨ। ਰਛਪਾਲ ਸਿੰਘ ਭੁੰਬਲੀ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਨੇ ਕਿਹਾ ਕਿ ਪੂਨਾ ਪੈਕਟ,ਬੈਕਲਾਗ ਅਤੇ ਰੋਸਟਰ ਆਦਿ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਨੀ ਬੇਹੱਦ ਜ਼ਰੂਰੀ ਹੈ ਅਤੇ ਵੱਧ ਤੋਂ ਵੱਧ ਇਸ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾਣੀ ਚਾਹੀਦੀ ਹੈ। ਇਸ ਨਾਲ ਸੰਗਠਨ ਦੀ ਤਾਕਤ ਦੂਨੀ ਚੌਣੀ ਹੋ ਜਾਵੇਗੀ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਸੁਰਜੀਤ ਰਾਜ,ਸੈਂਟਰ ਮੁੱਖ ਅਧਿਆਪਕ ਜਗਜੀਤ ਸਿੰਘ , ਯਸਪਾਲ ਲਾਲਪੁਰਾ,ਜਗਦੀਸ਼ ਰਾਜ ਬੈਂਸ, ਸੁਖਦੇਵ ਸਿੰਘ ਕਲੇਰ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਭੱਟੀਵਾਲ, ਰਾਮ ਸਿੰਘ , ਸਰਬਜੀਤ ਸਿੰਘ ਬਰਿਆਰ,ਹਰਦਿਆਲ ਸਿੰਘ ਸਰਚੂਰ ,ਰਮਨਦੀਪ ਸਿੰਘ ਮਸਾਣੀਆਂ, ਬਲਜਿੰਦਰ ਸਿੰਘ ਸ਼ਾਹਬਾਦ ,ਕੀਮਤੀ ਲਾਲ ਗੁੰਥਗੜ੍ਹ, ਜਸਪਾਲ ਸਿੰਘ ਜੈਤੋਸਰਜਾ, ਜਸਵਿੰਦਰ ਸਿੰਘ ਬਾਸਰਪੁਰ, ਅਮਿਤ ਸਿੰਘ ਹਰਦੋ ਝੰਡੇ ,ਜਤਿੰਦਰ ਸਿੰਘ ਕੋਟਲੀ ਫਸੀ, ਮਨਜੀਤ ਸਿੰਘ ਨੱਠਵਾਲ ,ਅਰਵਿੰਦਰ ਸਿੰਘ ਮੱਲਿਆਵਾਲ ,ਅਜੇ ਕੁਮਾਰ ਢੱਡਿਆਲਾ, ਰਜੇਸ਼ ਕੁਮਾਰ ,ਸੰਦੀਪ ਕੁਮਾਰ ,ਨਰੇਸ਼ ਕੁਮਾਰ,ਰਾਜ ਕੁਮਾਰ ,ਸੁਖਦੇਵ ਸਿੰਘ, ਜਤਿੰਦਰ ਸਿੰਘ, ਸੰਦੇਸ਼ ਕੁਮਾਰ ਗੋਸਪੁਰਾ ,ਜੋਗਿੰਦਰ ਪਾਲ ਢੱਡਿਆਲਾ ਨੱਤ, ਤਜਿੰਦਰ ਸਿੰਘ ਡੱਲਾ ,ਰਾਮ ਸਿੰਘ ਨਾਨਕ ਚੱਕ,ਸੰਦੀਪ ਸਿੰਘ ਧੁੱਪਸੜੀ , ਮਾਸਟਰ ਵਿੱਕੀ ਜੀ, ਸਵਿੰਦਰ ਸਿੰਘ,ਰੂਪ ਚੰਦ ਸੋਨੂੰ, ਜਤਿੰਦਰ ਸਿੰਘ, ਅਮਰਬੀਰ ਸਿੰਘ, ਰਣਜੀਤ ਸਿੰਘ,ਪੂਰਨ ਸਿੰਘ ਆਦਿ ਹਾਜ਼ਰ ਸਨ।



## ਬੁਤਾਲਾ ਨੂੰ ਜੋੜਦੀਆਂ ਸਾਰੀਆਂ ਸੜਕਾਂ ਦੀ ਹਾਲਤ ਮਾੜੀ

**ਬੁਤਾਲਾ (ਨਿਰਮਲ ਸਿੰਘ ਸੰਘਾ)** ਪਿੰਡ ਬੁਤਾਲਾ ਤੋਂ ਜਮਾਲਪੁਰ,ਝਲਾੜੀ ਤੋਂ ਖੇੜਾ ਠਾਣੇਵਾਲ,ਭੈਣੀ ਰਾਮ ਦਿਆਲ, ਖਾਨਪੁਰ,ਸੇਰੋ ਅਤੇ ਬੁਤਾਲੇ ਤੋਂ ਗਾਜੀਵਾਲ ,ਜੋਧੇ,ਬੁਤਾਲੇ ਤੋਂ ਗੱਗੜਭਾਣਾ ਆਦਿ ਸਭ ਸੜਕਾਂ ਬੁਰੀ ਤਰ੍ਹਾਂ ਟੁੱਟ ਕੇ ਖ਼ਰਾਬ ਹੋ ਚੁੱਕੀਆਂ ਹਨ ਪਰ ਅਜੇ ਤੱਕ ਸੜਕ ਮਹਿਕਮੇ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ । ਗੱਗੜਭਾਣੇ ਨੂੰ ਜਾਂਦਿਆਂ ਇਸ ਰਸਤੇ ਤੇ 4,5 ਸਕੂਲ ਆਉਂਦੇ ਹਨ ਅਤੇ ਮਾਪਿਆਂ ਨੂੰ ਇਸ ਰਸਤੇ ਤੋਂ ਹੀ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਲਈ ਜਾਣਾ ਪੈਂਦਾ ਹੈ। ਇਸ ਸੜਕ 'ਚ ਏਨੇ ਵੱਡੇ ਵੱਡੇ ਟੋਏ ਹਨ ਕਿ ਲੰਘਣਾ ਮੁਸ਼ਕਿਲ ਹੋ ਗਿਆ ਹੈ। ਪਿੰਡ ਵਾਸੀਆਂ ਦੀ ਵਿਧਾਇਕ ਟੌਂਗ ਸਾਹਿਬ ਨੂੰ ਬੇਨਤੀ ਹੈ ਕਿ ਇਸ ਪਾਸ ਧਿਆਨ ਦੇ ਕੇ ਸੜਕਾਂ ਬਣਵਾਈਆਂ ਜਾਣ।



## ਡਾ. ਰਾਜੂ ਚੌਹਾਨ ਨੇ ਸੀ ਐੱਚ ਸੀ ਝਬਾਲ ਵਿਖੇ ਬਤੌਰ ਐੱਸ ਐੱਮ ਓ ਅਹੁਦਾ ਸੰਭਾਲਿਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਡਾ. ਰਾਜੂ ਚੌਹਾਨ ਐੱਮਐੱਸ (ਈਐੱਨਟੀ) ਜੋ ਕਿ ਸੀਐੱਚਸੀ ਮਮਦੋਟ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਬਤੌਰ ਐੱਸਐੱਮਓ ਸੇਵਾਵਾਂ ਨਿਭਾ ਰਹੇ ਸਨ, ਨੇ ਸੀਐੱਚਸੀ ਝਬਾਲ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਦਾ ਚਾਰਜ ਸੰਭਾਲਿਆ। ਸਟਾਫ ਵੱਲੋਂ ਡਾ. ਰਾਜੂ ਚੌਹਾਨ ਦਾ ਨਿੱਘਾ ਸਵਾਗਤ ਕੀਤਾ ਗਿਆ। ਪਿਛਲੇ ਤਿੰਨ ਮਹੀਨਿਆਂ ਤੋਂ ਇਸ ਅਹੁਦੇ ਦੀ ਜ਼ਿੰਮੇਵਾਰੀ ਡਾ. ਹਰਪ੍ਰੀਤ ਸਿੰਘ (ਮੈਡੀਕਲ ਅਫ਼ਸਰ) ਵੱਲੋਂ ਕਾਰਜਕਾਰੀ ਤੌਰ 'ਤੇ ਨਿਭਾਈ ਜਾ ਰਹੀ ਸੀ।ਇਸ ਮੌਕੇ ਡਾ. ਚੌਹਾਨ ਵੱਲੋਂ ਸੀਐੱਚਸੀ ਝਬਾਲ ਦਾ ਮੁਆਇਨਾ ਕੀਤਾ ਗਿਆ ਅਤੇ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਸਟਾਫ ਮੈਂਬਰਾਂ ਤੋਂ ਸਹਿਯੋਗ ਦੀ ਮੰਗ ਕੀਤੀ। ਸੀਐੱਚਸੀ ਝਬਾਲ ਵਿਖੇ ਹੁਣ 4 ਨਵੇਂ ਮੈਡੀਕਲ ਅਫ਼ਸਰਾਂ ਦੀ ਨਿਯੁਕਤੀ ਹੋਣ 'ਤੇ ਉਨ੍ਹਾਂ ਵਿਭਾਗ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਾਜੂ ਚੌਹਾਨ ਦੇ ਨਾਲ ਡਾ. ਹਰਪ੍ਰੀਤ ਸਿੰਘ ਮੈਡੀਕਲ ਅਫ਼ਸਰ, ਡਾ. ਨਵਪ੍ਰੀਤ ਕੌਰ ਮੈਡੀਕਲ ਅਫ਼ਸਰ, ਨਵ-ਨਿਯੁਕਤ ਡਾ. ਹਰਮਨ ਕੌਰ, ਡਾ. ਨਵੀਨ, ਡਾ. ਬਲਜੀਤ ਸਿੰਘ, ਡਾ. ਦੀਪਇੰਦਰ ਸਿੰਘ, ਡਾ. ਅਮਨ ਮਹਿਤਾ (ਏਐੱਮਓ), ਡਾ. ਸਮਰਿਧੀ, ਡਾ. ਸੁਖਵੰਤ ਕੌਰ, ਗੁਰਲਾਲ ਸਿੰਘ ਬਲਾਕ ਐਕਸਟੈਨਸ਼ਨ ਐਜੂਕੇਟਰ, ਪਰਮਜੀਤ ਕੌਰ ਨਰਸਿੰਗ ਸਿਸਟਰ, ਮੁਨੀਸ਼ ਮਹਿਤਾ ਸੀਨੀਅਰ ਫਾਰਮੇਸੀ ਅਫ਼ਸਰ, ਗੁਰਬੀਰ ਸਿੰਘ ਹੈਲਥ ਸੁਪਰਵਾਈਜ਼ਰ, ਰਾਮ ਰਸ਼ਪਾਲ, ਰਬਿੰਦਰ ਸਿੰਘ ਭੋਜੀਆਂ, ਅਮਨਦੀਪ ਸਿੰਘ ਮ.ਪ.ਹ.ਵ(ਮ), ਰਮਨਦੀਪ ਕੌਰ ਅਪਥਾਲਮਿਕ ਅਫ਼ਸਰ, ਦਵਿੰਦਰ ਕੌਰ ਹੈਲਥ ਸੁਪਰਵਾਈਜ਼ਰ, ਜੁਗਰਾਜ ਸਿੰਘ ਰੇਡੀਓਗ੍ਰਾਫਰ, ਅਮਨਪ੍ਰੀਤ ਕੌਰ ਸੀਐੱਚਓ, ਹਰਜਿੰਦਰ ਸਿੰਘ ਜੂਨੀਅਰ ਸਹਾਇਕ, ਚਾਰੂ, ਪ੍ਰਭਜੋਤ ਕੌਰ ਫਾਰਮੇਸੀ ਅਫ਼ਸਰ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।



## ਐੱਚ ਡੀ ਐੱਫ ਸੀ ਬੈਂਕ ਵੱਲੋਂ ਉੱਤਰੀ ਭਾਰਤ 'ਚ 'ਮੈਗਾ ਟੂ-ਵ੍ਹੀਲਰ ਲੋਨ ਮੇਲਾ' ਕਰਵਾਉਣ ਦੀ ਤਜਵੀਜ਼

**ਜਲੰਧਰ** : ਭਾਰਤ ਦਾ ਪ੍ਰਮੁੱਖ ਨਿੱਜੀ ਖੇਤਰ ਦਾ ਬੈਂਕ ਐੱਚਡੀਐੱਫਸੀ ਬੈਂਕ 18 ਅਤੇ 19 ਸਤੰਬਰ ਨੂੰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਆਪਣੀਆਂ ਸ਼ਾਖਾਵਾਂ ਵਿੱਚ ਮੈਗਾ ਟੂ-ਵ੍ਹੀਲਰ ਲੋਨ ਮੇਲਾ ਆਯੋਜਿਤ ਕਰੇਗਾ।ਇਨ੍ਹਾਂ ਰਾਜਾਂ ਦੀਆਂ 500 ਤੋਂ ਵੱਧ ਸ਼ਾਖਾਵਾਂ ਇਸ ਲੋਨ ਮੁਹਿੰਮ ਵਿੱਚ ਹਿੱਸਾ ਲੈਣਗੀਆਂ।ਬੈਂਕ ਯੋਗ ਗਾਹਕਾਂ ਲਈ ਤੁਰੰਤ ਕਰਜ਼ਾ ਪ੍ਰਵਾਨਗੀ ਪ੍ਰਦਾਨ ਕਰੇਗਾ।ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਅਤੇ ਜੰਮੂ ਅਤੇ ਕਸ਼ਮੀਰ ਵਿੱਚ 500 ਤੋਂ ਵੱਧ ਸ਼ਾਖਾਵਾਂ 24 ਅਤੇ 25 ਸਤੰਬਰ ਨੂੰ ਇਸ ਮੁਹਿੰਮ ਵਿੱਚ ਹਿੱਸਾ ਲੈਣਗੀਆਂ। ਐੱਚਡੀਐੱਫਸੀ ਬੈਂਕ ਆਪਣੇ ਗਾਹਕਾਂ ਨੂੰ ਕਿਫਾਇਤੀ ਵਿਆਜ ਦਰਾਂ 'ਤੇ ਕਰਜ਼ੇ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦਾ ਹੈ।ਉਦਘਾਟਨੀ ਸਮਾਗਮ ਵਿੱਚ ਬੋਲਦੇ ਹੋਏ ਦਿਨੇਸ਼ ਲੂਥਰਾ, ਬ੍ਰਾਂਚ ਬੈਂਕਿੰਗ ਹੈੱਡ ਨੌਰਥ ਨੇ ਕਿਹਾ ਕਿ ਮੈਗਾ ਟੂ-ਵ੍ਹੀਲਰ ਲੋਨ ਮੇਲਾ ਗਾਹਕਾਂ ਨੂੰ ਆਪਣੇ ਮਨਪਸੰਦ ਵਾਹਨਾਂ ਲਈ ਆਸਾਨੀ ਨਾਲ ਵਿੱਤ ਪ੍ਰਾਪਤ ਕਰਨ ਦਾ ਇੱਕ ਵਧੀਆ ਮੌਕਾ ਪ੍ਰਦਾਨ ਕਰਦਾ ਹੈ।

## ਮੰਡੀਆਂ 'ਚ ਵੱਡੀ ਪੱਧਰ 'ਤੇ ਹੋ ਰਹੀ ਹੈ ਕਿਸਾਨਾਂ ਦੀ ਲੁੱਟ : ਬੀ ਕੇ ਯੂ ਏਕਤਾ ਉਗਰਾਹਾਂ



**ਮਜੀਠਾ (ਸੋਇਮ ਆਨੰਦ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਹੰਗਾਮੀ ਮੀਟਿੰਗ ਪਿੰਡ ਮੂਧਲ ਵਿਖੇ ਹੋਈ। ਕਿਸਾਨ ਆਗੂ ਡਾ. ਪਰਮਿੰਦਰ ਸਿੰਘ ਪੰਡੋਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਝੋਨੇ ਦੇ ਸੀਜ਼ਨ ਵਿਚ ਮੰਡੀਆਂ ਵਿੱਚ ਕਿਸਾਨਾਂ ਦੀ ਵੱਡੀ ਲੁੱਟ ਹੋ ਰਹੀ ਹੈ। ਆਗੂਆਂ ਦੱਸਿਆ ਕਿ ਮਾਝੇ ਖੇਤਰ ਵਿੱਚੋਂ ਬਾਸਮਤੀ ਦੀ ਕਿਸਮ 1509 ਅਤੇ 1692 ਕਾਫੀ ਵੱਡੇ ਪੱਧਰ ਉਤੇ ਕਾਸ਼ਤ ਕੀਤੀ ਜਾਂਦੀ ਹੈ। ਪਲ਼ਮਣ ਦੇ ਮੁਕਾਬਲੇ ਇਸਦਾ ਝਾੜ ਅੱਧਾ ਹੁੰਦਾ ਹੈ।ਅੰਤਰਰਾਸ਼ਟਰੀ ਮਾਰਕੀਟ ਵਿੱਚ ਵੀ ਇਸਦੀ ਮੰਗ ਬਹੁਤ ਹੈ ਪਰ ਪਿਛਲੀ ਵਾਰ ਦੀ ਤਰਾਂ ਇਸ ਵਾਰ ਵੀ ਬਹੁਤ ਘੱਟ ਭਾਅ ਮਿਲ ਰਿਹਾ ਹੈ।ਕਿਸਾਨਾਂ ਆਗੂਆਂ ਨੇ ਚਿੰਤਾ ਜ਼ਾਹਰ ਕੀਤੀ ਕਿ ਪਹਿਲਾਂ ਹੀ ਕਿਸਾਨੀ ਕਰਜ਼ੇ ਹੇਠ ਹੈ ਦੱਬੀ ਹੋਈ ਹੈ। ਇਸ ਲੁੱਟ ਨਾਲ ਕਿਸਾਨਾਂ ਦੀ ਹਾਲਤ ਹੋਰ ਪਤਲੀ ਹੋਵੇਗੀ ਤੇ ਖੁਦਕੁਸ਼ੀਆਂ ਦਾ ਰੁਝਾਨ ਵਧੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੀ ਹੋ ਰਹੀ ਲੁੱਟ ਵੱਲ ਧਿਆਨ ਦੇਣਾ ਚਾਹੀਦਾ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਗੱਲ ਸਾਹਮਣੇ ਆਈ ਹੈ ਕਿ ਮੰਡੀਆਂ ਵਿੱਚ ਵਪਾਰੀ ਵਰਗ ਆੜ੍ਹਤੀਆਂ ਨਾਲ ਮਿਲੀਭੁਗਤ ਕਰਕੇ ਕਿਸਾਨਾਂ ਦੀ ਫ਼ਸਲ ਦੀ ਲੁੱਟ ਕਰ ਰਿਹਾ ਜਿਸ ਨਾਲ ਕਿਸਾਨਾਂ, ਮਜ਼ਦੂਰਾਂ ਦੀ ਆਰਥਿਕਤਾ ਦਾ ਨੁਕਸਾਨ ਹੋ ਰਿਹਾ। ਉਨ੍ਹਾਂ ਕਿਹਾ ਕਿ ਜੇ ਕਿਸਾਨਾਂ, ਮਜ਼ਦੂਰਾਂ ਕੋਲ ਪੈਸੇ ਆਉਣਗੇ ਤਾਂ ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ।ਕਿਸਾਨ ਆਗੂਆਂ ਕਿਹਾ ਕਿ ਜੇ ਕਿਸਾਨਾਂ ਦੀ ਲੁੱਟ ਇਵੇਂ ਜਾਰੀ ਰਹੀ ਤਾਂ ਆਉਣ ਵਾਲੇ ਦਿਨਾਂ 'ਚ ਜੱਥੇਬੰਦੀ ਵੱਲੋਂ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਸਤਿੰਦਰ ਸਿੰਘ ਫਤਿਹਗੜ੍ਹ ਸ਼ੁੱਕਰਚੱਕ, ਲਖਵਿੰਦਰ ਸਿੰਘ ਮੂਧਲ, ਰਾਣਾ ਫਤਿਹਗੜ੍ਹ, ਪਰਗਟ ਸਿੰਘ ਜਹਾਂਗੀਰ, ਕੁਲਬੀਰ ਸਿੰਘ ਜੇਠੂਵਾਲ, ਸ਼ੇਰਾ ਸੋਹੀ, ਹਰਦੀਪ ਸਿੰਘ ਸੋਹੀ ਆਦਿ ਹਾਜ਼ਰ ਸਨ।

## ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਕਿਸਾਨ ਸਿਖਲਾਈ ਕੈਂਪ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਅੰਦਰ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਜ਼ਿਲ੍ਹੇ ਭਰ ਵਿੱਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਜਿਸ ਤਹਿਤ ਪਿੰਡ ਰਾਊਵਾਲ ਸਰਕਲ ਭੱਟੀਆਂ ਬਲਾਕ ਕਾਹਨੂੰਵਾਨ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਡਾ.ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਖੇਤੀਬਾੜੀ ਅਤੇ ਸਬੰਧਤ ਵਿਭਾਗਾਂ ਵਲੋਂ ਪਿੰਡਾਂ ਵਿੱਚ ਜਾ ਕੇ ਗਰਾਊਂਡ ਲੈਵਲ 'ਤੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਅਤੇ ਖੇਤੀ ਮਸ਼ੀਨਰੀ ਉਪਲਬਧ ਕਰਾਉਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨਾਂ ਅਤੇ ਅੱਗ ਲਗਾਏ ਬਗੈਰ ਫਸਲ ਬੀਜਣ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਸਬਜ਼ੀ ਕਾਸ਼ਤਕਾਰਾਂ ਵਲੋਂ ਅਕਸਰ ਖੇਤ ਨੂੰ ਜਲਦੀ ਤਿਆਰ ਕਰਨ ਦੇ ਇਰਾਦੇ ਨਾਲ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਦਿੱਤੀ ਜਾਂਦੀ ਹੈ ਜਿਸ ਨਾਲ ਹਵਾ ਦਾ ਪ੍ਰਦੂਸ਼ਣ ਵਧਣ ਦੇ ਨਾਲ ਨਾਲ ਮਿੱਟੀ ਦੀ ਸਿਹਤ ਪ੍ਰਭਾਵਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਸਬਜ਼ੀਆਂ ਦੀ ਸਫਲ ਕਾਸ਼ਤ ਲਈ ਜਰਖੇਜ਼ ਮਿੱਟੀ ਦੀ ਜ਼ਰੂਰਤ ਹੁੰਦੀ ਹੈ ਅਤੇ ਖੇਤਾਂ ਦੀ ਮਿੱਟੀ ਜਰਖੇਜ਼ ਤਾਂ ਹੀ ਹੋ ਸਕਦੀ ਹੈ, ਜੇਕਰ ਫ਼ਸਲੀ ਰਹਿੰਦ ਖੂੰਹਦ ਨੂੰ ਖੇਤਾਂ ਵਿਚ ਸੰਭਾਲ ਕੇ ਸਬਜ਼ੀ ਖਾਸ ਕਰਕੇ ਗੋਭੀ, ਮਟਰ ਅਤੇ ਆਲੂ ਦੀ ਕਾਸ਼ਤ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਅਜਿਹਾ ਕਰਨ ਨਾਲ ਜਿੱਥੇ ਰਸਾਇਣਕ ਖਾਦਾਂ 'ਤੇ ਨਿਰਭਰਤਾ ਘਟਦੀ ਹੈ ਉੱਥੇ ਸਬਜ਼ੀਆਂ ਦੇ ਮਿਆਰੀਪਣ ਵਿਚ ਵੀ ਸੁਧਾਰ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਲ 2025-26 ਦੌਰਾਨ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਜ਼ੀਰੋ ਪੱਧਰ ਤੇ ਲਿਆਉਣ ਲਈ ਵੱਡੀ ਪੱਧਰ 'ਤੇ ਵਿਉਂਤਬੰਦੀ ਕੀਤੀ ਗਈ ਹੈ, ਜਿਸ ਤਹਿਤ ਸਬਜ਼ੀ ਕਾਸ਼ਤਕਾਰਾਂ ਨੂੰ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਲਗਾ ਕੇ ਨਾ ਸਾੜਨ ਲਈ ਪ੍ਰੇਰਿਤ ਕਰਨਾ ਅਤੇ ਬੇਲਰਾਂ ਦਾ ਪ੍ਰਬੰਧ ਕਰਨਾ ਹੈ।

## ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਔਰਤਾਂ ਵੱਲੋਂ ਨਿਗੂਣੀ ਰਾਹਤ 'ਤੇ ਰੋਸ ਪ੍ਰਗਟ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਅਜਨਾਲਾ ਇਲਾਕੇ ਭਰ ਦੇ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਔਰਤਾਂ ਤੇ ਹੋਰ ਮਿਹਨਤਕਸ਼ਾਂ ਵੱਲੋਂ ਅੱਜ ਅਜਨਾਲਾ ਵਿਖੇ ਪੰਜਾਬ ਤੇ ਕੇਂਦਰ ਸਰਕਾਰਾਂ ਵੱਲੋਂ ਜਿਹੜੀ ਨਿਗੂਣੀ ਰਾਹਤ ਦਾ ਐਲਾਨ ਕੀਤਾ ਹੈ ਜਿਸ ਵਿਚ ਮਜ਼ਦੂਰਾਂ ਨੂੰ ਬਿਲਕੁਲ ਅਣਗੌਲਿਆਂ ਕਰ ਦਿੱਤਾ ਹੈ ਵਿਰੁੱਧ ਇਥੇ ਨਾਅਰੇਬਾਜੀ ਕਰਦਿਆਂ ਡਾਢਾ ਗੁੱਸਾ ਜ਼ਾਹਰ ਕੀਤਾ। ਇਸ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ, ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਮੱਲੂਨੰਗਲ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ, ਸਕੱਤਰ ਸੁੱਚਾ ਸਿੰਘ ਘੋਗਾ ਤੇ ਮੀਤ ਪ੍ਰਧਾਨ ਗਾਇਕ ਗੁਰਪਾਲ ਗਿੱਲ ਸੈਦਪੁਰ ਹੋਣਾ ਨੇ ਰੋਹ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਜਿਹੜਾ ਕਿਸਾਨਾਂ ਦੀਆਂ ਮਾਰੀਆਂ ਗਈਆਂ ਫਸਲਾਂ ਲਈ 20 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਇਸ ਵਿੱਚ ਵੀ ਸ਼ਰਤ ਲਾ ਦਿੱਤੀ ਹੈ ਕਿ 75 ਫੀਸਦੀ ਤੱਕ ਦੇ ਖ਼ਰਾਬੇ ਲਈ ਸਿਰਫ 10 ਹਜ਼ਾਰ ਰੁਪਏ ਹੀ ਦਿੱਤੇ ਜਾਣਗੇ। ਇਹਨਾਂ ਆਗੂਆਂ ਨੇ ਪੰਜਾਬ ਸਰਕਾਰ ਦੀ ਘੋਰ ਨਿੰਦਿਆ ਕਰਦਿਆਂ ਇਹ ਪਰਦਾਫ਼ਾਸ਼ ਕੀਤਾ ਕਿ ਖ਼ਰਾਬਾ ਲਿਖ਼ਣ ਵਾਲੇ ਅਧਿਕਾਰੀਆਂ ਨੂੰ ਜ਼ੁਬਾਨੀ ਹੁਕਮ ਦਿੱਤੇ ਗਏ ਹਨ ਕਿ 15 ਏਕੜ ਪਿੱਛੇ ਸਿਰਫ 5 ਏਕੜ ਹੀ ਖ਼ਰਾਬੇ ਯੋਗ ਲਿਖਣੇ ਅਤੇ ਬਹੁਤਾ ਖ਼ਰਾਬਾ 75 ਫੀਸਦੀ ਤੱਕ ਹੀ ਰੱਖਣਾ ਹੈ। ਅਜਿਹਾ ਹੋਣ ਨਾਲ ਕਿਸਾਨਾਂ ਨੂੰ ਬਹੁਤ ਘੱਟ ਮੁਆਵਜ਼ਾ ਮਿਲੇਗਾ ਜਦੋਂ ਕਿ ਕਿਸਾਨਾਂ ਦੀ ਮੰਗ ਹੈ ਕਿ 50 ਫੀਸਦੀ ਤੋਂ ਵੱਧ ਖ਼ਰਾਬੇ ਲਈ ਪੂਰਾ 70 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤੇ ਜਾਣ ਅਤੇ ਇਸ ਦੇ ਨਾਲ 10 ਹਜ਼ਾਰ ਰੁਪਏ ਪ੍ਰਤੀ ਏਕੜ ਮਜ਼ਦੂਰਾਂ ਲਈ ਵੀ ਵੱਖਰਾ ਰੱਖਿਆ ਜਾਵੇ। ਇਕੱਠ ਵਿੱਚ ਫੈਸਲਾ ਕੀਤਾ ਗਿਆ ਕਿ ਹੜ੍ਹ ਪੀੜਿਤ ਮਜ਼ਦੂਰਾਂ ਕਿਸਾਨਾਂ ਛੋਟੇ ਦੁਕਾਨਦਾਰਾਂ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਢੁਕਵਾਂ ਮੁਆਵਜ਼ਾ ਦਿਵਾਉਣ, ਹੜ੍ਹਾਂ ਨਾਲ ਢਹਿ ਗਏ ਘਰਾਂ ਵਾਸਤੇ 10 ਲੱਖ ਰੁਪਏ, ਮਾਰੇ ਗਏ ਡੰਗਰਾਂ ਲਈ 1 ਲੱਖ ਰੁਪਏ ਅਤੇ ਹੜ੍ਹਾਂ ਵਿੱਚ ਮਰ ਗਏ ਵਿਅਕਤੀਆਂ ਲਈ ਵੀ 10 ਲੱਖ ਰੁਪਏ ਮੁਆਵਜ਼ਾ ਪ੍ਰਾਪਤ ਕਰਨ ਲਈ 26 ਸਤੰਬਰ ਨੂੰ ਜਿਹੜੀ ਆਰ ਐਮ ਪੀ ਆਈ ਵੱਲੋਂ ਡੀ. ਸੀ. ਅੰਮ੍ਰਿਤਸਰ ਦੇ ਦਫਤਰ ਸਾਹਮਣੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ ਉਸ ਵਿੱਚ ਇਸ ਇਲਾਕੇ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਹੜ੍ਹ ਪੀੜਤ ਲੋਕ ਪਹੁੰਚਣਗੇ । ਇੱਥੇ ਇਹ ਵੀ ਫੈਸਲਾ ਕੀਤਾ ਗਿਆ ਕਿ ਗ਼ਦਰੀ ਬੀਬੀ ਗੁਲਾਬ ਕੌਰ ਦੀ ਯਾਦ ਵਿੱਚ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਔਰਤ ਮੁਕਤੀ ਮੋਰਚਾ ਵੱਲੋਂ ਸੈਮੀਨਾਰ ਕੀਤਾ ਜਾ ਰਿਹਾ ਹੈ ਉਸ ਵਿੱਚ ਅਜਨਾਲਾ ਖੇਤਰ ਵਿੱਚੋਂ 50 ਔਰਤਾਂ ਸ਼ਾਮਲ ਹੋਣਗੀਆਂ ਅਤੇ ਇਸ ਤਰ੍ਹਾਂ ਸ਼ਹੀਦ ਭਗਤ ਨੌਜਵਾਨ ਸਭਾ ਵੱਲੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਜਿਹੜਾ ਪੰਜ ਰੋਜ਼ਾ ਦਿਨ ਰਾਤ ਦਾ ਧਰਨਾ ਆਯੋਜਿਤ ਕੀਤਾ ਜਾ ਰਿਹਾ ਉਸ ਵਿੱਚ ਨੌਜਵਾਨ 2 ਅਕਤੂਬਰ ਨੂੰ ਵੱਡੀ ਗਿਣਤੀ ਵਿਚ ਪਹੁੰਚਣਗੇ। ਹੋਰਨਾਂ ਤੋਂ ਇਲਾਵਾ ਟਹਿਲ ਸਿੰਘ ਚੇਤਨਪੁਰਾ, ਤਰਸੇਮ ਸਿੰਘ ਕਾਮਲਪੁਰਾ, ਰਸ਼ਪਾਲ ਸਿੰਘ ਸਾਹੋਵਾਲ, ਦੇਸਾ ਸਿੰਘ ਭਿੰਡੀ ਔਲਖ, ਸਰਪੰਚ ਹਰਦਿਆਲ ਸਿੰਘ ਤੇ ਬਲਵਿੰਦਰ ਸਿੰਘ ਡਿਆਲ ਭੱਟੀ, ਜਸਵਿੰਦਰ ਸਿੰਘ ਮੋਹਨ ਭੰਡਾਰੀ, ਸਾਹਿਬ ਸਿੰਘ ਅਜਨਾਲਾ, ਹਰਨੇਕ ਸਿੰਘ ਨੇਪਾਲ, ਮਾਹਣੀ ਕੌਰ, ਅਮਰਜੀਤ ਕੌਰ। ਪਰਮਜੀਤ ਕੌਰ ਅਜਨਾਲਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ।



## ਸੀ ਐੱਚ ਸੀ ਸਰਹਾਲੀ ਵਿਖੇ ਪੋਸ਼ਣ ਅਭਿਆਨ ਜਾਗਰੂਕਤਾ ਕੈਂਪ ਲਗਾਇਆ

**ਚੋਹਲਾ ਸਾਹਿਬ (ਰਮਨ ਚੱਢਾ)**- ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਅੱਜ ਸਰਹਾਲੀ ਵਿਖੇ ਪੋਸ਼ਣ ਅਭਿਆਨ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ ਹੈ। ਇਸ ਸਮੇਂ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਜਿਨ੍ਹਾਂ ਬੱਚਿਆਂ ਅਤੇ ਮਾਂਵਾਂ ਵਿੱਚ ਖ਼ੂਨ ਦੀ ਕਮੀ ਹੋ ਜਾਂਦੀ ਹੈ ਇਸ ਤੋਂ ਬਚਣ ਲਈ ਉਹਨਾਂ ਨੂੰ ਪੌਸ਼ਟਿਕ ਆਹਾਰ ਜਿਵੇਂ ਹਰੀਆਂ ਪੱਤੇਦਾਰ ਸਬਜ਼ੀਆਂ, ਪਾਲਕ, ਮੂਲੀ, ਗਾਜਰ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਤਲੀਆਂ ਅਤੇ ਮਸਾਲੇਦਾਰ ਵਸਤੂਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਤਲੀਆਂ ਅਤੇ ਮਸਾਲੇਦਾਰ ਵਸਤੂਆਂ ਸਾਡੇ ਸਰੀਰ ਅੰਦਰ ਕਈ ਰੋਗ ਪੈਦਾ ਕਰਦੀਆਂ ਹਨ। ਇਸ ਸਮੇਂ ਡਾਕਟਰ ਸੰਦੀਪ ਕੌਰ, ਡਾਕਟਰ ਕਵਰਪੁਨੀਤ ਸਿੰਘ, ਬਲਰਾਜ ਸਿੰਘ ਬੀ.ਈ.ਈ., ਨਰਸਿੰਗ ਸਿਸਟਰ ਤਰਜੀਤ ਕੌਰ, ਸਟਾਫ ਨਰਸ ਕਵਲਪ੍ਰੀਤ ਕੌਰ, ਸਟਾਫ ਨਰਸ ਅਮਨਦੀਪ ਕੌਰ, ਸਟਾਫ ਨਰਸ ਸੰਦੀਪ ਕੌਰ ਚੰਬਾ, ਸੀਨੀਅਰ ਸਹਾਇਕ ਨਰਿੰਦਰ ਸਿੰਘ, ਕਲਰਕ ਕਰਨਦੀਪ ਸਿੰਘ, ਡਾਕਟਰ ਕਰਮਬੀਰ ਸਿੰਘ ਆਰ.ਬੀ.ਐਸ.ਕੇ, ਐਲ.ਐਚ.ਵੀ.ਸਵਿੰਦਰ ਕੌਰ ਆਦਿ ਹਾਜ਼ਰ ਸਨ।

# ਹਾਈਵੇ 'ਤੇ ਵੱਡੇ ਟੋਏ ਹੋਣ ਕਾਰਨ ਦੋ ਕਾਰਾਂ ਦੀ ਹੋਈ ਟੱਕਰ



**ਫਿਲੌਰ (ਨਿਰਮਲ)**- ਸਿਕਸ ਲੇਨ 'ਤੇ ਵੱਡੇ ਵੱਡੇ ਪਏ ਟੋਇਆ ਵਿੱਚ ਫਸ ਕੇ ਦੋ ਕਾਰਾਂ ਵਿੱਚ ਟੱਕਰ ਹੋ ਗਈ ਤੇ ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਸੜਕ ਸੁਰੱਖਿਆ ਫੋਰਸ ਦੇ ਥਾਣੇਦਾਰ ਸਰਬਜੀਤ ਸਿੰਘ ਨੇ ਦੱਸਿਆ ਕਿ ਦੋ ਕਾਰਾਂ ਲੁਧਿਆਣੇ ਤੋਂ ਜਲੰਧਰ ਵੱਲ ਨੂੰ ਜਾ ਰਹੀਆਂ ਸਨ ਤਾਂ ਫਿਲੌਰ ਨੇੜੇ ਸੜਕ ਤੇ ਮੀਂਹ ਕਾਰਨ ਵੱਡੇ ਟੋਏ ਪਏ ਹੋਏ ਸਨ ਟੋਇਆਂ ਤੋਂ ਬਚਦੇ ਹੋਏ ਬੇਕਾਬੂ ਹੋ ਕੇ ਕਾਰ ਨੰਬਰ ਪੀ ਬੀ ਏ ਐੱਚ ਯੂ-0333 ਤੇ ਦੂਜੀ ਕਾਰ ਨੰਬਰ ਪੀ ਬੀ 08 ਸੀ ਯੂ 1514 ਜਾ ਟਕਰਾਈਆਂ ਅਤੇ ਦੋਨੋਂ ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ਤੇ ਕਾਰਾਂ ਨੂੰ ਇੱਕ ਪਾਸੇ ਕਰਕੇ ਟਰੈਫਿਕ ਨੂੰ ਚਾਲੂ ਕਰਵਾਇਆ।

# ਮਿਊਂਸੀਪਲ ਇੰਪਲਾਈਜ਼ ਸੇਵਕ ਮਜ਼ਦੂਰ ਯੂਨੀਅਨ ਨੇ ਅਣਮਿੱਥੇ ਸਮੇਂ ਲਈ ਕੀਤੀ ਹੜਤਾਲ

**ਗੁਰਾਇਆ (ਬਿੱਟੂ ਜੁਨੇਜਾ)**- ਮਿਊਂਸੀਪਲ ਮੁਲਾਜ਼ਮ ਕਮੇਟੀ ਪੰਜਾਬ ਦੇ ਹੁਕਮਾਂ ਤੇ ਮਿਊਂਸੀਪਲ ਇੰਪਲਾਈਜ਼ ਸੇਵਕ ਮਜ਼ਦੂਰ ਯੂਨੀਅਨ ਨਗਰ ਕੌਂਸਲ ਗੁਰਾਇਆ ਨੇ ਅਣਮਿੱਥੇ ਸਮੇਂ ਲਈ ਹੜਤਾਲ ਕਰਨ ਦਾ ਫੈਸਲਾ ਲਿਆ ਹੈ। ਇਹ ਫੈਸਲਾ ਪੰਜਾਬ ਸਰਕਾਰ ਵਲੋਂ ਨਗਰ ਪੰਚਾਇਤਾਂ, ਨਗਰ ਕੌਂਸਲਾਂ, ਨਗਰ ਨਿਗਮਾਂ ਅਤੇ ਕਾਰਪੋਰੇਸ਼ਨਾਂ ਦੇ ਸਾਰੇ ਕੰਮ ਠੇਕੇ ਤੇ ਦੇਣ ਲਈ ਹਾਲ ਹੀ ਵਿੱਚ ਲਿਆਂਦੀ ਗਈ ਨੀਤੀ ਦੇ ਵਿਰੋਧ ਵਿੱਚ ਲਿਆ ਗਿਆ। ਸਰਕਾਰ ਵਲੋਂ ਸੀਵਰੇਜ, ਸੈਨੀਟੇਸ਼ਨ, ਵਾਟਰ ਸਪਲਾਈ ਵਰਗੇ ਕੰਮਾਂ ਦਾ ਨਿੱਜੀਕਰਨ ਕਰਨ ਲਈ ਕਰੋੜਾਂ ਰੁਪਏ ਦੇ ਟੈਂਡਰ ਲਗਾਏ ਜਾ ਰਹੇ ਹਨ। ਇਥੇ ਇਹ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਟੈਂਡਰਾਂ ਦੇ ਤਖਮੀਨੇ ਇੰਨੇ ਵੱਧ ਰੇਟ ਦੇ ਬਣਾਏ ਗਏ ਹਨ ਜਿਸ ਨਾਲ ਨਗਰ ਪੰਚਾਇਤਾਂ, ਨਗਰ ਕੌਂਸਲਾਂ, ਨਗਰ ਨਿਗਮਾਂ ਅਤੇ ਕਾਰਪੋਰੇਸ਼ਨਾਂ ਦਾ ਬਹੁਤ ਜਿਆਦਾ ਮਾਲੀ ਨੁਕਸਾਨ ਹੋਵੇਗਾ ਅਤੇ ਪਹਿਲਾਂ ਹੀ ਬਹੁਤ ਘੱਟ ਤਨਖਾਹ ਤੇ ਕੰਮ ਕਰਦੇ ਕਮਚਾਰੀਆਂ ਦੇ ਨੌਕਰੀ ਦੇ ਰਾਹ ਬੰਦ ਹੋ ਜਾਣਗੇ ਅਤੇ ਠੇਕੇਦਾਰਾਂ ਵਲੋਂ ਓਣ ਵਾਲੇ ਲੋਕਲ ਵੱਲ ਇਹਨਾਂ ਕਰਮਚਾਰੀਆਂ ਨੂੰ ਧੱਕ ਦਿੱਤਾ ਜਾਵੇਗਾ। ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਯੂਨੀਅਨ ਵਲੋਂ ਇਹ ਫੈਸਲਾ ਲਿਆ ਗਿਆ ਹੈ ਜਦੋਂ ਤੱਕ ਸਰਕਾਰ ਆਪਣਾ ਫੈਸਲਾ ਵਾਪਸ ਨਹੀਂ ਲੈਂਦੀ, ਇਹਨਾਂ ਟੈਂਡਰਾਂ ਦੀ ਨੀਤੀ ਨੂੰ ਰੱਦ ਨਹੀਂ ਕਰਦੀ ਅਤੇ ਪੁਰਾਣੀਆਂ ਲੰਬਿਤ ਮੰਗਾਂ ਪੂਰੀਆਂ ਨਹੀਂ ਕਰਦੀ ਉਦੋਂ ਤੱਕ ਯੂਨੀਅਨ ਵੱਲੋਂ ਇਹ ਹੜਤਾਲ ਜਾਰੀ ਰਹੇਗੀ। ਇਸ ਮੌਕੇ ਰਾਜੇਸ਼ ਕੁਮਾਰ, ਮਨਦੀਪ ਕੁਮਾਰ, ਸੋਢੀ ਕੁਮਾਰ, ਲਖਵੀਰ, ਪੂਰਨ ਚੰਦ, ਜਸਵੀਰ ਰਾਮ, ਦਲਵੀਰ ਰਾਮ, ਅਲਕਾ ਰਾਣੀ, ਸੀਤਾ ਰਾਣੀ, ਪੂਰਨ ਚੰਦ, ਸਰਵਣ ਕੁਮਾਰ, ਰਵਿੰਦਰ ਸਿੰਘ, ਰੇਖਾ ਰਾਣੀ, ਸੋਮ ਨਾਥ, ਕੁਲਦੀਪ ਕੌਰ, ਰੀਟਾ ਰਾਣੀ, ਸ਼ੰਕਰ ਤੋਂ ਇਲਾਵਾ ਯੂਨੀਅਨ ਦੇ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।



# ਸੰਤ ਗੁਰਦਾਸ ਦਾਸ ਦੇ ਬਰਸੀ ਸਮਾਗਮ 21 ਨੂੰ ਸ਼ਰਧਾ ਪੂਰਵਕ ਮਨਾਏ ਜਾਣਗੇ : ਸੰਤ ਬਲਵੀਰ ਦਾਸ

**ਹੁਸ਼ਿਆਰਪੁਰ (ਓ ਪੀ ਰਾਣਾ)**- ਬ੍ਰਹਮਲੀਨ, ਨਾਮ ਦੇ ਰਸੀਏ ਸ੍ਰੀਮਾਨ 108 ਸੰਤ ਗੁਰਦਾਸ ਦਾਸ ਜੀ ਦੇ ਸਾਲਾਨਾ ਬਰਸੀ ਸਮਾਗਮ 21 ਸਤੰਬਰ ਦਿਨ ਐਤਵਾਰ ਨੂੰ ਡੇਰਾ ਮਹਾਨਪੁਰੀ ਸਾਹਰੀ ਵਿਖੇ ਇਲਾਕਾ ਨਿਵਾਸੀ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਜਾਣਗੇ। ਡੇਰਾ ਮਹਾਨਪੁਰੀ ਸਾਹਰੀ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਬਲਵੀਰ ਦਾਸ ਜੀ ਨੇ ਸਮਾਗਮਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 19 ਸਤੰਬਰ ਦਿਨ ਸ਼ੁਕਰਵਾਰ ਨੂੰ ਡੇਰਾ ਮਹਾਨਪੁਰੀ ਸਾਹਰੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 21 ਸਤੰਬਰ ਦਿਨ ਐਤਵਾਰ ਸਵੇਰੇ 9 ਵਜੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਗੁਰਦੇਵ ਸਿੰਘ ਮੁਬਾਰਕ ਨਵਾਂ ਸ਼ਹਿਰ ਤੋਂ ਇਲਾਵਾ ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾ ਵਾਚਕਾਂ ਤੋਂ ਇਲਾਵਾ ਭਾਈ ਗੁਰਦੇਵ ਸਿੰਘ ਮੁਬਾਰਕਪੁਰ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸੰਤ ਬਲਵੀਰ ਦਾਸ ਨੇ ਕਿਹਾ ਕਿ ਸਮੂਹ ਸੰਗਤਾਂ ਹੁੰਮ ਹੁਮਾਕੇ ਬਰਸੀ ਸਮਾਗਮਾਂ ਵਿੱਚ ਸ਼ਾਮਲ ਹੋਣਗੀਆਂ।



# 21 ਸਤੰਬਰ ਦੀ ਰੈਲੀ ਲਈ ਤਿਆਰੀਆਂ ਜ਼ੋਰਾਂ 'ਤੇ : ਨਰੰਜਣ ਦਾਸ ਮੇਹਲੀ

**ਬੰਗਾ (ਅਵਤਾਰ ਕਲੇਰ)**- ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਕੌਮੀ ਮਹਾਂ ਸੰਮੇਲਨ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਿਹਾ ਹੈ। 21 ਸਤੰਬਰ ਨੂੰ ਮੋਹਾਲੀ ਵਿਖੇ ਪਾਰਟੀ ਵੱਲੋਂ ਰੈਲੀ ਕੀਤੀ ਜਾਵੇਗੀ। ਇਸ ਰੈਲੀ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ 500 ਤੋਂ ਵੱਧ ਸਾਥੀ ਸ਼ਾਮਲ ਹੋਣਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨਰੰਜਣ ਦਾਸ ਮੇਹਲੀ, ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ, ਇਸਤਰੀ ਸਭਾ ਦੇ ਜ਼ਿਲ੍ਹਾ ਪ੍ਰਧਾਨ ਬੀਬੀ ਗੁਰਬਖਸ਼ ਕੌਰ ਰਾਹੋਂ ਨੇ ਕੀਤਾ। ਆਗੂਆਂ ਨੇ ਕਿਹਾ ਕਿ ਰੈਲੀ ਵਿੱਚ ਸ਼ਾਮਲ ਹੋਣ ਲਈ ਜ਼ਿਲ੍ਹੇ ਵਿੱਚ ਮੀਟਿੰਗਾਂ ਦਾ ਸਿਲਸਿਲਾ ਜਾਰੀ।ਰੈਲੀ ਵਿੱਚ ਔਰਤਾਂ ਦੀ ਸ਼ਮੂਲੀਅਤ ਭਾਰੀ ਗਿਣਤੀ 'ਚ ਹੋਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦੇਵੇ।



# 'ਆਪ' ਨੇ ਪਿੰਡਾਂ 'ਚ ਸਫਾਈ ਮੁਹਿੰਮ ਚਲਾਈ

**ਕਾਲਾ ਸੰਘਿਆਂ (ਮਨਜੀਤ ਮਾਨ)**- ਦੋਨਾਂ ਏਰੀਆ ਪਿੰਡ ਉੱਗੀ ਦੇ ਨਜ਼ਦੀਕ ਪਿੰਡਾਂ ਵਿੱਚ ਆਏ ਹੜ੍ਹ ਦੇ ਪਾਣੀ ਦੀ ਗੰਦਗੀ ਦੇ ਕਾਰਨ ਲੋਕਾਂ ਦਾ ਰਾਤ ਨੂੰ ਸੌਣਾ ਔਖਾ ਹੋਇਆ ਹੈ ਜਿਸ ਦੇ ਤਹਿਤ ਐਮ ਐਲ ਏ ਇੰਦਰਜੀਤ ਕੌਰ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਉੱਗੀ ਦੇ ਲਾਗੇ ਪਿੰਡਾਂ ਵਿੱਚ ਗੁਰਪਾਲ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਕਰਤਾਰਪੁਰ, ਸੁਰਿੰਦਰ ਕੁਮਾਰ ਬਠਲਾ ਬਲਾਕ ਪ੍ਰਧਾਨ ,ਐਸ ਡੀ ਐਮ ਲਾਲ ਵਿਸ਼ਵਾਸ ਨਕੋਦਰ, ਬੀ ਡੀ ਪੀ ਓ ਤੇ ਮੈਡੀਕਲ ਟੀਮਾਂ ਵੱਲੋਂ ਇੱਕ ਸਫਾਈ ਮੁਹਿੰਮ ਚਲਾਈ ਗਈ। ਇਸ ਟੀਮ ਨੇ ਲੋਕਾਂ ਦੇ ਸਹਿਯੋਗ ਦੇ ਨਾਲ ਪਿੰਡਾਂ ਵਿੱਚ ਸਫਾਈ ਕਰਵਾਈ ਤੇ ਮੈਡੀਕਲ ਦਵਾਈ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਪੂਰੀ ਟੀਮ ਨੇ ਨੁਕਸਾਨੇ ਗਏ ਮਕਾਨਾਂ ਦੇ ਮਾਲਕਾਂ ਨੂੰ ਬਰਸਾਤਾਂ ਦੇ ਕਾਰਨ ਹੋਏ ਨੁਕਸਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪੂਰੀ ਭਰਭਾਈ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਤੇ ਜੀ ਆਰ ਐਸ ਟੀਮ ਪਟਵਾਰੀ ਪਿੰਡ ਉੱਗੀ ਤੋਂ ਨੀਤੂ ਬਾਲਾ, ਨਵਜੋਤ ਮਹਿਤਾ ਪ੍ਰਿੰਸ ਸੋਤੜਾ, ਲਾਡੀ ਥਿੰਦ, ਸੁਰਿੰਦਰ ਕੌਰ, ਹਰਮੇਸ਼ ਕਲੇਰ, ਪਾਲਾ ਲਿੱਦੜ ਆਦਿ ਵੀ ਹਾਜ਼ਰ ਸਨ।



# ਵਾਰਡ ਨੰਬਰ 2 ਦੇ ਇਲਾਕਾ ਨਿਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਸੰਬੰਧੀ ਮੀਟਿੰਗ

**ਪਟਿਆਲਾ**- ਇੱਥੇ ਵੈਲਫੇਅਰ ਸੋਸਾਇਟੀ ਵਾਰਡ ਨੰ: 2 ਭਾਦਸੋਂ ਰੋਡ, ਪਟਿਆਲਾ ਦੇ ਨੁਮਾਇੰਦਿਆਂ ਅਤੇ ਮੇਅਰ ਸਮੇਤ ਕਮਿਸ਼ਨਰ ਨਗਰ ਨਿਗਮ ਪਟਿਆਲਾ ਨਾਲ ਵਾਰਡ ਨੰਬਰ 2 ਦੇ ਇਲਾਕਾ ਨਿਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਮੀਟਿੰਗ ਹੋਈ। ਮੀਟਿੰਗ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ , ਮੇਅਰ ਕੁੰਦਨ ਗੋਗੀਆ, ਐਸ.ਡੀ.ਓ. ਵਾਲੀਆ, ਚੋਪੜਾ ਸਾਹਿਬ ਸਮੇਤ ਹੋਰ ਅਧਿਕਾਰੀ ਅਤੇ ਸੋਸਾਇਟੀ ਵੱਲੋਂ ਡਾਕਟਰ ਦਰਸ਼ਨਪਾਲ ਪ੍ਰਧਾਨ, ਇੰਜ: ਕਰਮਚੰਦ ਭਾਰਦਵਾਜ ਜਨਰਲ ਸਕੱਤਰ, ਧਰਮ ਸਿੰਘ ਸੀਨੀਅਰ ਮੀਤ ਪ੍ਰਧਾਨ, ਟੇਕ ਸਿੰਘ, ਜਤਿੰਦਰ ਕੁਮਾਰ ਸ਼ਰਮਾ, ਤਰਲੋਕ ਸਿੰਘ ਸੰਧੂ, ਸੱਤ ਪ੍ਰਕਾਸ਼ ਸ਼ਰਮਾ, ਰਾਮ ਸਰੂਪ, ਦਰਸ਼ਨ ਸਿੰਘ, ਸਮੇਤ ਹੋਰ ਅਹੁਦੇਦਾਰ ਸ਼ਾਮਲ ਹੋਏ। ਮੀਟਿੰਗ ਵਿੱਚ ਕਮਿਸ਼ਨਰ ਅਤੇ ਮੇਅਰ ਨੇ ਵਿਸ਼ਵਾਸ ਦਿਵਾਇਆ ਕਿ ਇਲਾਕਾ ਨਿਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਜਲਦੀ ਹੱਲ ਕੀਤਾ ਜਾਵੇਗਾ। ਵਾਰਡ ਨੰਬਰ 2 ਸਮੇਤ ਦਰਸ਼ਨਾ ਕਲੋਨੀ ਵਿੱਚ ਪੀਣ ਵਾਲੇ ਪਾਣੀ ਦਾ ਪ੍ਰੈਸ਼ਰ ਅਤੇ ਸਪਲਾਈ ਨਿਰਵਿਘਨ ਬਣਾਈ ਜਾਵੇਗੀ। ਨਵੀਂ ਚੁੰਗੀ ਟਿਵਾਣਾ ਚੌਂਕ ਤੋਂ ਦਰਸ਼ਨਾ ਕਲੋਨੀ ਅਤੇ ਅਬਲੋਵਾਲ ਚੌਂਕ ਤੱਕ ਸਟਰੀਟ ਲਾਈਟ ਦੇ ਹੋਰ ਪੁਆਇੰਟ ਲਗਾਏ ਜਾਣਗੇ। ਵਾਰਡ ਨੰ: 2 ਵਿੱਚ ਖਰਾਬ ਲਾਈਟਾਂ ਠੀਕ ਕੀਤੀਆਂ ਜਾਣਗੀਆਂ। ਵਾਰਡ ਦੀਆਂ ਸਮੁੱਚੀਆਂ ਟੁੱਟੀਆਂ ਸੜਕਾਂ ਦੀ ਮੁਰੰਮਤ ਜਲਦੀ ਕਰਵਾਈ ਜਾਵੇਗੀ। ਥਾਪਰ ਦੇ ਪਿਛਲੇ ਪਾਸੇ ਭਾਦਸੋਂ ਰੋਡ ਤੋਂ ਅਬਲੋਵਾਲ ਵੱਲ ਜਾਂਦੀ ਤੰਗ ਸੜਕ ਚੌੜੀ ਕਰਵਾਈ ਜਾਵੇਗੀ। ਥਾਪਰ ਪੋਲੀਟੈਕਨੀਕਲ ਕਾਲਜ ਦੇ ਗੇਟ ਅਤੇ ਗੁਰਦੁਆਰਾ ਸਾਹਿਬ ਆਦਰਸ਼ ਕਲੋਨੀ ਕੋਲ ਰੰਬਲ ਸਟਰਿਪਸ ਲਗਾਈਆਂ ਜਾਣਗੀਆਂ, ਭਾਦਸੋਂ ਰੋਡ ਤੇ ਇਨਕਰੋਚਮੈਂਟ ਹਟਾਈ ਜਾਵੇਗੀ। ਥਾਪਰ ਕਾਲਜ ਚੌਂਕ ਤੋਂ ਭਾਖੜਾ ਨਹਿਰ ਤੱਕ ਨਿਰਵਿਘਨ ਆਵਾਜਾਈ ਲਈ ਪ੍ਰਬੰਧ ਕੀਤੇ ਜਾਣਗੇ। ਸੜਕਾਂ ਤੇ ਗਲੀਆਂ ਦੀ ਸਫਾਈ ਦਾ ਯੋਗ ਪ੍ਰਬੰਧ, ਕੂੜਾ ਕਰਕਟ ਤੋਂ ਨਿਜਾਤ, ਚੌਂਕਾਂ ਵਿੱਚ ਰੋਡ ਲਾਈਟਾਂ, ਕਿੰਨਰਾਂ ਨੂੰ ਵਧਾਈ ਲਈ ਯੋਗ ਰੇਟ ਨਿਸਚਿਤ ਕਰਨ, ਅਵਾਰਾ ਪਸ਼ੂਆਂ ਤੇ ਜਾਨਵਰਾਂ ਤੋਂ ਰਾਹਤ, ਬੰਦ ਸੀਵਰੇਜ ਠੀਕ ਕਰਨ ਆਦਿ ਸਮੱਸਿਆਵਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ। ਕਰਮਚੰਦ ਭਾਰਦਵਾਜ ਸਕੱਤਰ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਥਾਪਰ ਕਾਲਜ ਦੇ ਪਿਛਲੇ ਪਾਸੇ ਦੀ ਸੜਕ ਚੌੜੀ ਕਰਨ ਸਬੰਧੀ ਪੱਤਰ ਚੰਡੀਗੜ੍ਹ ਸਬੰਧਤ ਅਧਿਕਾਰੀਆਂ ਪਾਸ ਭੇਜਿਆ ਹੋਇਆ ਹੈ।ਜੇਲ੍ਹ ਦੇ ਪਿਛਲੇ ਪਾਸੇ ਕੂੜਾ ਕਰਕਟ ਡੰਪ ਕਰਨ ਦੀ ਸਮੱਸਿਆ ਦਾ ਹੱਲ ਕਰ ਦਿੱਤਾ ਗਿਆ ਹੈ, ਜਲਦੀ ਹੀ ਬਾਕੀ ਸਮੱਸਿਆਵਾਂ ਦਾ ਹੱਲ ਕਰਨ ਲਈ ਮੀਟਿੰਗ ਵਿੱਚ ਮੌਜੂਦ ਅਧਿਕਾਰੀਆਂ ਨੂੰ ਕਮਿਸ਼ਨਰ ਅਤੇ ਮੇਅਰ ਨੇ ਹਦਾਇਤਾਂ ਜਾਰੀ ਕੀਤੀਆਂ।



# ਹਰਪਾਲ ਸਿੰਘ ਚੀਮਾ ਨੇ ਮੋਹਿੰਦਰ ਸਿੰਘ ਕੇ ਪੀ ਦੇ ਪੁੱਤਰ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟਾਇਆ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਾਬਕਾ ਸੰਸਦ ਮੈਂਬਰ ਅਤੇ ਸਾਬਕਾ ਮੰਤਰੀ ਮੋਹਿੰਦਰ ਸਿੰਘ ਕੇ.ਪੀ. ਦੇ ਪੁੱਤਰ ਰਿਚੀ ਕੇ.ਪੀ. ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਥੇ ਮਾਡਲ ਟਾਊਨ ਸਥਿਤ ਸਾਬਕਾ ਸੰਸਦ ਮੈਂਬਰ ਮੋਹਿੰਦਰ ਸਿੰਘ ਕੇ.ਪੀ. ਦੀ ਰਿਹਾਇਸ਼ ਵਿਖੇ ਪਹੁੰਚ ਕੇ ਕੈਬਨਿਟ ਮੰਤਰੀ ਨੇ ਇਸ ਦੁੱਖ ਦੀ ਘੜੀ ਵਿੱਚ ਪਰਵਾਰਕ ਮੈਂਬਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਅਤੇ ਪ੍ਰਮਾਤਮਾ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨ ਪੁੱਤਰ ਦੇ ਇਸ ਤਰ੍ਹਾਂ ਵਿਛੋੜਾ ਦੇ ਜਾਣ ਨਾਲ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਪ੍ਰਮਾਤਮਾ ਪਰਿਵਾਰ ਨੂੰ ਇਸ ਅਸਹਿ ਦੁੱਖ ਨੂੰ ਸਹਿਣ ਕਰਨ ਦੀ ਤਾਕਤ ਬਖਸ਼ੇ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ ਪਰਵਾਰ ਦੇ ਨਾਲ ਖੜ੍ਹੀ ਹੈ। ਦੋਸ਼ੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਦਾ ਭਰੋਸਾ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੁਲਿਸ ਵੱਲੋਂ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ ਤੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਚੇਅਰਮੈਨ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ ਅਤੇ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ।ਜ਼ਿਕਰਯੋਗ ਹੈ ਕਿ ਸਾਬਕਾ ਸੰਸਦ ਮੈਂਬਰ ਮੋਹਿੰਦਰ ਸਿੰਘ ਕੇ.ਪੀ. ਦੇ ਪੁੱਤਰ ਰਿਚੀ ਕੇਪੀ ਦੀ ਬੀਤੇ ਦਿਨੀਂ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ।



# ਹਲਕਾ ਨਵਾਂਸ਼ਹਿਰ ਦਾ ਯੂਥ ਪ੍ਰਧਾਨ ਨਿਯੁਕਤ ਕਰਨ 'ਤੇ ਪਾਰਟੀ ਦਾ ਧੰਨਵਾਦ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਹਲਕਾ ਨਵਾਂਸ਼ਹਿਰ ਦਾ ਯੂਥ ਪ੍ਰਧਾਨ ਨਿਸ਼ਾਨਬੀਰ ਸਿੰਘ ਨਿਯੁਕਤ ਕਰਨ ਤੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਸ੍ਰੀ ਮਨੀਸ਼ ਸਿਸੋਦੀਆ, ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ, ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਬੱਲੂ ਪੰਜਾਬ ਪ੍ਰਧਾਨ ਪਰਮਿੰਦਰ ਸਿੰਘ ਗੋਲਡੀ, ਦੋਆਬਾ ਜ਼ੋਨ ਦੇ ਇੰਚਾਰਜ ਜਸਪ੍ਰੀਤ ਸਿੰਘ ਰੋਬੀ ਕੰਗ, ਯੂਥ ਦੇ ਜ਼ਿਲ੍ਹਾ ਪ੍ਰਧਾਨ ਲੱਕੀ ਲੱਧੜ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਮਾਰਕੀਟਿੰਗ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਲਈ ਹਰ ਉਪਰਾਲਾ ਕਰਾਂਗਾ ਜੋ ਪਾਰਟੀ ਨੇ ਮੈਨੂੰ ਜ਼ਿੰਮੇਵਾਰੀ ਸੌਂਪੀ ਹੈ ਮੈਂ ਉਸ ਦੇ ਉੱਪਰ ਖਰਾ ਉੱਤਰਾਂਗਾ।



# ਸਾਬਕਾ ਸੈਨਿਕਾਂ ਨੇ ਕੀਤੀ ਹੜ੍ਹ ਪੀੜਤਾਂ ਦੀ ਮਦਦ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਐਕਸ ਸਰਵਿਸਮੈਨ ਵੈਲਫੇਅਰ ਐਸੋਸੀਏਸ਼ਨ ਬਲਾਕ ਭੋਗਪੁਰ ਦੇ ਸਾਬਕਾ ਸੈਨਿਕਾਂ ਨੇ ਆਪਣੀ ਪੈਨਸ਼ਨ ਦੀ ਕਮਾਈ ਵਿੱਚੋਂ 41 ਕਿੱਟਾਂ ਸੁੱਕਾ ਰਾਸ਼ਨ ਜਿਸ ਵਿੱਚ ਖੰਡ, ਚਾਹ ਪੱਤੀ, ਦਾਲ, ਨਮਕ, ਮਿਰਚਾ, ਹਲਦੀ, ਸਰ੍ਹੋਂ ਦਾ ਤੇਲ, ਚਾਵਲ, ਬਿਸਕੁਟਾਂ ਦੇ ਪੈਕਟ ਆਦਿ ਪਾ ਕੇ ਕਿੱਟਾਂ ਤਿਆਰ ਕੀਤੀਆਂ ਗਈਆਂ। ਇਹ ਸਾਰੀਆਂ ਕਿੱਟਾਂ ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ ਦੇ ਪ੍ਰਧਾਨ ਸਰਦਾਰ ਅਰਵਿੰਦਰ ਸਿੰਘ ਝਮਟ ਦੇ ਹਵਾਲੇ ਕੀਤੀਆਂ ਕਿਉਂਕਿ ਉਹ ਪਿਛਲੇ 15-20 ਦਿਨਾਂ ਤੋਂ ਹੜ੍ਹਾਂ ਵਾਲੇ ਇਲਾਕੇ ਵਿੱਚ ਦਵਾਈਆਂ, ਪਸ਼ੂਆਂ ਦੇ ਚਾਰੇ, ਰਾਸ਼ਨ ਅਤੇ ਹੋਰ ਸਮਾਨ ਦੀ ਮਦਦ ਕਰ ਰਹੇ ਹਨ। ਇਸ ਮੌਕੇ ਸੰਸਥਾ ਦੇ ਮੈਂਬਰ ਅਤੇ ਹੋਰ ਹਾਜ਼ਰ ਸਨ। ਇਸ ਤੋਂ ਇਲਾਵਾ ਮਰੂਤੀ ਸਜ਼ੂਕੀ ਭੋਗਪੁਰ ਦੇ ਸਮੂਹ ਸਟਾਫ ਵਲੋਂ ਹੜ੍ਹ ਪੀੜਤਾਂ ਨੂੰ 10,000 ਰੁਪਏ, ਅਤੇ ਬਲਰਾਜ ਬੱਸ ਦੇ ਸਟਾਫ ਵਲੋਂ ਵੀ ਤਿਲ ਫੁੱਲ ਮਾਇਆ ਦੀ ਸੇਵਾ ਕੀਤੀ, ਜਿਸ ਦਾ ਅਰਵਿੰਦਰ ਸਿੰਘ ਝੱਮਟ ਵਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਐਕਸ ਸਰਵਿਸਮੈਨ ਵੈਲਫੇਅਰ ਐਸੋਸੀਏਸ਼ਨ ਬਲਾਕ ਭੋਗਪੁਰ ਦੇ ਸਾਬਕਾ ਸੈਨਿਕਾਂ ਵਲੋਂ ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ ਭੋਗਪੁਰ ਦੇ ਪ੍ਰਧਾਨ ਅਰਵਿੰਦਰ ਸਿੰਘ ਝੱਮਟ ਦਾ ਸਨਮਾਨ ਵੀ ਕੀਤਾ ਗਿਆ।



# ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਦੇਵੀਗੜ੍ਹ (ਰਜਿੰਦਰ ਸਿੰਘ ਥਿੰਦ)** 69ਵੀਂ ਜਿਲ੍ਹਾ ਪੱਧਰੀ ਹੈਂਡਬਾਲ ਟੂਰਨਾਮੈਂਟ ਵਿੱਚ 3 ਗੋਲਡ ਮੈਡਲ ਜਿੱਤੇ। ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਪਟਿਆਲਾ ਜ਼ਿਲ੍ਹਾ ਸਕੂਲ ਵੱਲੋਂ ਆਯੋਜਤ 69ਵੀਂ ਜਿਲ੍ਹਾ ਪੱਧਰੀ ਹੈਂਡਬਾਲ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਇਹ ਮੁਕਾਬਲਾ 12 ਸਤੰਬਰ 2025 ਨੂੰ ਪੋਲੋਗ੍ਰਾਊਂਡ, ਪਟਿਆਲਾ 'ਚ ਆਯੋਜਤ ਕੀਤਾ ਗਿਆ ਸੀ, ਜਿਸ ਵਿੱਚ ਪਟਿਆਲਾ ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ। ਟੂਰਨਾਮੈਂਟ ਵਿੱਚ ਅੰਡਰ-14 ਵਰਗੀ ਸ਼੍ਰੇਣੀ 'ਚ ਵਿਦਿਆਰਥੀਆਂ ਨੇ ਲਾਜਵਾਬ ਪ੍ਰਦਰਸ਼ਨ ਕੀਤਾ। ਰਾਜਦੀਪ ਸਿੰਘ, ਗੁਰਨੂਰ ਸਿੰਘ ਤੇ ਜਸਕੀਰਤ ਸਿੰਘ ਨੇ ਮਿਹਨਤ ਨਾਲ ਗੋਲਡ ਮੈਡਲ ਜਿੱਤੇ ਤੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ ਸਕੂਲ ਦੇ ਨਿਰਦੇਸ਼ਕ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਸ਼੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ ਸ਼੍ਰੀਮਤੀ ਮਮਤਾ ਮੱਕੜ ਤੇ ਕੋਚ ਸਮੀਰ ਮੁਹੰਮਦ ਨੇ ਵਿਦਿਆਰਥੀਆਂ ਦੀ ਉਪਲਬਧੀ 'ਤੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਅਤੇ ਭਵਿੱਖ ਵਿੱਚ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਲਈ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਚਰਨਜੀਤ ਸਿੰਘ ਚੰਨੀ 'ਆਪ' ਦੇ ਸੰਗਠਨ ਇੰਚਾਰਜ ਨਿਯੁਕਤ

**ਜੇਜੋਂ ਦੁਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੇ ਓ ਐੱਸ ਡੀ ਚਰਨਜੀਤ ਸਿੰਘ ਚੰਨੀ ਨੂੰ ਆਮ ਆਦਮੀ ਪਾਰਟੀ ਵਲੋਂ ਹਲਕਾ ਗੜ੍ਹਸ਼ੰਕਰ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਚਰਨਜੀਤ ਸਿੰਘ ਚੰਨੀ 2014 ਤੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਸਨ। ਇਸ ਤੋਂ ਪਹਿਲਾਂ ਵੀ ਉਹ ਵੱਖ-ਵੱਖ ਸਵੈ-ਸੇਵੀ ਸੰਗਠਨਾਂ ਨਾਲ ਜੁੜੇ ਰਹੇ। ਉਹ ਜਨ ਅਧਿਕਾਰ ਸੰਮਤੀ ਨੂਰਪੁਰ ਬੇਦੀ ਦੇ ਚੇਅਰਮੈਨ ਵੀ ਰਹੇ। ਉਹਨਾਂ ਦੀ ਇਸ ਨਿਯੁਕਤੀ ਤੇ ਉਹਨਾਂ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ,ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਆਪ ਪੰਜਾਬ ਦੇ ਸੰਗਠਨ ਪ੍ਰਭਾਰੀ ਮਨੀਸ਼ ਸਸੋਦੀਆ, ਆਪ ਪੰਜਾਬ ਪ੍ਰਧਾਨ ਅਮਨ ਅਰੋੜਾ, ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਧੰਨਵਾਦ ਕੀਤਾ।



# ਆਦਮਪੁਰ ਦੇ 7 ਪਿੰਡਾਂ ਦੀਆਂ ਪੰਚਾਇਤਾਂ ਕਰ ਰਹੀਆਂ ਪ੍ਰਵਾਸੀਆਂ 'ਤੇ ਸਖਤੀ : ਜਥੇਦਾਰ ਮਨੋਹਰ ਸਿੰਘ



**ਆਦਮਪੁਰ (ਪਰਮਜੀਤ ਸਿੰਘ)**- ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਵਿਖੇ ਇੱਕ ਹੰਗਾਮੀ ਮੀਟਿੰਗ ਜਥੇਦਾਰ ਮਨੋਹਰ ਸਿੰਘ ਦੀ ਰਹਿਨੁਮਾਈ ਹੇਠ ਹੋਈ ਜਿਸ ਵਿੱਚ ਡਰੋਲੀ ਕਲਾਂ, ਕਾਲਰਾ, ਡਰੋਲੀ ਖੁਰਦ, ਡਮੁੰਡਾ ਖਿਆਲਾ ਪਧਿਆਣਾ ਅਤੇ ਘੜਿਆਲ ਆਦਿ ਪਿੰਡਾਂ ਦੀਆਂ ਪੰਚਾਇਤਾਂ ਨੇ ਹਿੱਸਾ ਲਿਆ ਜਿਸ ਵਿੱਚ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ ਜਿਵੇਂ ਆਧਾਰ ਕਾਰਡ ਅਤੇ ਪ੍ਰਵਾਸੀਆਂ ਦੀਆਂ ਵੋਟਾਂ ਨਹੀਂ ਅਤੇ ਆਧਾਰ ਕਾਰਡ ਨਹੀਂ ਬਣਾਏ ਜਾਣਗੇ ਜੋ ਪ੍ਰਵਾਸੀਆਂ ਦੀਆਂ ਵੋਟਾਂ ਬਣੀਆਂ ਉਹ ਕੱਟ ਦਿੱਤੀਆਂ ਜਾਣਗੀਆਂ ਰਾਤ ਦੋ ਵਜੇ ਤੋਂ ਬਾਅਦ ਕੋਈ ਵੀ ਪ੍ਰਵਾਸੀ ਕਿਸੇ ਚੌਂਕ ਜਾਂ ਪਿੰਡ ਵਿੱਚ ਨਹੀਂ ਘੁੰਮੇਗਾ। ਪ੍ਰਵਾਸੀਆਂ ਦੇ ਕਿਸੇ ਵੀ ਤਿਉਹਾਰ ਲਈ ਪਿੰਡ ਵਿੱਚ ਉਗਰਾਹੀ ਨਹੀਂ ਕੀਤੀ ਜਾਵੇਗੀ। ਵਿਆਹ ਸ਼ਾਦੀ ਤੇ ਬਿਨਾਂ ਇਜਾਜ਼ਤ ਪ੍ਰਵਾਸੀ ਨਹੀਂ ਆਉਣਗੇ ਪਿੰਡ ਦਾ ਕੋਈ ਵਿਅਕਤੀ ਕਿਸੇ ਤਰ੍ਹਾਂ ਦੀ ਪ੍ਰੋਪਰਟੀ ਜਾਂ ਮਕਾਨ ਪ੍ਰਵਾਸੀ ਨੂੰ ਨਹੀਂ ਵੇਚੇਗਾ ਜੇ ਵੇਚਦਾ ਹੈ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ। ਇਸ ਮੌਕੇ ਜਥੇਦਾਰ ਮਨੋਹਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਲਦ ਉਹ 25 ਤੋਂ 30 ਪਿੰਡਾਂ ਦਾ ਇਕੱਠ ਕਰਨਗੇ ਅਤੇ ਇਹਨਾਂ ਪ੍ਰਵਾਸੀ ਮਜ਼ਦੂਰਾਂ ਤੇ ਜੋ ਵੀ ਪਾਬੰਦੀ ਲਗਾਉਣੀ ਸਭ ਪੰਚਾਇਤਾਂ ਮਿਲ ਕੇ ਲਗਾਉਣਗੀਆਂ। ਇਸ ਮੌਕੇ ਹਰਮਿੰਦਰ ਸਿੰਘ ਸਰਪੰਚ ਕਾਲਰਾ, ਬਲਜੀਤ ਸਿੰਘ ਸਰਪੰਚ ਪਧਿਆਣਾ, ਸੁਖਵਿੰਦਰ ਸਿੰਘ ਨਿੱਕਾ ਸਰਪੰਚ ਡਰੋਲੀ ਖੁਰਦ, ਤਜਿੰਦਰ ਕੌਰ ਸਰਪੰਚ ਡਮੁੰਡਾ, ਹਰਜੀਤ ਸਿੰਘ ਸਰਪੰਚ ਘੜਿਆਲ, ਰਸ਼ਪਾਲ ਸਿੰਘ ਸਰਪੰਚ ਡਰੋਲੀ ਕਲਾਂ, ਗੁਰਦੇਵ ਕੌਰ ਸਰਪੰਚ ਖਿਆਲਾ ਇਹਨਾਂ ਸਾਰੇ ਸਰਪੰਚਾਂ ਵੱਲੋਂ ਸਾਂਝੇ ਤੌਰ 'ਤੇ ਮਤਾ ਪਾਸ ਕੀਤਾ ਗਿਆ। ਇਹਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਕੁਲਵੰਤ ਸਿੰਘ ਜਰਨੈਲ ਸਿੰਘ ਗੁਰਦੀਪ ਸਿੰਘ ਪੰਚ ਮੰਗਲ ਸਿੰਘ ਬਲਵੀਰ ਸਿੰਘ ਘੁੜਿਆਲ ਜਸਵੀਰ ਸਿੰਘ ਗੁਰਜੀਤ ਸਿੰਘ ਸਵਰਨ ਸਿੰਘ ਕਮਲਜੀਤ ਸਿੰਘ,ਰਣਵੀਰਪਾਲ ਸਿੰਘ,ਮੇਹਰ ਸਿੰਘ,ਰਘਵੀਰ ਸਿੰਘ, ਬਲਵੰਤ ਸਿੰਘ ਪੰਚ ਡਮੁੰਡਾ, ਵਰਿੰਦਰ ਕੁਮਾਰ, ਡਾਕਟਰ ਗੁਰਦੀਪ ਸਿੰਘ, ਅਮਰੀਕ ਸਿੰਘ, ਕੁਲਦੀਪ ਸਿੰਘ, ਮਨਦੀਪ ਸਿੰਘ, ਅਵਤਾਰ ਸਿੰਘ, ਹਰਗੁਰਜੀਤ ਸਿੰਘ ਹਾਜ਼ਰ ਸਨ।

# 30 ਸਤੰਬਰ ਤੋਂ ਪਹਿਲਾਂ ਪ੍ਰਾਪਰਟੀ ਟੈਕਸ ਅਦਾ ਕਰਕੇ 10% ਛੋਟ ਪ੍ਰਾਪਤ ਕਰਨ ਦੀ ਕੀਤੀ ਅਪੀਲ : ਕਮਿਸ਼ਨਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਨੇ ਫਗਵਾੜਾ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਮੌਜੂਦਾ ਵਿੱਤੀ ਸਾਲ 2025-26 ਲਈ ਆਪਣਾ ਪ੍ਰਾਪਰਟੀ ਟੈਕਸ 30 ਸਤੰਬਰ, 2025 ਤੋਂ ਪਹਿਲਾਂ ਅਦਾ ਕਰਨ ਅਤੇ 10% ਛੋਟ ਪ੍ਰਾਪਤ ਕਰਨ।ਸ਼ਹਿਰਵਾਸੀਆਂ ਦੀ ਸਹੂਲਤ ਲਈ ਨਗਰ ਨਿਗਮ, ਫਗਵਾੜਾ ਦੀ ਪ੍ਰਾਪਰਟੀ ਟੈਕਸ ਸ਼ਾਖਾ ਦਾ ਦਫਤਰ 30 ਸਤੰਬਰ, 2025 ਤੱਕ ਹਰ ਸ਼ਨੀਵਾਰ, ਐਤਵਾਰ ਅਤੇ ਗਜ਼ਟਿਡ ਛੁੱਟੀਆਂ ਵਾਲੇ ਦਿਨ ਸਵੇਰੇ 09:00 ਤੋਂ 05:00 ਵਜੇ ਤੱਕ ਖੁੱਲ੍ਹਾ ਰਹੇਗਾ ਤਾਂ ਜੋ ਸ਼ਹਿਰਵਾਸੀਆਂ ਪ੍ਰਾਪਰਟੀ ਟੈਕਸ ਦੀਆਂ ਅਦਾਇਗੀਆਂ ਸੁਵਿਧਾਜਨਕ ਢੰਗ ਨਾਲ ਕਰਨ ਦਾ ਮੌਕਾ ਮਿਲੇ।



# ਆਪਣੀਆਂ ਜਾਇਜ਼ ਮੰਗਾਂ ਨੂੰ ਮਨਵਾਉਣ ਲਈ ਪੈਨਸ਼ਨਰਾਂ ਨੇ ਦਿੱਤਾ ਧਰਨਾ

**ਨਵੀਂ ਦਿੱਲੀ (ਰਾਜੇਸ਼ ਥਾਪਾ)**- ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੇ ਸੱਦੇ 'ਤੇ ਦੇਸ਼ ਦੇ ਕੋਨੇ ਕੋਨੇ ਤੋਂ ਆਏ ਪੈਨਸ਼ਨਰਾਂ ਨੇ 17 ਸਤੰਬਰ ਨੂੰ ਜੰਤਰ ਮੰਤਰ ਦਿੱਲੀ ਵਿਖੇ ਸਾਥੀ ਸੁਰਿੰਦਰ ਚੌਧਰੀ ਪ੍ਰਧਾਨ, ਜਨਰਲ ਸਕੱਤਰ ਐੱਨ ਐੱਲ ਸ਼੍ਰੀਧਰਨ ਦੀ ਅਗਵਾਈ ਵਿੱਚ ਵਿਸ਼ਾਲ ਧਰਨਾ ਪ੍ਰਦਰਸ਼ਨ ਕੀਤਾ । ਇਸ ਧਰਨੇ ਨੂੰ ਵੱਖ ਵੱਖ ਸੂਬਿਆਂ ਤੋਂ ਆਏ ਪੈਨਸ਼ਨਰ ਆਗੂਆਂ ਅਤੇ ਕੇਂਦਰੀ ਕਮੇਟੀ ਮੈਂਬਰਾਂ ਨੇ ਸੰਬੋਧਨ ਕਰਦਿਆਂ ਦਸ ਸੂਤਰੀ ਮੰਗ ਪੱਤਰ ਵਿਚ ਦਰਜ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮਨਵਾਉਣ 'ਤੇ ਜ਼ੋਰ ਦਿੱਤਾ। ਮੁੱਖ ਮੰਗਾਂ ਵਿਚ ਅੱਠਵੇਂ ਤਨਖਾਹ ਕਮਿਸ਼ਨ ਦਾ ਤੁਰੰਤ ਗਠਨ ਕੀਤਾ ਜਾਵੇ, ਵਿੱਤੀ ਬਿੱਲ 2025 ਵਿੱਚ ਅੱਠਵੇਂ ਪੇ ਕਮਿਸ਼ਨ ਤੋਂ ਪੈਨਸ਼ਨਰਾਂ ਨੂੰ ਬਾਹਰ ਰੱਖਣਾ ਮੱਦ ਰੱਦ ਕੀਤੀ ਜਾਵੇ, ਸਾਰੇ ਸੂਬਿਆਂ ਵਿਚ ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ, ਚਾਰ ਲੇਬਰ ਕੋਡ ਰੱਦ ਕੀਤੇ ਜਾਣ, ਮੈਡੀਕਲ ਭੱਤਾ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ, ਕੈਸ਼ ਲੈਸ਼ ਬੀਮਾ ਸਕੀਮ ਪੈਨਸ਼ਨਰਾਂ ਤੇ ਲਾਗੂ ਕੀਤੀ ਜਾਵੇ। ਪੈਂਨਸ਼ਨ ਕਮਿਊਟ ਦੀ ਰਕਮ ਗਿਆਰਾਂ ਸਾਲ ਕੱਟੀ ਜਾਵੇ, ਰੇਲ ਸਫ਼ਰ ਅਤੇ ਹਵਾਈ ਸਫ਼ਰ ਵਿੱਚ ਸੀਨੀਅਰ ਸਿਟੀਜਨ ਤੇ ਟਿਕਟਾਂ ਵਿਚ ਰਿਆਇਤ ਪਹਿਲਾਂ ਵਾਂਗ ਬਹਾਲ ਕੀਤੀ ਜਾਵੇ, ਪੁਰਾਣੀ ਪੈਂਨਸ਼ਨ ਬਹਾਲ ਕੀਤੀ ਜਾਵੇ, ਘੱਟੋ ਘੱਟ ਪੈਂਨਸ਼ਨ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤੀ ਜਾਵੇ ਤੇ ਜ਼ੋਰ ਦਿੱਤਾ ਗਿਆ।




# ਪਰਾਲੀ ਪ੍ਰਬੰਧਨ ਸੰਬੰਧੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੀ ਏ ਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਪੀ ਏ ਯੂ ਫਾਰਮ ਸਲਾਹਕਾਰ ਸੇਵਾ ਕੇਂਦਰ, ਗੰਗੀਆਂ ਦੇ ਸਹਿਯੋਗ ਨਾਲ ਸਵਾਮੀ ਪ੍ਰੇਮਾਨੰਦ ਮਹਾਵਿਦਿਆਲਿਆ, ਮੁਕੇਰੀਆਂ ਵਿਖੇ ਪਰਾਲੀ ਸੰਭਾਲਣ ਸਬੰਧੀ ਜਾਗਰੂਕਤਾ ਕੈਂਪ ਲਗਾਇਟਾ ਗਿਆ। ਪੀ ਏ ਯੂ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਦੇ ਇੰਚਾਰਜ ਡਾ. ਮਨਿੰਦਰ ਸਿੰਘ ਬੌਂਸ ਨੇ ਵਿਦਿਆਰਥੀਆਂ ਨਾਲ ਰੂ-ਬ-ਰੂ ਹੁੰਦਿਆਂ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਸਬੰਧੀ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਉਨ੍ਹਾਂ ਪਰਾਲੀ ਪ੍ਰਬੰਧਨ ਸਬੰਧੀ ਤਕਨੀਕਾਂ ਤੇ ਮਸ਼ੀਨਰੀ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਅਤੇ ਪਰਾਲੀ ਦੀ ਬਾਇਓ ਗੈਸ ਊਰਜਾ, ਖ਼ਾਦ, ਖੁੰਬ ਉਤਪਾਦਨ ਅਤੇ ਪਸ਼ੂ ਖੁਰਾਕ ਵਜੋਂ ਵਰਤੋਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਪਰਾਲੀ ਸੰਭਾਲਣ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਲਈ ਵੀ ਲਾਮਬੰਦ ਕੀਤਾ। ਇਸ ਮੌਕੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਹੋਣ ਵਾਲੇ ਨੁਕਸਾਨਾਂ ਪ੍ਰਤੀ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਭਾਸ਼ਣ, ਲੇਖ ਲਿਖਣਾ ਅਤੇ ਪੇਂਟਿੰਗ ਦੇ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਇਨ੍ਹਾਂ ਮੁਕਾਬਿਲਆਂ ਵਿਚ ਪਹਿਲਾ, ਦੂਜਾ ਤੇ ਤੀਜਾ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿਚ ਭਾਸ਼ਣ ਮੁਕਾਬਲੇ ਵਿਚ ਸਿਮਰਨਪ੍ਰੀਤ ਕੌਰ, ਸਿਮਰਨ ਤੇ ਦਮਨਪ੍ਰੀਤ ਕੌਰ, ਪੇਂਟਿੰਗ ਦੇ ਮੁਕਾਬਲੇ ਵਿਚ ਦਿਆ ਰਾਜ, ਵੰਸ਼ਿਕਾ ਤੇ ਸਿਮਰਨ ਸ਼ਰਮਾ ਅਤੇ ਲੇਖ ਲਿਖਣ ਮੁਕਾਬਲੇ ਵਿਚ ਪ੍ਰਭਜੋਤ ਕੌਰ, ਸਨਮਪ੍ਰੀਤ ਕੌਰ ਤੇ ਅਮਨਜੋਤ ਸ਼ਾਮਿਲ ਸਨ। ਪ੍ਰੋਗਰਾਮ ਦੇ ਅੰਤ ਵਿਚ ਪੀ ਏ ਯੂ-ਫਾਰਮ ਸਲਾਹਕਾਰ ਸੇਵਾ ਕੇਂਦਰ, ਗੰਗੀਆਂ ਦੇ ਜ਼ਿਲ੍ਹਾ ਪਸਾਰ ਵਿਗਿਆਨੀ ਡਾ. ਚਰਨਜੀਤ ਕੌਰ ਨੇ ਕਾਲਜ ਪ੍ਰਸ਼ਾਸ਼ਣ ਦੁਆਰਾ ਇਸ ਕੈਂਪ ਨੂੰ ਆਯੋਜਿਤ ਕਰਨ ਲਈ ਧੰਨਵਾਦ ਕੀਤਾ।



# ਜ਼ੋਨਲ ਅਥਲੈਟਿਕਸ ਮੀਟ 'ਚ ਸਮਾਰਟ ਸਕੂਲ ਨਸਰਾਲਾ ਦਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਕੂਲ ਸਿੱਖਿਆ ਵਿਭਾਗ ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਲਲਿਤਾ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਪੋਰਟਸ ਕੁਆਡੀਨੇਟਰ ਜਗਜੀਤ ਸਿੰਘ ਦੀ ਅਗਵਾਈ ਵਿੱਚ 69ਵੀਂ ਪੰਜਾਬ ਰਾਜ ਜੋਨਲ ਅਥਲੈਟਿਕਸ ਮੀਟ ਕਰਵਾਈ ਗਈ। ਜਾਣਕਾਰੀ ਦਿੰਦਿਆਂ ਲੈਕਚਰਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਸਰਾਲਾ ਦੇ ਅਥਲੀਟਾਂ ਨੇ ਆਪਣੀ ਮਿਹਨਤ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮੈਡਲਾਂ ਦੀ ਝੜੀ ਲਗਾ ਦਿੱਤੀ। ਜਿਸ ਵਿੱਚ ਸਿਮਰਨ ਕੌਰ ਨੇ ਸ਼ਾਟ ਪੁੱਟ ਵਿੱਚ ਗੋਲਡ ਮੈਡਲ ਜਿੱਤਿਆ, ਸ਼ਿਵਰਾਜ ਆਨੰਦ ਨੇ 3000 ਮੀਟਰ ਦੌੜ ਵਿੱਚ ਗੋਲਡ ਮੈਡਲ, ਸ਼ਫੀਦੀਨ ਨੇ 800 ਮੀਟਰ ਦੌੜ ਵਿੱਚ ਗੋਲਡ ਮੈਡਲ, ਜਯਾ ਨੇ ਉੱਚੀ ਛਾਲ ਵਿੱਚ ਗੋਲਡ ਮੈਡਲ, ਸ਼ਿਵਰਾਜ ਨੇ 6 ਕਿਲੋਮੀਟਰ ਕਰਾਸ ਕੰਟਰੀ ਵਿੱਚ ਗੋਲਡ ਮੈਡਲ, ਸ਼ਫੀਦੀਨ ਨੇ 1500 ਮੀਟਰ ਦੌੜ ਵਿੱਚ ਗੋਲਡ ਮੈਡਲ, 4x400 ਰਿਲੇਅ ਦੌੜ ਵਿੱਚ ਗੌਰਵ, ਅੰਸ਼ੁਲ, ਸ਼ਾਫੀਦੀਨ ਅਤੇ ਸ਼ਿਵਰਾਜ ਆਨੰਦ ਨੇ ਗੋਲਡ ਮੈਡਲ ਜਿੱਤੇ, ਇੰਦਰਜੀਤ ਸਿੰਘ ਨੇ 400 ਮੀਟਰ ਦੌੜ ਵਿੱਚ ਸਿਲਵਰ ਮੈਡਲ , ਰੱਬੀ ਨੇ 800 ਮੀਟਰ ਦੌੜ ਵਿੱਚ ਸਿਲਵਰ ਮੈਡਲ, ਸ਼ਨੀਰਾਜ ਨੇ 600 ਮੀਟਰ ਵਿੱਚ ਸਿਲਵਰ ਮੈਡਲ, ਅੰਸ਼ੁਲ ਨੇ ਕਰਾਸ ਕੰਟਰੀ ਵਿੱਚ ਸਿਲਵਰ ਮੈਡਲ, ਗੁਰਸ਼ਰਨ ਕੁਮਾਰ ਨੇ 3000 ਮੀਟਰ ਵਿੱਚ ਸਿਲਵਰ ਮੈਡਲ, ਗੌਰਵ ਨੇ 800 ਮੀਟਰ ਵਿੱਚ ਸਿਲਵਰ ਮੈਡਲ, ਅੰਸੂਲ ਨੇ 3000 ਮੀਟਰ ਦੌੜ ਵਿੱਚ ਸਿਲਵਰ ਮੈਡਲ, ਗਗਨਦੀਪ ਸਿੰਘ ਨੇ ਟਰਿਪਲ ਜੰਪ ਵਿੱਚ ਕਾਂਸੇ ਦਾ ਮੈਡਲ, ਹਿਮਾਂਸ਼ੀ ਨੇ 800 ਮੀਟਰ ਦੌੜ ਵਿੱਚ ਕਾਂਸੇ ਦਾ ਮੈਡਲ, ਜਸ਼ਨਪ੍ਰੀਤ ਨੇ ਉੱਚੀ ਛਾਲ ਵਿੱਚ ਕਾਂਸੇ ਦਾ ਮੈਡਲ, ਗੁਰਨੀਤ ਸਿੰਘ ਨੇ 200 ਮੀਟਰ ਦੌੜ ਵਿੱਚ ਕਾਂਸੇ ਦਾ ਮੈਡਲ, ਗਗਨਦੀਪ ਸਿੰਘ ਹਰਡਲ ਵਿੱਚ ਕਾਂਸੇ ਦਾ ਮੈਡਲ, 4x100 ਮੀਟਰ ਰਿਲੇਅ ਦੌੜ ਵਿੱਚ ਮਨੂ, ਗੁਰਨੀਤ ਸਿੰਘ, ਗਗਨਦੀਪ ਸਿੰਘ,ਅਤੇ ਸਿਮਰਨਜੀਤ ਸਿੰਘ ਨੇ ਕਾਂਸੇ ਦੇ ਮੈਡਲ ਜਿੱਤ ਕੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ। ਸਕੂਲ ਪਹੁੰਚਣ ਤੇ ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਧਰਮਿੰਦਰ ਕੁਮਾਰ ਸ਼ਰਮਾ, ਸਮੂਹ ਸਟਾਫ ਅਤੇ ਗ੍ਰਾਮ ਪੰਚਾਇਤ ਨਸਰਾਲਾ ਵੱਲੋਂ ਸਾਰੇ ਮੈਡਲ ਜੇਤੂ ਅਥਲੀਟਾਂ ਅਤੇ ਇੰਚਾਰਜ ਲੈਕਚਰਾਰ ਸੁਖਦੇਵ ਸਿੰਘ, ਕ੍ਰਾਂਤੀਪਾਲ ਡੀ. ਪੀ.ਈ, ਤਜਿੰਦਰ ਕੌਰ ਪੀ.ਟੀ.ਆਈ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਲੈਕਚਰਾਰ ਕੁਲਵਿੰਦਰ ਸਿੰਘ, ਲੈਕਚਰਾਰ ਸੁਖਦੇਵ ਸਿੰਘ, ਨੀਲਮ ਕੁਮਾਰੀ, ਨਵਜੋਤ ਕੌਰ, ਲੈਕ ਬਲਜੀਤ ਸਿੰਘ, ਸੰਜੀਤ, ਵਨੀਤਾ ਰਾਣੀ, ਨਰਿੰਦਰ ਕੌਰ, ਕਮਲੇਸ਼ ਰਾਣੀ, ਹਰਪ੍ਰੀਤ ਸਿੰਘ, ਸੰਜੀਵ ਰਤਨ, ਅਨਿਲ ਕੁਮਾਰ, ਅਨੀਸ਼, ਸਤਵੀਰ, ਰਜਵਿੰਦਰ, ਵੀਨਾ ਆਦਿ ਹਾਜ਼ਰ ਸਨ।



# ਨਿਆਂ ਤੋਂ ਵਾਂਝੇ ਲੋਕ ਥਾਣੇ ਮੂਹਰੇ ਧਰਨੇ ਦੇਣ ਲਈ ਮਜਬੂਰ

**ਜਗਰਾਉਂ (ਨਛੱਤਰ ਸੰਧੂ)** ਕਰੀਬ ਦੋ ਦਹਾਕਿਆਂ ਤੋਂ ਨਿਆਂ ਲਈ ਲੜ ਰਹੇ ਪੁਲਸ ਅੱਤਿਆਚਾਰਾਂ ਤੋਂ ਪੀੜਤ ਅਨੁਸੂਚਿਤ ਜਾਤੀ ਦੇ ਦੋ ਪਰਵਾਰਾਂ ਨੂੰ ਆਖਰ ਨਿਆਂ ਕਦੋਂ ਮਿਲੂ ? ਇਹ ਸੁਆਲ ਥਾਣੇ ਮੂਹਰੇ ਧਰਨਾ ਦੇਣ ਤੇ ਨਾਅਰੇਬਾਜ਼ੀ ਕਰਨ ਉਪਰੰਤ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਭਰਪੂਰ ਸਿੰਘ ਛੱਜਾਵਾਲ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਡਾਕਟਰ ਗੁਰਮੇਲ ਸਿੰਘ ਕੁਲਾਰ ਤੇ ਸੋਹਣ ਸਿੰਘ ਸਬੱਦੀ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ ਨੇ ਕੀਤਾ ਹੈ। ਪੁਲਸ ਤਸ਼ੱਦਦ ਖਿਲਾਫ਼ ਲੰਘੇ ਸਾਢੇ ਤਿੰਨ ਸਾਲਾਂ ਤੋਂ ਥਾਣੇ ਮੂਹਰੇ ਮੋਰਚਾ ਲਗਾਈ ਬੈਠੇ ਕਿਰਤੀ ਕਿਸਾਨ-ਮਜ਼ਦੂਰ ਤੇ ਇਨਸਾਫ਼ਪਸੰਦ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਸਫਾ ਮਿਸਲ਼ 'ਤੇ ਸਾਰੇ ਸਬੂਤ, ਉੱਚ ਪੁਲਿਸ ਅਧਿਕਾਰੀਆਂ ਦੀਆਂ ਪੜਤਾਲ ਰਿਪੋਰਟਾਂ, ਰਾਜ ਤੇ ਕੇਂਦਰੀ ਕਮਿਸ਼ਨਾਂ ਦੀਆਂ ਸਿਫਾਰਿਸ਼ਾਂ ਦੇ ਬਾਵਜੂਦ ਡਿਪਟੀ ਕਮਿਸ਼ਨਰ ਤੇ ਸੀਨੀਅਰ ਪੁਲਸ ਕਪਤਾਨ ਪੀੜਤ ਪਰਵਾਰਾਂ ਨੂੰ ਨਿਆਂ ਦੇਣ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਭਾਰਤੀ ਕੌਮੀ ਕਮਿਸ਼ਨ ਵੱਲੋਂ ਜਾਰੀ ਆਦੇਸ਼ਾਂ ਨੂੰ ਵੀ ਪੁਲਿਸ ਤੇ ਸਿਵਲ਼ ਅਧਿਕਾਰੀ ਜਾਣ-ਬੁੱਝ ਕੇ ਮੰਨਣ ਤੋਂ ਇਨਕਾਰੀ ਹਨ। ਵੱਖਰੇ ਬਿਆਨ 'ਚ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਮੌਜੂਦਾ ਰਾਜ ਪ੍ਰਬੰਧ 'ਚ ਅਧਿਕਾਰੀ ਕਾਨੂੰਨ ਨੂੰ ਛਿੱਕੇ ਟੰਗ ਕੇ ਮਨਮਰਜ਼ੀਆਂ ਕਰਨ ਵਿੱਚ ਮਗਨ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇੱਕ ਪਾਸੇ ਜ਼ਿਲ੍ਹਾ ਪੁਲਸ ਅਧਿਕਾਰੀ ਪੁਲਿਸ ਅੱਤਿਆਚਾਰਾਂ ਦੇ ਮਾਮਲੇ ਦੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਦੂਜੇ ਪਾਸੇ ਇਨਸਾਫ਼ਪਸੰਦ ਲੋਕ ਆਪਣੇ ਸਿਰੜ ਨਾਲ ਪੀੜ੍ਹਤਾਂ ਨੂੰ ਨਿਆਂ ਦਿਵਾਉਣ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਤਤਪਰ ਹਨ। ਜ਼ਿਕਰਯੋਗ ਹੈ ਕਿ ਤਤਕਾਲੀ ਕਥਿਤ ਥਾਣਾਮੁਖੀ ਗੁਰਿੰਦਰ ਸਿੰਘ ਨੇ ਦੋ ਗ਼ਰੀਬ ਪਰਵਾਰਾਂ ਨੂੰ ਔਰਤਾਂ ਸਮੇਤ ਅਗਵਾ ਕਰਕੇ, ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਤਸੀਹੇ ਦਿੱਤੇ, ਔਰਤਾਂ ਨਾਲ ਧੱਕੇਸ਼ਾਹੀ ਕੀਤੀ ਸੀ ਤੇ ਫਿਰ ਅੱਤਿਆਚਾਰਾਂ ਨੂੰ ਲੁਕੋਣ ਲਈ ਝੂਠੇ ਗਵਾਹ ਤੇ ਰਿਕਾਰਡ ਬਣਾ ਕੇ ਜੇਲ੍ਹ ਭੇਜ ਦਿੱਤਾ ਸੀ।ਉਨ੍ਹਾਂ ਕਿਹਾ ਕਿ ਪੀੜ੍ਹਤ ਪਰਵਾਰ ਪਹਿਲੇ ਦਿਨ ਤੋਂ ਹੀ ਸ਼ਿਕਾਇਤਾਂ ਦਾਇਰ ਕਰਦੇ ਆ ਰਹੇ ਹਨ ਤੇ ਉੱਚ ਪੱਧਰੀ ਪੜਤਾਲਾਂ ਵਿੱਚ ਨਜਾਇਜ਼ ਹਿਰਾਸਤ ਦੇ ਦੋਸ਼ ਸਾਬਤ ਵੀ ਹੋ ਚੁੱਕੇ ਹਨ, ਪਰ ਅਧਿਕਾਰੀ ਫਿਰ ਵੀ ਪੀੜ੍ਹਤਾਂ ਨੂੰ ਨਿਆਂ ਨਹੀਂ ਦੇਣਾ ਚਾਹੁੰਦੇ, ਸਗੋਂ ਆਪਣੇ ਮੁਲਾਜ਼ਮਾਂ ਨੂੰ ਬਚਾਉਣਾ ਚਾਹੁੰਦੇ ਹਨ। ਪੀੜਤ ਮਾਤਾ ਸੁਰਿੰਦਰ ਕੌਰ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਆਦੇਸ਼ਾਂ ਤਹਿਤ ਨਾਂ ਤਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਨਾ ਹੀ ਉਸ ਨੂੰ ਪੈਨਸ਼ਨ ਲਾਈ ਗਈ ਹੈ।ਉਨ੍ਹਾਂ ਕਿਹਾ ਕਿ ਪੁਲਸ ਮੁਲਾਜ਼ਮਾਂ ਵੱਲੋਂ ਪੀੜਤ ਪਰਵਾਰਾਂ 'ਤੇ ਕੀਤੇ ਅੱਤਿਆਚਾਰਾਂ ਦਾ ਮਾਮਲਾ ਭਾਰਤੀ ਦੰਡ ਪ੍ਰਣਾਲੀ ਅਨੁਸਾਰ ਕੌਗਨੀਜੇਬਲ ਔਫੈਂਸ ਹੈ ਅਤੇ ਵਿਧੀ ਵਿਧਾਨ ਮੁਤਾਬਿਕ ਅਜਿਹੇ ਮਾਮਲਿਆਂ ਵਿੱਚ ਤੁਰੰਤ ਐਫਆਈਆਰ ਦਰਜ ਕਰਨੀ ਲਾਜ਼ਮੀ ਹੈ।ਉਨ੍ਹਾਂ ਅਧਿਕਾਰੀਆਂ 'ਤੇ ਸ਼ਰੇਆਮ ਪੱਖਪਾਤ ਕਰਨ ਦੋਸ਼ ਵੀ ਲਾਏ।

**• ਪੀੜਤਾਂ ਨੂੰ ਨਿਆਂ ਕਦ ਮਿਲੂ : ਛੱਜਾਵਾਲ, ਢੋਲਣ**



# ਕਰੜਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਮਨਾਇਆ

**ਮਾਹਿਲਪੁਰ (ਸ.ਫਰੀ)**- ਬਲਾਕ ਮਾਹਿਲਪੁਰ ਅਧੀਨ ਪੈਂਦੇ ਪਿੰਡ ਬਿਜੋਂ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰੜਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਬੜੇ ਧੂਮਧਾਮ ਅਤੇ ਸ਼ਰਧਾਪੂਰਵਕ ਮਨਾਇਆ ਗਿਆ।ਇਸ ਮੇਲੇ ਵਿੱਚ ਸਭ ਤੋਂ ਪਹਿਲਾਂ ਸ਼੍ਰੀ ਨਿਸ਼ਾਨ ਸਾਹਿਬ ਜੀ ਦੀ ਰਸਮ , ਰੋਸ਼ਨ ਚਿਰਾਗ , ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ 'ਚ ਕਰੜਾ ਗੋਤਰ ਵਾਲੀਆਂ ਸੰਗਤਾਂ ਨੇ ਅਰਦਾਸਾਂ ਕੀਤੀਆਂ ਅਤੇ ਧਾਰਮਿਕ ਰਸਮਾਂ ਪੂਰੀਆਂ ਕਰਕੇ ਮੰਨਤਾਂ ਮੰਗੀਆਂ। ਮੇਲੇ ਵਿੱਚ ਰਾਗੀ ਢਾਡੀ ਤੇ ਗਾਇਕਾਂ ਨੇ ਗੁਰਬਾਣੀ ਕੀਰਤਨ ਪੇਸ਼ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਬਲਵੀਰ ਕੌਰ ਠੰਡਲ, ਚਿਰੰਜੀ ਲਾਲ, ਜਸਵੀਰ ਸਿੰਘ, ਰਾਜ ਕੁਮਾਰ, ਮਹਿੰਦਰ ਪਾਲ,ਗਿਆਨ ਸਿੰਘ ਅੱਪਰਾ,ਧਰਮਪਾਲ ਕਰੜਾ, ਹਰਦਿਆਲ ਸਿੰਘ, ਰਾਮਜੀਤ ਸਿੰਘ, ਮੁਕੰਦਰ ਕਰੜਾ, ਹੁਸਨ ਲਾਲ (ਜੱਜ ਹਾਈ ਕੋਰਟ ), ਰਸ਼ਪਾਲ ਕਰੜਾ, ਤੀਰਥ ਕਰੜਾ, ਬਲਵੰਤ ਕੁਮਾਰ (ਸਾਬਕਾ ਚੀਫ ਇੰਜੀਨੀਅਰ ਪਟਿਆਲਾ) ਆਦਿ ਨੇ ਇਸ ਪਵਿੱਤਰ ਦਿਹਾੜੇ ਨੂੰ ਚਾਰ ਚੰਨ ਲਾਏ। ਅੰਤ ਵਿਚ ਮੇਲੇ ਵਿੱਚ ਆਈਆਂ ਮਹਾਂਨ ਸ਼ਖ਼ਸੀਅਤਾਂ ਦਾ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ।ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਦਾ ਅਤੁੱਟ ਲੰਗਰ ਛਕਾਇਆ ਗਿਆ।



## ਜਨਮ ਦਿਨ ਮੁਬਾਰਕ



ਤਨਿਸ ਲੂਨਾ
ਉੱਚਾ ਧਕਾਲਾ



ਮਨਰਾਜ
ਗੁਰਦਾਸਪੁਰ